ਮਹਿਤਾਬ-ਉਦ-ਦੀਨ

ਪੰਜਾਬੀ ਮਿੰਨੀ ਕਹਾਣੀ

ਪ੍ਰਾਪਤੀਆਂ ਅਤੇ ਸੰਭਾਵਨਾਵਾਂ

"ਪਵਿੱਤਰ ਚੀਜ਼ ਕੁੱਤਿਆਂ ਨੂੰ ਨਾ ਦਿਓ, ਅਤੇ ਆਪਣੇ ਮੋਤੀ
ਸੂਰਾਂ ਅੱਗੇ ਨਾ ਪਾਓ ; ਅਜਿਹਾ ਨਾ ਹੋਵੇ, ਕਿ ਉਹ ਉਨ੍ਹਾਂ ਨੂੰ
ਪੈਰਾਂ ਥੱਲੇ ਕੁਚਲਣ ਅਤੇ ਪਲਟ ਕੇ ਤੁਹਾਨੂੰ ਹੀ ਪਾੜ ਖਾਣ ।"

--ਹਜ਼ਰਤ ਈਸਾ ਮਸੀਹ

ਪੰਜਾਬੀ ਮਿੰਨੀ ਕਹਾਣੀ
ਪ੍ਰਾਪਤੀਆਂ ਅਤੇ ਸੰਭਾਵਨਾਵਾਂ

ਮਹਿਤਾਬ-ਉਦ-ਦੀਨ

ਸਤਵੰਤ ਪ੍ਰਕਾਸ਼ਨ
220, ਭਾਈ ਦਿੱਤ ਸਿੰਘ ਨਗਰ
ਜਲੰਧਰ

Punjabi Mini Kahani—Praptiyan Ate Sambhavnavan
(Punjabi Mini Story—Achievements and Probabilities)

by

MEHTAB-UD-DIN
M.A.

ਪਹਿਲਾ ਸੰਸਕਰਣ	:	1988
©	:	ਮਹਿਤਾਬ-ਉਦ-ਦੀਨ
ਸਰਵਰਕ	:	ਮੁਕੇਸ਼
ਮੁੱਲ		ਲਾਇਬ੍ਰੇਰੀ ਸੰਸਕਰਣ 35 ਰੁਪਏ ਪੇਪਰ ਬੈਕ 15 ਰੁਪਏ

ਪ੍ਰਕਾਸ਼ਕ

ਸਤਵੰਤ ਪ੍ਰਕਾਸ਼ਨ,
220, ਭਾਈ ਦਿੱਤ ਸਿੰਘ ਨਗਰ,
ਜਲੰਧਰ ।

ਛਾਪਕ

ਇੰਦਰਾ ਕੰਪੋਜ਼ਿੰਗ ਹਾਊਸ ਦੁਆਰਾ
ਐਨ. ਕੇ. ਪ੍ਰਿੰਟਿੰਗ ਏਜੰਸੀ,
ਜਲੰਧਰ ।

ਸਮਰਪਣ

ਆਪਣੇ ਭੂਆ **ਮਿਸ ਡੀ. ਭੀਮਾ** (ਰਿਟਾਇਰਡ ਅਧਿਆਪਕਾ) ਜੀ ਨੂੰ, ਜਿਨ੍ਹਾਂ ਨੇ ਚਾਹੇ ਮੈਨੂੰ ਆਪਣੀ ਕੁੱਖੋਂ ਜਨਮ ਨਹੀਂ ਦਿੱਤਾ ਪਰ ਇੱਕ ਮਾਂ ਤੋਂ ਵਧ ਕੇ ਪਾਲਿ਼ਆ ਅਤੇ ਪਿਆਰ ਦਿੱਤਾ, ਜਿਨ੍ਹਾਂ ਨੇ ਮੇਰਾ ਪਸੀਨਾ ਚੋਂਦਾ ਵੇਖ ਕੇ ਆਪਣਾ ਖ਼ੂਨ ਵਹਾਉਣ ਤੋਂ ਵੀ ਗੁਰੇਜ਼ ਨਾ ਕੀਤਾ, ਜਿਨ੍ਹਾਂ ਨੇ ਇਸ ਕਾਬਿਲ ਬਣਨ ਦੀ ਤਾਕਤ ਤੇ ਹੱਲਾਸ਼ੇਰੀ ਦਿੱਤੀ ਕਿ ਤੁੱਛ ਜਿਹੀ ਇਹ ਭੇਟਾ ਆਪਣੇ ਜੀਵਨ ਦੀ ਪਹਿਲੀ ਪੁਸਤਕ ਮੈਂ ਪੰਜਾਬੀ ਸਾਹਿਤ ਅਤੇ ਇਸਦੇ ਪਾਠਕਾਂ ਸਨਮੁੱਖ ਲੈ ਕੇ ਹਾਜ਼ਰ ਹੋਣ ਯੋਗ ਬਣਿਆ।

ਅਤੇ

ਆਪਣੇ ਉਸ ਸੁਹਿਰਦ ਅਤੇ ਪਰਉਪਕਾਰੀ ਮਿੱਤਰ **ਰਣਜੀਤ ਸਿੰਘ ਰਾਣਾ** (ਓਵਰਸੀਅਰ) ਨੂੰ ; ਜਿਸਦੇ ਸਹਿਯੋਗ ਬਗ਼ੈਰ ਮੇਰੇ ਵਿਚਾਰ ਪੁਸਤਕ ਰੂਪ ਕਦੇ ਨਾ ਅਖ਼ਤਿਆਰ ਕਰ ਸਕਦੇ। ਉਸਦੇ ਇਸ ਅਹਿਸਾਨ ਲਈ ਮੈਂ ਸਾਰੀ ਉਮਰ ਉਸਦਾ ਰਿਣੀ ਰਹਾਂਗਾ।

ਆਪਣੇ ਵੱਲੋਂ

ਸਾਹਿਤ ਮਨੁੱਖੀ ਜਜ਼ਬਿਆਂ ਦੀ ਪੈਦਾਵਾਰ ਹੈ; ਜਜ਼ਬੇ ਮਨੁੱਖੀ ਮਨ ਦੀ ਉਪਜ ਹੁੰਦੇ ਹਨ। ਮਨ ਨਾਂ ਦਾ ਮਹਿਸੂਸਿਆ ਜਾਣ ਵਾਲ਼ਾ ਅੰਗ (ਇਹ ਪਦਾਰਥ ਨਹੀਂ), ਜਿਸਦਾ ਕਿ ਮਨੁੱਖੀ ਵਿਅਕਤੀਤਵ ਦੀ ਉਸਾਰੀ ਵਿੱਚ ਅਤੇ ਨਿਤਪ੍ਰਤੀ ਦੀ ਜ਼ਿੰਦਗੀ ਵਿੱਚ ਸਭ ਤੋਂ ਵੱਧ ਯੋਗਦਾਨ ਹੁੰਦਾ ਹੈ, ਦਿਮਾਗ਼ ਅਤੇ ਦਿਲ ਦੇ ਸੁਮੇਲ ਨਾਲ਼ ਸਮਾਜਕ ਸਭਿਆਚਾਰਕ ਕਦਰਾਂ ਕੀਮਤਾਂ ਦੀ ਨਿਗਰਾਨੀ ਹੇਠ ਪਨਪਦਾ ਹੈ। ਇਸਦਾ ਭਾਵ ਮਨ ਮਨੁੱਖ ਨੂੰ ਵਿਰਾਸਤ ਵਿੱਚੋਂ ਨਹੀਂ ਮਿਲਦਾ, ਇਹ ਤਾਂ ਉਸਦੀ ਆਪਣੀ ਘਾਲਣਾ ਦਾ ਸਿੱਟਾ ਹੁੰਦਾ ਹੈ। ਜੇ ਕਿਤੇ ਮਨ ਵਿਰਾਸਤ 'ਚੋਂ ਮਿਲਦਾ ਹੁੰਦਾ ਤਾਂ ਮਨੁੱਖ ਦੀ ਜ਼ਿੰਦਗੀ ਵਿੱਚ ਭਾਵਾਂ, ਖ਼ਿਆਲਾਂ, ਜਜ਼ਬਿਆਂ ਦੀ ਕੋਈ ਅਹਿਮੀਅਤ ਨਹੀਂ ਹੋਣੀ ਸੀ। ਹਰ ਮਨੁੱਖ ਦੀ ਸੋਚ ਇੱਕੋ ਜਿਹੀ ਅਤੇ ਮਕਾਨਕੀ ਢੰਗ ਦੀ ਹੁੰਦੀ। ਕਿਉਂਕਿ ਕੁਦਰਤੀ ਪੈਦਾਵਾਰ ਬ੍ਰਹਿਮੰਡ ਵਿੱਚ ਹਰ ਸਥਾਨ 'ਤੇ ਇੱਕੋ ਜਿਹੀ ਹੀ ਹੁੰਦੀ ਹੈ। ਮਨੁੱਖੀ ਲਹੂ ਭਾਰਤ ਵਿੱਚ ਵੀ ਲਾਲ ਹੈ ਅਤੇ ਅਫ਼ਰੀਕਾ, ਅਮਰੀਕਾ, ਇੰਗਲੈਂਡ ਵਿੱਚ ਵੀ, ਮਨੁੱਖ ਦੇ ਦਿਲ ਅਤੇ ਦਿਮਾਗ਼ ਦੀ ਬਣਤਰ ਅਤੇ ਕਾਰਜ ਹਰ ਜਗ੍ਹਾ ਇੱਕੋ ਜਿਹੇ ਹਨ, ਬਿਰਛਾਂ, ਬੂਟਿਆਂ, ਫੁੱਲਾਂ-ਫਲਾਂ ਦੀ ਬਣਤਰ ਵੀ ਥੋੜ੍ਹੇ ਬਹੁਤੇ ਫ਼ਰਕ ਨਾਲ਼ ਹਰ ਜਗ੍ਹਾ ਇੱਕੋ ਜਿਹੀ ਹੁੰਦੀ ਹੈ ਪਰੰਤੂ ਜੋ ਵਸਤ ਕੁਦਰਤੀ ਦੇਣ ਨਾ ਹੋ ਕੇ ਮਨੁੱਖ ਦੀ ਆਪਣੀ ਈਜਾਦ ਹੋਵੇ ਉਹ ਹਰ ਸਮਾਜ ਵਿੱਚ ਵੱਖੋ ਵੱਖਰੀ ਹੋਂਦ ਰੱਖਦੀ ਹੈ, ਜਿਵੇਂ ਭਾਸ਼ਾ ਹਰ ਸਮਾਜ ਦੀ ਆਪੋ ਆਪਣੀ ਹੁੰਦੀ ਹੈ। ਪਹਿਰਾਵਾ, ਸ਼ਿਸ਼ਟਾਚਾਰ ਦੇ ਢੰਗ, ਧਾਰਮਿਕ-ਸਮਾਜਕ ਤੇ ਸਭਿਆਚਾਰਕ ਕਦਰਾਂ ਕੀਮਤਾਂ, ਰਾਜਨੀਤਿਕ ਤੇ ਆਰਥਿਕ ਹਾਲਤਾਂ ਹਰ ਸਮਾਜ ਵਿੱਚ ਮਨੁੱਖ ਦੀ ਆਪਣੀ ਕਾਢ ਕਾਰਣ ਅਲੱਗ ਅਲੱਗ ਹੁੰਦੀਆਂ ਹਨ।

ਕਿਸੇ ਵੀ ਘਟਨਾ, ਸਥਾਨ ਜਾਂ ਗੱਲਬਾਤ ਨੂੰ ਪੜਚੋਲਣ ਘੋਖਣ ਦਾ ਨਜ਼ਰੀਆ ਹਰ ਸ਼ਖ਼ਸ ਦਾ ਆਪੋ ਆਪਣਾ ਹੁੰਦਾ ਹੈ। ਹਰ ਵਿਅਕਤੀ ਆਪੋ ਆਪਣੀ ਐਨਕ ਨਾਲ਼ ਕਿਸੇ ਵਸਤੂ 'ਤੇ ਆਪਣਾ ਧਿਆਨ ਕੇਂਦ੍ਰਿਤ ਕਰਕੇ ਆਪਣੀ ਸਮਝ ਅਨੁਸਾਰ ਆਪਣਾ ਵਿਚਾਰ ਉਸ ਵਸਤੂ ਬਾਰੇ ਪੇਸ਼ ਕਰਦਾ ਹੈ। ਇਹ ਗੱਲ ਪੂਰਨ ਤੌਰ 'ਤੇ ਯਕੀਨੀ ਹੈ ਕਿ ਉਸ ਵਿਸ਼ੇਸ਼ ਵਿਅਕਤੀ ਦਾ ਉਸ ਵਿਸ਼ੇਸ਼ ਵਸਤ ਬਾਰੇ ਪ੍ਰਗਟ ਕੀਤਾ ਵਿਚਾਰ ਸੰਸਾਰ ਦੇ ਸਾਰੇ ਮਨੁੱਖਾਂ ਦੇ ਪ੍ਰਗਟ ਕੀਤੇ ਵਿਚਾਰਾਂ ਤੋਂ ਭਿੰਨ ਹੋਵੇਗਾ, ਭਾਵ ਇਹ ਕਿ ਹਰ ਮਨੁੱਖ ਦਾ ਇੱਕ ਵੱਖ ਵਿਚਾਰ ਹੋਵੇਗਾ ਉਸ ਵਸਤ ਬਾਰੇ। ਆਈਨਸਟਾਈਨ ਦਾ ਸਾਪੇਖਤਾ ਦਾ ਸਿਧਾਂਤ (Einstein's Theory of Relativity) ਵੀ ਕੁੱਝ ਇਹੋ ਜਿਹੇ ਵਿਚਾਰ ਹੀ ਪੇਸ਼ ਕਰਦਾ ਹੈ। ਕਿਉਂਕਿ ਮਨੁੱਖ ਦੇ ਆਪਣੇ ਆਪ ਨੂੰ ਆਲ਼ੇ ਦੁਆਲ਼ੇ ਦੇ ਮਾਹੌਲ ਅਤੇ ਸਮਾਜਕ, ਆਰਥਿਕ, ਰਾਜਨੀਤਿਕ ਅਤੇ ਸਭਿਆਚਾਰਕ ਹਾਲਤਾਂ ਅਨੁਸਾਰ ਢਾਲ਼ਣ ਕਾਰਣ ਉਸਦੇ ਕੁੱਝ ਵਿਸ਼ੇਸ਼ ਵਿਚਾਰ ਜਾਂ ਸਿਧਾਂਤ ਉਸਦੇ ਦਿਮਾਗ਼ ਵਿੱਚ ਘਰ ਕਰ ਚੁੱਕੇ ਹੁੰਦੇ ਹਨ ; ਉਸ ਦੀ ਇੱਕ ਖ਼ਾਸ ਸਮਝ ਬਣ ਚੁੱਕੀ ਹੁੰਦੀ ਹੈ ਜਿਸ ਦੇ ਆਧਾਰ 'ਤੇ ਹੀ ਉਹ ਸਮਾਜ ਵਿੱਚ ਵਿਚਰਦਾ ਹੋਇਆ ਆਪਣੇ ਸੰਗੀ ਸਾਥੀਆਂ ਨਾਲ਼ ਵਿਵਹਾਰ ਕਰਦਾ ਹੈ। ਮਨੁੱਖ ਦੇ ਦਿਲ ਅਤੇ ਦਿਮਾਗ਼ ਤਾਂ ਉਸਦੀ ਉਤਪਤੀ ਤੋਂ ਹੀ ਮੌਜੂਦ ਸਨ ਪਰ ਮਨ ਦੀ ਉਤਪਤੀ ਤਾਂ ਸਮਾਜ ਵਿੱਚ ਸਭਿਅਤਾ ਦੇ

ਪ੍ਰਵੇਸ਼ ਨਾਲ਼ ਹੀ ਹੋਈ। ਸਭਿਅਤਾ ਦਾ ਜਨਮ ਭਾਸ਼ਾ ਦੀ ਆਮਦ ਨਾਲ਼ ਹੋਇਆ ਸੀ ; ਭਾਸ਼ਾ ਦੀ ਲੋੜ ਮਨੁੱਖ ਨੂੰ ਆਪਣੇ ਮਨ ਦੇ ਜਜ਼ਬੇ ਅਤੇ ਵਿਚਾਰਾਂ ਨੂੰ ਦੂਜੇ ਵਿਅਕਤੀ ਤੱਕ ਪੁਚਾਉਣ ਲਈ ਪਈ। ਭਾਵ ਇਹ ਹੋਇਆ ਕਿ ਮਨ ਨੇ ਹੀ ਸਭਿਅਤਾ ਨੂੰ ਪੈਦਾ ਕਰਨ ਵਿੱਚ ਯੋਗਦਾਨ ਪਾਇਆ ਅਤੇ ਸਭਿਅਤਾ ਨੇ ਸਮੇਂ ਦੇ ਨਾਲ਼-ਨਾਲ਼ ਮਨ ਦਾ ਵਿਕਾਸ ਕੀਤਾ, ਇਸ ਦੇ ਪ੍ਰਫੁਲਿਤ ਕਰਨ ਵਿੱਚ ਹਿੱਸਾ ਪਾਇਆ ਅਤੇ ਮਨ ਦੀਆਂ ਤਹਿਆਂ ਦਾ ਵਿਸ਼ਲੇਸ਼ਣ ਕਰਨ ਦੀ ਪਿਰਤ ਪਾਈ। ਇਸ ਤਰ੍ਹਾਂ ਮਨ ਤੇ ਸਭਿਅਤਾ ਅਤੇ ਮਨ ਅਤੇ ਮਨੁੱਖੀ ਕਾਰਜ ਦਾ ਦਵੰਦਾਤਮਕ (Dialectical) ਸੰਬੰਧ ਹੈ। ਖ਼ੈਰ, ਜਿਵੇਂ ਕਿ ਉੱਪਰ ਕਿਹਾ ਗਿਆ ਹੈ ਕਿ ਸਾਹਿਤ-ਸਿਰਜਣਾ ਦਾ ਸੰਬੰਧ ਮਨੁੱਖੀ ਮਨ ਨਾਲ਼ ਹੈ ਅਤੇ ਮਨੁੱਖ ਦੇ ਜਿਸ ਕਾਰਜ ਦਾ ਸੰਬੰਧ ਉਸਦੇ ਮਨ ਨਾਲ਼ ਹੈ ਉਸ 'ਤੇ ਕਦੇ ਵੀ ਸਖ਼ਤ ਜਾਂ ਠੋਸ ਕਾਨੂੰਨ ਜਾਂ ਮਕਾਨਕੀ ਨਿਯਮ ਲਾਗੂ ਨਹੀਂ ਕੀਤਾ ਜਾ ਸਕਦਾ। ਹੁਣ ਕਿਉਂਕਿ ਹਰ ਸਾਹਿਤਕਾਰ ਦਾ ਮਨ ਵੱਖੋ-ਵੱਖਰੇ ਢੰਗ ਨਾਲ ਸੋਚਦਾ ਹੈ, ਇਸੇ ਲਈ ਅਣਗਿਣਤ ਸਾਹਿਤਕਾਰਾਂ ਦੀਆਂ ਆਪੋ ਆਪਣੀ ਸਮਝ ਅਨੁਸਾਰ ਦਿੱਤੀਆਂ ਹੋਈਆਂ ਸਿਰਫ਼ 'ਸਾਹਿਤ' ਦੀਆਂ ਹੀ ਅਣਗਿਣਤ ਮੁਢਲੀਆਂ ਪਰਿਭਾਸ਼ਾਵਾਂ ਸਾਡੇ ਕੋਲ਼ ਮੌਜੂਦ ਹਨ। ਸਾਹਿਤ ਪ੍ਰਤਿ ਹਰੇਕ ਦਾ ਅਲੱਗ ਨਜ਼ਰੀਆ ਹੈ। ਕਿਸੇ ਲਈ ਸਾਹਿਤ ਦੁਨੀਆ ਦਾ ਦਿਲ ਹੈ ਅਤੇ ਕਿਸੇ ਲਈ ਇਹ ਮਨੁੱਖੀ ਹਿਤਾਂ ਦਾ ਸਮਰਥਕ ਹੈ ਆਦਿ ਆਦਿ।

ਉਪਰੋਕਤ ਵਿਚਾਰ ਚਰਚਾ ਦਾ ਭਾਵ ਸਿਰਫ਼ ਇਹ ਹੈ ਕਿ ਮਿੰਨੀ ਕਹਾਣੀ ਜਿਹੀ ਸੂਖਮ ਸਿਨਫ਼ 'ਤੇ ਇਸ ਨਿਮਾਣੀ ਕਲਮ ਦੀ ਅਜ਼ਮਾਇਸ਼ ਇੱਕ ਨਿਮਾਣਾ ਜਿਹਾ ਯਤਨ ਹੀ ਹੈ। ਕਈ ਲੇਖਕ/ਆਲੋਚਕ ਸਾਥੀ ਇਸ ਸੰਬੰਧੀ ਇੱਥੇ ਪ੍ਰਗਟ ਕੀਤੇ ਮੇਰੇ ਵਿਚਾਰਾਂ ਨਾਲ਼ ਸਹਿਮਤ ਵੀ ਹੋ ਸਕਦੇ ਹਨ ਅਤੇ ਅਸਹਿਮਤ ਵੀ। ਨਾ ਤਾਂ ਮੈਂ ਆਲੋਚਕ ਹਾਂ ਅਤੇ ਨਾ ਹੀ ਆਲੋਚਕ ਹੋਣ ਦਾ ਭਰਮ ਪਾਲ਼ ਰਿਹਾ ਹਾਂ। ਇੱਥੇ ਤਾਂ ਮੈਂ ਸਿਰਫ਼ ਆਪਣੇ ਨਿਜੀ ਵਿਚਾਰ ਮਿੰਨੀ ਕਹਾਣੀ ਬਾਰੇ ਪੇਸ਼ ਕਰਾਂਗਾ। ਮੇਰੇ ਆਪਣੇ ਮਨ ਨੇ ਮਿੰਨੀ ਕਹਾਣੀ ਨੂੰ ਕਿੰਵ ਕਬੂਲ ਕੀਤਾ ਹੈ, ਇਸ ਦਾ ਮੇਰੇ ਮਨ ਵਿਚ ਕੀ ਸਥਾਨ ਹੈ ਉਸਨੂੰ ਹੀ ਵਸਤੂਗਤ ਰੂਪ ਵਿੱਚ ਅਗਲੇ ਪੰਨਿਆਂ 'ਚ ਪਾਠਕਾਂ ਦੀ ਨਜ਼ਰ ਕਰਨ ਜਾ ਰਿਹਾ ਹਾਂ।

ਇਸ ਵੇਲੇ ਮੈਨੂੰ ਕੁਮਾਰੀ ਹਰਬੰਸ ਕੌਰ, ਸ੍ਰੀਮਤੀ ਆਗਿਆ ਕੌਰ ਗੁਲਿਆਨੀ, ਸ੍ਰੀਮਤੀ ਮਨਜੀਤ ਕੌਰ, ਗਿਆਨੀ ਜੋਗਿੰਦਰ ਸਿੰਘ, ਸ: ਲਖਬੀਰ ਸਿੰਘ, ਪ੍ਰੋ: ਗੁਰਦਿਆਲ ਸਿੰਘ ਸਮਰਾਲਵੀ, ਪ੍ਰੋ: ਧਰਮ ਚੰਦ ਵਾਤਿਸ਼, ਪ੍ਰੋ: ਅਮਰਜੀਤ ਸਿੰਘ ਸਿੱਧੂ (ਪਰਾਗ), ਸ੍ਰੀ ਸਰਜੀਵਨ ਲਾਲ ਸ਼ਾਰਦਾ, ਸ੍ਰੀ ਕੀਮਤ ਰਾਏ ਜੈਨ ਅਤੇ ਸ: ਹਰਭਜਨ ਸਿੰਘ ਗੁਲਿਆਨੀ ਜਿਹੇ ਆਪਣੇ ਉਹ ਵਿਦਵਾਨ ਉਸਤਾਦ ਯਾਦ ਆ ਰਹੇ ਹਨ ਜਿਨ੍ਹਾਂ ਮੇਰੀ ਸਮਝ ਅਤੇ ਗਿਆਨ ਦੀ ਨੀਂਹ ਰੱਖੀ, ਇੱਕ ਚੰਗਾ ਇਨਸਾਨ ਬਣਨ ਦਾ ਰਾਹ ਦਿਖਾਇਆ; ਮੈਂ ਆਪਣੇ ਅਖੀਰਲੇ ਸਾਹਾਂ ਤਕ ਉਨ੍ਹਾਂ ਦਾ ਰਿਣੀ ਰਹਾਂਗਾ।

ਡਾ: ਅਮਰ ਕੋਮਲ, ਸ: ਭੂਪਿੰਦਰ ਸਿੰਘ ਪੀ. ਸੀ. ਐੱਸ., ਡਾ: ਨਰਿੰਦਰ ਸਿੰਘ ਕਪੂਰ, ਡਾ: ਤੇਜਵੰਤ ਮਾਨ, ਰਾਮ ਸਰੂਪ ਅਣਖੀ, ਸੁਮੇਰ, ਜਿੰਦਰ, ਮੋਹਨ ਸ਼ਰਮਾ, ਦਰਸ਼ਨ ਮਿਤਵਾ, ਕਰਮਵੀਰ ਸਿੰਘ, ਦਲੀਪ ਸਿੰਘ ਭੂਪਾਲ, ਡਾ: ਆਰ. ਐੱਸ. ਆਜ਼ਾਦ, ਨਿਰੰਜਣ ਬੋਹਾ, ਗੁਲਵੰਤ ਮਲੌਦਵੀ, ਪ੍ਰੋ: ਅਸ਼ੋਕ ਭਾਟੀਆ, ਸਤਵੰਤ ਕੌਂਥ, ਦਰਸ਼ਨ ਸਿੰਘ ਆਸ਼ਟ, ਨਵਰਾਹੀ ਘੁਗਿਆਣਵੀ, ਖ਼ਾਲਿਦ ਕਿਛਾਇਤ ਅਤੇ ਮੁਸ਼ਤਾਕ ਵਾਰਸੀ ਜਿਹੇ ਸਾਹਿਤਕਾਰਾਂ ਦਾ ਮੈਂ ਤਹਿ ਦਿਲੋਂ ਸ਼ੁਕਰਗੁਜ਼ਾਰ

ਹਾਂ ਜਿਨ੍ਹਾਂ ਮੇਰੀ ਖੋਜ-ਪ੍ਰਕ੍ਰਿਆ ਦੌਰਾਨ ਨਿਜੀ ਦਿਲਚਸਪੀ ਲੈ ਕੇ ਸਮੇਂ-ਸਮੇਂ 'ਤੇ ਆਪਣਾ ਅਮੁੱਲਾ ਸਹਿਯੋਗ ਦਿੱਤਾ ਅਤੇ ਆਪੋ ਆਪਣੀ ਕੀਮਤੀ ਰਾਏ ਨਾਲ਼ ਨਿਵਾਜਿਆ। ਪੰਜਾਬੀ ਸਾਹਿਤ ਸੰਗਮ ਜੰਡੇਪੁਲ਼ (ਲੁਧਿਆਣਾ) ਦੇ ਸਾਰੇ ਮੈਂਬਰਾਂ ਦਾ ਵੀ ਮੈਂ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਸਮੇਂ-ਸਮੇਂ 'ਤੇ ਪੰਜਾਬੀ ਸਭਿਆਚਾਰ ਬਾਰੇ ਭਰਪੂਰ ਜਾਣਕਾਰੀ ਦਿੱਤੀ, ਲੋਕ-ਵਿਰਸੇ ਨੂੰ ਨੇੜਿਓਂ ਦੇਖਣ ਦਾ ਮੌਕਾ ਦਿੱਤਾ ਅਤੇ ਪੰਜਾਬੀ ਭਾਸ਼ਾ ਪ੍ਰਤਿ ਮੇਰੇ ਪਿਆਰ ਨੂੰ ਹੋਰ ਦ੍ਰਿੜ੍ਹ ਕੀਤਾ।

ਆਪਣੀ ਜਾਨ ਤੋਂ ਵੀ ਵੱਧ ਪਿਆਰੇ ਆਪਣੇ ਮਿੱਤਰਾਂ ਪਵਨ ਕੁਮਾਰ ਵਰਮਾ, ਪ੍ਰਵੀਨ ਅਗਨੀਹੋਤਰੀ, ਮੁਹੰਮਦ ਮੁਸ਼ਤਾਕ ਮਹਿੰਦਰੂ, ਮੁਕੇਸ਼ ਕੁਮਾਰ ਜੈਨ, ਮੁਖ਼ਤਿਆਰ ਸਿੰਘ, ਅਖ਼ਤਰ ਭੱਟੀ, ਪ੍ਰੋ: ਪਰਮਿੰਦਰ ਸਿੰਘ ਪੰਮੀ, ਸੁਰੇਸ਼ ਕੁਮਾਰ ਗੁਪਤਾ, ਜੈਪਾਲ ਖੁਰਾਨਾ ਅਤੇ ਮੁਹੰਮਦ ਬਸ਼ੀਰ ਦਾ ਵੀ ਦਿਲੋਂ ਧੰਨਵਾਦੀ ਹਾਂ। ਮੇਰੇ ਇਨ੍ਹਾਂ ਮਿੱਤਰਾਂ ਨੇ ਸਿਰਫ਼ ਇਸ ਪੁਸਤਕ ਦੀ ਤਿਆਰੀ ਵਿੱਚ ਹੀ ਹੱਥ ਨਹੀਂ ਵਟਾਇਆ ਸਗੋਂ ਉਹ ਮੇਰੀ ਹੁਣ ਤੱਕ ਦੀ ਜ਼ਿੰਦਗੀ ਦੀਆਂ ਔਕੜਾਂ ਮੁਸੀਬਤਾਂ, ਖ਼ੁਸ਼ੀਆਂ ਗ਼ਮੀਆਂ, ਸੁਖ ਦੁਖ ਦੋਹਾਂ ਵਿੱਚ ਹੀ ਸਾਥ ਦਿੰਦੇ ਆਏ ਹਨ।

ਇਸ ਤੋਂ ਇਲਾਵਾ ਡਾ: ਸਤੀਸ਼ ਕੁਮਾਰ ਕਪੂਰ, ਪਾਦਰੀ ਬਰਕਤ ਮਸੀਹ, ਸ੍ਰੀ ਯੂਸਫ਼ ਮਸੀਹ ਏ. ਐੱਸ. ਆਈ., ਗਿਆਨੀ ਜਸਵੰਤ ਸਿੰਘ, ਸ੍ਰੀ ਅਬਦੁਲ ਮਜੀਦ ਤੋਂ ਇਲਾਵਾ ਸ੍ਰੀ ਮੁਹੰਮਦ ਸੱਦੀਕ, ਹੈਡਮਾਸਟਰ ਇਸ਼ਲਾਮੀਆ ਕੰਬੋਜ ਹਾਈ ਸਕੂਲ ਮਾਲੇਰਕੋਟਲਾ ਅਤੇ ਉਨ੍ਹਾਂ ਦੇ ਸਾਰੇ ਸਟਾਫ਼ ਦਾ ਵੀ ਮੈਂ ਹਾਰਦਿਕ ਧੰਨਵਾਦੀ ਹਾਂ ਜਿਨ੍ਹਾਂ ਕਦੇ ਨਾ ਕਦੇ ਕਿਸੇ ਨਾ ਕਿਸੇ ਰੂਪ ਵਿੱਚ ਅਧਿਐਨ ਦੌਰਾਨ ਮੇਰੀ ਮਦਦ ਕੀਤੀ।

ਮੈਂ ਜਿੰਦਰ ਜੀ ਅਤੇ ਸ: ਸਤਵੰਤ ਸਿੰਘ ਹੁਰਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦੀ ਹਾਂ ਜਿਨ੍ਹਾਂ ਮੇਰੇ ਪ੍ਰਤਿ ਵੱਡੇ ਭਰਾਵਾਂ ਜਿਹਾ ਪਿਆਰ ਜਤਾਇਆ ਅਤੇ ਇਸ ਪੁਸਤਕ ਦੇ ਪ੍ਰਕਾਸ਼ਨ ਵਿੱਚ ਉਨ੍ਹਾਂ ਆਪਣਾ ਹੀ ਕੰਮ ਸਮਝ ਕੇ ਦਿਲਚਸਪੀ ਵਿਖਾਈ।

ਉਮੀਦ ਹੈ ਕਿ ਪੰਜਾਬੀ ਪਾਠਕ, ਲੇਖਕ, ਆਲੋਚਕ ਅਤੇ ਹੋਰ ਦੂਜੇ ਵਿਦਵਾਨ ਮੇਰੀ ਇਸ ਨਿਮਾਣੀ ਕੋਸ਼ਿਸ਼ ਨੂੰ ਸਵੀਕਾਰ ਕਰਨਗੇ ਅਤੇ ਆਪੋ ਆਪਣੀ ਰਾਏ ਨਾਲ਼ ਮੈਨੂੰ ਨਿਵਾਜਣਗੇ।

ਫਰਵਰੀ 5, 1988

ਮਹਿਤਾਬ-ਉਦ-ਦੀਨ
ਐੱਮ. ਏ.
13/284, ਬਾਗ਼ਵਾਨਾ ਗਲੀ,
ਸਰਹੰਦੀ ਦਰਵਾਜ਼ੇ ਦੇ ਅੰਦਰ,
ਮਾਲੇਰਕੋਟਲਾ-148023
ਜ਼ਿਲਾ ਸੰਗਰੂਰ (ਪੰਜਾਬ)

ਤਤਕਰਾ

		ਪੰਨਾ
1.	ਆਪਣੇ ਵਲੋਂ	vii
2.	ਪੰਜਾਬੀ ਮਿੰਨੀ ਕਹਾਣੀ ਦੀ ਉਤਪਤੀ	1
3.	ਮਿੰਨੀ ਕਹਾਣੀ ਦਾ ਵਿਸ਼ਾ-ਵਸਤੂ	19
4.	ਮਿੰਨੀ ਕਹਾਣੀ ਦੀ ਕਲਾ-ਵਿਧੀ	30
5.	ਪੰਜਾਬੀ ਮਿੰਨੀ ਕਹਾਣੀ ਦਾ ਆਲੋਚਨਾਤਮਕ ਅਧਿਐਨ	46
6.	ਪੰਜਾਬੀ ਸਾਹਿਤ ਵਿੱਚ ਮਿੰਨੀ ਕਹਾਣੀ ਦਾ ਸਥਾਨ ਅਤੇ ਇਸ ਦਾ ਭਵਿੱਖ	78
7.	ਅੰਤਿਕਾ	
	(i) ਸੋਚ ਸਮੁੰਦਰ	89
	(ii) ਸਹਾਇਕ ਪੁਸਤਕਾਂ ਦੀ ਸੂਚੀ	101
8.	ਸ਼ਬਦ ਅਨੁਕ੍ਰਮਣਿਕਾ	107

1 ਪੰਜਾਬੀ ਮਿੰਨੀ ਕਹਾਣੀ ਦੀ ਉਤਪਤੀ

ਸਾਹਿਤ ਦਾ ਸਿੱਧਾ ਸੰਬੰਧ ਸਮਾਜ ਨਾਲ਼ ਹੈ। ਸਾਹਿਤ ਦੀਆਂ ਵੱਖੋ-ਵੱਖਰੀਆਂ ਵੰਨਗੀਆਂ ਨੂੰ ਸਮੇਂ-ਸਮੇਂ 'ਤੇ ਸਮਾਜਕ ਲੋੜ 'ਚੋਂ ਹੀ ਉਤਪੰਨ ਹੋਇਆ ਮੰਨਿਆ ਜਾ ਸਕਦਾ ਹੈ। ਸਾਹਿਤ ਦਾ ਵਿਕਾਸ ਵੀ ਸਮਾਜਕ, ਆਰਥਿਕ, ਰਾਜਨੀਤਿਕ, ਸਭਿਆਚਾਰਕ ਵਿਕਾਸ ਦੇ ਸਮਵਿੱਥ ਹੀ ਹੁੰਦਾ ਆਇਆ ਹੈ। ਸਾਹਿਤ ਵਿਚ ਵਿਸ਼ੇ ਅਤੇ ਰੂਪ ਪੱਖੋਂ ਵੱਡੇ ਪਰਿਵਰਤਨ ਮੁੱਖ ਤੌਰ 'ਤੇ ਸਮਾਜਕ ਜੀਵਨ ਵਿੱਚ ਆਏ ਪਰਿਵਰਤਨਾਂ ਕਾਰਨ ਹੀ ਵਾਪਰਦੇ ਹਨ। ਪਹਿਲਾਂ ਪਹਿਲ ਮਨੁੱਖ ਸਮੂਹਕ ਸਮਾਜਕ ਇਕਾਈ ਦੇ ਤੌਰ 'ਤੇ ਸੰਜੁਗਤ ਨਹੀਂ ਸੀ ਹੋਇਆ ਸਗੋਂ ਦੋ-ਦੋ ਚਾਰ-ਚਾਰ ਦੇ ਗਰੁੱਪਾਂ ਵਿੱਚ ਆਪਣੇ ਆਪ ਨੂੰ ਪੱਤਿਆਂ ਅਤੇ ਘਾਹ ਫ਼ੂਸ ਨਾਲ਼ ਢਕ ਕੇ ਗੁਫ਼ਾਵਾਂ, ਸੰਘਣੇ ਜੰਗਲਾਂ ਜਾਂ ਬ੍ਰਿਛਾਂ 'ਤੇ ਚੜ੍ਹ ਕੇ ਗੁਜ਼ਾਰਾ ਕਰਿਆ ਕਰਦਾ ਸੀ। ਉਸਨੇ ਹਾਲੇ ਬੋਲਣਾ ਵੀ ਨਹੀਂ ਸੀ ਸਿੱਖਿਆ, ਉਦੋਂ ਉਹ ਇੱਕ ਦੂਸਰੇ ਨੂੰ ਇਸ਼ਾਰਿਆਂ ਨਾਲ਼ ਜਾਂ ਕੋਈ ਸਵਾਂਗ ਰਚ ਕੇ ਆਪਣੇ ਦੂਜੇ ਸਾਥੀਆਂ ਨੂੰ ਆਪਣੀ ਹੱਡ-ਬੀਤੀ ਸਮਝਾਉਂਦਾ ਸੀ। ਸਵਾਂਗ ਲਾਉਣ ਜਾਂ ਅਜਿਹੀਆਂ ਜਿਸਮਾਨੀ ਹਰਕਤਾਂ ਨੂੰ ਅੱਜ ਅਸੀਂ 'ਨਾਟਕ' ਦਾ ਨਾਂ ਦਿੱਤਾ ਹੈ। ਫਿਰ ਕੁਦਰਤੀ ਆਫ਼ਤਾਂ ਜਿਵੇਂ ਕਿ ਜੰਗਲ ਦੀ ਅੱਗ, ਤੇਜ਼ ਹਨੇਰੀ, ਝੱਖੜ, ਵਰਖਾ, ਹੜ੍ਹ, ਭੂਚਾਲ, ਜੰਗਲੀ ਜਾਨਵਰਾਂ ਆਦਿ ਦੇ ਡਰ ਨੇ ਮਨੁੱਖ ਨੂੰ ਸਮੂਹਕ ਰੂਪ ਵਿੱਚ ਰਹਿਣ 'ਤੇ ਮਜਬੂਰ ਕਰ ਦਿੱਤਾ। ਹੁਣ ਉਸ ਨੂੰ ਇਸ਼ਾਰਿਆਂ ਨਾਲ਼ ਆਪਣੇ ਭਾਵ ਦੂਜਿਆਂ ਤੱਕ ਪੁਚਾਉਣ ਵਿੱਚ ਦਿੱਕਤ ਪੇਸ਼ ਆਈ। ਤਦ ਕੁੱਝ ਸਿਆਣੇ ਮਨੁੱਖਾਂ ਨੇ ਮਿਲ਼ ਬੈਠ ਕੇ ਭਾਵਾਂ ਨੂੰ ਪ੍ਰਗਟਾਉਣ ਲਈ ਕੁੱਝ ਖ਼ਾਸ ਧੁਨੀਆਤਮਕ ਚਿੰਨ੍ਹ ਨੀਯਤ ਕਰ ਦਿੱਤੇ—ਇੰਝ ਭਾਸ਼ਾ ਦੀ ਉਤਪਤੀ ਹੋਈ। ਪਹਿਲਾਂ ਮਨੁੱਖ ਸੂਰਜ, ਅੱਗ, ਹਵਾ, ਪਾਣੀ ਜਿਹੀਆਂ ਕੁਦਰਤੀ ਆਫ਼ਤਾਂ ਤੋਂ ਡਰਿਆ ਕਰਦਾ ਸੀ। ਉਨ੍ਹਾਂ ਨੂੰ ਉਹ ਸਰਵਉੱਚ ਸ਼ਕਤੀ ਮੰਨ ਕੇ ਪੂਜਣ ਲੱਗ ਪਿਆ ਅਤੇ ਉਨ੍ਹਾਂ ਬਾਬਤ ਕੁੱਝ ਮਨਘੜਤ ਕਹਾਣੀਆਂ ਘੜ ਲਈਆਂ—ਇਹ ਉਹੀ ਕਹਾਣੀਆਂ ਹਨ ਜਿਨ੍ਹਾਂ ਨੂੰ ਅੱਜ ਅਸੀਂ ਮਿਥਿਹਾਸ ਕਹਿੰਦੇ ਹਾਂ। ਮਿਥਿਹਾਸ ਦੇ ਵਿਗਿਆਨਕ ਅਧਿਐਨ ਉਪਰੰਤ ਪੁਰਾਤਨ ਮਨੁੱਖ ਦੇ ਸੁਚੇਤ ਅਤੇ ਅਚੇਤ ਮਨ ਦੀਆਂ ਡੂੰਘਾਣਾਂ ਦਾ ਅਧਿਐਨ ਸੂਖਮਤਾ ਸਹਿਤ ਕੀਤਾ ਜਾ ਚੁੱਕਾ ਹੈ। ਅਵਨੇਰ ਜ਼ੀਸ ਅਨੁਸਾਰ, "ਮਿਥਿਹਾਸ ਨਿਰਾ ਧਰਮ ਹੀ ਨਹੀਂ ਹੈ—ਇਹ ਇਤਿਹਾਸਿਕ ਵਿਕਾਸ ਦੇ ਮੁਢਲੇ ਪੜਾਵਾਂ ਤੇ ਪ੍ਰਾਚੀਨ ਲੋਕਾਂ ਦੀ ਕਲਾਤਮਕ ਸਿਰਜਣਾ ਦਾ ਵੀ ਇਜ਼ਹਾਰ ਹੈ।"[1]

ਭਾਸ਼ਾ ਦੀ ਉਤਪਤੀ ਨਾਲ਼ ਮਨੁੱਖ ਪਸ਼ੂ-ਜੀਵਨ ਤੋਂ ਛੁਟਕਾਰਾ ਪਾ ਕੇ ਸੱਭਯ-ਜੀਵਨ ਵਿੱਚ ਪੈਰ ਰੱਖ ਚੁੱਕਿਆ ਸੀ। ਪਹਿਲਾਂ ਨਾਲ਼ੋਂ ਉਸਦਾ ਜੀਵਨ ਵਿਅਸਤ ਵੀ ਹੋ ਚੁੱਕਿਆ ਸੀ। ਉਹ

ਪਸ਼ੂ ਪਾਲਣ ਲੱਗ ਪਿਆ ਸੀ, ਖੇਤੀ ਕਰਨ ਲੱਗ ਪਿਆ ਸੀ, ਸ਼ਿਕਾਰ ਵੀ ਕਰਦਾ ਸੀ, ਨਵੀਂਆਂ ਵਸਤਾਂ ਦੀ ਭਾਲ ਵਿੱਚ ਇੱਧਰ ਉੱਧਰ ਘੁੰਮਦਾ ਰਹਿੰਦਾ ਸੀ। ਹੁਣ ਉਸ ਦੇ ਜ਼ਿਹਨ ਵਿੱਚ ਪ੍ਰਸ਼ਨ ਉੱਠਿਆ ਕਿ ਹੁਣ ਤੱਕ ਜੋ ਪ੍ਰਾਪਤੀਆਂ/ਕਾਢਾਂ ਉਸਨੇ ਖੋਜ ਲਈਆਂ ਸਨ, ਉਹ ਆਉਣ ਵਾਲੀਆਂ ਨਸਲਾਂ ਲਈ ਕਿਵੇਂ ਸੁਰੱਖਿਅਤ ਰੱਖੀਆਂ ਜਾਣ। ਤਦ ਉਸਨੂੰ ਲਿਪੀ ਦੀ ਜ਼ਰੂਰਤ ਮਹਿਸੂਸ ਹੋਈ। ਉਸਨੇ ਭਾਸ਼ਾ ਲਈ ਕੁੱਝ ਪ੍ਰਤੀਕਾਤਮਕ ਚਿੰਨ੍ਹ ਨੀਯਤ ਕਰ ਦਿੱਤੇ ਜਿਨ੍ਹਾਂ ਨੂੰ ਲਿਖਣ ਲਈ ਉਹ ਮਿੱਟੀ ਦੀਆਂ ਸਲੇਟਾਂ, ਪੱਥਰ, ਦਰਖ਼ਤਾਂ ਦੇ ਪੱਤਿਆਂ ਆਦਿ ਦੀ ਵਰਤੋਂ ਕਰਦਾ ਸੀ। ਲਿਪੀ ਦੇ ਆਗਮਨ ਨਾਲ਼ ਸਾਹਿਤ ਦੀ ਜਿਹੜੀ ਵੰਨਗੀ ਵਧੇਰੇ ਵਿਕਸਤ ਹੋਈ ਉਹ ਸੀ ਕਵਿਤਾ। ''ਪੁਰਾਣੇ ਸਮਿਆਂ ਵਿੱਚ ਕਵਿਤਾ ਸਾਹਿਤ ਦਾ ਵੀਹਾਂ ਵਿਚੋਂ ਉਨੀ ਹਿੱਸੇ ਸੀ। ਇਸ ਲਈ ਜੋ ਕੁੱਝ ਕਿਸੇ ਵਿਅਕਤੀ ਨੇ ਮਨੁੱਖ ਜਾਤੀ ਨੂੰ ਕਹਿਣਾ ਹੁੰਦਾ ਸੀ, ਵਧੇਰੇ ਕਰਕੇ ਕਵਿਤਾ ਵਿੱਚ ਹੀ ਕਿਹਾ ਜਾਂਦਾ ਸੀ। ਇਹ ਗੱਲ ਇਥੋਂ ਤੱਕ ਠੀਕ ਹੈ ਕਿ ਬਹੁਤ ਪੁਰਾਣੇ ਸਮਿਆਂ ਵਿੱਚ ਵਿਗਿਆਨ, ਗਣਿਤ ਔਰ ਚਿਕਿਤਸਾ ਆਦਿ ਵੀ ਕਵਿਤਾ ਅਥਵਾ ਛੰਦ ਵਿੱਚ ਹੀ ਲਿਖੇ ਜਾਂਦੇ ਸਨ।''[2]

ਸਮਾਜਕ ਪਰਿਵਰਤਨਾਂ ਕਾਰਨ ਸਾਹਿੱਤ ਵਿੱਚ ਆਉਂਦੀ ਤਬਦੀਲੀ ਦੀਆਂ ਹੋਰ ਉਦਾਹਰਣਾਂ ਅਸੀਂ ਪੰਜਾਬੀ ਸਾਹਿਤ ਵਿਚੋਂ ਸਹਿਜੇ ਹੀ ਲੈ ਸਕਦੇ ਹਾਂ। ਜਿਵੇਂ ਭੂਪਵਾਦੀ ਯੁੱਗ ਵਿੱਚ ਕਿੱਸਾ-ਕਾਵਿ ਪ੍ਰਚਲਿਤ ਹੋਇਆ। ਫਿਰ ਪੂੰਜੀਵਾਦ ਦੇ ਆਗਮਨ ਨਾਲ਼ ਗੱਦ ਦਾ ਵਿਕਾਸ ਹੋਇਆ। ਗਲਪ (Fiction) ਪ੍ਰਫੁਲਿਤ ਹੋਈ। ਨਾਵਲ, ਨਿੱਕੀ ਕਹਾਣੀ, ਮਿੰਨੀ ਕਹਾਣੀ ਆਦਿ ਸਿਨਫ਼ਾਂ ਨੇ ਜਨਮ ਲਿਆ।

ਮਿੰਨੀ ਕਹਾਣੀ ਬਾਰੇ ਵਿਸਥਾਰ ਸਹਿਤ ਚਰਚਾ ਕਰਨ ਤੋਂ ਪਹਿਲਾਂ ਮੈਂ ਪਾਠਕਾਂ ਨੂੰ ਪੰਜਾਬੀ ਗੱਦ-ਸਾਹਿਤ ਅਤੇ ਗਲ -ਸਾਹਿਤ ਦੇ ਮੁੱਢ ਬਾਰੇ ਸੰਖੇਪ ਵਾਕਫ਼ੀਅਤ ਦੇਣਾ ਯੋਗ ਸਮਝਾਂਗਾ। ਕਲਾ, ਵਿਗਿਆਨ, ਸਾਹਿਤ ਅਤੇ ਦਰਸ਼ਨ ਆਦਿ ਖੇਤਰਾਂ ਵਿੱਚ ਯੂਨਾਨ ਦੀ ਦੇਣ ਸਭ ਤੋਂ ਅਹਿਮ ਮੰਨੀ ਜਾਂਦੀ ਹੈ। ਯੂਨਾਨੀਆਂ ਨੇ ਹੀ ਸਭ ਤੋਂ ਪਹਿਲਾਂ ਇਤਿਹਾਸ ਨੂੰ ਕਲਮਬੰਦ ਕੀਤਾ ਅਤੇ ਜੀਵਨ-ਦਰਸ਼ਨ ਉੱਤੇ ਮਜ਼ਹਬ ਤੋਂ ਵਿਰਵੇ ਰਹਿ ਕੇ ਵਿਚਾਰ ਕੀਤਾ। ਪਰ ਮੈਕਸਿਮ ਗੋਰਕੀ ਦਾ ਮੱਤ ਹੈ, ''ਮਨੁੱਖਤਾ ਦਾ ਇਤਿਹਾਸ ਯੂਨਾਨ ਤੇ ਰੋਮ ਤੋਂ ਨਹੀਂ, ਭਾਰਤ ਤੇ ਚੀਨ ਤੋਂ ਆਰੰਭ ਕਰਨਾ ਚਾਹੀਦਾ ਹੈ।'' ਇਸੇ ਤਰ੍ਹਾਂ ਸਾਹਿਤ ਕਲਾ ਦੇ ਵਿਕਾਸ ਬਾਰੇ ਵੀ ਉਸ ਦਾ ਕਹਿਣਾ ਹੈ ਕਿ ਇਸਦਾ ਆਰੰਭ ਹੋਮਰ ਦੇ 'ਇਲੀਅਡ' 'ਤੇ 'ਉਡੀਸੀ' ਨਾਲ਼ ਨਹੀਂ, ਸਗੋਂ ਭਾਰਤ ਦੀਆਂ, ਕੁੱਲ ਮਿਲਾ ਕੇ ਪੂਰਬ ਦੀਆਂ ਪੌਰਾਣਿਕ ਕਥਾਵਾਂ ਤੋਂ ਹੋਣਾ ਚਾਹੀਦਾ ਹੈ।''[3] ਉਪਰੋਕਤ ਤੱਥ ਦੀ ਰੌਸ਼ਨੀ ਵਿੱਚ ਪੰਜਾਬੀ ਸਾਹਿਤ ਨੂੰ ਕਿਸੇ ਹੋਰ ਭਾਸ਼ਾ ਦੇ ਸਾਹਿੱਤ ਨਾਲ਼ੋਂ ਨਿਗੂਣਾ ਨਾ ਸਮਝਦੇ ਹੋਏ ਹੁਣ ਅਸੀਂ ਪੰਜਾਬੀ ਸਾਹਿਤ ਵੱਲ ਮੋੜਾ ਕੱਟਦੇ ਹਾਂ।

ਸ਼ੇਖ ਫ਼ਰੀਦ ਜੋ ਪੰਜਾਬੀ ਕਵਿਤਾ (ਸਾਹਿਤ) ਦੇ ਪਿਤਾ ਕਹੇ ਜਾਂਦੇ ਹਨ, ਨੇ ਪੰਜਾਬੀ ਵਿੱਚ ਪਹਿਲੀ ਵਾਰ ਇਸਲਾਮੀ ਅਤੇ ਭਾਰਤੀ ਸਭਿਆਚਾਰ ਦਾ ਸੁਮੇਲ ਕਰਾਇਆ। ਉਨ੍ਹਾਂ ਨੇ ਪੰਜਾਬੀ ਬੋਲੀ ਵਿੱਚ ਖੁਭ ਕੇ ਇਨਸਾਨੀ ਪਿਆਰ ਅਤੇ ਅਧਿਆਤਮਕਤਾ ਦੋਹਾਂ ਦਾ ਪ੍ਰਚਾਰ ਕੀਤਾ। ਇਸ ਤੋਂ ਬਾਅਦ ਉਨ੍ਹਾਂ ਦਾ ਹੀ ਅਨੁਸਰਨ ਕਰਦੇ ਹੋਏ ''ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ, ਅਲੀ ਹੈਦਰ, ਗ਼ੁਲਾਮ ਫ਼ਰੀਦ ਆਦਿ ਪੰਜਾਬ ਦੇ ਸੂਫ਼ੀ ਕਵੀਆਂ ਨੇ ਹਿੰਦੂ-ਅਹਿੰਦੂ, ਭਾਰਤੀ-ਅਭਾਰਤੀ, ਨਿਰਗੁਣ-ਸਰਗੁਣ ਸਭਿਆਚਾਰਾਂ ਦਾ ਮੇਲ ਵਿਅਕਤ ਕੀਤਾ।''[4] ਡਾ: ਪਰਮਿੰਦਰ ਸਿੰਘ ਅਤੇ ਕਿਰਪਾਲ

ਸਿੰਘ ਕਸੇਲ ਪੰਜਾਬੀ ਸਾਹਿਤ ਦੀ ਉਤਪਤੀ ਬਾਬਾ ਫ਼ਰੀਦ ਤੋਂ ਪਹਿਲਾਂ ਅੱਠਵੀਂ ਨੌਵੀਂ ਸਦੀ ਅਥਵਾ ਨਾਥ-ਜੋਗੀਆਂ ਦੇ ਰਚੇ ਸਾਹਿਤ ਤੋਂ ਮੰਨਦੇ ਹਨ।[5] ਉਂਝ ਪੰਜਾਬੀ ਭਾਸ਼ਾ ਵਿੱਚ ਪਹਿਲਾ ਉਪਲਬਧ ਕਾਵਿ-ਗ੍ਰੰਥ 'ਸੰਦੇਸ਼ ਰਾਸਕ' ਨੂੰ ਮੰਨਿਆ ਜਾਂਦਾ ਹੈ, ਜੋ ਕਿ ਛੇਵੀਂ ਸੱਤਵੀਂ ਸਦੀ ਈ: ਦੇ ਕਰੀਬ ਰਚਿਆ ਗਿਆ।

ਜਿਵੇਂ ਉੱਪਰ ਕਿਹਾ ਜਾ ਚੁੱਕਿਆ ਹੈ ਕਿ ਹਰ ਭਾਸ਼ਾ ਦਾ ਸਾਹਿਤ ਆਪਣੇ ਸਮੇਂ ਦੀ ਸਭਿਅਤਾ ਨੂੰ ਪ੍ਰਗਟਾਉਂਦਾ ਰਿਹਾ ਹੈ। ਪੰਜਾਬੀ ਸਾਹਿਤ ਦਾ ਵੀ ਵਿਰਸਾ ਬੜਾ ਅਮੀਰ ਹੈ, ਉਂਝ ਵੀ "ਯੁਗਾਂ ਯੁਗਾਂ ਤੋਂ ਚੱਲੀ ਆ ਰਹੀ ਭਾਰਤੀ ਸਭਿਆਚਾਰ ਦੀ ਨਿਰੰਤਰਤਾ, ਪੁਰਾਤਨ ਪੰਜਾਬ ਦਾ ਹੀ ਇਤਿਹਾਸ ਹੈ।"[6] ਇਸੇ ਲਈ ਅੰਗ੍ਰੇਜ਼ਾਂ ਦਾ ਪੰਜਾਬੀ ਭਾਸ਼ਾ ਤੇ ਸਾਹਿਤ ਪ੍ਰਤੀ ਥੋੜ੍ਹਾ ਜਿੰਨਾ ਵੀ ਉਸਾਰੂ ਰਵੱਈਆ ਇਸ ਲਈ ਉੱਚੀਆਂ ਮਜ਼ਲਾਂ ਨੂੰ ਸਰ ਕਰਨ ਵਿੱਚ ਸਹਾਈ ਹੋਇਆ। ਡਾ: ਗੁਰਚਰਨ ਸਿੰਘ ਅਰਸ਼ੀ ਆਪਣੇ ਪੀ ਪੀ.-ਐਚ. ਐਚ. ਡੀ. ਲਈ ਪੇਸ਼ ਕੀਤੇ ਸ਼ੋਧ-ਪ੍ਰਬੰਧ ਵਿੱਚ ਵਿਸਥਾਰ ਸਹਿਤ ਪੰਜਾਬੀ ਦੇ ਛਾਪੇਖਾਨੇ ਦੇ ਮੁੱਢ ਦਾ ਜ਼ਿਕਰ ਇੰਞ ਕਰਦਾ ਹੈ, "...ਭਾਰਤ ਨੂੰ ਛਾਪੇਖਾਨੇ ਦੀ ਦੇਣ ਈਸਾਈ ਮਿਸ਼ਨਰੀਆਂ ਨੇ ਦਿੱਤੀ...ਜਦੋਂ ਈਸਾਈ ਪਾਦਰੀਆਂ ਨੇ ਲੁਧਿਆਣੇ ਵਿੱਚ ਆਪਣਾ ਕੇਂਦਰ ਕਾਇਮ ਕੀਤਾ ਪੰਜਾਬ ਵਿੱਚ ਇੱਕ ਵੀ ਛਾਪਖਾਨਾ ਮੌਜੂਦ ਨਹੀਂ ਸੀ।... ਵਿਲੀਅਮ ਕੇਰੀ ਨੇ ਮਾਰਸ਼ਮੈਨ ਤੇ ਵਿਲੀਅਮ ਵਾਰਡ ਦੇ ਸਹਿਯੋਗ ਨਾਲ਼ ਦੇਸੀ ਅੱਖਰ-ਮਾਲਾ ਦੇ ਟਾਈਪ ਤਿਆਰ ਕਰਵਾ ਲਏ। ਇਨ੍ਹਾਂ ਵਿੱਚ ਗੁਰਮੁਖੀ, ਮੁਲਤਾਨੀ, ਡੋਗਰੀ ਤੇ ਲੰਡੇ ਦੇ ਟਾਈਪ ਵੀ ਸਨ। ਇਸ ਟਾਈਪ ਦੁਆਰਾ ਹੀ ਬਾਈਬਲ ਦਾ ਪੰਜਾਬੀ ਭਾਸ਼ਾ ਵਿੱਚ ਪਹਿਲਾ ਅਨੁਵਾਦ 1811 ਈ: ਵਿੱਚ ਛਪਿਆ, ਜੋ ਅੱਜ ਵੀ ਕੇਰੀ ਲਾਇਬਰੇਰੀ, ਸੀਰਾਮਪੁਰ ਵਿੱਚ ਸੁਰੱਖਿਅਤ ਹੈ।... 1834 ਈ: ਵਿਚ ਈਸਾਈ ਮਿਸ਼ਨਰੀਆਂ ਵੱਲੋਂ ਪ੍ਰਕਾਸ਼ਿਤ ਹੋਈ ਸਾਲਾਨਾ ਰਿਪੋਰਟ ਵਿੱਚ ਵੀ ਪਾਦਰੀ ਨਿਊਟਨ ਤੇ ਪਾਦਰੀ ਵਿਲਸਨ ਦੁਆਰਾ ਕਲਕੱਤੇ ਤੋਂ ਲੁਧਿਆਣਾ ਛਾਪਾਖਾਨਾ ਲਿਆਉਣ ਬਾਰੇ ਉਲੇਖ ਮਿਲਦਾ ਹੈ। ਇਸ ਛਾਪੇਖਾਨੇ ਵਿੱਚ ਸਭ ਤੋਂ ਪਹਿਲਾਂ 'ਏ ਸਰਮਨ ਫ਼ਾਰ ਦੀ ਵਰਲਡ' ਦਾ ਫ਼ਾਰਸੀ ਰੂਪਾਂਤਰ ਪ੍ਰਕਾਸ਼ਿਤ ਹੋਇਆ।"[7] ਇਸ ਤਰ੍ਹਾਂ ਛਾਪੇਖਾਨੇ ਦੀ ਸਥਾਪਨਾ ਨਾਲ਼ ਪੁਸਤਕਾਂ ਦਾ ਛਪਣਾ ਆਸਾਨ ਹੋ ਗਿਆ, ਰੋਜ਼ਾਨਾ ਪੰਜਾਬੀ ਦੀਆਂ ਅਖ਼ਬਾਰਾਂ ਅਤੇ ਮਾਸਿਕ ਪੱਤਰਾਂ ਦਾ ਪ੍ਰਚਲਨ ਸ਼ੁਰੂ ਹੋ ਗਿਆ। ਲੁਧਿਆਣੇ ਦੇ ਪਾਦਰੀਆਂ ਨੇ ਧਾਰਮਿਕ ਸਾਹਿਤ ਤੋਂ ਇਲਾਵਾ ਪੰਜਾਬੀ ਵਿਆਕਰਣ ਤੇ ਕੋਸ਼ ਵੀ ਪ੍ਰਕਾਸ਼ਿਤ ਕੀਤੇ। ਭਾਵੇਂ "ਪ੍ਰਾਕ੍ਰਿਤ ਗ੍ਰੰਥਾਂ ਵਿੱਚ ਮਹਾਤਮਾ ਬੁੱਧ ਦੇ ਜੀਵਨ ਬਿਰਤਾਂਤ ਤੇ ਬਚਨਾਂ ਅਤੇ ਅਰਬੀ ਫ਼ਾਰਸੀ ਵਿੱਚ ਵਾਰਤਕ ਰਚਨਾਵਾਂ ਨੇ ਪੰਜਾਬੀ ਵਿੱਚ ਵੀ ਵਾਰਤਕ ਦੀ ਉਪਜ ਲਈ ਮੁਢਲੇ ਕਾਲ ਵਿੱਚ ਹੀ ਸੰਭਾਵਨਾ ਪੈਦਾ ਕਰ ਦਿੱਤੀ ਸੀ। ਮੁਗ਼ਲ ਰਾਜ ਦੇ ਸਮੇਂ ਵਿੱਚ ਭਿੰਨ-ਭਿੰਨ ਪ੍ਰਕਾਰ ਦੇ ਵੱਡੇ ਆਕਾਰ ਦੀ ਵਾਰਤਕ ਹੋਂਦ ਵਿੱਚ ਆਈ। ਬਚਨ, ਸਾਖੀਆਂ, ਟੀਕੇ, ਪਰਮਾਰਥ, ਮਹਾਤਮ, ਗੋਸ਼ਟਾਂ, ਪੁਰਾਣੀਆਂ ਰਚਨਾਵਾਂ ਦੇ ਅਨੁਵਾਦ, ਨਸੀਹਤਨਾਮੇ ਤੇ ਹੁਕਮਨਾਮੇ ਆਦਿ ਇਸ ਕਾਲ ਦੀ ਵਾਰਤਕ ਦੀਆਂ ਪ੍ਰਸਿੱਧ ਵੰਨਗੀਆਂ ਦੇ ਰੂਪ ਹਨ।"[8] ਪਰੰਤੂ ਆਧੁਨਿਕ ਵਾਰਤਕ ਦੀ ਨੀਂਹ ਈਸਾਈ ਮਿਸ਼ਨਰੀਆਂ ਦੀਆਂ ਧਾਰਮਿਕ ਪ੍ਰਚਾਰ ਸਰਗਰਮੀਆਂ ਹਿਤ ਹਜ਼ਾਰਾਂ ਪੁਸਤਕਾਂ ਪ੍ਰਕਾਸ਼ਿਤ ਕਰਾਉਣ ਅਤੇ ਜਨ-ਭਾਸ਼ਾ ਦੇ ਨੇੜੇ ਰਹਿ ਕੇ ਆਪਣੇ ਵਿਚਾਰ ਪ੍ਰਗਟ ਕਰਨ ਨਾਲ਼ ਹੀ ਰੱਖੀ ਗਈ। ਇਸ ਤੋਂ ਅੱਗੇ ਵਾਰਤਕ ਦੇ ਪ੍ਰਚਲਨ ਨਾਲ਼ ਹੀ ਕਹਾਣੀ ਵੰਨਗੀ ਅਖ਼ਬਾਰਾਂ ਰਿਸਾਲਿਆਂ ਰਾਹੀਂ ਲੋਕਪ੍ਰਿਯ ਹੋਈ। ਸੋ ਕਿਹਾ

ਜਾ ਸਕਦਾ ਹੈ ਕਿ ਪੰਜਾਬੀ ਭਾਸ਼ਾ ਅਤੇ ਇਸਦੇ ਸਾਹਿਤ ਦਾ ਮੁਹਾਂਦਰਾ ਅੱਜ ਬਿਲਕੁਲ ਹੀ ਹੋਰ ਹੁੰਦਾ ਜੇ ਈਸਾਈ ਮਿਸ਼ਨਰੀ ਉਸ ਵੇਲੇ ਇਸ ਭਾਸ਼ਾ ਨੂੰ ਆਪਣੇ ਪ੍ਰਚਾਰ ਦੇ ਯੋਗ ਨਾ ਸਮਝਦੇ।

ਲੇਖਕ ਜਦ ਕਿਸੇ ਗਲਪ-ਰਚਨਾ ਦੀ ਸਿਰਜਣਾ ਕਰਦਾ ਹੈ ਤਾਂ, ਨਾ ਤਾਂ ਉਸ ਵਿੱਚ ਸਤ-ਪ੍ਰਤੀਸ਼ਤ ਕਿਸੇ ਘਟਨਾ ਦਾ ਹੂਬਹੂ ਸ਼ਾਬਦਿਕ ਰੂਪਾਂਤਰਣ ਹੁੰਦਾ ਹੈ ਅਤੇ ਨਾ ਹੀ ਉਹ ਰਚਨਾ ਨਿਰੋਲ ਕਲਪਨਾ ਦੇ ਆਸਰੇ ਉੱਸਰ ਸਕਦੀ ਹੈ—ਸਗੋਂ ਯਥਾਰਥ ਅਤੇ ਕਲਪਨਾ ਦਾ ਯੋਗ ਸੁਮੇਲ ਲੇਖਕ ਆਪਣੀ ਕ੍ਰਿਤ ਵਿੱਚ ਕਰਦਾ ਹੈ। ਇੱਥੇ ਇਹ ਵਰਨਣਯੋਗ ਹੈ ਕਿ ਇਸ ਰਚਨਾ ਵਿੱਚ ਕਲਪਨਾ ਦੀ ਉਡਾਰੀ ਯਥਾਰਥ ਦੀ ਸੀਮਾ ਹਰਗਿਜ਼ ਨਹੀਂ ਉਲੰਘ ਸਕਦੀ। ਲੇਖਕ ਦੀ ਇਹੀ ਖ਼ਿਆਲ ਉਡਾਰੀ ਗਲਪ ਦਾ ਸੱਚ ਹੋ ਨਿਬੜਦੀ ਹੈ ਜਿਸ ਨੂੰ ਕਈ ਆਲੋਚਕ ਰਚਨਾਤਮਕ ਯਥਾਰਥ ਵੀ ਕਹਿ ਲੈਂਦੇ ਹਨ।

ਗਲਪ ਦਾ ਅੰਗ੍ਰੇਜ਼ੀ ਪਰਿਆਇ ਫ਼ਿਕਸ਼ਨ (Fiction) ਹੈ ਜੋ ਕਿ ਅਸਲ ਵਿੱਚ ਲਾਤੀਨੀ ਭਾਸ਼ਾ ਦਾ ਸ਼ਬਦ ਹੈ ਜਿਸ ਦੇ ਅਰਥ ਹਨ—ਕਲਪਨਾ ਸ਼ਕਤੀ ਦੁਆਰਾ ਕਿਸੇ ਸਾਹਿਤਕ ਕ੍ਰਿਤ ਨੂੰ ਸਿਰਜਣਾ। ''ਸੰਸਕ੍ਰਿਤ ਸ਼ਬਦ 'ਗਲਪ', ਜਿਸ ਦਾ ਪੰਜਾਬੀ ਰੂਪ ਗੱਪ ਹੈ, ਫ਼ਿਕਸ਼ਨ ਵਾਲ਼ੇ ਅਰਥਾਂ ਨੂੰ ਠੀਕ ਭਾਂਤ ਸਾਕਾਰ ਕਰਦਾ ਦਿਸਦਾ ਹੈ, ਇਸ ਲਈ ਇਹ ਠੀਕ ਤੇ ਬਹੁਤ ਢੁਕਵਾਂ ਪਦ ਹੈ।''[9] ਗਲਪ ਵਿੱਚ ਮੁੱਖ ਤੌਰ 'ਤੇ ਨਾਵਲ, ਕਹਾਣੀ, ਨਿੱਕੀ ਕਹਾਣੀ ਅਤੇ ਮਿੰਨੀ ਕਹਾਣੀ ਆਦਿ ਸਿਨਫਾਂ ਆ ਜਾਂਦੀਆਂ ਹਨ, ਇਨ੍ਹਾਂ ਵਿੱਚ ਲੇਖਕ ''ਕੁਝ ਘਟਨਾਵਾਂ ਤੇ ਸਥਿਤੀਆਂ ਨੂੰ ਵਿਉਂਤਮਈ ਅਤੇ ਨਾਟਕੀ ਢੰਗ ਰਾਹੀਂ ਪਾਤਰਾਂ ਦੀ ਸਹਾਇਤਾ ਨਾਲ ਇੰਝ ਗੁੰਦਦਾ ਹੈ ਕਿ ਉਸਦਾ ਇੱਕ ਢਾਂਚਾ ਮੁੱਢ, ਮੱਧ, ਸਿਖ਼ਰ ਤੇ ਅੰਤ ਦੇ ਰੂਪ ਵਿੱਚ ਖੜ੍ਹਾ ਹੋ ਜਾਂਦਾ ਹੈ।''[10] ਪਰੰਤੂ ਇੱਥੇ ਸਿਰਫ਼ ਨਿੱਕੀ ਕਹਾਣੀ ਦੇ ਆਰੰਭ ਬਾਰੇ ਸੰਖੇਪ ਜਾਣਕਾਰੀ ਦੇ ਕੇ ਮਿੰਨੀ ਕਹਾਣੀ ਨੂੰ ਆਪਣੇ ਅਧਿਐਨ ਦਾ ਵਿਸ਼ਾ ਬਣਾਇਆ ਜਾਵੇਗਾ। ਆਓ, ਪਹਿਲਾਂ 'ਕਹਾਣੀ ਕੀ ਹੈ', ਇਸ ਬਾਰੇ ਗ਼ੌਰ ਕਰੀਏ। ਕਹਾਣੀ ਹਰ ਥਾਂ ਵਿਦਮਾਨ ਹੁੰਦੀ ਹੈ। ਚਾਹੇ ਪੁਰਾਤਨ ਜਨਮ-ਸਾਖੀਆਂ ਨੂੰ ਵਾਚ ਲਓ, ਚਾਹੇ ਮਹਾਂਕਾਵਿ ਦਾ ਅਧਿਐਨ ਕਰ ਲਓ, ਚਾਹੇ ਨਾਟਕ ਦਾ ਆਨੰਦ ਮਾਣ ਲਓ, ਚਾਹੇ ਬਾਈਬਲ ਅਤੇ ਕੁਰਾਨ ਸ਼ਰੀਫ਼ ਵਿਚਲੀਆਂ ਮਿਸਾਲਾਂ—ਦ੍ਰਿਸ਼ਟਾਂਤਾਂ ਦਾ ਵਿਸ਼ਲੇਸ਼ਣ ਕਰ ਲਓ, ਕਹਾਣੀ ਦੀ ਹੋਂਦ ਹਰ ਜਗ੍ਹਾ ਹੈ। ਹੋਮਰ ਦੀ ਅਮਰ ਕ੍ਰਿਤ 'ਇਲੀਅਡ' ਉਸਰੀ ਹੀ ਕਹਾਣੀ ਦੀ ਨੀਂਹ ਤੇ ਹੈ। ਰਾਮਾਇਣ ਅਤੇ ਮਹਾਭਾਰਤ ਵਿੱਚ ਕੀ ਕਹਾਣੀਆਂ ਨਹੀਂ ਹਨ? ਭਾਵੇਂ ਨਾਟਕ ਦੀ ਉਤਪਤੀ ਸਾਹਿਤ ਦੇ ਹੋਰ ਸਾਰੇ ਰੂਪਾਂ ਨਾਲ਼ੋਂ ਪਹਿਲਾਂ ਹੋਈ ਮੰਨੀ ਜਾਂਦੀ ਹੈ ਪਰੰਤੂ ਮਹਿਤਾਬ ਸਿੰਘ ਅਨੁਸਾਰ, ''ਆਦਮ ਦੀ ਹੱਵਾ ਨਾਲ਼ ਪਹਿਲੀ ਮੁਲਾਕਾਤ ਸੰਸਾਰ ਦੀ ਪਹਿਲੀ ਕਹਾਣੀ ਹੈ।''[11] ਮਿਥਿਹਾਸ ਅਨੁਸਾਰ ਆਦਮ ਨੂੰ ਇਸ ਧਰਤੀ ਦਾ ਪਹਿਲਾ ਮਰਦ ਅਤੇ ਹੱਵਾ ਨੂੰ ਪਹਿਲੀ ਔਰਤ ਤਸੱਵੁਰ ਕੀਤਾ ਜਾਂਦਾ ਹੈ। ਜਦ ਇਹ ਦੋਵੇਂ ਇੱਕ ਦੂਸਰੇ ਨੂੰ ਪਹਿਲੀ ਵਾਰ ਮਿਲ਼ੇ ਹੋਣਗੇ ਤਾਂ ਉਨ੍ਹਾਂ ਇੱਕ ਦੂਜੇ ਨੂੰ ਆਪਣੀ-ਆਪਣੀ ਕਹਾਣੀ (ਹੱਡਬੀਤੀ) ਹੀ ਇਸ਼ਾਰਿਆਂ ਦੇ ਮਾਧਿਅਮ ਨਾਲ਼ ਸਮਝਾਉਣ ਦੀ ਕੋਸ਼ਿਸ਼ ਕੀਤੀ ਹੋਵੇਗੀ। ਇਸ ਲਈ ਮੈਂ ਮਹਿਤਾਬ ਸਿੰਘ ਦੇ ਉਪਰੋਕਤ ਕਥਨ ਨਾਲ ਸੰਮਤੀ ਪ੍ਰਗਟ ਕਰਦਾ ਹੋਇਆ ਇਹ ਕਹਿਣਾ ਪਸੰਦ ਕਰਾਂਗਾ ਕਿ ਕਹਾਣੀ ਨੇ ਨਾਟਕ ਦੇ ਮਾਧਿਅਮ ਦੁਆਰਾ ਸਾਹਿਤ ਦੇ ਹੋਰ ਸਾਰੇ ਰੂਪਾਂ ਤੋਂ ਪਹਿਲਾਂ ਜਨਮ ਲਿਆ। ਆਪਣੇ ਮੱਤ ਦੀ ਪੁਸ਼ਟੀ ਲਈ ਮੈਂ ਪ੍ਰੋ: ਗੁਰਦਿਆਲ ਸਿੰਘ ਫੁੱਲ ਦਾ ਇਹ ਕਥਨ ਵੀ ਪਾਠਕਾਂ ਨਾਲ ਸਾਂਝਾ ਕਰਨਾ ਚਾਹਾਂਗਾ,

''ਕਹਾਣੀ ਉਦੋਂ ਹੀ ਜੰਮੀ ਸੀ, ਜਦ ਅਮੀਬਾ (ਇੱਕ ਸੈੱਲ ਵਾਲੀ ਸਜੀਵ ਵਸਤ) ਕਈ ਪੜਾਅ ਲੰਘਦਾ ਹੋਇਆ ਤੇ ਵਿਕਾਸ ਦੀਆਂ ਮੰਜ਼ਲਾਂ ਚੜ੍ਹਦਾ ਹੋਇਆ (ਡਾਰਵਿਨ ਸਿਧਾਂਤ ਅਨੁਸਾਰ) ਮਨੁੱਖੀ ਆਕਾਰ ਦੇ ਰੂਪ ਤੀਕ ਅਪੜਿਆ ਸੀ।''[12] ਸੋ ਜਿਵੇਂ ਅਸੀਂ ਉੱਪਰ ਕਿਹਾ ਸੀ ਕਿ ਮਨੁੱਖ ਨੇ ਕੁਦਰਤੀ ਆਫ਼ਤਾਂ ਤੋਂ ਡਰਦੇ ਹੋਏ, ਉਨ੍ਹਾਂ ਸ਼ਕਤੀਆਂ ਦੀ ਪੂਜਾ ਕਰਨੀ ਸ਼ੁਰੂ ਕਰ ਦਿੱਤੀ ਅਤੇ ਉਨ੍ਹਾਂ ਸੰਬੰਧੀ ਕਈ ਕਾਲਪਨਿਕ ਕਹਾਣੀਆਂ ਘੜ ਲਈਆਂ ਜਿਨ੍ਹਾਂ ਨੂੰ ਅਸੀਂ ਅੱਜ ਪੁਰਾਣ ਕਥਾਵਾਂ ਵੀ ਕਹਿੰਦੇ ਹਾਂ। ਤਾਂਹੀਓ ਇਨ੍ਹਾਂ ਕਥਾਵਾਂ ਦੇ ਨਾਇਕ ਅਕਸਰ ਦੇਵੀ ਦੇਵਤੇ ਹੀ ਹੁੰਦੇ ਹਨ। ਇਸ ਸਮੇਂ ਦੌਰਾਨ ਮਨੁੱਖ ਨੇ ਸਮੂਹਕ ਰੂਪ ਵਿੱਚ ਰਹਿਣ ਕਾਰਨ ਇੱਕ ਦੂਸਰੇ ਦੇ ਤਜਰਬੇ ਤੋਂ ਬਹੁਤ ਕੁੱਝ ਸਿੱਖਿਆ, ਉਸਨੂੰ ਕੁੱਝ ਸੋਝੀ ਆਈ, ਉਸ ਦਾ ਡਰ ਕੁਦਰਤੀ ਆਫ਼ਤਾਂ ਪ੍ਰਤਿ ਕੁਝ ਘਟਿਆ ਅਤੇ ਮਨੁੱਖ ਨੇ ਕਹਾਣੀਆਂ ਵਿੱਚ ਆਪਣੇ ਆਪ ਨੂੰ ਸ਼ਾਮਿਲ ਕਰ ਲਿਆ ਅਤੇ ਮਨੁੱਖ ਖ਼ੁਦ ਇੱਕ ਪਾਤਰ ਵਜੋਂ ਇਨ੍ਹਾਂ ਵਿੱਚ ਪੇਸ਼ ਹੋਇਆ। ਇਹ ਉਹੀ ਕਹਾਣੀਆਂ ਹਨ ਜੋ ਅਜੋਕੇ ਸਮਾਜ ਵਿੱਚ ਦੰਦ-ਕਥਾਵਾਂ ਦੇ ਰੂਪ ਵਿੱਚ ਮੌਜੂਦ ਹਨ ਜਿਵੇਂ ਗੋਰਖਨਾਥ, ਮਛੰਦਰਨਾਥ, ਪੂਰਨ ਭਗਤ ਜਿਹੇ ਜੋਗੀਆਂ ਦੀਆਂ ਕਥਾਵਾਂ, ਗੁੱਗਾ ਪੀਰ, ਹੈਦਰ ਸ਼ੇਖ—ਮਲੇਰਕੋਟਲਾ ਵਾਲ਼ਾ ਪੀਰ, ਹੀਰ ਰਾਂਝਾ, ਮਿਰਜ਼ਾ ਸਾਹਿਬਾਂ, ਸੱਸੀ ਪੁੰਨੂੰ ਆਦਿ ਦੀਆਂ ਕਥਾਵਾਂ। ਕਿਸੇ ਵਿਸ਼ੇਸ਼ ਸਥਾਨ 'ਤੇ ਜਦ ਕੋਈ ਵੱਡੀ ਘਟਨਾ ਵਾਪਰਦੀ ਹੈ ਤਾਂ ਜਨ-ਸਾਧਾਰਣ ਵਿੱਚ ਪ੍ਰਚਲਿਤ ਹੋ ਜਾਂਦੀ ਹੈ। ਫਿਰ ਵਪਾਰੀਆਂ ਅਤੇ ਸੈਲਾਨੀਆਂ ਦੁਆਰਾ ਇਹ ਦੂਰ ਦੁਰਾਡੇ ਦੇਸਾਂ-ਪ੍ਰਦੇਸਾਂ ਵਿੱਚ ਵੀ ਇਹ ਘਟਨਾ ਵਰਨਣ ਕੁਝ ਕੁ ਤਬਦੀਲੀ ਨਾਲ਼ ਪ੍ਰਚਲਿਤ ਹੋ ਜਾਂਦਾ ਹੈ। ਉਦੋਂ ਇਹ ਦੰਦ-ਕਥਾ ਦਾ ਰੂਪ ਧਾਰਦਾ ਹੈ। ਫਿਰ ਇਹ ਰਵਾਇਤ ਸੀਨਾ-ਬ-ਸ਼ੀਨਾ ਚੱਲੀ ਜਾਂਦੀ ਹੈ। ਹਜ਼ਰਤ ਈਸਾ ਮਸੀਹ, ਹਜ਼ਰਤ ਮੁਹੰਮਦ ਸਾਹਿਬ, ਮਹਾਤਮਾ ਬੁੱਧ, ਮਹਾਵੀਰ ਜੈਨ, ਗੁਰੂ ਨਾਨਕ ਦੇਵ ਜਿਹੇ ਪੀਰਾਂ ਪੈਗ਼ੰਬਰਾਂ ਨਾਲ਼ ਵਾਪਰਦੀਆਂ ਛੋਟੀਆਂ ਮੋਟੀਆਂ ਘਟਨਾਵਾਂ ਇੰਝ ਹੀ ਪ੍ਰਚਲਿਤ ਹੋਈਆਂ ਹਨ।

ਇਸ ਤੋਂ ਇਲਾਵਾ ਡਾ: ਸਵਿੰਦਰ ਸਿੰਘ ਉੱਪਲ ਭਾਰਤੀ ਸਾਹਿਤ ਵਿੱਚ ਕਹਾਣੀ ਦੇ ਆਦਿ ਬਾਰੇ ਕੁੱਝ ਇੰਝ ਬਿਆਨ ਕਰਦਾ ਹੈ, ''ਐਚ. ਐਲ. ਹਰਿਆਪਾ ਅਨੁਸਾਰ 'ਰਿਗਵੇਦ' ਵਿੱਚ ਮਿਲਦੀਆਂ ਪੁਰਾਤਨ ਕਥਾਵਾਂ (legends) ਮਨੁੱਖਤਾ ਦਾ ਪਹਿਲਾ ਦਸਤਾਵੇਜ਼ ਹਨ। 'ਜਾਤਕ ਕਹਾਣੀਆਂ', 'ਹਿਤੋਪਦੇਸ਼', 'ਪੰਚਤੰਤ੍ਰ', 'ਕਥਾ ਸ਼ਰਿਤ ਸਾਗਰ' ਆਦਿ ਮੁਢਲੀਆਂ ਭਾਰਤੀ ਰਚਨਾਵਾਂ ਗਾਲਪਿਕ ਰੰਗ ਨਾਲ਼ ਭਰੀਆਂ ਪਈਆਂ ਹਨ। ਮਿਸਰ ਬਾਰੇ ਕਿਹਾ ਜਾਂਦਾ ਹੈ ਕਿ ਕੋਈ ਚਾਰ ਹਜ਼ਾਰ ਸਾਲ ਪੂਰਵ ਈ: ਸਮੇਂ ਚਉਪ ਦੇ ਪੁੱਤਰ ਆਪਣੇ ਪਿਤਾ ਦੇ ਮਨੋਰੰਜਨ ਲਈ ਕਹਾਣੀਆਂ ਸੁਣਾਇਆ ਕਰਦੇ ਸਨ। ਬੇਟਸ ਅਨੁਸਾਰ ਕਹਾਣੀ ਸੁਣਾਉਣ ਦਾ ਰਿਵਾਜ ਕਵਿਤਾ ਤੋਂ ਬਹੁਤ ਪਹਿਲਾਂ ਸ਼ੁਰੂ ਹੋ ਗਿਆ ਸੀ ਜਦੋਂ ਆਦਿਵਾਸੀ ਜੰਗਲਾਂ ਵਿੱਚ ਅੱਗ ਦੁਆਲੇ ਬੈਠ ਕੇ ਇਸਦਾ ਆਨੰਦ ਮਾਣਦੇ ਸਨ। ਦੂਜੀ ਗੱਲ ਧਿਆਨ ਵਿੱਚ ਰੱਖਣ ਵਾਲ਼ੀ ਇਹ ਹੈ ਕਿ ਭਾਰਤ ਹੀ ਉਹ ਖ਼ੁਸ਼ਕਿਸਮਤ ਦੇਸ਼ ਹੈ ਜਿੱਥੇ ਗਾਲਪਿਕ ਰੁਚੀ ਸਭ ਤੋਂ ਪਹਿਲਾਂ ਪੰਨਪੀ, ਮੈਕਡੋਨਲ ਦੇ ਖ਼ਿਆਲ ਮੁਤਾਬਕ ਕਹਾਣੀ (ਗਲਪ) ਭਾਰਤੀ ਸਾਹਿਤ ਦਾ ਸਭ ਤੋਂ ਮੌਲਿਕ ਵਿਭਾਗ ਹੈ ਜਿਸਨੇ ਵਿਦੇਸ਼ੀ ਸਾਹਿਤਾਂ ਉਤੇ ਬਹੁਤ ਪ੍ਰਭਾਵ ਪਾਇਆ ਹੈ। ਰਾਲਿਨਸਨ ਵੀ ਪੂਰਬ ਨੂੰ ਪਸ਼ੂ ਪੰਛੀਆਂ ਦੀਆਂ ਸਿੱਖਿਆਦਾਇਕ ਕਹਾਣੀਆਂ (Fables) ਦਾ ਘਰ ਮੰਨਦਾ ਹੈ।''[13] ਪੰਜਾਬੀ ਸਾਹਿਤ ਕੋਸ਼ ਦਾ

ਬਿਆਨ ਕੁੱਝ ਇਸ ਤਰ੍ਹਾਂ ਹੈ, "ਭਾਰਤੀ ਸਾਹਿਤ ਵਿੱਚ ਰਿਗਵੇਦ ਵਿੱਚ ਆਏ ਯਮ, ਯਮੀ, ਪੁਰੂਰਵਾਉਰਵਸ਼ੀ, ਸ਼ਰਮਾ ਅਤੇ ਪਣਿਗਣ ਆਦਿ ਸੰਵਾਦਾਂ ਵਿੱਚ, ਬ੍ਰਾਹਮਣਾਂ ਵਿੱਚ ਸੌਪਰਣੀ— ਕਾਦ੍ਰਬ ਵਰਗੇ ਰੂਪਾਤਮਕ ਵਿਆਖਿਆਨਾਂ ਵਿੱਚ ਮਹਾਭਾਰਤ ਦੀਆਂ ਉਪਕਥਾਵਾਂ ਅਤੇ ਪੁਰਾਣਾਂ ਦੀਆਂ ਕਥਾਵਾਂ ਵਿੱਚ ਆਧੁਨਿਕ ਕਹਾਣੀ ਦੇ ਅੰਸ਼ ਲੱਭੇ ਜਾ ਸਕਦੇ ਹਨ।.. ਰਾਜਿਆਂ, ਰਾਜਕੁਮਾਰਾਂ ਅਤੇ ਪਰਕਰਮੀ ਵੀਰਾਂ ਦੀਆਂ ਘਟਨਾ-ਪ੍ਰਧਾਨ ਕਹਾਣੀਆਂ ਦਾ ਵਿਕਾਸ ਸਾਨੂੰ ਬੌਧ ਜਾਤਕ ਕਥਾਵਾਂ ਤੋਂ ਛੁੱਟ, ਵਿਸ਼ਣੂ ਸ਼ਰਮਾ ਦੀ 'ਪੰਚਤੰਤ੍ਰ', ਬੁੱਧਸੁਆਮੀ ਦੀ 'ਬ੍ਰਿਹਤਕਥਾ' ਸ਼ਲੋਕ ਸੰਗ੍ਰਹਿ, ਕਸ਼ੇਮੇਂਦ੍ਰ ਦੀ 'ਬ੍ਰਿਹਤਕਥਾ ਮੰਜਰੀ', ਸੋਮਦੇਵ ਦੀ 'ਕਥਾਦਿ ਰਤਨਾਕਰ' ਦੰਡੀ ਦੀ 'ਦਸ਼ਕੁਮਾਰ ਚਰਿਤ' ਬਾਣਭੱਟ ਦੀ 'ਕਾਦੰਬਰੀ', ਸੰਬੰਧੂ ਦੀ 'ਵਾਸਵਦੱਤਾ' ਅਤੇ ਨਾਰਾਇਣ ਦੀ 'ਹਿਤੋਪਦੇਸ਼' ਵਿੱਚ ਮਿਲਦਾ ਹੈ।"[14]

ਪਰ ਸਾਡੇ ਉਪਰੋਕਤ ਅਧਿਐਨ ਮੁਤਾਬਕ ਭਾਰਤ ਵਿੱਚ ਕਹਾਣੀ ਦੀ ਸ਼ੁਰੂਆਤ ਤਾਂ ਵੇਦਾਂ ਅਤੇ ਉਪਨਿਸ਼ਦ ਗ੍ਰੰਥਾਂ ਦੇ ਲਿਖਣ ਤੋਂ ਵੀ ਪਹਿਲਾਂ ਮੰਨੀ ਜਾ ਚੁੱਕੀ ਹੈ। ਇਨ੍ਹਾਂ ਵੇਦਾਂ ਅਤੇ ਗ੍ਰੰਥਾਂ ਤੋਂ ਇਲਾਵਾ ਮਹਾਭਾਰਤ ਵਿੱਚ ਜੋ ਕਥਾਵਾਂ ਦਰਜ ਹਨ ਉਨ੍ਹਾਂ ਵਿੱਚ ਵੀ ਮਨੁੱਖ ਅਤੇ ਪਸ਼ੂ ਦੇ ਆਪਸੀ ਸੰਬੰਧਾਂ ਬਾਰੇ ਬੜੇ ਵਿਸਥਾਰ ਸਹਿਤ ਚਰਚਾ ਕੀਤੀ ਗਈ ਹੈ। ਸਪੱਸ਼ਟ ਹੈ ਕਿ ਇਹ ਕਥਾਵਾਂ ਇਨ੍ਹਾਂ ਗ੍ਰੰਥਾਂ ਵਿਚ ਦਰਜ ਕਰਨ ਲਈ ਤਾਂ ਲਿਖੀਆਂ ਨਹੀਂ ਗਈਆਂ ਹੋਣਗੀਆਂ। ਇਸ ਲਈ ਇਹ ਤਾਂ ਸਿੱਧ ਹੋ ਹੀ ਗਿਆ ਹੈ ਕਿ ਕਹਾਣੀ ਦਾ ਜਿੰਨਾ ਵਧੀਆ ਰੂਪ ਇਨ੍ਹਾਂ ਵੇਦਾਂ ਗ੍ਰੰਥਾਂ ਵਿਚ ਦਰਜ ਹੈ ਉਹ ਹੌਲ਼ੀ-ਹੌਲ਼ੀ ਵਿਕਸਤ ਹੋ ਕੇ ਹੀ ਇਸ ਪੜਾਅ 'ਤੇ ਪਹੁੰਚ ਕੇ ਗ੍ਰੰਥਾਂ ਵਿਚ ਦਰਜ ਕਰਨ ਦੇ ਯੋਗ ਹੋ ਸਕਿਆ ਹੋਵੇਗਾ।

ਪੁਰਾਤਨ ਸਮੇਂ ਦੀ ਮੌਖਿਕ ਕਹਾਣੀ ਨਿਰੋਲ ਕਲਪਨਾ ਦੇ ਆਸਰੇ 'ਤੇ ਨੈਤਿਕਤਾ ਦਾ ਪੱਲਾ ਕਦੇ ਵੀ ਨਾ ਛੱਡਦਿਆਂ ਹੋਇਆਂ ਉਪਦੇਸ਼-ਪ੍ਰਧਾਨ ਰਚਨਾ ਹੋ ਨਿੱਬੜਦੀ ਸੀ। ਵਿਸ਼ੇਸ਼ ਕਰਕੇ ਬੁੱਧ ਅਤੇ ਜੈਨ ਧਰਮ ਦੇ ਉੱਥਾਨ ਸਮੇਂ ਕਹਾਣੀਆਂ ਤਾਂ ਹੁੰਦੀਆਂ ਹੀ ਨਸੀਹਤ ਭਰਪੂਰ ਸਨ। ਇਨ੍ਹਾਂ ਕਹਾਣੀਆਂ ਵਿੱਚ ਸਾਹਿਤਕਤਾ ਦੀ ਤਾਂ ਘਾਟ ਹੀ ਹੁੰਦੀ ਸੀ। ਪਾਤਰ ਇਨ੍ਹਾਂ ਵਿਚ ਮਨੁੱਖ ਅਤੇ ਪਸ਼ੂ ਦੋਵੇਂ ਤਰ੍ਹਾਂ ਦੇ ਹੀ ਹੁੰਦੇ ਸਨ। 'ਪੰਚਤੰਤਰ' ਦੀਆਂ ਕਹਾਣੀਆਂ ਇਸ ਯੁੱਗ ਦੌਰਾਨ ਹੀ ਲਿਖੀਆਂ ਗਈਆਂ। ਫਿਰ 'ਜਾਤਕ ਕਥਾਵਾਂ' ਅਤੇ 'ਹਿਤੋਪਦੇਸ਼' ਆਦਿ ਦੀ ਸਿਰਜਣਾ ਹੋਈ। ਉਪਰੋਕਤ ਸਾਰੇ ਸਮਿਆਂ ਦੀਆਂ ਕਹਾਣੀਆਂ ਨੂੰ ਰੂਪਕ ਪੱਖੋਂ ਆਧੁਨਿਕ ਕਹਾਣੀਆਂ ਦੇ ਨਾਲ਼ ਤਾਂ ਨਹੀਂ ਮੇਚਿਆ ਜਾ ਸਕਦਾ ਪਰ ਫਿਰ ਵੀ ਇਹ ਜ਼ਰੂਰ ਮੰਨਿਆ ਜਾ ਸਕਦਾ ਹੈ ਕਿ ਆਧੁਨਿਕ ਕਹਾਣੀਆਂ ਨੂੰ ਗੋਂਦ ਅਤੇ ਸੰਵਾਦਾਂ ਸੰਬੰਧੀ ਜੋ ਤਕਨੀਕੀ ਸੇਧ ਅੱਜ ਮਿਲ਼ੀ ਹੋਈ ਹੈ ਉਹ ਪੁਰਾਤਨ ਕਹਾਣੀਆਂ ਤੋਂ ਹੀ ਪ੍ਰਾਪਤ ਹੋਈ ਹੈ ਕਿਉਂਕਿ ਉਦੋਂ ਸੰਵਾਦਾਂ ਅਤੇ ਕਥਾਨਕ ਪ੍ਰਤਿ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਸੀ। ਸੋ ਕਿਹਾ ਜਾ ਸਕਦਾ ਹੈ ਕਿ ਭਾਰਤੀ ਕਹਾਣੀ ਦਾ ਵਿਰਸਾ ਬੜਾ ਅਮੀਰ ਹੈ—ਜਿਸ ਤਰ੍ਹਾਂ ਅਜੋਕਾ ਲੇਖਕ ਵਿਦੇਸ਼ੀ ਸਾਹਿਤ ਪੜ੍ਹ ਕੇ ਉਸ ਤੋਂ ਸ਼ਕਤੀ ਅਤੇ ਸੇਧ ਗ੍ਰਹਿਣ ਕਰਦਾ ਹੈ ਉਸੇ ਤਰ੍ਹਾਂ ਅੱਠਵੀਂ ਨੌਂਵੀਂ ਸਦੀ ਵਿਚ ਭਾਰਤੀ ਕਥਾਵਾਂ ਨੂੰ ਪੜ੍ਹ ਕੇ ਅਰਬ ਅਤੇ ਯੂਰਪੀਅਨ ਦੇਸ਼ਾਂ ਦੇ ਲੋਕ ਵੀ ਮਾਣ ਮਹਿਸੂਸ ਕਰਦੇ ਸਨ। ਇਸ ਗੱਲ ਦਾ ਅੰਦਾਜ਼ਾ ਇਸ ਤੱਥ ਤੋਂ ਲਾਇਆ ਜਾ ਸਕਦਾ ਹੈ ਕਿ ਅੱਠਵੀਂ ਸਦੀ ਦੇ ਮੱਧ ਵਿਚ 'ਪੰਚਤੰਤਰ' ਦੀਆਂ ਕਹਾਣੀਆਂ ਦਾ ਅਨੁਵਾਦ ਪੰਜਾਹ ਤੋਂ ਵੀ ਵੱਧ ਵਿਦੇਸ਼ੀ ਭਾਸ਼ਾਵਾਂ ਵਿੱਚ ਹੋਇਆ। ਜਿਸਦੇ ਸਿੱਟੇ

ਵਜੋਂ ਹੀ 'ਅਰੇਬੀਅਨ ਨਾਈਟਸ' ਦੀਆਂ ਬਹੁਤੀਆਂ ਕਹਾਣੀਆਂ 'ਤੇ ਭਾਰਤੀ ਕਥਾਵਾਂ ਦੇ ਅਮੀਰ ਵਿਰਸੇ ਦਾ ਪ੍ਰਭਾਵ ਪ੍ਰਤੱਖ ਦੇਖਿਆ ਜਾ ਸਕਦਾ ਹੈ।

ਹਰ ਯੁੱਗ ਦਾ ਲੋਕ-ਸਾਹਿਤ ਉਸ ਯੁੱਗ ਦੇ ਸਮਾਜ ਅਤੇ ਸਭਿਆਚਾਰ ਦੀ ਬੜੀ ਸਫ਼ਲ ਅਭਿਵਿਅਕਤੀ ਹੁੰਦਾ ਹੈ। ਲੋਕ-ਸਾਹਿਤ ਹੀ ਸਦਾ ਵਿਸ਼ਿਸ਼ਟ-ਸਾਹਿਤ ਦਾ ਆਧਾਰ ਬਣਦਾ ਆਇਆ ਹੈ। ਆਧੁਨਿਕ ਪੰਜਾਬੀ ਕਹਾਣੀ ਦਾ ਆਧਾਰ ਵੀ ਸਦੀਆਂ ਪਹਿਲਾਂ ਪ੍ਰਚਲਿਤ ਉਪਰੋਕਤ ਮੌਖਿਕ ਲੋਕ ਗਲਪ-ਸਾਹਿਤ ਹੀ ਹੈ। ਅਕਸਰ ਪੁਰਾਤਨ ਜਨਮ ਸਾਖੀਆਂ ਨੂੰ ਪੰਜਾਬੀ ਵਿੱਚ ਗਲਪ ਦੇ ਪਹਿਲੇ ਰੂਪ ਵਜੋਂ ਸਵੀਕਾਰ ਕਰ ਲਿਆ ਜਾਦਾ ਹੈ। ਉਂਵ ਹੋਰਨਾਂ ਤੋਂ ਇਲਾਵਾ ਸਾਖੀ ਨੰਬਰ 'ਚਾਰ' ਅਤੇ 'ਇਕੱਤੀ' ਤਾਂ ਆਧੁਨਿਕ ਨਿੱਕੀ ਕਹਾਣੀ ਦੇ ਬਰਾਬਰ ਮੋਢਾ ਮੇਚਦੀਆਂ ਜਾਪਦੀਆਂ ਹਨ ਪਰੰਤੂ ਜੇ ਗ਼ੌਰ ਨਾਲ਼ ਵਾਚਿਆ ਜਾਏ ਤਾਂ ਸਾਖੀਕਾਰਾਂ ਦੇ ਅਚੇਤ ਮਨਾਂ ਵਿੱਚ ਇਕੱਠਾ ਹੋਇਆ ਮਿਥਕ ਤੇ ਪੁਰਾਣ-ਕਥਾਵਾਂ ਦਾ ਉਹ ਭੰਡਾਰ ਸਹਿਜੇ ਹੀ ਲੱਭਿਆ ਜਾ ਸਕਦਾ ਹੈ ਜਿਸ ਤੋਂ ਸ਼ਕਤੀ ਹਾਸਲ ਕਰ ਕੇ ਉਨ੍ਹਾਂ ਨੇ ਸਾਖੀਆਂ ਦੀ ਸਿਰਜਣਾ ਸ਼ਰਧਾਮੂਲਕ ਢੰਗ ਨਾਲ਼ ਕੀਤੀ। ਮੇਰੇ ਉਪਰੋਕਤ ਵਿਚਾਰਾਂ ਨੂੰ ਡਾ: ਸਵਿੰਦਰ ਸਿੰਘ ਉੱਪਲ ਦੇ ਇਹ ਸ਼ਬਦ ਸ਼ਕਤੀ ਬਖ਼ਸ਼ਦੇ ਹਨ, ''ਲੋਕ ਗਲਪ ਇੱਕ ਅੰਤਰਰਾਸ਼ਟਰੀ ਸਾਹਿਤਕ ਰੂਪ ਹੈ ਜੋ ਹਰ ਦੇਸ਼ ਦੇ ਸਾਹਿਤ ਲਈ ਨੀਂਹ ਦਾ ਕੰਮ ਦਿੰਦਾ ਆਇਆ ਹੈ...।''[15] ਸੰਸਾਰ ਪ੍ਰਸਿੱਧ ਸਾਹਿਤਕਾਰ ਅਤੇ ਆਲੋਚਕ ਮੈਕਸਿਮ ਗੋਰਕੀ[16] ਤਾਂ ਸ਼ਬਦ 'ਕਲਾ' ਦੀ ਉਤਪਤੀ ਵੀ ਲੋਕਧਾਰਾ (Folklore) ਤੋਂ ਹੀ ਮੰਨਦਾ ਹੈ। ਸ਼ਾਇਦ ਇਸੇ ਲਈ ਡਾ: ਭੁਪਿੰਦਰ ਸਿੰਘ ਖਹਿਰਾ[17] ਚਿੜੀ-ਕਾਂ ਦੇ ਕੇਂਦਰੀ ਵਿਰੋਧ ਤੇ ਆਧਾਰਿਤ ਕਥਾ-ਸਮੂਹ ਨੂੰ ਨਿਰੋਲ ਪੰਜਾਬੀ ਦਾ ਪਹਿਲਾ ਅਤੇ ਪੁਰਾਤਨ ਕਥਾ-ਸਮੂਹ ਮੰਨਦਾ ਹੈ ਜਿਸ ਵਿੱਚ ਚਿੜੀ ਤਾਂ ਮਿਹਨਤੀ ਅਤੇ ਈਮਾਨਦਾਰ ਜਨਤਾ ਦੀ ਪ੍ਰਤੀਕ ਹੈ ਅਤੇ ਕਾਂ ਅਮੀਰ ਤੇ ਲੁਟੇਰੀ ਸ਼੍ਰੇਣੀ ਦਾ ਪ੍ਰਤੀਕ ਹੈ। ਪੁਰਾਤਨ ਸਮਾਜ ਵਿੱਚ ਪ੍ਰਚਲਿਤ ਮਿਥਕ ਤੇ ਪੁਰਾਣ ਕਥਾਵਾਂ, ਪ੍ਰੇਤ ਤੇ ਪਰੀ ਕਹਾਣੀਆਂ ਅਜੋਕੇ ਸਮਾਜ ਵਿੱਚ ਬੱਚਿਆਂ ਵਿੱਚ ਅੱਜ ਵੀ ਲੋਕਪ੍ਰਿਯ ਹਨ। ਇਹੀ ਕਹਾਣੀਆਂ ਮੱਧਕਾਲ ਵਿਚ ਕਿੱਸਾ-ਕਾਵਿ ਜਿਹੀ ਸਿਨਫ਼ ਦਾ ਆਧਾਰ ਬਣੀਆਂ ਅਤੇ ਇਨ੍ਹਾਂ ਦੀ ਦੇਖਾ ਦੇਖੀ ਹੀ ਆਧੁਨਿਕ ਨਿੱਕੀ ਕਹਾਣੀ ਜਿਹੀ ਸਾਹਿਤ-ਵਿਧਾ ਹੋਂਦ ਵਿਚ ਆਈ। ਇਨ੍ਹਾਂ ਤੋਂ ਇਲਾਵਾ ਜਨਮ-ਸਾਖੀਆਂ ਅਤੇ ਸੂਫ਼ੀ ਫ਼ਕੀਰਾਂ ਦੇ ਪ੍ਰਸੰਗਾਂ ਤੋਂ, ਪੱਛਮੀ ਸਾਹਿਤ ਤੇ ਦੂਜੀਆਂ ਭਾਰਤੀ ਬੋਲੀਆਂ ਉਰਦੂ, ਬੰਗਲਾ, ਹਿੰਦੀ ਆਦਿ ਦੀਆਂ ਕਹਾਣੀਆਂ ਤੋਂ ਵੀ ਨਵੀਂ ਕਹਾਣੀ ਨੇ ਸ਼ਕਤੀ ਹਾਸਿਲ ਕੀਤੀ।

ਨਿੱਕੀ ਕਹਾਣੀ ਦੁਨੀਆਂ ਦੀ ਕਿਸੇ ਵੀ ਭਾਸ਼ਾ ਦੇ ਸਾਹਿਤ ਦਾ ਅਨਿੱਖੜ ਅੰਗ ਬਣ ਚੁੱਕੀ ਹੈ। ਆਧੁਨਿਕ ਨਿੱਕੀ ਕਹਾਣੀ ਦੀ ਉਤਪਤੀ ਅਮਰੀਕਨ ਕਹਾਣੀਕਾਰ ਐਡਗਰ ਐਲਨ ਪੋਅ ਦੀ ਕਲਮ ਤੋਂ ਹੋਈ ਮੰਨੀ ਜਾਂਦੀ ਹੈ। ਮੁੱਖ ਤੌਰ 'ਤੇ ਅੰਗ੍ਰੇਜ਼ੀ ਵਿਦਿਆ ਅਤੇ ਸਾਹਿਤ ਦੇ ਪ੍ਰਭਾਵ ਹੇਠ ਹੀ ਇਸ ਨੇ ਪੰਜਾਬੀ ਸਾਹਿਤ ਵਿੱਚ ਪ੍ਰਵੇਸ਼ ਕੀਤਾ। ਪੰਜਾਬੀ ਵਿੱਚ ਗੱਦ ਰੂਪ ਵਿੱਚ ਕਥਾ ਉਨੀਵੀਂ ਸਦੀ ਤੋਂ ਪਹਿਲਾਂ ਨਹੀਂ ਲਿਖੀ ਗਈ। ਡਾ: ਗੁਰਚਰਨ ਸਿੰਘ ਅਰਸ਼ੀ ਨੇ ਇਹ ਸਿੱਧ ਕਰਨ ਦਾ ਯਤਨ ਕੀਤਾ ਹੈ ਕਿ ਪੰਜਾਬੀ ਵਿਚ ਮੌਲਿਕ, ਨਿਰੋਲ ਸਾਹਿਤਕ (ਧਾਰਮਿਕ ਜਾਂ ਅਨੁਵਾਦਿਤ ਨਹੀਂ) ਅਤੇ ਆਧੁਨਿਕ ਨਿੱਕੀ ਕਹਾਣੀ ਲਿਖਣ ਲਈ ਪਹਿਲ ਕਰਨ ਵਾਲੇ ਈਸਾਈ ਮਿਸ਼ਨਰੀ ਸਨ। ਜਦਕਿ ਪੰਜਾਬੀ ਵਿੱਚ ਸਭ ਤੋਂ ਪਹਿਲੀ ਕਹਾਣੀ ਲਾਲ ਸਿੰਘ ਕਮਲਾ ਅਕਾਲੀ

ਦੁਆਰਾ ਲਿਖਿਤ 'ਸਰਬਲੋਹ ਦੀ ਵਹੁਟੀ' ਮੰਨੀ ਜਾਂਦੀ ਹੈ ਅਤੇ ਭਾਸ਼ਾ ਵਿਭਾਗ ਦੁਆਰਾ ਪ੍ਰਕਾਸ਼ਿਤ ਪੰਜਾਬੀ ਸਾਹਿਤ ਦੇ ਇਤਿਹਾਸ ਵਿੱਚ ਫਤੇ ਸਿੰਘ ਦੇ ਪੰਜ ਸੰਖੇਪ ਵਾਰਤਾਵਾਂ ਦੇ ਸੰਗ੍ਰਹਿ 'ਆਨੰਦ ਪ੍ਰਵਾਹ' ਨੂੰ ਪਹਿਲਾ ਮੌਲਿਕ ਕਹਾਣੀ ਸੰਗ੍ਰਹਿ ਮੰਨਿਆ ਗਿਆ ਹੈ। ਪਰ ਡਾ: ਅਰਸ਼ੀ ਦੇ ਉਪਰੋਕਤ ਸਿੱਟੇ ਦਾ ਆਧਾਰ ਈਸਾਈ ਮਿਸ਼ਨਰੀਆਂ ਵਲੋਂ 1836 ਤੋਂ 1844 ਵਿੱਚ ਪ੍ਰਕਾਸ਼ਿਤ 'ਪਿੱਤਲ ਦਾ ਨਾਗ' (12 ਪੰਨੇ), 'ਗੰਗਾ ਇਸਨਾਨ' (6 ਪੰਨੇ), 'ਯਾਤਰੂਆਂ ਦੇ ਨਾਮ' (12 ਪੰਨੇ), ਗ਼ਰੀਬ ਯੂਸਫ਼' (10 ਪੰਨੇ), 'ਦੋ ਬੁੱਢੇ ਆਦਮੀ' (24 ਪੰਨੇ)[18] ਆਦਿ ਸਿਰਲੇਖਾਂ ਥੱਲੇ ਪੈਂਫਲਿਟ ਰੂਪ ਵਿੱਚ ਛਪੀਆਂ ਕਹਾਣੀਆਂ ਹਨ। ਆਲੋਚਕਾਂ ਦੀ ਇਹ ਵੀ ਧਾਰਨਾ ਹੈ ਕਿ ਪੰਜਾਬੀ ਵਿੱਚ ਪਹਿਲੀ ਮੌਲਿਕ ਗਲਪ ਰਚਨਾ, ਭਾਈ ਵੀਰ ਸਿੰਘ ਦੁਆਰਾ 1898 ਈ: ਵਿੱਚ ਰਚਿਤ ਨਾਵਲ 'ਸੁੰਦਰੀ' ਹੈ ਪਰੰਤੂ ਡਾ: ਗੁਰਚਰਨ ਸਿੰਘ ਅਰਸ਼ੀ ਪੰਜਾਬੀ ਸਾਹਿਤ ਦੇ ਇਤਿਹਾਸਕਾਰਾਂ ਦੀ ਇਸ ਧਾਰਨਾ ਨੂੰ ਨਕਾਰਦਾ ਹੋਇਆ ਇਹ ਸਿੱਧ ਕਰਨ ਦਾ ਯਤਨ ਕਰਦਾ ਹੈ ਕਿ ਪੰਜਾਬੀ ਦੀ ਪਹਿਲੀ ਮੌਲਿਕ ਗਲਪ ਰਚਨਾ ਅਨਾਮ ਲੇਖਕ ਦੁਆਰਾ 1882 ਈ. ਵਿੱਚ ਲਿਖਿਤ ਨਾਵਲ ਜਯੋਤਿਰੁਦਯ' ਅਰਥਾਤ ਜੋਤ ਦਾ ਉਦੈ ਹੋਣਾ ਹੈ। ਡਾ: ਅਰਸ਼ੀ ਨੇ ਇਸ ਨੂੰ ਕਿਸੇ ਈਸਾਈ ਮਿਸ਼ਨਰੀ ਦੁਆਰਾ ਲਿਖਿਆ ਸਿੱਧ ਕੀਤਾ ਹੈ ਜਿਸ ਨੂੰ ਫ਼ਰਜ਼ੀ ਨਾਮ ਏ. ਐਲ. ਓ. ਈ. ਨਾਲ਼ ਦਰਸਾਇਆ ਗਿਆ ਹੈ।[19] ਪਰ ਕਹਾਣੀ ਨੂੰ ਪੱਕੇ ਪੈਰੀਂ ਪੰਜਾਬੀ ਸਾਹਿਤ ਵਿੱਚ ਖੜ੍ਹਾ ਕਰਨ ਵਾਲ਼ੇ ਲੇਖਕਾਂ ਵਿੱਚ ਅਸੀਂ ਭਾਈ ਵੀਰ ਸਿੰਘ, ਭਾਈ ਮੋਹਨ ਸਿੰਘ ਵੈਦ, ਚਰਨ ਸਿੰਘ ਸ਼ਹੀਦ, ਨਾਨਕ ਸਿੰਘ, ਜੋਸ਼ੂਆ ਫ਼ਜ਼ਲਦੀਨ, ਗੁਰਬਖ਼ਸ਼ ਸਿੰਘ ਪ੍ਰੀਤਲੜੀ ਆਦਿ ਲੇਖਕਾਂ ਦੇ ਨਾਂ ਲੈ ਸਕਦੇ ਹਾਂ। ਪ੍ਰੋ: ਗੁਰਦਿਆਲ ਸਿੰਘ ਫੁੱਲ ਦਾ ਬਿਆਨ ਨਿੱਕੀ ਕਹਾਣੀ ਦੇ ਵਿਕਾਸ ਸੰਬੰਧੀ ਕੁੱਝ ਇਸ ਤਰ੍ਹਾਂ ਹੈ, ''ਕਹਾਣੀਕਾਰ ਕਹਾਣੀ ਦਾ ਮੋਢੀ - ਨਾਨਕ ਸਿੰਘ, ਕਲਾਤਮਕ ਤੇ ਹੁਨਰੀ ਅਤੇ ਨਾਟਕੀ ਕਹਾਣੀ ਦਾ ਮੋਢੀ – ਸੰਤ ਸਿੰਘ ਸੇਖੋਂ, ਵਾਰਤਾਲਾਪੀ ਕਹਾਣੀ ਦਾ ਮੋਢੀ – ਡਾ: ਮੋਹਨ ਸਿੰਘ ਦੀਵਾਨਾ, ਪ੍ਰਭਾਵ ਦੀ ਏਕਤਾ ਵਾਲ਼ੀ ਕਹਾਣੀ ਦਾ ਮੋਢੀ - ਕਰਤਾਰ ਸਿੰਘ ਦੁੱਗਲ ਰਿਣਾਤਮਕ ਸੁਝਾਉ ਕਹਾਣੀ ਦਾ ਮੋਢੀ—ਕੁਲਵੰਤ ਸਿੰਘ ਵਿਰਕ।''[20] ਪ੍ਰੋ: ਫੁੱਲ ਦਾ ਇਹ ਵਿਸ਼ਲੇਸ਼ਣ ਸਾਡੀ ਜਾਚੇ ਵਿਗਿਆਨਕ ਅਤੇ ਤੱਥਾਂ 'ਤੇ ਆਧਾਰਿਤ ਹੈ। ਕੁੱਲ ਮਿਲਾ ਕੇ 1947 ਤੱਕ ਦੀ ਨਿੱਕੀ ਕਹਾਣੀ ਸੁਧਾਰਵਾਦੀ ਅਤੇ ਆਦਰਸ਼-ਵਾਦੀ ਹੀ ਕਹੀ ਜਾ ਸਕਦੀ ਹੈ। ਉਂਵ ਵੀ ''ਪੰਜਾਬ ਦੀ ਗਲਪੀ ਪ੍ਰਤਿਭਾ ਗਲਪ ਨੂੰ ਕਿਸੇ ਸਮਾਜਕ, ਸੰਸਕ੍ਰਿਤਿਕ ਜਾਂ ਸੰਪਰਦਾਇਕ ਮਨੋਰਥ ਦੀ ਪੂਰਤੀ ਲਈ ਵਰਤਦੀ ਰਹੀ ਹੈ।''[21]

ਜਿਵੇਂ ਅਸੀਂ ਸ਼ੁਰੂ ਵਿੱਚ ਕਿਹਾ ਸੀ ਕਿ ਸਾਹਿਤ ਵਿੱਚ ਵਿਸ਼ੇ ਅਤੇ ਰੂਪ ਪੱਖੋਂ ਵੱਡੇ ਪਰਿਵਰਤਨ ਮੁੱਖ ਤੌਰ 'ਤੇ ਸਮਾਜਕ ਜੀਵਨ ਵਿੱਚ ਆਏ ਪਰਿਵਰਤਨਾਂ ਕਾਰਨ ਹੀ ਵਾਪਰਦੇ ਹਨ। ਅਸਲ ਵਿੱਚ ਸਮਕਾਲੀ ਪਰਿਸਥਿਤੀਆਂ ਲੇਖਕ ਦੀ ਵਿਚਾਰਧਾਰਾ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕਰਦੀਆਂ ਹਨ ਜਿਵੇਂ ਕਬਾਇਲੀ ਯੁੱਗ ਦੇ ਮੌਖਿਕ ਸਾਹਿਤ ਵਿੱਚ ਨਾਇਕ ਦੇਵੀ ਦੇਵਤੇ ਤੇ ਪਸ਼ੂ ਪੰਛੀ ਹੁੰਦੇ ਸਨ ਅਤੇ ਕੁਦਰਤੀ ਆਫ਼ਤਾਂ ਦਾ ਜ਼ਿਕਰ ਆਮ ਹੁੰਦਾ ਸੀ। ਫੇਰ ਜਦ ਰਾਜੇ ਮਹਾਰਾਜਿਆਂ ਦਾ ਦੌਰ ਆਇਆ ਤਾਂ ਸਾਹਿਤਕ ਰਚਨਾਵਾਂ ਵਿੱਚ ਵੀ ਨਾਇਕ ਵਜੋਂ ਰਾਜਾ, ਰਾਣੀ, ਰਾਜਕੁਮਾਰ, ਪਰੀਆਂ ਆਦਿ ਦਾ ਪ੍ਰਵੇਸ਼ ਹੋ ਗਿਆ। ਫੇਰ ਜਾਗੀਰਦਾਰੀ ਯੁੱਗ ਦੇ ਆਰੰਭ ਨਾਲ਼ ਸਾਧਾਰਣ ਮਨੁੱਖ ਦਾ ਮੁੱਲ ਵੀ ਸਾਹਿਤਕ ਕਿਰਤਾਂ ਵਿਚ ਪੈ ਗਿਆ ਅਤੇ ਉਸਨੇ ਨਾਇਕ ਵਜੋਂ ਥਾਂ ਮੱਲ ਲਈ। ਚਮਤਕਾਰਕ ਕ੍ਰਿਸ਼ਮਿਆਂ ਦਾ ਅੰਤ ਹੋ ਗਿਆ ਅਤੇ ਯਥਾਰਥਵਾਦੀ

ਘਟਨਾਵਾਂ ਦਾ ਵਰਨਣ ਹੀ ਕਹਾਣੀਆਂ (ਸਮੇਤ ਕਿੱਸਾ-ਕਾਵਿ ਦੇ) ਵਿੱਚ ਹੋਣ ਲੱਗਿਆ। ਇਸ ਤੋਂ ਅੱਗੇ ਭੂਪਵਾਦੀ ਕਦਰਾਂ-ਕੀਮਤਾਂ ਟੁੱਟਣ ਨਾਲ਼ ਪੂੰਜੀਵਾਦੀ ਨਿਜ਼ਾਮ ਦੀ ਆਮਦ ਜ਼ਰੂਰੀ ਸੀ। ਇਸ ਦੀ ਆਮਦ ਨਾਲ਼ ਵਿਗਿਆਨਕ ਖੇਤਰ ਵਿਚ ਸ਼ਲਾਘਾਯੋਗ ਤਰੱਕੀ ਹੋਈ। ਜੀਵਨ ਦੇ ਹਰ ਪੱਖ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਵਾਚਿਆ ਜਾਣ ਲੱਗ ਪਿਆ। ਉਦਯੋਗਿਕ ਵਿਕਾਸ ਨਾਲ ਮਨੁੱਖੀ ਜ਼ਿੰਦਗੀ ਗੁੰਝਲ਼ਦਾਰ ਹੋ ਗਈ ਅਤੇ ਕਈ ਛੋਟੇ ਵੱਡੇ ਨਵੀਨ ਮਸਲੇ ਆਮ ਜੀਵਨ ਵਿੱਚ ਪੇਸ਼ ਆਉਣ ਲੱਗੇ ਤਦ ਜ਼ਿੰਦਗੀ ਦੀਆਂ ਛੋਟੀਆਂ ਮੋਟੀਆਂ ਸਮੱਸਿਆਵਾਂ ਅਤੇ ਨਿੱਕੀਆਂ-ਨਿੱਕੀਆਂ ਘਟਨਾਵਾਂ ਨੂੰ ਸਾਹਿਤ ਵਿੱਚ ਚਿਤ੍ਰਣ ਲਈ ਨਿੱਕੀ ਕਹਾਣੀ ਲਿਖਣ ਦੀ ਪਿਰਤ ਪਈ। ਸੋ ਇਹ ਕਿਹਾ ਜਾ ਸਕਦਾ ਹੈ ਕਿ ਉਦਯੋਗਿਕ ਕ੍ਰਾਂਤੀ ਨੇ ਆਧੁਨਿਕ ਨਿੱਕੀ ਹੁਨਰੀ ਕਹਾਣੀ ਨੂੰ ਜਨਮ ਦਿੱਤਾ। ਫਿਰ ਮਸਰੂਫ਼ੀਆਤ ਵਧਣ ਕਰਕੇ ਵਿਹਲ ਦੀ ਘਾਟ ਕਾਰਨ ਅਤੇ ਸਾਧਾਰਨ ਮਨੁੱਖ ਦੀ ਦ੍ਰਿਸ਼ਟੀ ਦੀ ਸੂਖਮਤਾ ਵਿੱਚ ਵਾਧਾ ਹੋਣ ਕਰਕੇ ਨਿੱਕੀ ਕਹਾਣੀ ਨੇ ਆਪਣੇ ਆਪ ਨੂੰ ਹੋਰ ਵੀ ਸੁਧਰੇ ਹੋਏ ਰੂਪ ਮਿੰਨੀ ਕਹਾਣੀ ਵਿੱਚ ਢਾਲ਼ ਲਿਆ।

ਕਦੇ ਵਕਤ ਹੁੰਦਾ ਸੀ ਜਦ ਕਿਹਾ ਜਾਂਦਾ ਸੀ ਕਿ ਜੋ ਅਸੀਂ ਅੱਜ ਬੀਜਾਂਗੇ ਉਸ ਨੂੰ ਸਾਡੇ ਪੋਤੇ ਖਾਣਗੇ ਅਤੇ ਜੋ ਅਸੀਂ ਅੱਜ ਖਾ ਰਹੇ ਹਾਂ ਉਹ ਸਾਡੇ ਦਾਦੇ ਦਾ ਬੀਜਿਆ ਹੋਇਆ ਸੀ। ਪਰ ਅੱਜ ਕੱਲ੍ਹ ਗੱਲ ਬਿਲਕੁਲ ਉਲਟ ਹੋ ਗਈ ਹੈ, ਜ਼ਿੰਦਗੀ ਦੀ ਤੇਜ਼ ਰਫ਼ਤਾਰੀ ਅਤੇ ਕੰਪਿਊਟਰੀਕਰਨ ਨੇ ਜੀਵਨ ਦੀ ਗਤੀ ਨੂੰ ਇਸ ਸਥਾਨ 'ਤੇ ਲਿਆ ਖੜ੍ਹਾ ਕੀਤਾ ਹੈ ਕਿ ਜੋ ਬੀਜੇਗਾ ਉਹੀ ਉਸ ਦਾ ਫ਼ਲ਼ ਮਾਣੇਗਾ। ਭਾਵ ਇਹ ਕਿ ਜ਼ਮਾਨਾ ਮਿਹਨਤ ਦਾ ਹੈ, ਮੁਕਾਬਲੇ ਦਾ ਹੈ। ਮੁਸ਼ੱਕਤ ਕਰਾਂਗੇ ਤਾਂ ਫ਼ਲ਼ ਮਿਲੇਗਾ, ਨਹੀਂ ਤਾਂ.....। ਇਸ ਮੁਸ਼ੱਕਤ ਦੇ ਜ਼ਮਾਨੇ ਵਿੱਚ ਕਿਸੇ ਕੋਲ਼ ਵਿਹਲ ਨਹੀਂ ਲੰਮੀਆਂ ਕਥਾਵਾਂ/ਬਾਤਾਂ ਪੜ੍ਹਨ/ਸੁਣਨ ਦੀ। ਅੱਜ ਤਾਂ ਉਸ ਬੁੱਧੀ ਦੀ ਲੋੜ ਹੈ, ਉਸ ਕਲਾ ਤਮਕਤਾ ਦੀ ਜ਼ਰੂਰਤ ਹੈ, ਜੋ ਕੁੱਜੇ ਵਿੱਚ ਸਮੁੰਦਰ ਬੰਦ ਕਰਨ ਦੀ ਸਮਰੱਥਾ ਰੱਖਦੀ ਹੋਵੇ। ਅਜੋਕੇ ਯੁੱਗ ਵਿੱਚ ਸਿਰਫ਼ ਇਸੇ ਢੰਗ ਨਾਲ਼ ਆਪਣੇ ਉਸਾਰੂ ਖ਼ਿਆਲਾਂ ਨੂੰ ਜਨ-ਸਾਂਧਾਰਣ ਤੱਕ ਅਪੜਦੇ ਕੀਤਾ ਜਾ ਸਕਦਾ ਹੈ ਅਤੇ ਇਹੀ ਆਧੁਨਿਕਤਾ ਹੈ। ਡਾ: ਸਵਿਦਰ ਸਿੰਘ ਉੱਪਲ ਨੇ ਛੋਟੀਆਂ ਜਾਂ ਸੰਖੇਪ ਵਸਤਾਂ ਵੱਲ ਜਨ-ਸਾਧਾਰਣ ਦੇ ਝੁਕਾਅ ਨੂੰ ਦਰਸਾਉਣ ਲਈ ਇਹ ਦਲੀਲ ਦਿੱਤੀ ਹੈ, "..... ਜਿੱਥੇ ਇਸਤ੍ਰੀਆਂ ਅੱਗੇ ਵੱਡੇ-ਵੱਡੇ ਪੱਲੇ ਲੈਂਦੀਆਂ ਸਨ, ਹੁਣ ਉਨ੍ਹਾਂ ਦੀ ਥਾਂ ਨਿੱਕੀਆਂ-ਨਿੱਕੀਆਂ ਛਟਾਂਕੀ ਚੁੰਨੀਆਂ ਨੇ ਲੈ ਲਈ ਹੈ। ਜਿੱਥੇ ਅੱਗੇ ਲੋਕਾਂ ਦੀ ਉਮਰ ਸੌ-ਸੌ ਵਰ੍ਹੇ ਹੁੰਦੀ ਸੀ ਤੇ ਉਹ ਤਦ ਵੀ ਬਿਰਧ ਬਾਬੇ ਨਹੀਂ ਸਨ ਲਗਦੇ, ਉੱਥੇ ਅੱਜ ਤੀਹ-ਤੀਹ ਸਾਲਾਂ ਦੇ ਮਨੁੱਖਾਂ ਦੇ ਵੀ ਵਾਲ਼ ਚਿੱਟੇ ਹੋ ਜਾਂਦੇ ਹਨ ਤੇ ਉਹ ਟਾਨਕਾਂ ਦੀ ਸਹਾਇਤਾ ਲੈਣੀ ਜ਼ਰੂਰੀ ਸਮਝਣ ਲੱਗ ਪਏ ਹਨ। ਜੀਵਨ ਦੇ ਛੁਟੇਰੇਪਣ ਦਾ ਪ੍ਰਭਾਵ ਸਾਹਿਤ ਉੱਤੇ ਵੀ ਪਿਆ ਹੈ।"[22] ਦਿਨੋ ਦਿਨ ਵਧ ਰਹੀ ਭੱਜ ਦੌੜ, ਵਿਦਿਆ ਦੇ ਪਸਾਰੇ ਦੇ ਬਾਵਜੂਦ ਬੇਰੁਜ਼ਗਾਰੀ ਵਿੱਚ ਵਾਧਾ, ਜ਼ਰੂਰੀ ਵਸਤਾਂ ਹਾਸਿਲ ਕਰਨ ਲਈ ਲੰਮੀਆਂ-ਲੰਮੀਆਂ ਲਾਈਨਾਂ 'ਚ ਲੱਗਣਾ, ਦਿਨੋ ਦਿਨ ਵਧ ਰਹੀ ਮਹਿੰਗਾਈ, ਅਨਾਜ ਦੀ ਕਮੀ, ਨੈਤਿਕਤਾ ਦੇ ਮੁੱਲਾਂ 'ਚ ਕਮੀ, 1962 ਵਿੱਚ ਚੀਨ ਨਾਲ਼ ਅਤੇ 1965 ਵਿੱਚ ਪਾਕਿਸਤਾਨ ਨਾਲ਼ ਜੰਗ ਆਦਿ ਕਈ ਕਾਰਨਾਂ ਕਰਕੇ ਆਜ਼ਾਦੀ ਤੋਂ ਬਾਅਦ ਵਿਸ਼ੇਸ਼ ਤੌਰ ਤੇ 1960 ਤੋਂ ਬਾਅਦ ਅਜਿਹਾ ਸਮਾਂ ਆਉਂਦਾ ਹੈ ਜਦ ਮਨੁੱਖ ਆਪਣੇ ਆਪ ਨੂੰ ਵਿਤਰੇਕਤਾ ਦਾ ਸ਼ਿਕਾਰ ਹੁੰਦਾ ਮਹਿਸੂਸ ਕਰਦਾ ਹੈ — ਉਸ ਨੂੰ ਮਹਿਸੂਸ ਹੁੰਦਾ ਹੈ ਕਿ ਉਸ ਤੋਂ ਇਲਾਵਾ ਸਾਰੇ ਆਪਣੇ ਸਵਾਰਥਾਂ ਨਾਲ਼ ਬੰਨ੍ਹੇ ਹੋਏ ਹਨ. ਉਸ ਦਾ ਆਪਣਾ ਕੋਈ ਨਹੀਂ। ਉਹ ਇੱਕਲਾ ਹੀ ਦੁਨੀਆਂ 'ਚ ਆਇਆ ਹੈ ਅਤੇ ਉਹ ਇਕੱਲਾ ਹੀ ਜਾਏਗਾ,

ਚਾਹੇ ਇਹ ਸੋਚਦਾ ਹੋਇਆ ਉਹ ਆਪ ਵੀ ਵਿੰਗੇ ਟੇਢੇ ਢੰਗਾਂ ਨਾਲ਼ ਖ਼ੁਦਗਰਜ਼ੀਆਂ ਦਾ ਗ਼ੁਲਾਮ ਹੁੰਦਾ ਹੈ। ਪਰੰਤੂ ਇਸ ਮਹਿਸੂਸੇ ਜਾਣ ਵਾਲ਼ੀ ਇਕੱਲਤਾ ਨੇ ਉਸ ਨੂੰ ਖ਼ੁਦ ਆਪਣੇ ਬਾਰੇ ਸੋਚਣ 'ਤੇ ਮਜਬੂਰ ਕਰ ਦਿੱਤਾ ਹੈ। ਉਹ ਆਪਣੇ ਆਪ ਦਾ ਵਿਸ਼ਲੇਸ਼ਣ ਜ਼ਿਆਦਾ ਬਾਰੀਕੀ ਨਾਲ਼ ਕਰਦਾ ਹੋਇਆ ਕਈ ਵਾਰ ਅਜਿਹੀਆਂ ਛੋਟੀਆਂ-ਛੋਟੀਆਂ ਗੱਲਾਂ/ਘਟਨਾਵਾਂ ਨੂੰ ਘੋਖ ਲੈਂਦਾ ਹੈ ਜਿਸ ਨੂੰ ਪਹਿਲਾ ਉਹ ਫ਼ਜ਼ੂਲ ਸਮਝ ਕੇ ਛੱਡ ਚੁੱਕਿਆ ਹੁੰਦਾ ਹੈ। ਸੋ ਇਨ੍ਹਾਂ ਬਦਲਦੀਆਂ ਪਰਸਥਿਤੀਆਂ ਦੇ ਅਸਰ ਹੇਠ ਲੇਖਕ ਵੀ ਉਨ੍ਹਾਂ ਛੋਟੇ-ਛੋਟੇ ਛਿਣਾਂ ਨੂੰ ਆਪਣੀ ਕਲਮ ਨਾਲ ਕਾਗਜ ਦੇ ਕੈਨਵਸ 'ਤੇ ਉਤਾਰਨ ਲਗਦਾ ਹੈ। ਇਸ ਪ੍ਰਕਾਰ ਅਜੋਕੇ ਯੁੱਗ ਵਿੱਚ ਮਨੁੱਖੀ ਮਨ ਦੀ ਅਹਿਮੀਅਤ ਬਹੁਤ ਹੀ ਵਧ ਗਈ ਹੈ, ਮਨੁੱਖ ਦੇ ਸਥੂਲ ਕਾਰਜਾਂ ਦਾ ਕੋਈ ਮਹੱਤਵ ਹੀ ਨਹੀਂ ਰਹਿ ਗਿਆ। ਸਾਹਿਤ ਦੇ ਲਗਭਗ ਹਰ ਰੂਪ ਵਿੱਚ ਮਨੋਵਿਸ਼ਲੇਸ਼ਣ ਦੀ ਰੁਚੀ ਲੋਕਪ੍ਰਿਯ ਹੋ ਰਹੀ ਹੈ। ਹੁਣ ਚੇਤੰਨ ਮਨ ਨੂੰ ਛੱਡ ਕੇ ਮਨੁੱਖ ਦੇ ਅਰਧ-ਚੇਤਨ ਅਤੇ ਅਚੇਤਨ ਮਨ ਦੀਆਂ ਤਹਿਆਂ ਫ਼ਰੋਲਣ ਦੇ ਯਤਨ ਕੀਤੇ ਜਾ ਰਹੇ ਹਨ। ਮਨੁੱਖੀ ਜੀਵਨ ਦੇ ਨਿੱਕੇ ਤੋਂ ਨਿੱਕੇ ਛਿਣ ਦਾ ਵੀ ਮੁੱਲ ਪੈ ਗਿਆ ਹੈ। ਕਿਸੇ ਵਿਅਕਤੀ ਦੁਆਰਾ ਬੋਲੇ ਇੱਕ ਸ਼ਬਦ ਦੀ ਸਹਾਇਤਾ ਨਾਲ਼ ਹੀ ਉਸ ਦੇ ਮਨ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਉਸ ਦੁਆਰਾ ਕੀਤੇ ਕਿਸੇ ਵੀ ਕਾਰਜ ਦਾ ਵੱਖ-ਵੱਖ ਢੰਗਾਂ ਨਾਲ਼ ਅਲੱਗ-ਅਲੱਗ ਮਤਲਬ ਕੱਢਿਆ ਜਾ ਰਿਹਾ ਹੈ। ਇਸ ਸੰਬੰਧੀ ਡਾ: ਰਤਨ ਸਿੰਘ ਜੱਗੀ ਦੇ ਇਹ ਵਿਚਾਰ ਵਿਚਾਰਨਯੋਗ ਹਨ, "……ਤਕਨਾਲੋਜੀ ਦੇ ਵਿਕਾਸ ਨਾਲ਼ ਮਨੁੱਖ ਦੇ ਜੀਵਨ ਦੀ ਯਾਤਰਾ ਸਾਲਾਂ, ਮਹੀਨਿਆਂ, ਦਿਨਾਂ, ਘੰਟਿਆਂ ਤੋਂ ਛਿਣਾਂ ਵੱਲ ਹੁੰਦੀ ਜਾ ਰਹੀ ਹੈ ਤੇ ਹੁਣ ਮਨੁੱਖ ਦੀ ਜ਼ਿੰਦਗੀ ਵਿੱਚ ਛਿਣਾਂ ਦੀ ਕਦਰ ਵਧਦੀ ਜਾ ਰਹੀ ਹੈ। ……ਇਹ ਛਿਣ ਜਿਤਨੇ ਹੋਰ ਨਿੱਕੇ ਹੁੰਦੇ ਜਾਂਦੇ ਹਨ, ਉਤਨੀ ਨਿੱਕੀ ਕਹਾਣੀ ਹੋਰ ਨਿੱਕੀ ਹੁੰਦੀ ਜਾ ਰਹੀ ਹੈ ਅਤੇ ਮਿੰਨੀ ਕਹਾਣੀ ਇਸ ਸੰਕੋਚ ਪ੍ਰਕਿਰਿਆ ਦੀ ਨਵੀਨਤਮ ਪ੍ਰਾਪਤੀ ਹੈ। ਸਮਾਚਾਰ ਪੱਤਰ-ਪੱਤ੍ਰਿਕਾਵਾਂ ਦੀ ਲੋੜ ਨੇ ਇਸ ਨੂੰ ਵਿਕਸਿਤ ਹੋਣ ਵਿੱਚ ਇੱਕ ਸਾਧਨ ਵਜੋਂ ਭੂਮਿਕਾ ਨਿਭਾਈ ਹੈ।"[23]

ਅਜੋਕੇ ਪੂੰਜੀਵਾਦੀ ਯੁੱਗ ਦਾ ਮਨੁੱਖ ਟੁਕੜੀਆਂ ਵਿੱਚ ਆਪਣਾ ਜੀਵਨ ਬਤੀਤ ਕਰਦਾ ਹੋਇਆ ਟਾਈਮ ਟੇਬਲ ਮੁਤਾਬਕ ਹੀ ਕਾਰਜ ਕਰਦਾ ਹੈ। ਉਹ ਨਿਸਚਿਤ ਵਕਤ 'ਤੇ ਭੋਜਨ ਖਾਂਦਾ ਹੈ, ਕੰਮ ਕਰਦਾ ਹੈ, ਦੋਸਤਾਂ ਨੂੰ ਮਿਲ਼ਦਾ ਹੈ, ਬੱਚਿਆਂ ਨਾਲ਼ ਖੇਡਦਾ ਹੈ, ਪੜ੍ਹਦਾ ਹੈ, ਕੁੱਝ ਲਿਖਦਾ ਹੈ। ਸਮਾਂ ਥੋੜ੍ਹਾ ਹੁੰਦਾ ਹੈ ਤੇ ਕੰਮ ਵਧੇਰੇ ਹੁੰਦੇ ਹਨ ਇਸ ਲਈ ਉਹ ਹਰ ਕੰਮ ਲਈ ਬਹੁਤ ਘੱਟ ਵਕਤ ਕੱਢ ਸਕਦਾ ਹੈ। ਇਸੇ ਲਈ ਅਜੋਕੇ ਮਨੁੱਖ ਦਾ ਅਨੁਭਵ ਵੀ ਟੁਕੜੀਆਂ ਵਿੱਚ ਵਿਕਸਿਤ ਹੁੰਦਾ ਹੈ। ਇਸ ਟੁਕੜੀ ਅਨੁਭਵ ਦੀ ਰਮਜ਼ ਨੂੰ ਸਾਹਿਤ ਵਿੱਚ ਮਿੰਨੀ ਕਹਾਣੀ ਵਰਗੀ ਸਿਨਫ਼ ਨਾਲ਼ ਹੀ ਸਫਲਤਾ ਸਹਿਤ ਪਛਾਣਿਆ ਜਾ ਸਕਦਾ ਹੈ। ਦੂਜੇ, ਸਿੱਖਿਆ ਦੇ ਜਨ-ਸਾਧਾਰਣ ਵਿੱਚ ਪਸਾਰ ਨਾਲ਼ ਮਨੁੱਖੀ ਬੁੱਧੀ ਪਹਿਲਾਂ ਨਾਲ਼ੋਂ ਵੱਧ ਵਿਗਿਆਨਕ, ਵਿਵਹਾਰਕ, ਬੌਧਿਕ ਤੇ ਸੂਖਮ ਵੀ ਹੋ ਗਈ ਹੈ। ਮਨੁੱਖ ਹੁਣ ਕਿਸੇ ਵੀ ਪਰਸਥਿਤੀ ਦਾ ਵਿਸ਼ਲੇਸ਼ਣ ਆਸਾਨੀ ਨਾਲ਼ ਅਤੇ ਬਾਰੀਕਬੀਨੀ ਨਾਲ਼ ਕਰ ਲੈਂਦਾ ਹੈ। ਉਸ ਦੇ ਸੂਖਮ ਅਧਿਐਨ ਤੇ ਸੂਖਮ ਦ੍ਰਿਸ਼ਟੀ ਸਦਕਾ ਹੀ ਸਾਹਿਤ ਵਿੱਚ ਵੀ ਮਿੰਨੀ ਕਹਾਣੀ ਵਰਗੇ ਸੂਖਮ ਸਾਹਿਤ ਰੂਪ ਦਾ ਪ੍ਰਚਲਨ ਆਵੱਸ਼ਕ ਸੀ।

ਸਮਕਾਲੀ ਧਾਰਮਿਕ, ਸਮਾਜਕ, ਆਰਥਿਕ, ਸਭਿਆਚਾਰਕ ਤੇ ਰਾਜਨੀਤਿਕ ਪਰਸਥਿਤੀਆਂ ਸਾਹਿਤ 'ਤੇ ਆਪਣਾ ਵਿਸ਼ੇਸ਼ ਪ੍ਰਭਾਵ ਛੱਡਦੀਆਂ ਹਨ। ਉਪਰੋਕਤ ਪਰਸਥਿਤੀਆਂ ਦਾ ਸੰਬੰਧ

ਕਿਉਂਕਿ ਜਨ-ਸਾਧਾਰਣ ਨਾਲ਼ ਸਿੱਧੇ ਰੂਪ ਵਿੱਚ ਹੁੰਦਾ ਹੈ, ਇਸ ਲਈ ਇਨ੍ਹਾਂ ਵਿੱਚ ਕਿਸੇ ਕਿਸਮ ਦੀ ਤਬਦੀਲੀ ਲੋਕਾਂ ਦੀ ਮਾਨਸਿਕਤਾ ਨੂੰ ਵੀ ਆਪਣੇ ਢੰਗ ਨਾਲ਼ ਤਬਦੀਲ ਕਰ ਛਡਦੀ ਹੈ। ਹੁਣ ਸਾਹਿਤ ਦਾ ਸਿੱਧਾ ਸੰਬੰਧ ਤਾਂ ਮਨੁੱਖ ਦੀ ਮਾਨਸਿਕਤਾ ਨਾਲ਼ ਹੈ ਹੀ, ਇਸੇ ਕਰ ਕੇ ਤਾਂ ਕਦੇ ਅੰਗਰੇਜ਼ਾਂ ਦੇ ਈਸਾਈ ਧਰਮ ਦੇ ਪ੍ਰਚਾਰ ਦੀ ਮੁਹਿੰਮ ਦੀ ਤੇਜ਼ੀ ਕਾਰਨ ਧਾਰਮਿਕ ਸੁਧਾਰਵਾਦੀ ਲਹਿਰ ਦਾ ਸਾਹਿਤ ਵਿੱਚ ਜ਼ੋਰ ਸੀ, ਕਦੇ ਨਾਨਕ ਸਿੰਘ ਵਰਗੇ ਲੇਖਕ ਆਦਰਸ਼ਵਾਦੀ ਸੁਧਾਰਵਾਦੀ ਰਵੱਈਆ ਅਪਨਾਉਣਾ ਆਪਣਾ ਫ਼ਰਜ਼ ਸਮਝਦੇ ਸਨ, ਕਦੇ ਸਮਾਜਵਾਦੀ ਯਥਾਰਥਵਾਦ ਦਾ ਜ਼ੋਰ ਸੀ ਅਤੇ ਕਦੇ ਜੁਝਾਰੂ ਸੋਚ ਦਾ, ਕਦੇ ਪ੍ਰਯੋਗਵਾਦ ਨੇ ਜਨਮ ਲਿਆ ਅਤੇ ਕਦੇ ਅਸਤਿਤਵਵਾਦ ਨੇ ਸਾਹਿਤ 'ਤੇ ਭਾਰੂ ਹੋਣਾ ਚਾਹਿਆ। ਇਸੇ ਤਰ੍ਹਾਂ ਜਦ ਮਾਨਸਿਕਤਾ ਵਕਤ ਦੀ ਘਾਟ ਕਾਰਨ ਕਈ ਹਿੱਸਿਆਂ ਵਿੱਚ ਵੰਡੀ ਗਈ ਤਾਂ ਲੇਖਕਾਂ ਨੂੰ ਮਿੰਨੀ ਕਹਾਣੀ ਵੱਲ ਰੁਚਿਤ ਹੋਣਾ ਪਿਆ। ਘੱਟ ਤੋਂ ਘੱਟ ਸਮੇਂ ਵਿੱਚ ਵੱਧ ਤੋਂ ਵੱਧ ਸਾਹਿਤ ਰਸ ਮਾਣਨ ਲਈ ਪਾਠਕ ਵਰਗ ਵੀ ਇਸ ਵੱਲ ਝੁਕਿਆ। ਉਂਝ ਵੀ ਜਦ ਕਿਸੇ ਮਿੱਤਰ ਬੇਲੀ ਦਾ ਖ਼ਤ ਕਾਫ਼ੀ ਅਰਸੇ ਬਾਅਦ ਮਿਲਦਾ ਹੈ ਤਾਂ ਉਸ ਵਿੱਚ ਖ਼ਤ ਦਾ ਜਵਾਬ ਜਲਦੀ ਨਾ ਦੇਣ ਲਈ ਸਿਰਫ਼ ਇੱਕੋ ਦਲੀਲ ਲਿਖੀ ਹੁੰਦੀ ਹੈ ਕਿ ਮਸਰੂਫ਼ੀਆਤ ਕਾਰਨ ਜਵਾਬ ਜਲਦੀ ਨਾ ਦੇ ਹੋਇਆ, ਰੁੱਝਿਆ ਹੋਇਆ ਸਾਂ—ਚਾਹੁੰਦੇ ਹੋਏ ਵੀ ਵਕਤ ਨਾ ਕੱਢ ਸਕਿਆ ਵਗੈਰਾ-ਵਗੈਰਾ। ਸੱਚਮੁਚ ਮਨੁੱਖ ਨੇ ਆਪਣੇ ਰੁਝੇਵੇਂ ਕਾਫ਼ੀ ਵਧਾ ਲਏ ਹਨ। ਥੋੜ੍ਹੇ ਵਕਤ ਵਿੱਚ ਵੱਧ ਤੋਂ ਵੱਧ ਕੰਮ ਨਿਪਟਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ (ਇਹ ਤਾਂ ਅਸੀਂ ਲੇਖਕ ਲੋਕ ਹੀ ਹਾਂ ਜੋ ਇਕੋ ਕਿਤਾਬ ਨੂੰ ਮਿਹਨਤ ਨਾਲ਼ ਵੱਧ ਤੋਂ ਵੱਧ ਸਮਾਂ ਲਾ ਕੇ ਲਿਖਣ ਦੀ ਕੋਸ਼ਿਸ਼ ਕਰਦੇ ਹਾਂ)। ਦਿਨਾਂ ਮਹੀਨਿਆਂ ਦਾ ਸਫ਼ਰ ਹੁਣ ਘੰਟਿਆਂ ਵਿੱਚ ਹੀ ਪੂਰਾ ਕਰ ਲਿਆ ਜਾਂਦਾ ਹੈ। ਰੁਝੇਵਿਆਂ ਭਰੀ ਜ਼ਿੰਦਗੀ ਕਾਰਨ ਹੀ ਨਿੱਕੀ ਕਹਾਣੀ ਦੀ ਉਤਪੱਤੀ ਹੋਈ ਸੀ ਅਤੇ ਹੁਣ ਕੰਪਿਊਟਰ ਯੁੱਗ ਦੇ ਆ ਜਾਣ ਕਾਰਨ ਹੀ ਮਿੰਨੀ ਕਹਾਣੀ ਨੇ ਵੀ ਸਾਹਿਤ ਵਿੱਚ ਆਪਣਾ ਸਥਾਨ ਬਣਾ ਲਿਆ ਹੈ। ਇਹ ਕਿਹਾ ਜਾ ਸਕਦਾ ਹੈ ਕਿ ਇਸ ਜੈੱਟ ਯੁੱਗ ਵਿੱਚ ਸਾਹਿਤ ਰਸ ਨੂੰ ਕਾਇਮ ਰੱਖਣ ਲਈ ਹੀ ਲੇਖਕਾਂ ਨੇ ਮਿੰਨੀ ਕਹਾਣੀ ਲਿਖਣੀ ਸ਼ੁਰੂ ਕੀਤੀ। ਡਾ: ਅਮਰ ਕੋਮਲ ਅਨੁਸਾਰ, "ਮਿੰਨੀ ਕਹਾਣੀ ਦਾ ਜਨਮ ਪੰਜਾਬੀ ਦੇ ਉਨ੍ਹਾਂ ਕਹਾਣੀਕਾਰਾਂ ਦੀ ਕਲਮ ਤੋਂ ਹੁੰਦਾ ਹੈ ਜੋ ਨਵੀਂ ਸਮਾਜਿਕ ਸਥਿਤੀ ਵਿੱਚ ਪਲ਼ ਕੇ ਵੱਡੇ ਹੋਏ ਹਨ, ਜਿਨ੍ਹਾਂ ਨੇ ਵਰਤਮਾਨ ਜੀਵਨ ਸਮੱਸਿਆਵਾਂ, ਬਦਲ ਰਹੀ ਤਣਾਓ-ਪ੍ਰਧਾਨ ਮਾਨਸਿਕਤਾ, ਹੀਣ ਭਾਵਨਾ, ਸਮਾਜਿਕ ਬੇਇਨਸਾਫ਼ੀ, ਵਰਤਮਾਨ ਸਮਾਜ ਵਿੱਚ ਪਲ਼ਦੇ ਮੋਹਹੀਣੇ ਮਸ਼ੀਨ ਵਾਂਗ ਪੱਥਰ ਦਿਲ ਇਨਸਾਨ ਨੂੰ ਜੀਵਨ ਗੁਜ਼ਾਰਦੇ ਨੂੰ ਵੇਖਿਆ ਹੈ। ਆਪ ਉਸ ਅਵਸਥਾ ਵਿੱਚੋਂ ਦੀ ਵਿਚਰਦਾ ਹੈ। ਜਾਗਦੇ ਅਤੇ ਜੀਉਂਦੇ ਅਨੁਭਵ ਹੰਢਾਉਂਦਾ ਹੈ। ਇੰਝ ਪੰਜਾਬੀ ਕਹਾਣੀ ਵਿੱਚ ਜਿੱਥੇ ਨਵੇਂ ਝੁਕਾਅ ਪੇਸ਼ ਹੋਣ ਲੱਗੇ, ਉੱਥੇ ਮਿੰਨੀ ਕਹਾਣੀ ਨੇ ਵੀ ਜਨਮ ਲਿਆ ਹੈ।"[24] ਸੁਰਿੰਦਰ ਕੈਲੇ, ਸੰਪਾਦਕ 'ਅਣੂ' ਦਾ ਵਿਚਾਰ ਮਿੰਨੀ ਸਾਹਿਤ ਬਾਰੇ ਕੁੱਝ ਇੰਝ ਹੈ, ' ਇੱਕ ਛੋਟਾ ਜਿਹਾ ਕਰੰਟ ਜਦੋਂ ਲਿਖਾਰੀ ਦੇ ਦਿਮਾਗ਼ ਦੀਆਂ ਤਰੰਗਾਂ ਨੂੰ ਛੋਂਹਦਾ ਹੈ, ਤਾਂ ਉਹ ਝੁੰਜਲਾ ਉਠਦਾ ਹੈ ਤੇ ਉਸ ਦੀ ਉਹੋ ਝੁੰਜਲਾਹਟ ਕਿਸੇ ਰਚਨਾ ਦਾ ਰੂਪ ਧਾਰਦੀ ਹੈ। ਮਿੰਨੀ ਸਾਹਿਤ ਛੋਟੇ ਜਿਹੇ ਕਰੰਟ ਦਾ ਪ੍ਰਗਟਾਵਾ ਹੁੰਦਾ ਹੈ. ਜਿਸ ਨੂੰ ਉਸ ਕਰੰਟ ਜਿੰਨੇ ਸਮੇਂ ਵਿੱਚ ਹੀ ਕਲਮਬੱਧ ਕਰ ਲਿਆ ਜਾਂਦਾ ਹੈ।"[25]

ਰੋਜ਼ਾਨਾ ਅਖਬਾਰਾਂ ਦੇ ਪਸਾਰ ਕਾਰਨ, ਕਈ ਛੋਟੇ ਵੱਡੇ ਤ੍ਰੈਮਾਸਿਕ, ਮਾਸਿਕ, ਪੰਦਰਵਾੜੇ, ਸਪਤਾਹਿਕ ਰਸਾਲੇ ਤੇ ਪੱਤਰਾਂ ਆਦਿ ਦੇ ਸ਼ੁਰੂ ਹੋ ਜਾਣ ਕਰ ਕੇ ਵੀ ਮਿੰਨੀ ਕਹਾਣੀ ਦੀ ਉਤਪਤੀ

ਹੋਈ ਮੰਨੀ ਜਾ ਸਕਦੀ ਹੈ। ਭਾਵੇਂ ਅਸੀਂ ਮਿੰਨੀ ਕਹਾਣੀ ਜਿਹੀ ਕਾਫ਼ੀ ਸਮੱਗਰੀ ਭਾਵ ਗੱਲ ਨੂੰ ਸੰਖੇਪ ਤੋਂ ਸੰਖੇਪ ਰੂਪ ਵਿੱਚ ਕਹਿਣ ਦੀ ਰੁਚੀ (ਕਵਿਤਾ ਤੇ ਵਾਰਤਕ ਦੋਹਾਂ ਵਿੱਚ) ਪੰਜਾਬੀ ਲੋਕ ਅਤੇ ਵਿਸ਼ਿਸ਼ਟ ਸਾਹਿਤ, ਮੌਖਿਕ ਅਤੇ ਲਿਖਤੀ ਸਾਹਿਤ ਵਿੱਚ ਸਲੋਕਾਂ, ਬੁਝਾਰਤਾਂ, ਅਖਾਣਾਂ, ਚੁਟਕਲਿਆਂ, ਰਾਸਾਂ ਵਿਚਲੇ ਮਖੌਲਾਂ, ਪੁਰਾਣ ਕਥਾਵਾਂ, ਦੈਂਤ ਤੇ ਪਰੀ ਕਥਾਵਾਂ, ਪਸ਼ੂ ਕਥਾਵਾਂ ਆਦਿ ਦੇ ਰੂਪ ਵਿੱਚ ਮੁੱਢ ਤੋਂ ਹੀ ਵੇਖਦੇ ਹਾਂ ਪਰੰਤੂ ਆਧੁਨਿਕ ਮਿੰਨੀ ਕਹਾਣੀ ਦਾ ਪ੍ਰਚਲਨ ਬਾਕਾਇਦਾ 1960 ਤੋਂ ਬਾਅਦ ਪੰਜਾਬੀ ਸਾਹਿਤ ਵਿੱਚ ਪ੍ਰਯੋਗਸ਼ੀਲ ਲਹਿਰ ਦੀ ਆਮਦ ਨਾਲ਼ ਵੇਖਿਆ ਜਾ ਸਕਦਾ ਹੈ ਜਦ ਮਨੁੱਖੀ ਜ਼ਿੰਦਗੀ ਦੇ ਨਿੱਕੇ ਤੋਂ ਨਿੱਕੇ ਛਿਣ ਦਾ ਮੁੱਲ ਪਿਆ ਅਤੇ ਉਸ ਛਿਣ ਨੂੰ ਆਲੋਚਨਾਤਮਕ ਵਿਸ਼ਲੇਸ਼ਣਾਤਮਕ ਅਤੇ ਸੂਖਮ ਤੋਂ ਸੂਖਮ ਨਜ਼ਰੀਏ ਨਾਲ ਘੋਖਣ ਪਰਖਣ ਦੀ ਜ਼ਰੂਰਤ ਮਹਿਸੂਸ ਹੋਈ। "ਪ੍ਰਯੋਗਸ਼ੀਲ ਚੇਤਨਾ ਦਾ ਇੱਕ ਵੱਡਾ ਹਥਿਆਰ ਹੈ ਵਿਅੰਗ।"[26] ਅਸੀਂ ਵੇਖਦੇ ਹੀ ਹਾਂ ਕਿ ਮਿੰਨੀ ਕਹਾਣੀ ਵਿੱਚ ਵੀ ਮਨੁੱਖੀ ਜੀਵਨ ਦੀ ਰੋਜ਼ਮੱਰਾ ਜ਼ਿੰਦਗੀ ਵਿਚੋਂ ਕੋਈ ਵਿਸ਼ੇਸ਼ ਛਿਣ ਛਾਂਟ ਕੇ ਅਜਿਹੇ ਢੰਗ ਨਾਲ਼ ਪੇਸ਼ ਕੀਤਾ ਜਾਂਦਾ ਹੈ ਕਿ ਉਸ ਵਿੱਚ ਵਿਅੰਗ ਦੀ ਸੁਰ ਦੀ ਪ੍ਰਧਾਨਤਾ ਰਹਿੰਦੀ ਹੈ। ਨਵੀਨਤਾ ਜਾਂ ਪ੍ਰਯੋਗ ਦੇ ਲੇਬਲ ਹੇਠ ਮਿੰਨੀ ਕਹਾਣੀ ਸੰਬੰਧੀ ਸਾਨੂੰ ਹਰਗਿਜ਼ ਇਹ ਧਾਰਨਾ ਨਹੀਂ ਬਣਾ ਲੈਣੀ ਚਾਹੀਦੀ ਕਿ ਮਿੰਨੀ ਕਹਾਣੀ ਆਸਮਾਨ ਤੋਂ ਟਪਕੀ ਹੈ ਜਾਂ ਦੂਜੇ ਸ਼ਬਦਾਂ ਵਿੱਚ ਸਾਹਿਤ ਦੀ ਇਸ ਸਿਨਫ਼ ਦੀ ਉਤਪਤੀ ਪ੍ਰਯੋਗਸ਼ੀਲ ਲਹਿਰ ਦੇ ਸ਼ੁਰੂ ਹੋਣ ਨਾਲ਼ ਹੀ ਹੋ ਗਈ ਸਗੋਂ ਇਸ ਦੇ ਬੀਜ ਤਾਂ ਪੰਜਾਬੀ ਸਾਹਿਤ ਦੀ ਅਮੀਰ ਪਰੰਪਰਾ ਦੀ ਕੁੱਖ ਵਿੱਚ ਮੌਜੂਦ ਸਨ। ਸਾਡੀ ਉਪਰੋਕਤ ਧਾਰਨਾ ਨੂੰ ਡਾ: ਅਤਰ ਸਿੰਘ ਦੇ ਇਹ ਸ਼ਬਦ ਬਲ ਬਖ਼ਸ਼ਦੇ ਹਨ, "ਪ੍ਰਯੋਗ ਨਿੱਤ ਬਦਲਦੇ ਜੀਵਨ ਦੀਆਂ ਮੰਗਾਂ ਅਨੁਸਾਰ ਪਰੰਪਰਾ ਨੂੰ ਢਾਲਣ ਦੀ ਚੇਸ਼ਟਾ ਵਿੱਚੋਂ ਉਪਜਦਾ ਹੈ..... ਪ੍ਰਯੋਗ ਕੇਵਲ ਉਸ ਹੱਦ ਤੱਕ ਪ੍ਰਯੋਗ ਹੈ ਜਿਸ ਹੱਦ ਤੱਕ ਉਹ ਪਰੰਪਰਾ ਨੂੰ ਸਜਿੰਦ ਰੱਖ ਸਕਦਾ ਹੈ, ਗਤੀਮਾਨ ਰੱਖ ਸਕਦਾ ਹੈ।"[27]

ਚਾਹੇ ਅਸੀਂ ਆਧੁਨਿਕ ਮਿੰਨੀ ਕਹਾਣੀ ਨੂੰ ਪ੍ਰਯੋਗਵਾਦੀ ਲਹਿਰ ਤੋਂ ਉਤਪੰਨ ਦੱਸਿਆ ਹੈ ਪਰ ਇਹ ਪ੍ਰਯੋਗਵਾਦੀ ਲਹਿਰ ਵਾਂਗ ਕਦੇ ਵੀ ਪ੍ਰਗਤੀਵਾਦੀ ਵਿਚਾਰਧਾਰਾ ਦੇ ਉਲਟ ਨਹੀਂ ਖੜ੍ਹੀ, ਇਸ ਦੀ ਸੁਰ ਸ਼ੁਰੂ ਤੋਂ ਹੀ ਜਨਵਾਦੀ ਰਹੀ ਹੈ। ਪ੍ਰਯੋਗਵਾਦ ਦਾ ਖ਼ਾਤਮਾ ਹੋ ਗਿਆ ਹੈ ਪਰੰਤੂ ਉਸ ਦੇ ਸਿੱਟੇ ਵਜੋਂ ਉਤਪੰਨ ਹੋਈ ਆਧੁਨਿਕ ਮਿੰਨੀ ਕਹਾਣੀ ਹਾਲ਼ੇ ਵੀ ਆਪਣੇ ਪੂਰੇ ਜਲਾਲ ਨਾਲ਼ ਮੌਜੂਦ ਹੈ। ਪ੍ਰਯੋਗਵਾਦ ਨੂੰ ਇੱਕ ਅਜਿਹੀ ਦੀਆਸਿਲਾਈ ਨਾਲ਼ ਸਹਿਜੇ ਹੀ ਤੁਲਨਾਇਆ ਜਾ ਸਕਦਾ ਹੈ ਜੋ ਮਿੰਨੀ ਕਹਾਣੀ ਜਿਹੇ ਦੀਵੇ ਨੂੰ ਜੁਆਲਾ ਬਖ਼ਸ਼ ਕੇ ਖ਼ੁਦ ਬੁਝ ਗਈ ਹੋਵੇ। ਵੱਖੋ-ਵੱਖ ਪੰਜਾਬੀ ਲੇਖਕਾਂ ਨੇ ਆਪਣੀ ਵਿੱਤ ਮੁਤਾਬਕ ਇਸ ਦੀਵੇ ਵਿੱਚ ਤੇਲ ਪਾਇਆ ਹੈ ਅਤੇ ਪਾ ਰਹੇ ਹਨ, ਭਾਵੇਂ ਸਮੇਂ-ਸਮੇਂ ਤੇ ਕੁੱਝ ਸਥਾਪਤ ਲੇਖਕ ਤੇ ਆਲੋਚਕ ਤੱਕ ਇਸ ਨੂੰ ਬੁਝਾਉਣ ਦੀ ਕੋਸ਼ਿਸ਼ ਵਿੱਚ ਵੀ ਰਹੇ ਹਨ। ਪਰੰਤੂ ਹੁਣ ਨਵੀਂ ਪੀੜ੍ਹੀ ਦੇ ਲੇਖਕਾਂ ਨੇ ਇਸ ਦੀਵੇ ਦੁਆਲ਼ੇ ਆਪਣਾ ਘੇਰਾ ਕਾਫ਼ੀ ਮਜ਼ਬੂਤ ਕਰ ਲਿਆ ਹੈ ਅਤੇ ਇਸ ਦੀ ਲੋਅ ਨੂੰ ਹਮੇਸ਼ਾਂ ਮਘਦਾ ਰੱਖਣ ਲਈ ਆਪਣੇ ਪੂਰੇ ਯਤਨਾਂ ਨਾਲ਼ ਯਤਨਸ਼ੀਲ ਹਨ।

ਸੋ ਉਪਰੋਕਤ ਵਿਚਾਰ-ਚਰਚਾ ਦਾ ਸਾਰ ਇਹ ਕਿ ਮਿੰਨੀ ਕਹਾਣੀ ਦਾ ਆਗ਼ਾਜ਼ ਤਾਂ ਉਸੇ ਦਿਨ ਹੋ ਗਿਆ ਸੀ ਜਿਸ ਦਿਨ ਮਨੁੱਖ ਨੇ ਬਾਕਾਇਦਾ ਬੋਲਣਾ ਸਿੱਖਿਆ ਪਰ ਗਲਪ ਦੀ ਇਹ ਸਿਨਫ਼ ਆਪਣੇ ਆਧੁਨਿਕ ਰੂਪ ਵਿੱਚ ਉਦੋਂ ਵਿਕਸਿਤ ਹੋਣੀ ਜਦੋਂ ਪੂੰਜੀਵਾਦੀ ਯੁੱਗ ਦੇ ਆਗਮਨ ਨਾਲ਼ ਵਿਗਿਆਨ ਨੇ ਆਪਣੀ ਜਕੜ ਇਸ ਸੰਸਾਰ 'ਤੇ ਮਜ਼ਬੂਤ ਕਰਨੀ ਸ਼ੁਰੂ ਕੀਤੀ।

ਮਿੰਨੀ ਕਹਾਣੀ ਵੱਕਤ ਦੀ ਲੋੜ ਵਿਚੋਂ ਉਪਜੀ—ਇਸ ਤੱਥ ਨੂੰ ਮੈਂ ਇੱਕ ਉਦਾਹਰਣ ਨਾਲ਼ ਸਿੱਧ ਕਰਨ ਦੀ ਕੋਸ਼ਿਸ਼ ਕਰਦਾ ਹਾਂ। ਇੱਕ ਦੇਸ਼ ਨੂੰ ਅਜਿਹੇ ਜੈੱਟ ਜਹਾਜ਼ ਦੀ ਲੋੜ ਸੀ ਜੋ ਰਾਡਾਰ ਦੀ ਪਕੜ ਵਿੱਚ ਨਾ ਆ ਸਕੇ। ਸੋ 'ਲੋੜ ਕਾਢ ਦੀ ਮਾਂ ਹੈ' ਕਹਾਵਤ ਅਨੁਸਾਰ ਉਸ ਦੇਸ ਨੇ ਕੁੱਝ ਸਮਾਂ ਪਹਿਲਾਂ ਅਜਿਹਾ ਜਹਾਜ਼ ਤਿਆਰ ਕਰ ਹੀ ਲਿਆ। ਪਰੰਤੂ ਹੁਣ ਉਸ ਦੇ ਗੁਆਂਢੀ ਦੇਸ ਨੂੰ ਇਸ ਕਾਢ ਦੀ ਚਿੰਤਾ ਜ਼ਰੂਰ ਹੋਵੇਗੀ ਕਿਉਂਕਿ ਰਾਡਾਰ 'ਚੋਂ ਕੁੱਝ ਕਿਰਨਾਂ ਨਿੱਕਲ਼ ਕੇ ਨਿਰੰਤਰ ਅਲੱਗ-ਅਲੱਗ ਦਿਸ਼ਾਵਾਂ ਵਿੱਚ ਫੈਲਦੀਆਂ ਰਹਿੰਦੀਆਂ ਹਨ ਅਤੇ ਜਦ ਉਸ ਰਾਡਾਰ ਦੇ ਖੇਤਰ ਵਿੱਚ ਕੋਈ ਜਹਾਜ਼ ਪ੍ਰਵੇਸ਼ ਕਰਦਾ ਹੈ ਤਾਂ ਉਹ ਕਿਰਨਾਂ ਉਸ ਜਹਾਜ਼ ਦੀ ਧਾਤ ਨਾਲ਼ ਟਕਰਾ ਕੇ ਰਾਡਾਰ ਵੱਲ ਹੀ ਵਾਪਸ ਮੁੜਦੀਆਂ ਹਨ ਜਿਸ ਨਾਲ਼ ਓਪਰੇ ਜਹਾਜ਼ ਦੀ ਹੋਂਦ ਦਾ ਪਤਾ ਲਗਦਾ ਹੈ। ਪਰ ਇਸ ਨਵੇਂ ਤਿਆਰ ਕੀਤੇ ਜਹਾਜ਼ ਦੀ ਧਾਤ ਨਾਲ਼ ਰਾਡਾਰ ਦੀਆਂ ਕਿਰਨਾਂ ਟਕਰਾ ਕੇ ਪਰਿਵਰਤਿਤ ਹੋਣ ਦੀ ਥਾਂ ਉਸੇ ਵਿੱਚ ਜਜ਼ਬ ਹੋ ਜਾਂਦੀਆਂ ਹਨ ਜਿਸ ਦੇ ਸਿੱਟੇ ਵਜੋਂ ਜਹਾਜ਼ ਦੀ ਆਮਦ ਦਾ ਪਤਾ ਨਹੀਂ ਲਗਦਾ। ਪਰ ਮੈਨੂੰ ਯਕੀਨ ਹੈ ਕਿ ਦੂਜਾ ਗੁਆਂਢੀ ਦੇਸ਼ ਉਪਰੋਕਤ ਕਹਾਵਤ ਮੁਤਾਬਕ ਹੀ ਅਜਿਹੇ ਰਾਡਾਰ ਦੀ ਈਜਾਦ ਜ਼ਰੂਰ ਕਰ ਲਵੇਗਾ ਜੋ ਇਸ ਨਵੇਂ ਜਹਾਜ਼ ਨੂੰ ਵੀ ਆਪਣੀ ਰੇਂਜ ਵਿੱਚ ਲੈ ਜਾ ਸਕੇ। ਇਸੇ ਤਰ੍ਹਾਂ ਹੀ ਜਦ ਮਨੁੱਖ ਕੋਲ਼ ਵਕਤ ਦੀ ਘਾਟ ਮਹਿਸੂਸ ਹੋਈ ਤਾਂ ਉਪਰੋਕਤ ਕਹਾਵਤ ਅਨੁਸਾਰ ਹੀ ਉਸ ਨੇ ਆਪਣੀ ਸਾਹਿਤਕ ਰੁਚੀ ਨੂੰ ਬਰਕਰਾਰ ਰੱਖਣ ਲਈ ਆਪਣੀ ਮਾਨਸਿਕ ਬੇਸਬਰੀ ਨੂੰ ਸ਼ਾਂਤ ਕਰਨ ਲਈ ਅਤੇ ਗਲਪੀ ਰੁਚੀ ਨੂੰ ਕਾਇਮ ਰੱਖਣ ਲਈ ਮਿੰਨੀ ਕਹਾਣੀ ਦੀ ਸਿਰਜਣਾ ਕਰ ਲਈ। ਅਸੀਂ ਇਹ ਤਾਂ ਜਾਣਦੇ ਹੀ ਹਾਂ ਕਿ ਸਾਹਿਤ ਸਭਿਆਚਾਰ ਨੂੰ ਪ੍ਰਗਟਾਉਂਦਾ ਹੈ। ਮਨੁਖੀ ਜੀਵਨ ਦੇ ਅਨੁਭਵ ਲਈ ਸਮਾਜਕ ਰੀਤਾਂ ਅਤੇ ਸਮਾਜਕ ਵਾਤਾਵਰਣ ਨੂੰ ਜਾਣਨਾ ਜ਼ਰੂਰੀ ਹੈ। ਲੇਖਕ ਵੀ ਉਹੀ ਸਫ਼ਲ ਕਿਹਾ ਜਾ ਸਕਦਾ ਹੈ ਜੋ ਇਸ ਵਾਤਾਵਰਣ ਨੂੰ ਅਤੇ ਇਸ ਵਿਚ ਹੀ ਵਿਕਸਿਤ ਹੋਈ ਮਨੁੱਖੀ ਚੇਤਨਾ ਨੂੰ ਸਹੀ-ਸਹੀ ਅਤੇ ਯੋਗ ਢੰਗ ਨਾਲ਼ ਆਪਣੀਆਂ ਕ੍ਰਿਤਾਂ ਵਿੱਚ ਦਰਸਾ ਸਕਦਾ ਹੋਵੇ। ਇਸੇ ਲਈ ਇੱਕ ਸਿਆਣਾ ਆਲੋਚਕ ਹਮੇਸ਼ਾਂ ਸਾਹਿਤ ਵਿੱਚ ਲੇਖਕ ਦੀਆਂ ਉਚਾਰੀਆਂ ਗਈਆਂ ਧਾਰਨਾਵਾਂ ਦੀ ਤਹਿ ਤਕ ਪਹੁੰਚਣ ਲਈ ਸਾਹਿਤ ਦੇ ਉਸ ਵਿਸ਼ੇਸ਼ ਰੂਪ ਨੂੰ ਉਸ ਵਿਸ਼ੇਸ਼ ਕਾਲ, ਸਭਿਆਚਾਰ, ਧਰਮ ਅਤੇ ਪ੍ਰਦੇਸ਼ ਦੇ ਪ੍ਰਸੰਗ ਵਿੱਚ ਪਛਾਣਦਾ ਹੈ ਅਤੇ ਘੋਖ ਪੜਤਾਲ ਕਰਦਾ ਹੈ ਜਿਸ ਵਿਚ ਉਹ ਰੂਪ ਉਪਜਿਆ ਅਤੇ ਪ੍ਰਫੁਲਿਤ ਹੋਇਆ। ਹੁਣ ਜਦਕਿ ਤੇਜ਼ ਰਫ਼ਤਾਰ ਦਾ ਯੁੱਗ ਹੈ ਅਤੇ ਇੱਕ ਸਥਾਨ ਤੋਂ ਦੂਜੇ ਸਥਾਨ ਦੀ ਦੂਰੀ ਸੈਕਿੰਡਾਂ, ਮਿੰਟਾਂ ਵਿੱਚ ਮਾਪੀ ਜਾਣ ਲੱਗ ਪਈ ਹੈ, ਇਸ ਲਈ ਅਜਿਹੇ ਵੇਲੇ ਹੀ ਮਿੰਨੀ ਕਹਾਣੀ ਦੀ ਉਤਪਤੀ ਸੰਭਵ ਸੀ। ਇਸੇ ਲਈ ਜਦ ਵੀ ਮਿੰਨੀ ਕਹਾਣੀ ਦੀ ਗੱਲ ਤੁਰਦੀ ਹੈ ਤਾਂ ਘੱਟ ਸਮੇਂ ਅਤੇ ਤੇਜ਼ ਰਫ਼ਤਾਰ ਦਾ ਜ਼ਿਕਰ ਆਪਣੇ ਆਪ ਆ ਜਾਂਦਾ ਹੈ। ਵਕਤ ਦੀ ਘਾਟ ਅਤੇ ਤੇਜ਼ ਰਫ਼ਤਾਰ ਕਾਰਨ ਸਾਨੂੰ ਨਿਸ਼ਚਿਤ ਰੂਪ ਵਿੱਚ ਅਜੋਕੇ ਸਭਿਆਚਾਰ ਦਾ ਸਾਹਿਤਕ ਸ਼ਾਬਦਿਕ ਨਿਰੂਪਣ ਮਿੰਨੀ ਕਹਾਣੀ ਵਿੱਚ ਹੀ ਨਿਹਿਤ ਮੰਨਣ ਵਿੱਚ ਹਰਗਿਜ਼ ਸੰਕੋਚ ਨਹੀਂ ਕਰਨਾ ਚਾਹੀਦਾ ਕਿਉਂਕਿ ਤੇਜ਼ ਰਫ਼ਤਾਰ ਮਨੁੱਖ ਦੀ ਮਾਨਸਿਕ ਸੰਤੁਸ਼ਟੀ ਇਹ ਸਫ਼ਲਤਾਪੂਰਬਕ ਕਰਦੀ ਹੈ।

ਡਾ: ਰਘਬੀਰ ਸਿੰਘ ਅਨੁਸਾਰ, "ਕਿਸੇ ਵੀ ਵਿਚਾਰਧਾਰਾ ਵਾਂਗ ਕੋਈ ਵੀ ਸਾਹਿਤਕ ਰੂਪ ਭੌਤਿਕ ਪਰਿਸਥਿਤੀਆਂ ਅਥਵਾ ਨਿਸਚਿਤ ਸਮਾਜਕ, ਆਰਥਿਕ ਤੇ ਰਾਜਨੀਤਿਕ ਸਮਾਚਾਰਾਂ ਦੀ

ਉਪਜ ਹੁੰਦਾ ਹੈ। ਇੱਕਾ ਦੁੱਕਾ ਵਿਅਕਤੀਗਤ ਯਤਨ ਨਾ ਤਾਂ ਕਿਸੇ ਵਿਚਾਰ ਨੂੰ ਹੀ ਜਨਮ ਦੇ ਸਕਦਾ ਹੈ ਅਤੇ ਨਾ ਹੀ ਕਲਾ ਜਾਂ ਸਾਹਿਤ ਦੇ ਕਿਸੇ ਰੂਪ ਨੂੰ। ਭਾਵੇਂ ਵਿਅਕਤੀਆਂ ਦੁਆਰਾ ਹੀ ਇਨ੍ਹਾਂ ਦਾ ਉਦੈ ਹੁੰਦਾ ਹੈ ਪਰ, ਵਾਸਤਵ ਵਿੱਚ ਵਿਅਕਤੀ ਵੀ ਪ੍ਰਾਪਤ ਸਮਾਚਾਰਾਂ ਦੀ ਅਨਿਵਾਰਤਾ ਨੂੰ ਹੀ ਪ੍ਰਗਟ ਕਰ ਰਹੇ ਹੁੰਦੇ ਹਨ।''[28] ਡਾ: ਰਘਬੀਰ ਸਿੰਘ ਦੇ ਇਸ ਕਥਨ ਨਾਲ਼ ਮੇਰੇ ਉਪਰੋਕਤ ਤੱਥ ਦੀ ਪੁਸ਼ਟੀ ਹੋ ਜਾਂਦੀ ਹੈ ਕਿ ਮਿੰਨੀ ਕਹਾਣੀ ਦੀ ਉਤਪਤੀ ਸਮੇਂ ਦੀ ਲੋੜ 'ਚੋਂ ਆਪਣੇ ਆਪ ਉਤਪੰਨ ਹੋਈ। ਇਸ ਸੰਬੰਧੀ ਬੋਰਿਸ ਸਚਕੋਵ ਦੀ ਇਹ ਦਲੀਲ ਵੀ ਪੇਸ਼ ਕੀਤੀ ਜਾ ਸਕਦੀ ਹੈ, ''ਸਾਹਿਤ ਦੇ ਰੂਪ ਅਤੇ ਵਸਤੂ ਵਿੱਚ ਕੋਈ ਵੀ ਵੱਡੀ ਤਬਦੀਲੀ ਸਮਾਜਿਕ ਜੀਵਨ ਵਿੱਚ ਆਈ ਤਬਦੀਲੀ ਦੁਆਰਾ ਹੀ ਨਿਸਚਿਤ ਹੁੰਦੀ ਹੈ।''[29]

ਸਾਹਿਤ ਦੀ ਕਿਸੇ ਵੀ ਸਿਨਫ਼ ਦੀ ਉਤਪਤੀ ਟਕਸਾਲੀ ਤੌਰ 'ਤੇ ਕਿਸੇ ਲੇਖਕ ਵਿਸ਼ੇਸ਼ ਦੀ ਦੇਣ ਨਹੀਂ ਕਹੀ ਜਾ ਸਕਦੀ। ਸਿਨਫ਼ਾਂ ਦਾ ਆਰੰਭ ਤੇ ਅੰਤ ਦੋਵੇਂ ਲੰਮੀਆਂ ਪ੍ਰਕਿਰਿਆਵਾਂ ਹਨ। ਸਾਹਿਤ ਦੀ ਹਰ ਸਿਨਫ਼ ਨਿਰੰਤਰ ਵਿਕਾਸ ਕਰਦੀ ਹੋਈ ਪਰਿਵਰਤਨਸ਼ੀਲ ਰਹਿੰਦੀ ਹੈ ਪਰੰਤੂ ਅਸੀਂ ਉਸ ਦੀ ਗਤੀਸ਼ੀਲਤਾ ਨੂੰ ਪਹਿਲੀ ਨਜ਼ਰੇ ਹੀ ਮਹਿਸੂਸ ਨਹੀਂ ਕਰ ਸਕਦੇ। ਸਾਹਿਤ ਦਾ ਹਰ ਰੂਪ ਤਾਂ ਘੜੀ ਦੀਆਂ ਸੂਈਆਂ ਜਿਹਾ ਹੁੰਦਾ ਹੈ, ਜੋ ਅੱਗੇ ਵਧ ਵੀ ਤੇਜ਼ੀ ਨਾਲ਼ ਰਹੀਆਂ ਹੁੰਦੀਆਂ ਹਨ ਪਰੰਤੂ ਸਾਡੇ ਵਿਚੋਂ ਕੋਈ ਵੀ ਉਨ੍ਹਾਂ ਦੀ ਚਾਲ ਨੂੰ ਮਹਿਸੂਸ ਨਹੀਂ ਕਰ ਸਕਦਾ। ਜਾਂ ਅਸੀਂ ਭਾਸ਼ਾ ਦੀ ਉਦਾਹਰਨ ਲੈ ਸਕਦੇ ਹਾਂ — ਭਾਸ਼ਾ ਦਾ ਆਰੰਭ ਕਿਸ ਪੁਰਖ ਨੇ ਕੀਤਾ, ਕਿਸੇ ਨੂੰ ਨਹੀਂ ਪਤਾ। ਇਹ ਤਾਂ ਪੁਰਾਤਨ ਸਮਿਆਂ ਵਿਚ ਮਨੁੱਖੀ ਸਮਾਜ ਦੁਆਰਾ ਇੱਕ ਵਿਅਕਤੀ ਦੇ ਵਿਚਾਰਾਂ ਤੇ ਭਾਵਾਂ ਨੂੰ ਦੂਜੇ ਵਿਅਕਤੀ ਤੱਕ ਸੰਚਾਰਿਤ ਕਰਨ ਲਈ ਈਜਾਦ ਕੀਤਾ ਗਿਆ ਧੁਨੀਆਤਮਕ ਸਮੂਹਕ ਪ੍ਰਯਤਨ ਹੈ। ਸ਼ੁਰੂ-ਸ਼ੁਰੂ ਵਿੱਚ ਹਰ ਵਿਅਕਤੀ ਦਾ ਭਾਸ਼ਾ ਦੇ ਵਿਕਾਸ ਵਿੱਚ ਥੋੜ੍ਹਾ ਬਹੁਤ ਯੋਗਦਾਨ ਰਿਹਾ ਹੋਵੇਗਾ। ਹਰ ਵਿਅਕਤੀ ਨੇ ਸ਼ਬਦਾਂ ਨੂੰ ਆਪਣੀ ਸਮਝ, ਆਪਣੇ ਸੁਹਜ ਅਨੁਸਾਰ ਢਾਲਿਆ ਹੋਵੇਗਾ ਅਤੇ ਹਰ ਚੰਗਾ ਲਗਦਾ ਸ਼ਬਦ ਸਮਾਜ ਨੇ ਖਿੜੇ ਮੱਥੇ ਪ੍ਰਵਾਨ ਕੀਤਾ ਹੋਵੇਗਾ। ਇਸੇ ਤਰ੍ਹਾਂ ਭਾਸ਼ਾ ਨਿਰੰਤਰ ਅਦਿੱਖ ਵਿਕਾਸ ਕਰਦੀ ਹੋਈ ਬਿਲਕੁਲ ਆਧੁਨਿਕਤਾ ਦੀ ਧਾਰਨੀ ਅਤੇ ਯੁੱਗ ਬੋਧ ਦੀ ਲਖਾਇਕ ਬਣ ਕੇ ਸਾਡੇ ਸਾਹਮਣੇ ਪੇਸ਼ ਹੈ। ਬਿਲਕੁਲ ਇਸੇ ਪ੍ਰਕਾਰ ਹੀ ਅਸੀਂ ਮਿੰਨੀ ਕਹਾਣੀ ਦੀ ਉਤਪਤੀ ਬਾਰੇ ਵੀ ਕਹਿ ਸਕਦੇ ਹਾਂ। ਆਧੁਨਿਕ ਨਿੱਕੀ ਤੇ ਮਿੰਨੀ ਕਹਾਣੀ ਦੇ ਬੀਜ ਈਸਾਈ ਮਿਸ਼ਨਰੀਆਂ ਨੇ ਪਹਿਲੀ ਵਾਰ ਪੰਜਾਬੀ ਸਾਹਿਤ ਵਿੱਚ ਖਿਲੇਰੇ। ਚਾਹੇ ਇਹ ਅਨੁਵਾਦਿਤ ਰੂਪ ਵਿੱਚ ਹੀ ਸਨ (ਕੁੱਝ ਕੁ ਮੌਲਿਕ ਵੀ ਸਨ) ਪਰੰਤੂ ਇਹ ਸਾਡੇ ਪੰਜਾਬੀ ਲੇਖਕਾਂ ਲਈ ਪ੍ਰੇਰਨਾ-ਸਰੋਤ ਤਾਂ ਬਣੇ ਹੀ। ਫਿਰ, ਭਾਵੇਂ ਮਿੰਨੀ ਕਹਾਣੀ ਦਾ ਪੰਜਾਬੀ ਸਾਹਿਤ ਵਿੱਚ ਉਦੋਂ ਨਾਮੋ-ਨਿਸ਼ਾਨ ਵੀ ਨਹੀਂ ਸੀ ਜਦੋਂ ਗੁਰਬਖ਼ਸ਼ ਸਿੰਘ ਆਪਣੇ ਮਾਸਿਕ ਪੱਤਰ 'ਪ੍ਰੀਤ ਲੜੀ' ਵਿੱਚ ਆਪਣੇ ਛੋਟੇ-ਛੋਟੇ ਪਰ ਰੋਚਕ ਸੰਸਮਰਨ ਛਾਪਦੇ ਹੁੰਦੇ ਸਨ ਜੋ ਬਿਲਕੁਲ ਆਧੁਨਿਕ ਮਿੰਨੀ ਕਹਾਣੀ ਨਾਲ਼ ਮੋਢਾ ਮੇਚਦੇ ਹਨ। ਪਰੰਤੂ, ਰਸਮੀ ਤੌਰ 'ਤੇ ਪੂਰੇ ਜੋਸ਼ੋ-ਖਰੋਸ਼ ਨਾਲ਼ ਮਿੰਨੀ ਕਹਾਣੀ ਦਾ ਪੰਜਾਬੀ ਸਾਹਿਤ ਵਿੱਚ ਆਗਮਨ ਪ੍ਰਯੋਗਵਾਦੀ ਲਹਿਰ ਦੇ ਆਰੰਭ ਨਾਲ਼ ਹੀ ਹੁੰਦਾ ਹੈ। ਅਜੋਕੇ ਸਮਿਆਂ ਵਿੱਚ ਵੀ ਲਗਭਗ ਹਰ ਵੱਡੇ ਤੇ ਛੋਟੇ ਲੇਖਕ ਨੇ ਮਿੰਨੀ ਕਹਾਣੀ 'ਤੇ ਹੱਥ ਜ਼ਰੂਰ ਅਜ਼ਮਾਇਆ ਹੈ।

ਸੋ ਉਪਰੋਕਤ ਵਿਚਾਰ-ਚਰਚਾ ਦਾ ਸਾਰ ਇਹ ਕਿ ਪੰਜਾਬੀ ਵਿੱਚ ਮਿੰਨੀ ਕਹਾਣੀ ਦਾ ਆਰੰਭ ਕਿਸ ਨੇ ਕੀਤਾ, ਇਹ ਇੱਕ ਸਮੱਸਿਆ ਹੈ ਪਰੰਤੂ ਇਸ ਦੀ ਖੋਜ ਅਵੱਸ਼ ਕੀਤੀ ਜਾਣੀ ਚਾਹੀਦੀ ਹੈ। ਸੰਗ੍ਰਹਿ ਰੂਪ ਵਿੱਚ ਕਹਾਣੀਆਂ ਨੂੰ ਪਹਿਲੀ ਵਾਰ ਪੰਜਾਬੀ ਸਾਹਿਤ ਨੂੰ ਭੇਂਟ ਕਰਨ ਦਾ ਸਿਹਰਾ

ਸਤਵੰਤ ਕੌਂਥ ਨੂੰ ਜਾਂਦਾ ਹੈ ਜਿਸ ਦਾ ਪਹਿਲਾ ਮਿੰਨੀ ਕਹਾਣੀ ਸਗ੍ਰਹਿ ਅਕਤੂਬਰ 1972 ਵਿੱਚ ਪ੍ਰਕਾਸ਼ਿਤ ਹੋਇਆ । ਪਰੰਤੂ ਪ੍ਰਸਿੱਧ ਪੰਜਾਬੀ ਕਹਾਣੀਕਾਰ ਗੁਰਮੇਲ ਮਡਾਹੜ ਦਾ ਬਿਆਨ ਆਧੁਨਿਕ ਮਿੰਨੀ ਕਹਾਣੀ ਸੰਬੰਧੀ ਕੁੱਝ ਇਉਂ ਹੈ, ''ਪੰਜਾਬੀ ਵਿੱਚ ਆਧੁਨਿਕ ਮਿੰਨੀ ਕਹਾਣੀ ਦਾ ਚਿਹਰਾ ਮੋਹਰਾ ਪ੍ਰੋ: ਤੇਜਵੰਤ ਮਾਨ ਦੀ 1968 ਵਿੱਚ 'ਆਰਸੀ' ਵਿੱਚ ਛਪੀ ਕਹਾਣੀ ''ਲਾਸ਼'' ਨਾਲ਼ ਪਾਠਕਾਂ ਸਾਹਮਣੇ ਉਜਾਗਰ ਹੋਇਆ ਸੀ ਪਰੰਤੂ ਕਿਸੇ ਨੇ ਬਾਕਾਇਦਾ ਤੌਰ 'ਤੇ ਪ੍ਰਤੀਬੱਧ ਹੋ ਕੇ ਇਸ ਵਿਧਾ ਨੂੰ ਨਹੀਂ ਸੀ ਅਪਣਾਇਆ । ਭੁਪਿੰਦਰ ਸਿੰਘ ਪੀ. ਸੀ. ਐਸ. ਨੇ ਸਭ ਤੋਂ ਪਹਿਲਾਂ 'ਸੌ ਪੱਤ ਮਛਲੀ ਦੇ' (1979) ਮਿੰਨੀ ਕਹਾਣੀ ਸੰਗ੍ਰਹਿ ਛਪਵਾ ਕੇ ਨਾ ਕੇਵਲ ਪਹਿਲ ਹੀ ਕੀਤੀ ਸਗੋਂ ਮਿੰਨੀ ਕਹਾਣੀ ਦਾ ਇੱਕ ਪੜਾਅ ਨਿਸਚਿਤ ਕਰ ਕੇ ਪੰਜਾਬੀ ਮਿੰਨੀ ਕਹਾਣੀ ਜਗਤ 'ਤੇ ਛਾ ਗਿਆ ।''[30] ਪ੍ਰਸਿੱਧ ਅਨੁਵਾਦਕਾਰ ਤੇ ਲੇਖਕ ਪ੍ਰੋ: ਅਸ਼ੋਕ ਭਾਟੀਆ[31] ਪੰਜਾਬੀ ਮਿੰਨੀ ਕਹਾਣੀ ਦਾ ਜਨਮ 1950 ਈ: ਵਿੱਚ ਹੁੰਦਾ ਦੱਸ ਕੇ 1970 ਈ: ਤੋਂ ਇਸ ਨੂੰ ਇੱਕ ਸਾਂਝੇ ਅੰਦੋਲਨ ਦੇ ਰੂਪ ਵਿੱਚ ਉੱਭਰਦਾ ਦੱਸਦਾ ਹੈ । ਪ੍ਰੋ: ਸੁਲੱਖਣ ਮੀਤ ਅਤੇ ਪ੍ਰੋ: ਹਮਦਰਦਵੀਰ ਨੌਸ਼ਹਿਰਵੀ[32] ਇਸ ਦੀ ਉਤਪਤੀ ਸੰਨ 1962 ਈ: ਤੋਂ ਮੰਨਦੇ ਹਨ । ਡਾ: ਅਮਰ ਕੋਮਲ[33] ਨੇ 1970 ਈ: ਤੋਂ ਪਿੱਛੋਂ ਪੰਜਾਬੀ ਮਿੰਨੀ ਕਹਾਣੀ ਨੂੰ ਅਕਹਾਣੀ, ਚਿੰਨ੍ਹਾਤਮਕ ਦਸਤਾਵੇਜ਼ੀ ਫ਼ੈਂਟਾਸੀ ਅਤੇ ਰਿਪੋਰਤਾਜ ਕਿਸਮ ਦੀਆਂ ਕਹਾਣੀਆਂ ਤੋਂ ਉਤਪੰਨ ਮੰਨਿਆ ਹੈ ।

ਮਿੰਨੀ ਕਹਾਣੀ ਦੀ ਉਤਪਤੀ ਲਈ ਅਕਸਰ ਇੱਕੋ ਇੱਕ ਦਲੀਲ ਹੀ ਜ਼ਿਆਦਾਤਰ ਲਈ ਜਾਂਦੀ ਹੈ ਕਿ ਇਹ ਵਿਧਾ ਵਕਤ ਦੀ ਘਾਟ ਕਾਰਨ ਹੋਂਦ ਵਿੱਚ ਆਈ । ਪਰੰਤੂ ਕੀ ਇਸੇ ਸਮੇਂ ਦੀ ਘਾਟ ਵਾਲ਼ੇ ਯੁੱਗ ਵਿੱਚ ਵੱਡੀਆਂ ਕਹਾਣੀਆਂ ਅਤੇ ਨਾਵਲ ਪ੍ਰਕਾਸ਼ਿਤ ਨਹੀਂ ਹੁੰਦੇ, ਕੀ ਪਾਠਕ ਸੁਆਦ ਨਾਲ਼ ਇਨ੍ਹਾਂ ਨੂੰ ਨਹੀਂ ਪੜ੍ਹਦਾ ? ਅਸਲ ਵਿੱਚ ਸਾਹਿਤ ਦਾ ਹਰ ਰੂਪ ਆਪਣੇ ਦ੍ਰਿਸ਼ਟੀਕੋਣ ਅਤੇ ਜ਼ਿੰਦਗੀ ਦੇ ਵਿਭਿੰਨ ਪੱਖਾਂ ਨੂੰ ਹੋਰ ਰੂਪਾਂ ਦੇ ਮੁਕਾਬਲੇ ਵਧੇਰੇ ਚੰਗੀ ਤਰ੍ਹਾਂ ਪੇਸ਼ ਕਰਦਾ ਹੈ । ਕਈ ਵਾਰ ਮਿੰਨੀ ਕਹਾਣੀ ਨੂੰ ਇਸ ਲਈ ਨੀਵਾਂ ਵਿਖਾਇਆ ਜਾਂਦਾ ਹੈ ਕਿਉਂਕਿ ਇੱਕ ਤਾਂ ਹੁਣ ਤੱਕ ਇਸ ਨੂੰ ਮਹਿਜ਼ ਇੱਕ ਚੁਟਕਲਾ ਸਮਝਿਆ ਗਿਆ ਹੈ ਤੇ ਦੂਜੇ ਇਸ ਦੇ ਛੋਟੇ ਆਕਾਰ 'ਤੇ ਵੀ ਕਈ ਵਾਰ ਕਿੰਤੂ ਕੀਤਾ ਗਿਆ ਹੈ ਕਿ ਇਸ ਵਿੱਚ ਲੇਖਕ ਆਪਣੇ ਵਿਚਾਰਾਂ ਨੂੰ ਖੁੱਲ੍ਹ ਕੇ ਪੇਸ਼ ਨਹੀਂ ਕਰ ਸਕਦਾ । ਜਿਵੇਂ ਕਵਿਤਾ ਮਨੁੱਖੀ ਭਾਵਾਂ ਨੂੰ ਪੇਸ਼ ਕਰਦੀ ਹੈ, ਨਾਟਕ ਜ਼ਿੰਦਗੀ ਦੇ ਵੱਡੇ ਪਾਸਾਰ ਨੂੰ ਆਪਣੇ ਕਲਾਵੇ ਵਿੱਚ ਲੈਂਦਾ ਹੈ ਚਾਹੇ ਅੰਤ ਵਿੱਚ ਇਹ ਆਪਣੇ ਖਿਲਾਰੇ ਨੂੰ ਬੜੇ ਹੀ ਸਰਲ ਜਿਹੇ ਢੰਗ ਨਾਲ਼ ਸਮੇਟਣ ਦੀ ਕੋਸ਼ਿਸ਼ ਕਰਦਾ ਹੈ । ਨਿੱਕੀ ਕਹਾਣੀ ਜ਼ਿੰਦਗੀ ਨੂੰ ਕਈ ਖੰਡਾਂ ਉਪ-ਖੰਡਾਂ ਵਿੱਚ ਪੇਸ਼ ਕਰਦੀ ਹੈ, ਮਿੰਨੀ ਕਹਾਣੀ ਵੀ ਜੀਵਨ ਦੇ ਅਜਿਹੇ ਛੋਟੇ ਤੋਂ ਛੋਟੇ ਛਿਣ ਨੂੰ ਪਕੜਨ ਦੀ ਸ਼ਕਤੀ ਰਖਦੀ ਹੈ ਜਿਸ ਨੂੰ ਸਾਹਿਤ ਦਾ ਕੋਈ ਵੀ ਦੂਸਰਾ ਰੂਪ ਪੇਸ਼ ਕਰਨ ਤੋਂ ਅਸਮਰੱਥ ਹੈ । ਕੀ ਅਸੀਂ ਆਪਣੀ ਜ਼ਿੰਦਗੀ ਦੇ ਛੋਟੇ ਤੋਂ ਛੋਟੇ ਛਿਣ ਨੂੰ ਅਜਾਈਂ ਗੁਆਉਣਾ ਪਸੰਦ ਕਰਾਂਗੇ ? ਹਰਗਿਜ ਨਹੀਂ । ਕੀ ਛੋਟੇ ਛਿਣ ਦੀ ਕੋਈ ਅਹਿਮੀਅਤ ਨਹੀਂ ? ਮਿੰਨੀ ਕਹਾਣੀ ਦੇ ਮੁਕਾਬਲੇ (in contrast) ਵਿੱਚ ਗਲਪ ਦੀ ਹੀ ਇੱਕ ਮਹੱਤਵਪੂਰਨ ਸਿਨਫ਼ ਨਾਵਲ ਹੈ । ਨਾਵਲ ਚਾਹੇ ਜੀਵਨ ਦੀ ਸਮੁੱਚਤਾ ਨੂੰ ਆਪਣੇ ਆਪ ਵਿੱਚ ਸਮੇਟਣ ਦਾ ਦਾਅਵਾ ਕਰਦਾ ਹੈ ਪਰੰਤੂ ਅਨੇਕਾਂ ਛੋਟੇ-ਛੋਟੇ ਪਰ ਅਹਿਮ ਛਿਣਾਂ ਨੂੰ ਇਸ ਵਿੱਚ ਪੇਸ਼ ਕਰਨ ਤੋਂ ਗੁਰੇਜ਼ ਕੀਤਾ ਜਾਂਦਾ ਹੈ, ਇਨ੍ਹਾਂ ਨੂੰ ਫ਼ਜ਼ੂਲ ਸਮਝਿਆ ਜਾਂਦਾ ਹੈ । ਅਜਿਹੇ ਛਿਣਾਂ ਨੂੰ ਨਾਵਲ ਵਿਚ ਪੇਸ਼ ਕੀਤਾ ਵੀ ਨਹੀਂ ਜਾ ਸਕਦਾ—ਚਾਹੇ ਇਸ ਨੂੰ ਨਾਵਲ ਦੀ ਇੱਕ ਮਜਬੂਰੀ ਸਮਝ ਲਓ । ਕੁੱਝ ਅਜਿਹੇ ਤਥਾਕਥਿਤ ਫ਼ਜ਼ੂਲ ਤੇ ਛੋਟੇ-ਛੋਟੇ

ਛਿਣਾਂ ਦਾ ਕਲਾਤਮਕ ਅਭਿਵਿਅਕਤ ਰੂਪ ਹੀ ਤਾਂ ਮਿੰਨੀ ਕਹਾਣੀ ਹੈ। ਉਦਾਹਰਨ ਵਜੋਂ, ਮੰਨ ਲਓ ਇੱਕ ਸੜਕ 'ਤੇ ਕੋਈ ਦੁਰਘਟਨਾ ਵਾਪਰ ਗਈ ਹੈ, ਆਲ਼ੇ-ਦੁਆਲ਼ੇ ਭੀੜ ਇਕੱਤਰ ਹੋ ਗਈ ਹੈ। ਇਸ ਦੁਰਘਟਨਾ ਬਾਰੇ ਸਾਰੇ ਲੋਕਾਂ ਦਾ ਪ੍ਰਤਿਕਰਮ ਸਮੂਹਕ ਰੂਪ ਵਿੱਚ ਪੇਸ਼ ਕਰਨਾ ਕਿਸੇ ਨਾਵਲ ਦੇ ਇੱਕ ਕਾਂਡ ਦਾ ਹਿੱਸਾ ਤਾਂ ਬਣ ਸਕਦਾ ਹੈ ਪਰੰਤੂ ਇਸ ਵਿੱਚ ਸਾਰੇ ਵਿਅਕਤੀਆਂ ਦੇ ਅਲੱਗ-ਅਲੱਗ ਪ੍ਰਤਿਕਰਮਾਂ ਦਾ ਸੁਤੰਤਰ ਰੂਪ ਵਿੱਚ ਆਲੋਚਨਾਤਮਕ ਵਿਸ਼ਲੇਸ਼ਣ ਨਹੀਂ ਕੀਤਾ ਜਾ ਸਕਦਾ। ਜੇ ਨਾਵਲਕਾਰ ਵਲੋਂ ਅਜਿਹਾ ਕੀਤਾ ਵੀ ਗਿਆ ਤਾਂ ਉਸ ਦੀ ਰਚਨਾ ਆਪਣੇ ਮੁੱਖ ਉਦੇਸ਼ ਤੋਂ ਥਿੜਕ ਕੇ ਭਟਕਣ ਦਾ ਸ਼ਿਕਾਰ ਹੋ ਜਾਵੇਗੀ।

ਚਾਹੇ ਉਪਰੋਕਤ ਭੀੜ ਦੇ ਲੋਕ ਇੱਕੋ ਸਮਾਜ ਨਾਲ਼ ਸੰਬੰਧਿਤ ਹਨ ਪਰੰਤੂ ਮਾਨਸਿਕਤਾ ਹਰ ਇੱਕ ਦੀ ਅਲੱਗ-ਅਲੱਗ ਹੈ। [ਵਿਸਥਾਰ ਲਈ ਦੇਖੋ—ਭੂਮਿਕਾ (दिल + दिमाग़ = ਮਨ)]। ਇਸ ਲਈ ਇੱਥੇ ਹਰੇਕ ਵਿਅਕਤੀ ਦੀ ਮਾਨਸਿਕਤਾ ਨੂੰ ਆਧਾਰ ਬਣਾ ਕੇ ਓਨੀਆਂ ਹੀ ਮਿੰਨੀ ਕਹਾਣੀਆਂ ਲਿਖੀਆਂ ਜਾ ਸਕਦੀਆਂ ਹਨ ਜਿੰਨੇ ਵਿਅਕਤੀ ਉਸ ਭੀੜ ਵਿੱਚ ਮੌਜੂਦ ਹਨ। ਜੇ ਹਰੇਕ ਵਿਅਕਤੀ ਦੀ ਮਾਨਸਿਕਤਾ ਨੂੰ ਗਹੁ ਨਾਲ਼ ਬਾਰੀਕਬੀਨੀ ਨਾਲ਼ ਘੋਖਿਆ ਪਰਖਿਆ ਜਾਵੇ ਤਾਂ ਸਾਨੂੰ ਇੱਥੇ ਇਹ ਕਹਿਣ ਵਿੱਚ ਸੰਕੋਚ ਨਹੀਂ ਹੋਣਾ ਚਾਹੀਦਾ ਕਿ ਭੀੜ ਵਿਚਲੇ ਵੱਖ-ਵੱਖ ਵਿਅਕਤੀਆਂ ਦੀ ਉਸ ਦੁਰਘਟਨਾ ਪ੍ਰਤੀ ਮਾਨਸਿਕ ਸਥਿਤੀ ਉਸ ਸਮਾਜ ਦੇ ਵੱਖ-ਵੱਖ ਪਹਿਲੂਆਂ ਨੂੰ ਨਾਵਲ ਨਾਲ਼ੋਂ ਵਧੇਰੇ ਸਫਲਤਾਪੂਰਬਕ ਰੂਪਮਾਨ ਕਰਨ ਵਿੱਚ ਸਹਾਇਕ ਹੋਵੇਗੀ। ਉਨ੍ਹਾਂ ਦੇ ਪ੍ਰਤਿਕਰਮਾਂ ਤੋਂ ਹੀ ਅਸੀਂ ਉਸ ਸਮਾਜ ਦੇ ਚੌਗਿਰਦੇ, ਰਹਿਣ ਸਹਿਣ, ਸਭਿਆਚਾਰ, ਸਮਾਜਕ, ਆਰਥਿਕ, ਰਾਜਨੀਤਿਕ, ਧਾਰਮਿਕ, ਦਾਰਸ਼ਨਿਕ ਆਦਿ ਮਹੱਤਵਪੂਰਨ ਤੱਤਾਂ ਦਾ ਅਧਿਐਨ ਭਲੀ ਭਾਂਤ ਕਰ ਸਕਦੇ ਹਾਂ। ਸੋ ਇਹ ਗੱਲ ਹੁਣ ਨਿਸਚਿਤ ਤੌਰ ਨਾਲ਼ ਕਹੀ ਜਾ ਸਕਦੀ ਹੈ ਕਿ ਗਲਪ ਦੀ ਮਿੰਨੀ ਕਹਾਣੀ ਜਿਹੀ ਛੋਟੇ ਆਕਾਰ ਦੀ ਸਿਨਫ਼ ਵੀ ਮਨੁੱਖੀ ਜੀਵਨ ਦੀ ਸਮੁੱਚਤਾ ਨੂੰ ਆਪਣੇ ਆਪ ਵਿੱਚ ਸਮੋਅ ਸਕਦੀ ਹੈ ਅਤੇ ਇਸ ਵਿੱਚ ਸਮਾਜਕ ਚੇਤਨਤਾ ਦਾ ਸਮਾਵੇਸ਼ ਹੋ ਸਕਦਾ ਹੈ।

ਸੋ ਹੁਣ ਅਸੀਂ ਸਾਰੀ ਵਿਚਾਰ ਚਰਚਾ ਤੋਂ ਬਾਅਦ ਮਿੰਨੀ ਕਹਾਣੀ ਦੀ ਪਰਿਭਾਸ਼ਾ ਦੇਣ ਦੇ ਯੋਗ ਹੋ ਗਏ ਹਾਂ। **ਮਿੰਨੀ ਕਹਾਣੀ** ਗਲਪ ਦੀ ਉਹ ਸਿਨਫ਼ ਹੈ, ਜਿਸਨੂੰ ਪੜ੍ਹਨ ਲਈ ਤਾਂ ਕੋਈ ਖ਼ਾਸ ਸਮੇਂ ਦੀ ਲੋੜ ਨਾ ਹੋਵੇ ਪਰ ਇਸਨੂੰ ਪੜ੍ਹਨ ਉਪਰੰਤ ਪਾਠਕ ਕਾਫ਼ੀ ਸਮੇਂ ਲਈ ਕੁੱਝ ਸੋਚਣ 'ਤੇ ਮਜਬੂਰ ਹੋ ਜਾਵੇ, ਜਿਸ ਦੇ ਬਿਆਨ ਨੇ ਬਹੁਤੀ ਥਾਂ ਨਾ ਘੇਰੀ ਹੋਵੇ ਪਰ ਜਦ ਉਸ ਦੀ ਆਲੋਚਨਾ ਕਰਨ ਲੱਗੇ ਤਾਂ ਉਸ ਨੂੰ ਕਾਫ਼ੀ ਕੁੱਝ ਉਸਦੀ ਰਮਜ਼ ਨੂੰ ਸਮਝਾਉਣ ਲਈ ਲਿਖਣਾ ਪੈ ਜਾਵੇ, ਜਿਸ ਵਿੱਚ ਇਨਸਾਨੀ ਜ਼ਿੰਦਗੀ ਦੇ ਕਿਸੇ ਇੱਕ ਪਹਿਲੂ ਦੇ ਕਿਸੇ ਇੱਕ ਛਿਣ ਨੂੰ ਕਲਾਤਮਕਤਾ ਨਾਲ਼ ਪੇਸ਼ ਕੀਤਾ ਗਿਆ ਹੋਵੇ, ਜਿਸ ਵਿੱਚ ਸਾਧਾਰਨ ਤੋਂ ਸਾਧਾਰਨ ਘਟਨਾ ਦੀ ਅਲੱਗ ਅਹਿਮੀਅਤ ਨਜ਼ਰ ਆਉਣ ਲੱਗ ਜਾਵੇ।

ਹਰ ਭਾਸ਼ਾ ਵਿੱਚ ਕਿਸੇ ਵੀ ਸਾਹਿਤ ਰੂਪ ਦਾ ਮਿੰਨੀ ਰੂਪ ਕਿਸੇ ਨਾ ਕਿਸੇ ਰੂਪ ਵਿੱਚ ਮੌਜੂਦ ਹੈ। ਮੋਟੀਆਂ-ਮੋਟੀਆਂ ਉਦਾਹਰਨਾਂ ਲਈ ਅੰਗ੍ਰੇਜ਼ੀ ਵਾ ਲਿਰੀਕਲ ਐੱਸੇਅ (Lyrical Essay), ਹਿੰਦੀ ਦਾ ਲਲਿਤ ਨਿਬੰਧ, ਲਘੂ ਕਥਾ, ਸ਼ਲੋਕ, ਉਰਦੂ ਵਿੱਚ ਇਨਸ਼ਾਈਆ, ਅਫ਼ਸਾਨਾ, ਸ਼ਿਅਰ ਆਦਿ ਵਿਚਾਰੇ ਜਾ ਸਕਦੇ ਹਨ।

ਹਵਾਲੇ :

1. **ਮਾਰਕਸਵਾਦੀ ਸੁਹਜ ਸ਼ਾਸਤਰ ਦੀਆਂ ਬੁਨਿਆਦਾਂ,** ਪੰਨਾ 67
2. ਸੇਖੋਂ, ਸੰਤ ਸਿੰਘ, **ਸਾਹਿਤਿਆਰਥ,** ਪੰਨਾ 35
3. ਮਧੂ, "ਮੁੱਖਬੰਦ", **ਮੈਕਸਿਮ ਗੋਰਕੀ—ਚੋਣਵੀਆਂ ਕਹਾਣੀਆਂ**, ਪੰਨਾ 13
4. ਕੋਹਲੀ, ਮਹਿੰਦਰਪਾਲ (ਡਾ:), **ਪੰਜਾਬੀ ਦੁਨੀਆ,** ਦਸੰਬਰ, 1985, ਪੰਨਾ 27
5. **ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ,** ਪੰਨਾ 30
6. ਕੋਹਲੀ, ਮਹਿੰਦਰਪਾਲ (ਡਾ:), **ਪੰਜਾਬੀ ਦੁਨੀਆ,** ਦਸੰਬਰ, 1985, ਪੰਨਾ 17
7. **ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਈਸਾਈ ਮਿਸ਼ਨਰੀਆਂ ਦੀ ਦੇਣ,** ਪੰਨਾ 33 —35
8. ਕਸੇਲ, ਕਿਰਪਾਲ ਸਿੰਘ ਅਤੇ ਹੋਰ, **ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ,** ਪੰਨਾ 245—246
9. ਪਿਆਰ ਸਿੰਘ (ਡਾ:), **ਖੋਜ ਪਤ੍ਰਿਕਾ,** ਮਾਰਚ 1982, ਪੰਨਾ 30—31
10. ਉੱਪਲ, ਸਵਿੰਦਰ ਸਿੰਘ (ਡਾ:) **ਖੋਜ ਪਤ੍ਰਿਕਾ,** 1983, ਪੰਨਾ 287
11. **ਸਾਹਿਤ ਸਮਾਚਾਰ** (ਕਹਾਣੀ ਅੰਕ), ਪੰਨਾ 27
12. ਉਹੀ, ਪੰਨਾ 79
13. **ਖੋਜ ਪਤ੍ਰਿਕਾ,** ਮਾਰਚ 1983, ਪੰਨਾ 284
14. **ਪੰਜਾਬੀ ਸਾਹਿਤ ਕੋਸ਼,** ਪੰਨਾ 338
15. **ਪੰਜਾਬੀ ਲੋਕਯਾਨ ਅਤੇ ਸਭਿਆਚਾਰ** ਕਰਤਾ ਬਲਬੀਰ ਸਿੰਘ ਪੂਨੀ, ਪੰਨਾ 57
16. ਉਹੀ, ਪੰਨਾ 21
17. **ਲੋਕਯਾਨ, ਭਾਸ਼ਾ ਅਤੇ ਸਭਿਆਚਾਰ,** ਪੰਨਾ 40
18. **ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਈਸਾਈ ਮਿਸ਼ਨਰੀਆਂ ਦੀ ਦੇਣ,** ਪੰਨੇ 36 ਤੇ 186
19. ਉਹੀ, ਪੰਨਾ 110
20. **ਸਾਹਿਤ ਸਮਾਚਾਰ** (ਕਹਾਣੀ ਅੰਕ), ਪੰਨਾ 91
21. ਜੋਗਿੰਦਰ ਸਿੰਘ ਨਹਿਰੂ, **ਪੰਜਾਬੀ ਦੁਨੀਆ,** ਅਕਤੂਬਰ, 1985, ਪੰਨਾ 58
22. **ਪੰਜਾਬੀ ਕਹਾਣੀਕਾਰ,** ਪੰਨਾ 19
23. **ਖੋਜ ਪਤ੍ਰਿਕਾ,** ਮਾਰਚ 1982, ਪੰਨਾ vi
24. ਉਹੀ, ਪੰਨਾ 341—342
25. **ਅਣੂ**, ਜੂਨ 1979, ਪੰਨਾ 3

26. **ਪੰਜਾਬੀ ਸਾਹਿਤ ਕੋਸ਼**, ਪੰਨਾ 361
27. **ਦ੍ਰਿਸ਼ਟੀਕੋਣ**, ਪੰਨਾ 23 ਅਤੇ 34
28. **ਪੰਜਾਬੀ ਸਾਹਿਤ ਰੂਪ ਰੁਝਾਨ**, ਡਾ: ਰਘਬੀਰ ਸਿੰਘ (ਸੰਪਾ.), ਪੰਨਾ 99
29. **ਮਾਰਕਸਵਾਦੀ ਸਮੀਖਿਆ ਸਿਧਾਂਤ**, ਕ੍ਰਿਤ ਡਾ: ਸੁਰਜੀਤ ਸਿੰਘ ਭੱਟੀ, ਪੰਨਾ 130
30. **ਜਨ ਸਾਹਿਤ**, ਅਪ੍ਰੈਲ 1986
31. **ਲਘੂ ਆਘਾਤ**, ਜੁਲਾਈ 1986—ਮਾਰਚ, 1987, ਪੰਨਾ 11
32. ਉਹੀ, ਪੰਨਾ 11
33. **ਖੋਜ ਪਤ੍ਰਿਕਾ**, ਮਾਰਚ 1982, ਪੰਨਾ 342

———

2 ਮਿੰਨੀ ਕਹਾਣੀ ਦਾ ਵਿਸ਼ਾ-ਵਸਤੂ

ਸਾਹਿਤ ਨੂੰ ਸਮੁੱਚੇ ਮਨੁੱਖੀ ਅਨੁਭਵ ਦਾ ਗਿਆਨਦੂਤ ਕਿਹਾ ਜਾ ਸਕਦਾ ਹੈ। ਤਾਂਹੀਓਂ ਲੇਖਕ ਉਹੀ ਸਫ਼ਲ ਕਿਹਾ ਜਾਂਦਾ ਹੈ ਜੋ ਵਾਤਾਵਰਨ ਨੂੰ ਅਤੇ ਇਸ ਵਿੱਚ ਹੀ ਵਿਕਸਿਤ ਹੋਈ ਮਨੁੱਖੀ ਚੇਤਨਾ ਨੂੰ ਸਹੀ ਸਹੀ ਅਤੇ ਯੋਗ ਢੰਗ ਨਾਲ਼ ਦਰਸਾ ਸਕਦਾ ਹੋਵੇ। ਅਜਿਹੇ ਲੇਖਕ ਦੀ ਰਚਨਾ ਸਾਹਿਤਕ ਖ਼ਜ਼ਾਨੇ ਦਾ ਅਜਿਹਾ ਭਾਗ ਬਣਦੀ ਹੈ ਜਿਸ ਨੂੰ ਸਮੇਂ ਦੀ ਸਿਉਂਕ ਨਹੀਂ ਖਾ ਸਕਦੀ। ਇਸੇ ਲਈ ਸਾਹਿਤ ਨੂੰ ਮਨੁੱਖੀ ਜੀਵਨ ਦੀ ਆਲੋਚਨਾ ਵੀ ਕਿਹਾ ਗਿਆ ਹੈ। ਇਹ ਜੀਵਨ ਇਸ ਸੰਸਾਰ ਵਿੱਚ ਹੀ ਹੈ, ਹੋਰ ਕਿਸੇ ਦੁਨੀਆਂ ਵਿੱਚ ਨਹੀਂ। ਲੇਖਕ ਦੇ ਆਪਣੇ ਤਜਰਬੇ ਇਸ ਨਾਸ਼ਵਾਨ ਸੰਸਾਰ ਵਿੱਚ ਰਹਿੰਦੇ ਹੋਣ ਕਰਕੇ ਉਹ ਆਪਣੀਆਂ ਲਿਖਤਾਂ ਵਿੱਚ ਇਸ ਸੰਸਾਰ ਨੂੰ, ਇਸ ਵਿੱਚ ਵਿਚਰਨ ਵਾਲ਼ੇ ਮਨੁੱਖਾਂ ਨੂੰ, ਉਨ੍ਹਾਂ ਦੇ ਕਾਰਜਾਂ ਨੂੰ ਹੀ ਆਪਣਾ ਵਿਸ਼ਾ ਬਣਾਉਂਦਾ ਹੈ। ਪਰ ਜਦ ਉਹ ਕਿਸੇ ਅਦ੍ਰਿਸ਼ਟਮਾਨ ਸੰਸਾਰ ਨੂੰ ਚਿਤ੍ਰਣ ਲਗਦਾ ਹੈ ਤਾਂ ਉਸ ਵੇਲ਼ੇ ਉਹ ਨਿਰੋਲ ਕਲਪਨਾ ਦੇ ਖੰਭਾਂ 'ਤੇ ਉੱਡ ਰਿਹਾ ਹੁੰਦਾ ਹੈ, ਜਿਵੇਂ ਕਈ ਵਾਰ ਉਸਦੀਆਂ ਰਚਨਾਵਾਂ ਵਿੱਚ ਪਰੀਆਂ, ਦੈਂਤਾਂ, ਫ਼ਰਿਸ਼ਤਿਆਂ ਆਦਿ ਦੇ ਕਾਲਪਨਿਕ ਕਾਰਜ ਉਸ ਦਾ ਵਿਸ਼ਾ ਬਣਦੇ ਹਨ। ਸੋ ਇੱਕ ਵਿਸ਼ੇਸ਼ ਵਿਸ਼ੇ ਦੀ ਪ੍ਰਸਤੁਤੀ ਲਈ ਲੇਖਕ ਵੱਖ-ਵੱਖ ਪਰਿਸਥਿਤੀਆਂ ਅਤੇ ਵੱਖ-ਵੱਖ ਤੰਦਾਂ ਦਾ ਪ੍ਰਯੋਗ ਕਰਦਾ ਹੈ। ਇਨ੍ਹਾਂ ਪਰਿਸਥਿਤੀਆਂ ਅਤੇ ਤੰਦਾਂ ਦਾ ਇਕੱਠ ਹੀ ਵਸਤੂ ਹੈ। ਅਜਿਹਾ ਵਿਸ਼ਾ ਵਸਤੂ ਜੋ ਇੱਕੋ ਲੇਖਕ ਦੀਆਂ ਕਈ ਲਿਖਤਾਂ ਵਿੱਚ ਵਾਰ-ਵਾਰ ਦ੍ਰਿਸ਼ਟਮਾਨ ਹੁੰਦਾ ਹੈ ਉਸਨੂੰ ਜਾਰਜ ਪੂਲੇ[1] (George Poulet) ਨੇ ਥੀਮ ਕਿਹਾ ਹੈ। ਇਹ ਵਸਤੂ ਹੀ ਹੁੰਦਾ ਹੈ ਜੋ ਕਿਸੇ ਵਿਸ਼ੇ ਨੂੰ ਪੇਸ਼ ਕਰਦਾ ਹੈ, ਜਿਵੇਂ ਪਵਿੱਤਰ ਬਾਈਬਲ ਦੇ ਨਵੇਂ ਅਹਿਦਨਾਮੇ (New Testament) ਵਿੱਚ ਹਜ਼ਰਤ ਈਸਾ ਮਸੀਹ ਦਾ ਚਰਿੱਤ੍ਰ ਚਿਤ੍ਰਣ ਬੜੀ ਕਲਾਤਮਕਤਾ ਨਾਲ਼ ਕੀਤਾ ਗਿਆ ਹੈ, ਸੋ ਨਵੇਂ ਅਹਿਦਨਾਮੇ ਦਾ ਵਿਸ਼ਾ ਤਾਂ ਹਜ਼ਰਤ ਈਸਾ ਦਾ ਚਰਿੱਤ੍ਰ-ਚਿਤ੍ਰਣ ਹੋਇਆ ਅਤੇ ਉਨ੍ਹਾਂ ਦੇ ਚਰਿੱਤ੍ਰ-ਚਿਤ੍ਰਣ ਨੂੰ ਪੇਸ਼ ਕਰਨ ਲਈ ਉਨ੍ਹਾਂ ਦੇ ਜੀਵਨ ਦੀਆਂ ਵੱਖ-ਵੱਖ ਘਟਨਾਵਾਂ/ਕਾਰਜਾਂ ਦਾ ਬਿਆਨ ਵਸਤੂ ਆਮ ਤੌਰ 'ਤੇ ਜੋ ਮੁੱਖ ਵਿਚਾਰ ਕਿਸੇ ਰਚਨਾ ਵਿੱਚ ਹੁੰਦਾ ਹੈ ਉਸੇ ਨੂੰ ਉਸਦਾ ਵਿਸ਼ਾ ਕਹਿ ਦਿੱਤਾ ਜਾਂਦਾ ਹੈ ਜਦਕਿ ਅਸਲੀਅਤ ਇੰਝ ਨਹੀਂ ਹੁੰਦੀ। ਮੁੱਖ ਜਾਂ ਕੇਂਦਰੀ ਵਿਚਾਰ ਤਾਂ ਉਸ ਰਚਨਾ ਦੇ ਸੁਨੇਹੇ ਜਾਂ ਸੰਦੇਸ਼ ਨੂੰ ਕਿਹਾ ਜਾਂਦਾ ਹੈ।

ਕਿਸੇ ਵੀ ਸਾਹਿਤਕ ਕ੍ਰਿਤ ਵਿੱਚ ਉੱਭਰ ਕੇ ਸਾਹਮਣੇ ਆਉਂਦੀ ਗੱਲ ਜਾਂ ਸਿੱਖਿਆ ਜ਼ਿਆਦਾ ਅਹਿਮ ਹੰਦੀ ਹੈ ਨਾ ਕਿ ਸਾਹਿਤ ਦਾ ਕੋਈ ਵਿਸ਼ੇਸ਼ ਰੂਪ। ਇਸ ਲਈ ਮਿੰਨੀ ਕਹਾਣੀ ਦੀ ਆਲੋਚਨਾ ਕਰਦੇ ਵਕਤ ਸਿਰਫ਼ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਇਸ ਵਿਚੋਂ ਸਾਨੂੰ ਪ੍ਰਾਪਤ ਕੀ ਹੁੰਦਾ ਹੈ। ਅਸੀਂ ਇਹ ਨਹੀਂ ਸੋਚਣਾ ਕਿ ਚਲੋ ਇਹ ਤਾਂ ਨਿਗੂਣੀ ਜਿਹੀ ਮਿੰਨੀ ਕਹਾਣੀ ਹੀ ਹੈ। ਚੰਗੀ ਕਲਾ ਕ੍ਰਿਤ ਦੇ ਰੂਪ ਨੂੰ ਤਾਂ ਪਾਠਕ/ਦਰਸ਼ਕ ਅਕਸਰ ਭੁੱਲ ਭੁਲਾ ਜਾਂਦੇ ਹਨ ਪਰ ਉਸ ਵਿਚੋਂ ਪ੍ਰਾਪਤ ਹੁੰਦੀ ਨਸੀਹਤ ਉਨ੍ਹਾਂ ਨੂੰ ਹਮੇਸ਼ਾਂ ਯਾਦ ਰਹਿੰਦੀ ਹੈ। ਇਸ ਲਈ ਕੁਦਰਤੀ ਤੌਰ ਨਾਲ਼ ਸਾਡਾ ਧਿਆਨ ਮਿੰਨੀ ਕਹਾਣੀ ਦੇ ਰੂਪਕ ਪੱਖ ਨਾਲ਼ੋਂ ਵਿਸ਼ੇ-ਵਸਤੂ ਵੱਲ ਵਧੇਰੇ ਜਾਵੇਗਾ।

ਕਹਿਣ ਨੂੰ ਮਿੰਨੀ ਕਹਾਣੀ ਹੈ ਅਤੇ ਸੰਜਮਤਾ ਦੀ ਲਖਾਇਕ ਹੈ ਪਰੰਤੂ ਵਿਸ਼ਿਆਂ ਦੀ ਚੋਣ ਅਤੇ ਪੇਸ਼ਕਾਰੀ ਲਈ ਇਹ ਮਿੰਨੀ ਨਹੀਂ ਹੈ। ਗਲਪ ਦੀ ਇਸ ਨਵੀਨ ਸਿਨਫ਼ ਦਾ ਦਿਲ ਬਹੁਤ ਵਿਸ਼ਾਲ ਹੈ, ਇਸ ਦਾ ਫ਼ਰੇਮ ਭਾਵੇਂ ਛੋਟਾ ਹੈ ਪਰੰਤੂ ਇਸ ਵਿੱਚ ਲੇਖਕ ਜੋ ਜੀਅ ਚਾਹੇ ਵਿਸ਼ਾ ਜਜ਼ ਸਕਦਾ ਹੈ, ਜੋ ਵਿਚਾਰ ਚਾਹੇ, ਬਿਆਨ ਕਰ ਸਕਦਾ ਹੈ। ਮਿੰਨੀ ਕਹਾਣੀ ਸਮੁੱਚੀ ਮਨੁੱਖੀ ਜਾਤੀ ਨੂੰ ਆਪਣੇ ਕਲਾਵੇ ਵਿੱਚ ਲੈ ਸਕਣ ਦੀ ਸ਼ਕਤੀ ਰੱਖਦੀ ਹੈ। ਇਸਦੇ ਆਕਾਰ ਨੂੰ ਵੇਖਤੇ ਇਸਨੂੰ ਨਿਮਾਣੀ ਸਮਝਣਾ ਇੱਕ ਭੁੱਲ ਹੀ ਹੋਵੇਗੀ। ਅਲੈਕਸੀ ਟਾਲਸਟਾਏ ਨੇ ਕਿਹਾ ਵੀ ਹੈ, "ਲਘੂ ਰੂਪ ਤੁਹਾਨੂੰ ਕਿਸੇ ਵੱਡੀ ਗੱਲ ਦੇ ਬਿਆਨ ਤੋਂ ਮੂੰਹ ਮੋੜਨ ਦੀ ਆਗਿਆ ਨਹੀਂ ਦਿੰਦਾ।"[2]

ਮਿੰਨੀ ਕਹਾਣੀ ਦਾ ਵਿਸ਼ਾ ਠੋਸ ਹੋਵੇ ਇਹ ਬਹੁਤ ਹੀ ਜ਼ਰੂਰੀ ਹੈ, ਕਿਉਂਕਿ ਉਂਞ ਵੀ ਇਸਨੇ ਇੱਕ ਛਿਣ ਨੂੰ ਪਕੜਨਾ ਹੁੰਦਾ ਹੈ। ਉਸ ਛਿਣ ਵਿੱਚ ਵੀ ਇਤਿਹਾਸਕਿਤਾ ਮੌਜੂਦ ਹੋਵੇ; ਚਾਹੀਦਾ ਤਾਂ ਇਸ ਤਰ੍ਹਾਂ ਹੀ ਹੈ। ਮਿੰਨੀ ਕਹਾਣੀ ਤਾਂ ਹੀ ਬੱਝਵਾਂ ਪ੍ਰਭਾਵ ਪਾਠਕ 'ਤੇ ਪਾ ਸਕਦੀ ਹੈ। ਕਹਿਣ ਦਾ ਮਤਲਬ ਇਸਦਾ, ਇਹ ਵੀ ਹੋ ਸਕਦਾ ਹੈ ਕਿ ਮਿੰਨੀ ਕਹਾਣੀ ਵਿੱਚ ਪੇਸ਼ ਕੀਤਾ ਵਿਸ਼ਾ ਉਦੇਸ਼ ਰਹਿਤ ਕਦੀ ਨਾ ਹੋਵੇ। ਉਦਾਹਰਨ ਵਜੋਂ—ਜਿਸ ਦੌਰ ਵਿੱਚੋਂ ਅੱਜ ਪੰਜਾਬ ਪਿਛਲੇ ਅੱਠ ਨੌਂ ਸਾਲਾਂ ਤੋਂ ਗੁਜ਼ਰ ਰਿਹਾ ਹੈ, ਸਭ ਨੂੰ ਚਿੰਤਾ ਹੈ ਕਿ ਪਤਾ ਨਹੀਂ ਕੀ ਬਣੇਗਾ। ਭਵਿੱਖ ਅਨਿਸਚਿਤ ਲਗਦਾ ਹੈ। ਪਰੰਤੂ 'ਇਤਿਹਾਸ' ਜਿਹੇ ਵਿਸ਼ੇ ਲਈ ਇਹ ਘਟਨਾਵਾਂ ਸਿਰਫ਼ "ਇੱਕ ਮਿੰਟ" ਹੋਣਗੀਆਂ। ਦੂਜੇ ਪਾਸੇ 1947 ਦਾ ਇਕੱਲਾ ਹੀ ਸਾਲ ਭਾਰਤ ਲਈ ਇਤਿਹਾਸਿਕ ਸਾਲ ਹੈ। ਸੋ ਮਿੰਨੀ ਕਹਾਣੀ ਦਾ ਵਿਸ਼ਾ ਵੀ ਅਜਿਹਾ ਹੀ ਸਦੀਵੀ ਹੋਵੇ—ਕਿਸੇ ਵੀ ਘਟਨਾ ਨਿਰੋਲ ਦਾ ਸਤਹੀ ਪੱਧਰ ਨਾ ਪੇਸ਼ ਕੀਤਾ ਗਿਆ ਹੋਵੇ। ਮਿੰਨੀ ਕਹਾਣੀ ਵਿੱਚ ਪਕੜੇ ਗਏ ਛਿਣ ਦਾ ਬਾਰੀਕੀ ਨਾਲ਼ ਵਿਸ਼ਲੇਸ਼ਣ ਕੀਤਾ ਗਿਆ ਹੋਵੇ। ਮਿੰਨੀ ਕਹਾਣੀ ਤਾਂ ਇੱਕ ਤੇਜ਼ ਨਸ਼ਤਰ ਵਾਂਗ ਹੈ ਜੋ ਸਹਿਜੇ ਹੀ ਪਾਠਕਾਂ ਦੇ ਮਨ ਵਿੱਚ ਉੱਤਰ ਜਾਣ ਦੀ ਤਾਕਤ ਰੱਖਦੀ ਹੈ। ਪਰ ਇਸ ਨਸ਼ਤਰ ਨੂੰ ਥਾਂ ਕੁਥਾਂ 'ਤੇ ਚਲਾਉਣਾ ਇਸ ਦੀ ਅਹਿਮੀਅਤ ਘਟਾਉਣ ਦੇ ਬਰਾਬਰ ਹੈ। ਹਾਂ, ਜਦ ਨਸ਼ਤਰ ਚਲਾਉਣਾ ਹੋਵੇ, ਉਦੋਂ ਇਸ ਦੀ ਧਾਰ ਨੂੰ ਦੇਖਣਾ ਜ਼ਰੂਰੀ ਹੈ ਕਿ ਇਹ ਤੇਜ਼ ਹੋਵੇ। 'ਮੇਰਾ ਦਾਗ਼ਿਸਤਾਨ' ਵਿੱਚ ਰਸੂਲ ਹਮਜ਼ਾਤੋਵ ਨੇ ਲੇਖਕਾਂ ਨੂੰ ਸਲਾਹ ਦਿੱਤੀ ਹੈ, "ਇਹ ਨਾ ਕਹੋ : 'ਮੈਨੂੰ ਵਿਸ਼ਾ ਦਿਓ।' ਸਗੋਂ ਇਹ ਕਹੋ : 'ਮੈਨੂੰ ਅੱਖਾਂ ਦਿਉ'।" ਰਸੂਲ ਦਾ ਇਹ ਵਿਚਾਰ ਸਾਡੇ ਉਪਰੋਕਤ ਤੱਥ ਨੂੰ ਪੁਸ਼ਟ ਕਰਨ ਵਿੱਚ ਕਾਫ਼ੀ ਹੈ ਕਿ ਮਿੰਨੀ ਕਹਾਣੀ ਦਾ ਵਿਸ਼ਾ ਠੋਸ ਅਤੇ ਸਦੀਵੀ ਹੋਵੇ।

ਮਿੰਨੀ ਕਹਾਣੀ ਵਿੱਚ ਜਿਸ ਸ਼ਿੱਦਤ ਨਾਲ਼ ਵਿਸ਼ੇ ਦੀ ਪੇਸ਼ਕਾਰੀ ਕੀਤੀ ਗਈ ਹੋਵੇਗੀ, ਪਾਠਕ 'ਤੇ ਉਤਨਾ ਹੀ ਅਮਿੱਟ ਪ੍ਰਭਾਵ ਇਸਦਾ ਪਵੇਗਾ । ਇਹ ਬਿਲਕੁਲ ਉਸੇ ਕਿਰਿਆ ਵਾਂਗ ਹੈ ਜਿਵੇਂ ਇੱਕ ਵਿਅਕਤੀ ਜਦ ਕੋਈ ਰੋੜਾ ਜਿੰਨੀ ਤਾਕਤ ਨਾਲ ਆਕਾਸ਼ ਵੱਲ ਵਗਾਹ ਮਾਰੇਗਾ ਉਸ ਤੋਂ ਦੁੱਗਣੀ ਤੇਜ਼ੀ ਨਾਲ ਉਹ ਰੋੜਾ ਧਰਤੀ 'ਤੇ ਆ ਡਿੱਗੇਗਾ ।

ਸਾਹਿਤ ਦਾ ਖੇਤਰ ਤਾਂ ਇੱਕ ਅਥਾਹ ਸਾਗਰ ਵਾਂਗ ਹੈ ਜਿਸ ਵਿੱਚ ਇਕ ਸਾਹਿਤਕਾਰ ਜਿੰਨੀ ਵੱਡੀ ਚੁੱਭੀ ਲਾਏਗਾ ਉੱਨੇ ਹੀ ਸਿੱਪੀਆਂ, ਹੀਰੇ-ਮੋਤੀ ਲੈ ਕੇ ਆਏਗਾ । ਸਾਹਿਤ ਦੇ ਕਿਸੇ ਵੀ ਰੂਪ ਲਈ ਵਿਸ਼ਾ ਵਸਤੂ ਚੁਣਨ ਵਾਸਤੇ ਉਸਨੂੰ ਪਰਿਸਥਿਤੀ ਦੀ ਡੂੰਘਾਈ ਤੱਕ ਜਾਣਾ ਜ਼ਰੂਰੀ ਹੈ, ਨਹੀਂ ਤਾਂ ਉਸ ਪਰਿਸਥਿਤੀ ਬਾਰੇ ਉਸ ਦਾ ਮੁਲਾਂਕਣ ਸਤਹੀ ਅਤੇ ਓਪਰਾ-ਓਪਰਾ ਲੱਗੇਗਾ । ਉਂਝ ਥੀਮ ਲੇਖਕ ਦਾ ਅਜਿਹਾ ਅਨੁਭਵ ਹੁੰਦਾ ਹੈ ਜੋ ਉਸਨੂੰ ਕਲਮ ਚੁੱਕ ਕੇ ਵਾਹੁਣ ਲਈ ਮਜਬੂਰ ਕਰਦਾ ਹੈ । ਇੱਕ ਲੇਖਕ ਦੇ ਸੰਵੇਦਨਸ਼ੀਲ ਹੋਣ ਕਾਰਨ ਥੋੜ੍ਹੇ ਤੋਂ ਥੋੜ੍ਹੇ ਗ਼ਮ ਅਤੇ ਖ਼ੁਸ਼ੀ ਨੂੰ ਉਹ ਉਂਵ ਹੀ ਗ੍ਰਹਿਣ ਨਹੀਂ ਕਰ ਲੈਂਦਾ । ਕਿਸੇ ਵੀ ਸਥਿਤੀ ਨਾਲ਼ ਟਕਰਾਉਣ ਤੋਂ ਬਾਅਦ ਉਹ ਇਸ ਤਾਕ ਵਿੱਚ ਰਹਿੰਦਾ ਹੈ ਕਿ ਉਹ ਕਿਵੇਂ ਆਪਣੇ ਨਵੀਨ ਤਜਰਬੇ ਨੂੰ ਪਾਠਕਾਂ ਨਾਲ਼ ਸਾਂਝਾ ਕਰੇ । ਸੂਖਮ ਨਜ਼ਰ ਰੱਖਣ ਕਾਰਨ ਉਹ ਇੱਕੋ ਸਥਿਤੀ ਦਾ ਵਿਸ਼ਲੇਸ਼ਣ ਕਈ ਪਹਿਲੂਆਂ ਤੋਂ ਕਰਦਾ ਹੈ । ਆਪਣੇ ਇਸ ਉਦੇਸ਼ ਦੀ ਪੂਰਤੀ ਲਈ ਅਜੋਕਾ ਲੇਖਕ ਮਿੰਨੀ ਕਹਾਣੀ ਵੱਲ ਆਪਣੇ ਆਪ ਖਿੱਚਿਆ ਜਾਂਦਾ ਹੈ । ਕਿਉਂਕਿ ਜੇ ਨਾਵਲ ਸਮੁੱਚੇ ਜੀਵਨ ਦੀ ਵਿਆਖਿਆ ਹੈ ਤਾਂ ਮਿੰਨੀ ਕਹਾਣੀ ਇਨਸਾਨੀ ਜੀਵਨ ਦਾ ਸੂਖਮ ਅਧਿਐਨ ਹੈ । ਇਸ ਵਿਚ ਫ਼ੋਕਸ ਛੋਟੀ ਤੋਂ ਛੋਟੀ ਘਟਨਾ/ਸਥਿਤੀ/ਪਰਿਸਥਿਤੀ 'ਤੇ ਕੇਂਦਰਿਤ ਰਹਿੰਦਾ ਹੈ ਜਿਸ ਨਾਲ ਅਜੋਕੇ ਜੀਵਨ ਦੇ ਮਸਲਿਆਂ 'ਤੇ ਬੜੀ ਨੇੜਿਉਂ ਅਤੇ ਸਫ਼ਲਤਾ ਸਹਿਤ ਚਾਨਣਾ ਪਾਇਆ ਜਾ ਸਕਦਾ ਹੈ । ਇਸੇ ਲਈ ਸਾਡੇ ਵਿਚਾਰ ਵਿੱਚ ਮਿੰਨੀ ਕਹਾਣੀ ਲਈ ਵਿਸ਼ਿਆਂ ਦਾ ਇੰਤਖ਼ਾਬ ਕਰਨਾ ਕੋਈ ਔਖਾ ਨਹੀਂ । ਲੋੜ ਹੈ ਸਿਰਫ ਬਾਰੀਕਬੀਨੀ ਦੀ, ਚੇਤੰਨ ਰਹਿਣ ਦੀ । ਮੇਰਾ ਇਹ ਖ਼ਿਆਲ ਹੈ ਕਿ ਤੁਰਨ ਵੇਲੇ ਜਦ ਤੁਸੀਂ ਪਹਿਲਾ ਕਦਮ ਚੁੱਕਦੇ ਹੋ ਤਾਂ ਇਸ ਉੱਤੇ ਇੱਕ ਮਿੰਨੀ ਕਹਾਣੀ ਲਿਖੀ ਜਾ ਸਕਦੀ ਹੈ ਅਤੇ ਜਦ ਤੁਸੀਂ ਦੂਜਾ ਕਦਮ ਚੁੱਕਦੇ ਹੋ ਤਾਂ ਉਸ ਕਿਰਿਆ ਉੱਤੇ ਆਸਾਨੀ ਨਾਲ਼ ਦੂਜੀ ਮਿੰਨੀ ਕਹਾਣੀ ਲਿਖੀ ਜਾ ਸਕਦੀ ਹੈ । ਇਸੇ ਤਰ੍ਹਾਂ ਤੀਜੀ, ਚੌਥੀ...। ਲੋੜ ਹੈ ਉਸੇ ਕਿਰਿਆ ਨੂੰ ਸੂਖਮਤਾ ਨਾਲ ਵਾਚਣ ਦੀ, ਕਲਪਨਾ ਦੇ ਘੋੜੇ ਦੌੜਾ ਕੇ ਯਥਾਰਥ ਨੂੰ ਵੱਖ-ਵੱਖ ਕੋਣਾਂ ਤੋਂ ਚਿਤ੍ਰਣ ਦੀ । ਸੋ ਸਮੁੱਚਾ ਸਾਹਿਤ ਜੇ ਸਮਾਜ ਦਾ ਦਰਪਣ ਹੈ ਤਾਂ ਮਿੰਨੀ ਕਹਾਣੀ ਇੱਕ ਉਹ ਟੁੱਟਿਆ ਹੋਇਆ ਦਰਪਣ (ਅਜੋਕੇ ਮਾਨਸਿਕ ਤੌਰ 'ਤੇ ਟੁੱਟੇ ਭੱਜੇ ਮਨੁੱਖ ਵਾਂਗ) ਹੈ, ਜਿਸ ਦੇ ਟੁੱਟ ਕੇ ਖਿਲਰੇ ਹੋਏ ਵੱਖ-ਵੱਖ ਟੁਕੜਿਆਂ ਵਿੱਚੋਂ ਇੱਕੋ ਛੋਟੀ ਜਿਹੀ ਵਸਤੂ (ਸਥਿਤੀ) ਦੇ ਪ੍ਰਤੀਬਿੰਬ ਨੂੰ ਅਲੱਗ-ਅਲੱਗ ਕੋਣਾਂ ਤੋਂ ਵਾਚਿਆ ਜਾ ਸਕਦਾ ਹੈ ।

ਮਿੰਨੀ ਕਹਾਣੀ ਵਿੱਚ ਕਿਸੇ ਸਥਿਤੀ ਦੀ ਪੇਸ਼ਕਾਰੀ ਬੜੀ ਆਸਾਨੀ ਨਾਲ ਕੀਤੀ ਜਾ ਸਕਦੀ ਹੈ ਪਰੰਤੂ ਅਜੋਕੇ ਮਿੰਨੀ ਕਹਾਣੀ ਲੇਖਕ ਨਿਰੋਲ ਘਟਨਾ ਦੀ ਪੇਸ਼ਕਾਰੀ ਵੱਲ ਵਧੇਰੇ ਰੁਚਿਤ ਹਨ । ਇਹ ਉਹੀ ਹਨ ਜੋ ਯਥਾਰਥ ਨੂੰ ਫੋਟੋਗ੍ਰਾਫ਼ੀ ਦੇ ਸਮਵਿੱਥ ਰੱਖਣ ਦਾ ਭੁਲੇਖਾ ਖਾ ਬੈਠਦੇ ਹਨ । ਯਥਾਰਥਵਾਦੀ ਸਾਹਿਤ ਦਾ ਕੰਮ ਤਾਂ ਜਮਾਤੀ ਚੇਤੰਨਤਾ ਪੈਦਾ ਕਰਕੇ ਸਮਾਜ ਨੂੰ ਇੱਕ ਸੇਧ ਦੇਣਾ ਹੈ ਜਦਕਿ ਨਿਰੋਲ ਫ਼ੋਟੋਗ੍ਰਾਫ਼ੀ ਕਿਸੇ ਪ੍ਰਕਾਰ ਦੀ ਸੇਧ ਦੇਣੋਂ ਅਸਮਰੱਥ ਹੁੰਦੀ ਹੈ । ਇਸ ਪ੍ਰਕਾਰ

ਘਟਨਾ ਦੀ ਪੇਸ਼ਕਾਰੀ ਅਤੇ ਸਥਿਤੀ ਦੀ ਅਭਿਵਿਅਕਤੀ ਵਿੱਚ ਬੁਨਿਆਦੀ ਫ਼ਰਕ ਹੁੰਦਾ ਹੈ। ਘਟਨਾ ਦੀ ਪੇਸ਼ਕਾਰੀ ਵਿੱਚ, ਜਿਵੇਂ ਅਸੀਂ ਉੱਪਰ ਵੀ ਕਿਹਾ ਹੈ, ਫ਼ੋਟੋਗ੍ਰਾਫ਼ਿਕ ਅੰਸ਼ ਹੁੰਦੇ ਹਨ— ਜਿਸ ਘਟਨਾ ਨੂੰ ਜਿਵੇਂ ਕੋਈ ਸਾਹਿਤਕਾਰ ਵਾਚਦਾ ਹੈ ਉਵੇਂ ਹੀ ਪੇਸ਼ ਕਰ ਦਿੰਦਾ ਹੈ ਜਦਕਿ ਸਥਿਤੀ ਦੀ ਅਭਿਵਿਅਕਤੀ ਵਿੱਚ ਲੇਖਕ ਕਿਸੇ ਘਟਨਾ ਵਿਸ਼ੇਸ਼ ਦਾ ਵਿਸ਼ਲੇਸ਼ਣ ਕਰਦਾ ਹੈ। ਇੱਥੇ ਉਹ ਕਿਸੇ ਘਟਨਾ ਦਾ ਹੂਬਹੂ ਵਰਨਣ ਨਹੀਂ ਕਰਦਾ ਸਗੋਂ ਇੱਥੇ ਉਹ ਘਟਨਾ ਵਿਚਲੇ 'ਕੀ ਹੈ' ਦੇ ਨਾਲ਼ 'ਕਿਉਂ ਹੈ' ਦਾ ਵਰਨਣ ਵੀ ਕਰਦਾ ਹੈ। ਸਥਿਤੀ ਦਾ ਵਰਣਨ ਹੀ ਯਥਾਰਥ ਦੀ ਪੇਸ਼ਕਾਰੀ ਕਹਾਉਂਦਾ ਹੈ। ਪਰੰਤੂ ਕਈ ਵਾਰ ਲੇਖਕ ਅਸਲੀਅਤ ਨੂੰ ਸਿਰਫ਼ ਉਸ ਦੇ ਕੋਝੇ ਤੇ ਕਠੋਰ ਰੂਪ ਅਤੇ ਬਾਹਰੀ ਪ੍ਰਭਾਵਾਂ ਦੇ ਪ੍ਰਤਿਕਰਮ ਵਜੋਂ ਬਿਆਨ ਕਰਕੇ ਆਪਣੀ ਰਚਨਾ ਨੂੰ ਯਥਾਰਥਵਾਦੀ ਕਹਿ ਲੈਣ ਦਾ ਭੁਲੇਖਾ ਖਾ ਬੈਠਦੇ ਹਨ ਜਦਕਿ ਇੱਥੇ ਉਹ ਪ੍ਰਕ੍ਰਿਤੀਵਾਦ ਦਾ ਪੱਖ ਹੀ ਪੂਰ ਰਹੇ ਹੁੰਦੇ ਹਨ। ਯਥਾਰਥਵਾਦੀ ਰਚਨਾ ਤਾਂ ਪਰਿਸਥਿਤੀ ਦੇ ਸੰਕਟ ਪਿੱਛੇ ਛਿਪੇ ਕਾਰਨਾਂ ਦਾ ਡੂੰਘਾਈ ਨਾਲ ਵਿਸ਼ਲੇਸ਼ਣ ਕਰਦੀ ਹੈ, ਇਹ ਦੱਸਦੀ ਹੈ ਕਿ ਮਨੁੱਖ ਦੁਆਰਾ ਭੋਗੀਆਂ ਜਾ ਰਹੀਆਂ ਔਕੜਾਂ ਦੇ ਕਿਹੜੇ ਅੰਤਰਮੁਖੀ ਤੇ ਬਾਹਰਮੁਖੀ ਕਾਰਨ ਹਨ। ਅਵਨੇਰ ਜ਼ੀਸ ਦਾ ਕਥਨ ਵੀ ਹੈ ਕਿ ਕਲਾ ਅਸਲ ਵਰਤਾਰੇ ਦਾ ਕੇਵਲ ਸਿੱਧਾ ਸਿਰਜਣਾਤਮਕ ਦੁਹਰਾਓ ਹੀ ਨਹੀਂ ਹੈ ਕਿਉਂਕਿ ਇਸ ਤਰ੍ਹਾਂ ਕਰਨ ਨਾਲ਼ ਕਲਾ ਆਪਣੀ ਸਮਾਜਕ ਅਹਿਮੀਅਤ ਖੋਹ ਬੈਠਦੀ ਹੈ।[3] ਸਾਹਿਤ ਤਾਂ ਅਸਲ ਵਰਤਾਰੇ ਨਾਲ਼ੋਂ ਹਮੇਸ਼ਾਂ ਤਾਕਤਵਰ ਹੁੰਦਾ ਹੈ ਕਿਉਂਕਿ ਪ੍ਰਤੱਖ ਵਿਚੋਂ ਬੇਹੱਦ ਮਹੱਤਵਪੂਰਣ ਤੱਤ ਹੀ ਸਾਹਿਤ ਦਾ ਸ਼ਿੰਗਾਰ ਬਣਦੇ ਹਨ ਅਤੇ ਫ਼ਾਲਤੂ ਅੰਗਾਂ ਨੂੰ ਖਿੰਘਰ ਸਮਝ ਕੇ ਛੱਡ ਦਿੱਤਾ ਜਾਂਦਾ ਹੈ। ਇਸੇ ਲਈ "ਵਾਸਤਵਿਕ ਜੀਵਨ ਅਤੇ ਸਾਹਿਤ ਤੇ ਕਲਾ ਵਿੱਚ ਚਿਤ੍ਰਿਤ ਜੀਵਨ ਦੀ ਸਮਾਨ ਸੁੰਦਰਤਾ ਦੇ ਬਾਵਜੂਦ ਸਾਹਿਤ ਕ੍ਰਿਤਾਂ ਵਿੱਚ ਚਿਤ੍ਰਿਤ ਜੀਵਨ ਜ਼ਿਆਦਾ ਪ੍ਰਤੀਨਿਧ, ਜ਼ਿਆਦਾ ਸ਼ਕਤੀਸ਼ਾਲੀ ਅਤੇ ਜ਼ਿਆਦਾ ਸਰਵਵਿਆਪੀ ਹੁੰਦਾ ਹੈ।"[4]

ਵਿਸਾਰੀਅਨ ਗਰੀਗੋਰੀਏਵਿਚ ਬੈਲਿੰਸਕੀ ਅਨੁਸਾਰ ਕਲਾਕਾਰ ਦਾ ਇਸ ਪ੍ਰਕ੍ਰਿਤੀ ਵਿੱਚ ਸਭ ਤੋਂ ਸ੍ਰੇਸ਼ਟਤਮ ਮਾਡਲ ਮਨੁੱਖ[5] ਹੈ। ਇਸੇ ਲਈ ਇੱਕ ਯਥਾਰਥਵਾਦੀ ਲੇਖਕ ਵੇਰਵੇ ਦੇ ਸੱਚ ਨੂੰ ਤਾਂ ਈਮਾਨਦਾਰੀ ਨਾਲ਼ ਪ੍ਰਗਟ ਕਰਦਾ ਹੀ ਹੈ ਨਾਲ਼ ਹੀ ਉਹ ਪਾਤਰਾਂ ਦੇ ਕਿਰਦਾਰ ਨੂੰ ਵੀ ਵਫ਼ਾਦਾਰੀ ਨਾਲ ਉਘਾੜਦਾ ਹੈ, ਕਿਉਂਕਿ "ਸਾਹਿਤ ਤੇ ਕਲਾ ਉਹ ਮਾਧਿਅਮ ਹਨ ਜਿਨ੍ਹਾਂ ਰਾਹੀਂ ਮਨੁੱਖੀ ਹਿਰਦੇ ਅੰਦਰ ਲੁਕਿਆ ਉਚੇਰਾ ਸੱਚ ਪ੍ਰਗਟ ਹੁੰਦਾ ਹੈ, ਉਹ ਸੱਚ ਜਿਸ ਨੂੰ ਕਿਸੇ ਨੇ ਚੇਤੰਨ ਤੱਤ ਆਖਿਆ ਹੈ ਕਿਸੇ ਨੇ ਪਰਮ ਸਤਿ ਤੇ ਕਿਸੇ ਹੋਰ ਨੇ ਅਧਿਆਤਮਕ ਸਤਿ।"[6] ਸੋ ਪਾਤਰ ਚਾਹੇ ਬਾਹਰੋਂ ਦੇਖਣ ਨੂੰ ਜਿੰਨੇ ਮਰਜ਼ੀ ਸੋਹਣੇ ਹੋਣ ਪਰ ਜੇ ਲੇਖਕ ਉਨ੍ਹਾਂ ਦੀ ਮਾਨਸਿਕ ਸਥਿਤੀ 'ਤੇ ਪਾਠਕਾਂ ਦੀ ਝਾਤੀ ਨਹੀਂ ਪੁਆਉਂਦਾ ਤਾਂ ਉਸ ਦੁਆਰਾ ਰਚੀ ਜਾਣ ਵਾਲੀ ਕ੍ਰਿਤ ਬਹੁਤੀ ਮਿਆਰੀ ਨਹੀਂ ਗਿਣੀ ਜਾਵੇਗੀ। ਉਂਝ ਵੀ ਲੇਖਕ ਵੱਲੋਂ "ਵਿਸ਼ੇ ਦਾ ਨਿਭਾਅ ਸਰੀਰਕ ਰੂਪ ਵਿਚ ਘੱਟ ਅਤੇ ਮਾਨਸਿਕ ਰੂਪ ਵਿੱਚ ਵਧੇਰੇ ਹੋਣਾ ਚਾਹੀਦਾ ਹੈ।"[7] ਪਰੰਤੂ ਉਹ ਮਨ ਦੀਆਂ ਅੰਦਰੂਨੀ ਤਹਿਆਂ ਨੂੰ ਤਦ ਚਿਤਰ ਸਕਣ ਦੇ ਯੋਗ ਹੋਵੇਗਾ ਜੇ ਉਸ ਨੂੰ ਉਸ ਪਾਤਰ ਵਿਸ਼ੇਸ਼ ਦੀ ਜੀਵਨ ਸਥਿਤੀ ਦਾ ਗਿਆਨ ਹੋਵੇਗਾ ਕਿਉਂਕਿ ਮਨੁੱਖ ਦੀ ਮਾਨਸਿਕ ਸਥਿਤੀ ਉਸ ਦੀ ਜੀਵਨ-ਸਥਿਤੀ 'ਤੇ ਹੀ ਨਿਰਭਰ ਕਰਦੀ ਹੈ। ਸੋ, ਦੂਜੇ ਸ਼ਬਦਾਂ ਵਿੱਚ, ਕਿਸੇ ਵੀ ਪਾਤਰ ਦੀ ਮਾਨਸਿਕਤਾ ਦਾ ਅਧਿਐਨ ਉਸ ਜਮਾਤ ਦੇ ਸਮੁੱਚ ਨੂੰ (ਸਮੇਤ ਮਾਨਸਿਕ ਸਥਿਤੀ, ਜੀਵਨ ਸਥਿਤੀ ਅਤੇ ਉਸਦੀ ਕਲਾ ਦੇ ਮਿਆਰ ਦੇ) ਵੀ ਪੇਸ਼ ਕਰ ਦਿੰਦਾ ਹੈ ਜਿਸ ਦੀ ਉਹ ਪ੍ਰਤੀਨਿਧਤਾ ਕਰ ਰਿਹਾ ਹੁੰਦਾ ਹੈ। ਉਂਝ

ਵੀ ਮਨੁੱਖੀ ਜੀਵਨ ਦਾ ਹਰ ਕਾਰਜ, ਹਰ ਸਮੱਸਿਆ ਉਸ ਦੇ ਆਪਣੇ ਮਨ ਨਾਲ਼ ਸੰਬੰਧਤ ਹੁੰਦੀ ਹੈ—ਜੇ ਕਿਸੇ ਵਿਅਕਤੀ ਦਾ ਦਿਮਾਗ਼ ਕੰਮ ਨਹੀਂ ਕਰ ਰਿਹਾ ਹੁੰਦਾ ਤਾਂ ਉਸ ਲਈ ਇਹ ਸਮਾਜ, ਕੋਈ ਵੀ ਕਾਰਜ, ਘਟਨਾ, ਕਿਸੇ ਪ੍ਰਕਾਰ ਦੀ ਸਮੱਸਿਆ ਆਦਿ ਸਭ ਨਿਗੂਣਾ ਮਹੱਤਵ ਰੱਖਦੇ ਹਨ। ਇਸੇ ਲਈ ਮਨੁੱਖੀ ਮਨ, ਇਸ ਦੀਆਂ ਅਣਗਿਣਤ ਤੈਹਾਂ ਤੇ ਗੁੰਝਲਾਂ ਨੂੰ ਖੋਲ੍ਹਣਾ ਹੀ ਆਧੁਨਿਕ ਸਾਹਿਤ ਦੀ ਨਿਸ਼ਾਨੀ ਬਣਦਾ ਜਾ ਰਿਹਾ ਹੈ। ਫ਼ਿਰ ਮਿੰਨੀ ਕਹਾਣੀ ਤਾਂ ਗਲਪ ਦੀ ਆਧੁਨਿਕ ਤੋਂ ਆਧੁਨਿਕਤਮ ਸਿਨਫ਼ ਹੈ। ਡਾ: ਕੁਲਬੀਰ ਸਿੰਘ ਕਾਂਗ ਅਨੁਸਾਰ, ''ਲੇਖਕ ਨੇ ਤਾਂ ਅੰਤਰਗਤ, ਅਪ੍ਰਗਟ ਤੇ ਮਨੋਵਿਸ਼ਲੇਸ਼ਣਾਤਮਕ ਚਰਿਤ੍ਰ ਉਘਾੜਨੇ ਹੁੰਦੇ ਹਨ। ਕੋਰਾ ਦ੍ਰਿਸ਼ਟਮਾਨ ਯਥਾਰਥ ਤਾਂ ਪੱਤਰਕਾਰੀ ਦਾ ਭੂਸ਼ਨ ਹੈ, ਗਲਪਕਾਰ ਇਸ ਤੋਂ ਅਗੇਰੇ ਛੁਪੇ ਯਥਾਰਥ ਨੂੰ ਪ੍ਰਗਟ ਕਰਦਾ ਹੈ।''[8] ਮਿੰਨੀ ਕਹਾਣੀ ਲੇਖਕ ਦੀ ਮਾਨਸਿਕ ਸ਼ਕਤੀ ਇੰਨੀ ਤੀਖਣ ਤੇ ਬਿਜਲਈ ਹੁੰਦੀ ਹੈ ਕਿ ਯਕਲਖ਼ਤ ਜ਼ਿੰਦਗੀ ਦੀ ਕਿਸੇ ਵੀ ਸਮੱਸਿਆ/ਸਥਿਤੀ ਦਾ ਐਕਸ-ਰੇ ਕਰ ਕੇ ਰੱਖ ਦਿੰਦੀ ਹੈ ਅਤੇ ਪਾਠਕ ਨੂੰ ਕਲਾਪੂਰਨ ਢੰਗ ਨਾਲ਼ ਮਸਲੇ ਦੀ ਤਹਿ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕਰਦੀ ਹੈ। ਉਸਦੀ ਪੈਨੀ ਨਜ਼ਰ ਲੇਜ਼ਰ ਕਿਰਨਾਂ (Laser Beams) ਵਾਂਗ ਲੋਹੇ ਦੀਆਂ ਕੰਧਾਂ ਵਿਚੋਂ ਚੀਰ ਕੇ ਨਿਕਲਣ ਦੀ ਤਾਕਤ ਰੱਖਦੀ ਹੈ। ਮਨੁੱਖੀ ਮਨ ਦੀਆਂ ਗਹਿਰਾਈਆਂ ਨੂੰ ਨਾਪਣ ਦਾ ਹੀਆ ਹਾਲ਼ੇ ਤੱਕ ਕੋਈ ਵਿਗਿਆਨਕ ਨਹੀਂ ਕਰ ਸਕਿਆ ਪਰੰਤੂ ਲੇਖਕ ਨੇ ਮਨੁੱਖੀ ਮਨ ਦੀਆਂ ਤੈਹਾਂ ਨੂੰ ਫ਼ਰੋਲਣ ਦਾ ਸਫ਼ਲ ਕਾਰਜ ਵੀ ਕੀਤਾ ਹੈ। ਸਾਹਿਤਕਾਰ ਉਸ ਤਰਖਾਣ ਵਾਂਗ ਹੈ ਜਿਹੜਾ ਮਨੁੱਖੀ ਜ਼ਿੰਦਗੀ ਰੂਪੀ ਬਿਰਖ ਦੀ ਕੋਈ ਟਾਹਣੀ ਤੋੜ ਕੇ, ਉਸਨੂੰ ਛਿੱਲ ਤਰਾਸ਼ ਕੇ ਮਨਚਾਹੀ ਵਸਤ (ਸਾਹਿਤ ਦਾ ਕੋਈ ਵੀ ਰੂਪ) ਬਣਾ ਲੈਂਦਾ ਹੈ। ਪਰੰਤੂ ਇਸ ਦੌਰਾਨ ਲਕੜੀ ਦੇ ਜਿਹੜੇ ਛਿਲਕੇ ਜਾਂ ਬੂਰਾ ਡਿੱਗਦਾ ਹੈ, ਮਿੰਨੀ ਕਹਾਣੀ ਲੇਖਕ ਦਾ ਕੰਮ ਤਾਂ ਉਨ੍ਹਾਂ ਬੂਰ ਦੇ ਕਿਣਕਿਆਂ ਨੂੰ ਇੱਕ ਇੱਕ ਕਰਕੇ ਚੁਗਣ ਵਾਂਗ ਹੈ। ਲੰਮੀ ਕਹਾਣੀ ਦਾ ਲੇਖਕ ਮਨੁੱਖੀ ਮਨ ਦੀਆਂ ਬੇਗਿਣਤ ਤੈਹਾਂ ਵਰਗੇ ਇਨ੍ਹਾਂ ਅਣਗਿਣਤ ਕਿਣਕਿਆਂ ਨੂੰ ਚੁਗਣ ਉੱਪਰ ਆਪਣਾ ਬਹੁਤਾ ਵਕਤ ਬਰਬਾਦ ਨਹੀਂ ਕਰ ਸਕਦਾ—ਆਖ਼ਿਰ ਲੰਮੀ ਕਹਾਣੀ ਦੀ ਵੀ ਤਾਂ ਇੱਕ ਸੀਮਾ ਹੁੰਦੀ ਹੈ। ਜਦਕਿ ਮਿੰਨੀ ਕਹਾਣੀ ਦੇ ਲੇਖਕ ਕੋਲ਼ ਸਿਰਫ਼ ਇੱਕ ਚੋਣਵਾਂ ਕਿਣਕਾ ਹੁੰਦਾ ਹੈ, ਉਸਨੇ ਉਸੇ ਨੂੰ ਆਪਣੇ ਹਿਸਾਬ ਨਾਲ਼ ਛਿੱਲ ਤਰਾਸ਼ ਕੇ ਇੱਛਤ ਵਿਸ਼ੇ ਦਾ ਆਪਣੀ ਕਹਾਣੀ ਵਿੱਚ ਸਮਾਵੇਸ਼ ਕਰਨਾ ਹੁੰਦਾ ਹੈ। ਨਿਰਸੰਦੇਹ ਅਜਿਹੀ ਪ੍ਰਕਿਰਿਆ ਦੀ ਪੂਰਤੀ ਲਈ ਬੜੀ ਹੀ ਸੂਖਮ ਨਜ਼ਰ ਅਤੇ ਕਮਾਲ ਦੇ ਕਲਾ-ਕੌਸ਼ਲ ਦੀ ਜ਼ਰੂਰਤ ਹੁੰਦੀ ਹੈ। ਇਸੇ ਲਈ ਕਈ ਸਿਆਣੇ ਵਿਦਵਾਨ ਮਿੰਨੀ ਕਹਾਣੀ ਨੂੰ ਲੰਮੀ ਕਹਾਣੀ ਨਾਲ਼ੋਂ ਲਿਖਣਾ ਔਖਾ ਸਮਝਦੇ ਹਨ।

ਪੂੰਜੀਵਾਦੀ ਯੁੱਗ ਦੇ ਆਗਮਨ ਨਾਲ਼ ਮੱਧ ਸ਼੍ਰੇਣੀ ਹੋਂਦ ਵਿੱਚ ਆਈ। ਇਹ ਸ਼੍ਰੇਣੀ ਜਜ਼ਬਾਤੀ ਹੁੰਦੀ ਹੈ ਪਰੰਤੂ ਜੋਸ਼ੀਲੀ ਨਹੀਂ, ਇਹ ਮੌਕਾ ਪ੍ਰਸਤ ਵੀ ਹੁੰਦੀ ਹੈ। ਇਹ ਇੱਕ ਪ੍ਰਕਾਰ ਕਿਰਤੀ ਵਰਗ ਅਤੇ ਸਰਮਾਏਦਾਰਾਂ ਵਿਚਕਾਰ ਪੁਲ਼ ਦਾ ਹੀ ਕੰਮ ਕਰਦੀ ਹੈ। ਇਹ ਕਿਰਤੀਆਂ ਲਈ ਸੁਹਿਰਦਤਾ ਵੀ ਰੱਖਦੀ ਹੈ ਪਰ ਸਰਮਾਏਦਾਰੀ ਵਿਰੁੱਧ ਵੀ ਭੁਗਤਣਾ ਨਹੀਂ ਚਾਹੁੰਦੀ। ਦੂਜੇ ਸ਼ਬਦਾਂ ਵਿੱਚ ਮੱਧ ਸ਼੍ਰੇਣੀ ਅਨ੍ਹੀ ਹੁੰਦੀ ਹੈ ਕਿਉਂਕਿ ਇਸ ਨੂੰ ਆਪਣੇ ਅਸਲੀ ਸ਼ੁਭਚਿੰਤਕ ਦਾ ਪਤਾ ਨਹੀਂ ਹੁੰਦਾ। ਜੇ ਮੱਧ ਸ਼੍ਰੇਣੀ ਅਤੇ ਕਿਰਤੀ ਵਰਗ ਇਕਮੁੱਠ ਹੋ ਜਾਣ ਤਾਂ ਪੂੰਜੀਪਤੀਆਂ ਦੀਆਂ ਚਾਲਾਂ ਅਤੇ ਉਨ੍ਹਾਂ ਦੇ ਜ਼ੁਲਮ ਆਖ਼ਰੀ ਸਾਹਾਂ 'ਤੇ ਪੁੱਜ ਜਾਣ। ਆਮ ਤੌਰ 'ਤੇ ਲੇਖਕਾਂ ਦੇ ਮੱਧ ਵਰਗ

ਨਾਲ਼ ਸੰਬੰਧਿਤ ਹੋਣ ਕਰਕੇ ਉਨ੍ਹਾਂ ਵਿੱਚੋਂ ਬਹੁਤੇ ਭਟਕਣ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਗਲਤ ਦ੍ਰਿਸ਼ਟੀਕੋਣ ਧਾਰਨ ਕਰ ਬੈਠਦੇ ਹਨ, ਜਿਸਦੇ ਸਿੱਟੇ ਵਜੋਂ ਉਹ ਪੂੰਜੀਪਤੀਆਂ ਦੇ ਹੱਕ ਵਿੱਚ ਹੀ ਭੁਗਤੀ ਜਾਂਦੇ ਹਨ। ਪਰੰਤੂ ਇੱਕ ਚੇਤੰਨ ਲੇਖਕ (ਚਾਹੇ ਉਹ ਕਿਸੇ ਵੀ ਸ਼੍ਰੇਣੀ ਨਾਲ ਸੰਬੰਧਿਤ ਹੋਵੇ) ਆਪਣੇ ਸਹੀ ਸਾਥੀ ਨੂੰ ਪਛਾਣਦਾ ਹੋਇਆ ਕਿਰਤੀ ਵਰਗ ਪ੍ਰਤੀ ਸੁਹਿਰਦਤਾ ਰੱਖਦਾ ਹੈ ਅਤੇ ਉਸਦੀ ਜੀਵਨ-ਸਥਿਤੀ ਤੇ ਮਾਨਸਿਕ-ਸਥਿਤੀ ਦੇ ਵਿਭਿੰਨ ਪਹਿਲੂਆਂ ਨੂੰ ਆਪਣੀਆਂ ਕਿਰਤਾਂ ਵਿੱਚ ਰੂਪਮਾਨ ਕਰਦਾ ਹੈ। ਸੋ ਮਿੰਨੀ ਕਹਾਣੀ-ਲੇਖਕ ਲਈ ਵੀ ਦੱਬੇ ਕੁਚਲੇ ਲੋਕਾਂ ਦਾ ਵਿਕਾਸ ਕਰਨਾ ਉਸਦੇ ਮੁੱਖ ਫ਼ਰਜ਼ਾਂ ਵਿਚੋਂ ਇੱਕ ਹੋਣਾ ਚਾਹੀਦਾ ਹੈ ਕਿਉਂਕਿ ਯਥਾਰਥਵਾਦ ਉੱਪਰ ਆਧਾਰਿਤ ਸਾਹਿਤ ਵਿੱਚ "ਪ੍ਰਤੀਨਿਧ ਪਰਿਸਥਿਤੀਆਂ ਵਿੱਚ ਪ੍ਰਤੀਨਿਧ ਪਾਤਰਾਂ ਦਾ ਸੱਚਾ ਚਿਤ੍ਰਣ"[9] ਹੁੰਦਾ ਹੈ।

ਮਿੰਨੀ ਕਹਾਣੀ ਦਾ ਵਿਸ਼ਾ ਘੱਟੋ ਘੱਟ ਅਜਿਹਾ ਜ਼ਰੂਰ ਹੀ ਹੋਣਾ ਚਾਹੀਦਾ ਹੈ ਜੋ ਇਨਸਾਨ ਅਤੇ ਉਸਦੇ ਸਭਿਆਚਾਰਕ ਵਿਕਾਸ ਦੋਹਾਂ ਵਿੱਚ ਸਹਾਈ ਹੋਵੇ। ਇਸ ਵਿਚਲਾ ਸਮੁੱਚਾ ਪ੍ਰਭਾਵ ਪਾਠਕ 'ਤੇ ਉਸਾਰੂ ਹੀ ਪਵੇ ਇਸ ਗੱਲ ਦਾ ਵੀ ਧਿਆਨ ਲੇਖਕ ਨੂੰ ਰੱਖਣਾ ਚਾਹੀਦਾ ਹੈ। ਉਸ ਨੂੰ ਆਪਣੇ ਜ਼ਿਹਨ ਵਿੱਚ ਸਦਾਚਾਰਕ ਸੰਕਲਪ ਦਾ ਫ਼ੈਸਲਾ ਪਹਿਲਾਂ ਹੀ ਕਰ ਲੈਣਾ ਚਾਹੀਦਾ ਹੈ ਜੇ ਉਹ ਪਾਠਕਾਂ ਦੇ ਮਨਾਂ ਵਿੱਚ ਡੂੰਘਾ ਉੱਤਰਨਾ ਚਾਹੁੰਦਾ ਹੈ। ਪਰੰਤੂ ਅਜਿਹਾ ਕਰਦੇ ਹੋਏ ਉਹ ਕਦੇ ਪ੍ਰਚਾਰਕ ਜਾਂ ਉਪਦੇਸ਼ਕ ਦਾ ਰੂਪ ਨਾ ਧਾਰਨ ਕਰ ਲਵੇ। ਪੰਜਾਬੀ ਸਾਹਿਤ ਵਿੱਚ ਕੁੱਝ ਖਿੱਤਿਆਂ ਵਿੱਚ ਹਾਲ਼ੇ ਵੀ ਅਖੌਤੀ ਪ੍ਰਗਤੀਵਾਦੀ ਲਹਿਰਾਂ ਪਾਗਲਪੁਣੇ ਦੀ ਹੱਦ ਤੱਕ ਭਾਰੂ ਹਨ ਜਿੱਥੇ ਹਰ ਉਸ ਸਾਹਿਤਕ ਕ੍ਰਿਤ ਨੂੰ 'ਅਗਾਂਹਵਧੂ' ਤਸਲੀਮ ਕਰ ਲਿਆ ਜਾਂਦਾ ਹੈ ਜਿਸ ਵਿੱਚ ਨਾਇਕ ਜਾਂ ਕੋਈ ਹੋਰ ਪਾਤਰ ਜਲਦੀ ਦੇ ਕੇ ਤਲਵਾਰ ਚੁੱਕ ਲੈਂਦਾ ਹੈ ਜਾਂ ਫੇਰ ਜਿਸ ਵਿੱਚ ਮਾਰਕਸਵਾਦ ਦਾ ਸਿੱਧਾ ਪ੍ਰਚਾਰ ਕੀਤਾ ਗਿਆ ਹੁੰਦਾ ਹੈ। ਇਹ ਰੁਝਾਨ ਬਹੁਤ ਹੀ ਖ਼ਤਰਨਾਕ ਹੈ। ਇਹ ਠੀਕ ਹੈ ਕਿ ਪੁਰਾਤਨ ਸਮਿਆਂ ਤੋਂ ਹੀ ਧਾੜਵੀਆਂ (invaders) ਦੇ ਹਮਲੇ ਸਹਿੰਦੇ ਰਹਿਣ ਕਾਰਨ ਪੰਜਾਬੀਆਂ ਦੇ ਖ਼ੂਨ ਵਿੱਚ ਅਧੀਨਗੀ ਮੰਨਣ ਅਤੇ ਜ਼ੁਲਮ ਸਹਿਣ ਦੇ ਕੀਟਾਣੂ ਮਰ ਖਪ ਚੁੱਕੇ ਹਨ ਇਸੇ ਲਈ ਉਹ ਜਲਦੀ ਤਲਵਾਰ ਚੁੱਕ ਲੈਂਦੇ ਹਨ ਪਰੰਤੂ ਬਿਨਾਂ ਸੰਗਠਿਤ ਹੋਏ ਲੜਨ ਮਰਨ ਨੂੰ ਤਿਆਰ ਹੋ ਜਾਣਾ ਖ਼ੁਦਕਸ਼ੀ ਕਰਨ ਦੇ ਬਰਾਬਰ ਹੈ। ਇਸੇ ਲਈ ਅਜਿਹੀਆਂ ਪਰਿਸਥਿਤੀਆਂ ਨੂੰ ਆਪਣੀਆਂ ਕ੍ਰਿਤਾਂ ਵਿੱਚ ਪੇਸ਼ ਕਰਨ ਵਾਲ਼ੇ ਲੇਖਕ ਸਮੂਹਕ ਇਨਕਲਾਬ ਦੀ ਥਾਂ ਵਿਅਕਤੀਗਤ ਇਨਕਲਾਬ ਲਿਆਉਣ ਦੇ ਹਾਮੀ ਬਣ ਕੇ ਰਹਿ ਜਾਂਦੇ ਹਠ। ਪ੍ਰਸਿੱਧ ਮਾਰਕਸਵਾਦੀ ਆਲੋਚਕ ਲੂਕਾਚ ਖ਼ੁਦ ਸਾਹਿਤ ਵਿੱਚ ਪ੍ਰਚਾਰ ਨੂੰ ਓਨਾ ਹੀ ਖ਼ਤਰਨਾਕ ਸਮਝਦੇ ਹਨ ਜਿੰਨਾ 'ਕਲਾ ਕਲਾ ਲਈ' ਦੇ ਸਿਧਾਂਤ ਨੂੰ। ਲੂਕਾਚ ਅਨੁਸਾਰ ਅਗਾਂਹਵਧੂ ਸਾਹਿਤ ਦੀ ਪਰਿਭਾਸ਼ਾ ਕੁੱਝ ਇੰਝ ਹੈ, "ਹਰ ਮਹਾਨ ਕਲਾ... ਜੇ ਇਹ ਕਿਸੇ ਦੌਰ ਦੀਆਂ ਉਨ੍ਹਾਂ ਸੰਸਾਰ-ਇਤਿਹਾਸਿਕ ਤਾਕਤਾਂ, ਜੋ ਤਬਦੀਲੀ ਲਿਆਉਂਦੀਆਂ ਤੇ ਵਿਕਾਸ ਕਰਦੀਆਂ ਹਨ, ਨੂੰ ਪਛਾਣਦੀ ਹੈ ਤੇ ਆਪਣੀ ਮੁਕੰਮਲ ਪੂਰਨ-ਜਟਿਲਤਾ ਵਿੱਚ ਉਨ੍ਹਾਂ ਦੀ ਪ੍ਰਗਟ ਕਰਨ ਵਾਲ਼ੀ ਸਮਰੱਥਾ ਨੂੰ ਪ੍ਰਗਟ ਕਰਦੀ ਹੈ, ਤਾਂ ਨਿਸਚੇ ਹੀ ਸਮਾਜਕ ਪੱਖੋਂ ਅਗਾਂਹਵਧੂ ਹੈ।"[10]

ਇਹ ਠੀਕ ਹੈ ਕਿ ਲੇਖਕ ਦਾ ਇੱਛਤ ਯਥਾਰਥ ਕਈ ਹਾਲਤਾਂ ਵਿੱਚ ਉਸ ਦੀਆਂ ਰਚਨਾਵਾਂ ਵਿੱਚ ਪ੍ਰਵੇਸ਼ ਕਰ ਜਾਂਦਾ ਹੈ। ਪਰੰਤੂ ਇੱਕ ਗੱਲ ਦਾ ਧਿਆਨ ਲੇਖਕ ਨੂੰ ਰੱਖਣਾ ਚਾਹੀਦਾ ਹੈ ਕਿ

ਉਸਦਾ ਇੱਛਤ ਯਥਾਰਥ ਵਿਅਕਤੀਗਤ ਇਨਕਲਾਬ ਜਿਹੇ ਅਣਵਾਸਤਵਿਕ ਸੁਪਨ-ਮੰਡਲਾਂ ਵਿੱਚ ਤਾਰੀਆਂ ਲਾਉਂਦਾ ਨਾ ਰਹਿ ਜਾਵੇ ਕਿਉਂਕਿ ਸਾਹਿਤ ਵਿੱਚ ਇਸ ਤਰ੍ਹਾਂ ਦੇ ਯਥਾਰਥ ਦਾ ਪ੍ਰਯੋਗ ਕੋਈ ਉਪਯੋਗ ਨਹੀਂ ਰੱਖਦਾ। ਇਹੋ ਜਿਹੇ ਸੁਪਨੇ ਸੌਂ ਕੇ ਹੀ ਦੇਖੇ ਜਾ ਸਕਦੇ ਹਨ ਅਤੇ ਸਾਹਿਤ ਸੌਂ ਕੇ ਸਿਰਜਣ ਵਾਲਾ ਮਖੌਲ ਨਹੀਂ। ਇੱਥੇ ਮੈਂ ਸਾਹਿੱਤ ਵਿੱਚ ਇੱਛਤ ਯਥਾਰਥ ਦੀ ਵਰਤੋਂ ਦਾ ਵਿਰੋਧ ਨਹੀਂ ਕਰ ਰਿਹਾ ਸਗੋਂ ਇਸ ਦੀ ਯੋਗ ਢੰਗ ਨਾਲ਼ ਵਰਤੋਂ ਦੀ ਅਪੀਲ ਕਰ ਰਿਹਾ ਹਾਂ। ਕਿਸੇ ਪਰਿਸਥਿਤੀ ਜਾਂ ਸਮੱਸਿਆ ਦੀ ਤਹਿ ਨੂੰ ਘੋਖੇ ਬਿਨਾਂ ਸਸਤਾ ਜਿਹਾ ਤੇ ਘਟੀਆ ਜਿਹਾ ਹੱਲ ਕੱਢ ਕੇ ਸਾਹਿਤ ਵਿੱਚ ਪੇਸ਼ ਕਰ ਦੇਣ ਵਾਲ਼ਾ ਲੇਖਕ ਪਾਠਕ-ਵਰਗ ਨੂੰ ਕਿਸੇ ਪੱਖੋਂ ਕੋਈ ਫ਼ਾਇਦਾ ਨਹੀਂ ਪੁਚਾ ਸਕਦਾ। ਡਾ: ਰੌਸ਼ਨ ਲਾਲ ਆਹੂਜਾ ਮੁਤਾਬਕ, "ਇਨਕਲਾਬ-ਪਸੰਦ ਸਾਹਿਤ ਨੂੰ ਪਿਸਤੌਲ ਤੇ ਬੰਬ ਵਾਂਗ, ਇਨਕਲਾਬ ਦਾ ਇਕ ਜ਼ਰੂਰੀ ਸਾਧਨ ਸਮਝਦੇ ਹਨ। ਅਜਿਹੇ ਆਲੋਚਕ ਤੁਰਕਾਂ ਤੇ ਕਾਜ਼ੀਆਂ ਵਾਂਗ ਸਾਹਿਤ ਬਾਰੇ ਫ਼ਤਵੇ ਦਿੰਦੇ ਹਨ।"[11] ਡਾ: ਆਹੂਜਾ ਦਾ ਇਹ ਗਿਲਾ ਜਾਇਜ਼ ਹੀ ਜਾਪਦਾ ਹੈ ਕਿਉਂਕਿ ਖ਼ੁਦ ਕਾਰਲ ਮਾਰਕਸ ਵੀ ਸਾਹਿਤ ਤੇ "ਕਲਾ ਨੂੰ ਵਿਚਾਰਧਾਰਕ ਸੰਘਰਸ਼ ਵਿੱਚ ਇੱਕ ਮਹੱਤਵਪੂਰਨ ਹਥਿਆਰ"[12] ਤਾਂ ਮੰਨਦੇ ਹਨ, ਇਨਕਲਾਬ ਲਿਆਉਣ ਵਾਲ਼ੀ ਕੋਈ ਸ਼ਕਤੀ ਸਵੀਕਾਰ ਨਹੀਂ ਕਰਦੇ। ਮਾਓ-ਜ਼ੇ-ਤੁੰਗ ਦਾ ਵਿਚਾਰ ਵੀ ਇੱਥੇ ਬਹੁਤ ਹੀ ਵਿਵਹਾਰਕ ਹੈ, ਉਹ ਫ਼ਰਮਾਉਂਦੇ ਹਨ, "ਦੁੰਦਵਾਦੀ ਅਤੇ ਇਤਿਹਾਸਿਕ ਪਦਾਰਥਵਾਦ ਦੀ ਵਰਤੋਂ ਸਾਹਿਤ-ਸਿਰਜਣਾ ਵਿੱਚ ਅਗਵਾਈ ਪ੍ਰਾਪਤ ਕਰਨ ਹਿਤ ਹੀ ਕਰਨੀ ਚਾਹੀਦੀ ਹੈ। ਸਾਹਿਤ ਕਿਰਤਾਂ ਨੂੰ ਦਾਰਸ਼ਨਿਕ ਲੇਖਾਂ ਜਾਂ ਵਿਚਾਰ ਵਟਾਂਦਰਿਆਂ ਵਿੱਚ ਤਬਦੀਲ ਕਰਨ ਲਈ ਨਹੀਂ।"[13] ਏ ਵੀ. ਲੂਨਾਚਾਰਸਕੀ ਮੁਤਾਬਕ, "ਸਾਹਿਤ ਬਿੰਬਾਂ ਦੀ ਕਲਾ ਹੈ ਅਤੇ ਨੰਗੇ ਰੂਪ ਵਿੱਚ ਵਿਚਾਰਾਂ ਜਾਂ ਪ੍ਰਚਾਰ ਦਾ ਦਖ਼ਲ ਕਿਸੇ ਵੀ ਸਾਹਿਤਕ ਕ੍ਰਿਤ ਲਈ ਹਮੇਸ਼ਾਂ ਘਾਤਕ ਹੁੰਦਾ ਹੈ।"[14] ਫ੍ਰੈਡਰਿਕ ਏਂਗਲਜ਼[15] ਦਾ ਵਿਚਾਰ ਵੀ ਇਹੀ ਹੈ ਕਿ ਕਲਾਕ੍ਰਿਤ ਦਾ ਚੰਗਾ ਮਿਆਰ ਕਾਇਮ ਰੱਖਣ ਲਈ ਲੇਖਕ ਦੇ ਵਿਚਾਰਾਂ ਨੂੰ ਗੁਪਤ ਰੂਪ ਵਿੱਚ ਹੀ ਪੇਸ਼ ਹੋਣਾ ਚਾਹੀਦਾ ਹੈ ਕਿਉਂਕਿ ਪਾਠਕਾਂ 'ਚੋਂ ਬਹੁਤੇ ਬੁਰਜੁਆਜ਼ੀ ਨਾਲ ਸੰਬੰਧਿਤ ਹਨ।

ਕਈ ਵਾਰ ਲੇਖਕ ਇਹ ਸੋਚ ਕੇ ਵੀ ਆਪਣੀ ਰਚਨਾ ਵਿੱਚ ਪ੍ਰਚਾਰ ਦਾ ਅੰਸ਼ ਪਾ ਜਾਂਦਾ ਹੈ ਕਿ ਸ਼ਾਇਦ ਉਸਦਾ ਪਾਠਕ ਉਸ ਦੁਆਰਾ ਕਹੀ ਗੱਲ ਨੂੰ ਨਾ ਸਮਝੇ ਜਾਂ ਗਲਤ ਸਮਝੇ ਜਾਂ ਉਸ ਦੁਆਰਾ ਕੱਢੇ ਗਏ ਸਿੱਟਿਆਂ ਦੀ ਤਹਿ ਤੱਕ ਨਾ ਪਹੁੰਚੇ। ਪਰ ਲੇਖਕ ਦੀ ਅਜਿਹੀ ਸੋਚ ਉਸਦੀ ਰਚਨਾ ਦੇ ਕਲਾ-ਪੱਖ ਅਤੇ ਪਾਠਕ ਦੇ ਸੁਹਜ-ਸੁਆਦ ਦੋਹਾਂ ਨੂੰ ਸੱਟ ਮਾਰਦੀ ਹੈ। ਲੇਖਕ ਨੂੰ ਤਾਂ "ਆਪਣੀ ਰਚਨਾ ਵਿੱਚ ਹਰ ਥਾਂ ਵਿਆਪਤ ਹੁੰਦਿਆਂ ਵੀ, ਕਿਸੇ ਥਾਂ ਵਿਆਪਤ ਨਹੀਂ ਹੋਣਾ ਚਾਹੀਦਾ।...ਉਸਨੂੰ ਤਾਂ ਆਪਣੀ ਰਚਨਾ ਵਿੱਚ ਉਸੇ ਤਰ੍ਹਾਂ ਰਹਿਣਾ ਚਾਹੀਦਾ ਹੈ ਜਿਵੇਂ ਭਗਵਾਨ ਬ੍ਰਹਿਮੰਡ ਵਿੱਚ ਰਹਿੰਦੇ ਹਨ, ਸਭ ਜਗ੍ਹਾ ਵਿਆਪਕ, ਲੇਕਿਨ ਕਿਤੇ ਵੀ ਦ੍ਰਿਸ਼ਟੀਗੋਚਰ ਨਹੀਂ ਹੁੰਦੇ।"[16] ਇਸ ਲਈ ਮਿੰਨੀ ਕਹਾਣੀ ਵਿਚ ਲੇਖਕ ਦਾ ਆਸ਼ਾ ਉਸਦੀ ਕਹਾਣੀ ਦੇ ਵਿਸ਼ੇ-ਵਸਤੂ ਵਿਚੋਂ ਆਪਣੇ ਆਪ ਉਘੜੇ-ਲੇਖਕ ਆਪਣੇ ਵਲੋਂ ਕੁੱਝ ਨਾ ਕਹੇ। ਉਂਝ ਵੀ ਲੇਖਕ ਦਾ ਕੰਮ ਪਾਠਕ ਨੂੰ ਉਸਦੇ ਇੱਛਤ ਘਰ ਦਾ ਨੰਬਰ ਅਤੇ ਉਸਦੀ ਨੰਬਰ ਪਲੇਟ ਦੱਸਣ ਵਾਂਗ ਹੁੰਦਾ ਹੈ ਨਾ ਕਿ ਉਸਨੂੰ ਘਰ ਦੇ ਅੰਦਰ ਆਪ ਵਾੜਨਾ। ਕਹਿਣ ਦਾ ਭਾਵ ਇਹ ਕਿ ਮਿੰਨੀ ਕਹਾਣੀ ਦੇ ਵਿਸ਼ੇ ਦਾ ਨਿਭਾਅ ਇੰਝ ਹੋਵੇ ਕਿ ਕਹਾਣੀ ਦਾ ਅੰਤ ਸੁਝਾਊ ਹੋ ਨਿਬੜੇ। ਸੁਝਾਊ ਅੰਸ਼ (unsaid manner) ਇੱਕ ਸਫ਼ਲ ਮਿੰਨੀ ਕਹਾਣੀ ਦੀ ਜਿੰਦ ਜਾਨ ਹੁੰਦਾ ਹੈ। ਦੂਜੇ, ਨਾਅਰੇਬਾਜ਼ੀ ਨੂੰ ਤਾਂ

ਗਲਪ ਦੀ ਇਸ ਸਿਨਫ਼ ਦਾ ਛੋਟਾ ਜਿਹਾ ਜੁੱਸਾ ਬਰਦਾਸ਼ਤ ਕਰ ਹੀ ਨਹੀਂ ਸਕਦਾ। ਅੱਵਲ ਤਾਂ ਕਿਸੇ ਸਮੱਸਿਆ ਦਾ ਹੱਲ ਪੇਸ਼ ਕਰਨਾ ਲੇਖਕ ਦੇ ਫ਼ਰਜ਼ਾਂ ਵਿੱਚ ਸ਼ਾਮਿਲ ਨਹੀਂ ਹੁੰਦਾ ਪਰੰਤੂ ਜੇ ਉਸਨੂੰ ਕਿਧਰੇ ਕਿਸੇ ਸਮਾਜਕ, ਆਰਥਿਕ, ਰਾਜਨੀਤਿਕ, ਸਭਿਆਚਾਰਕ ਤੇ ਧਾਰਮਿਕ ਸਮੱਸਿਆ ਦਾ ਸਾਹਮਣਾ ਕਰਦਿਆਂ ਇੰਝ ਕਰਨਾ ਪੈ ਵੀ ਜਾਵੇ ਤਾਂ ਉਸਦਾ ਆਪਣਾ ਵਿਚਾਰ ਵਿਸ਼ੇ-ਵਸਤੂ ਦੀ ਰੂਹ ਬਣਕੇ ਪੇਸ਼ ਹੋਵੇ। ਭਵਿੱਖ ਲਈ ਹੱਲ ਉਸ ਕੈਪਸੂਲ ਵਾਂਗ ਹੋਵੇ ਜੋ ਬੁਖ਼ਾਰ ਨਾਲ ਤਪੇ ਹੋਏ ਸਰੀਰ ਨੂੰ ਅੰਦਰੋਂ ਅੰਦਰ ਚੁਪਚਾਪ ਠਾਰਦਾ ਹੈ। ਕੈਪਸੂਲ ਦਾ ਅਸਰ ਦੂਜਿਆਂ ਨੂੰ ਉਦੋਂ ਹੀ ਪਤਾ ਲੱਗਦਾ ਹੈ ਜਦ ਬੁਖ਼ਾਰ ਉਤਰ ਜਾਂਦਾ ਹੈ ਭਾਵ ਸਮੱਸਿਆ ਹੱਲ ਹੋ ਜਾਂਦੀ ਹੈ। ਲੇਖਕ ਨੂੰ ਤਾਂ ਚਾਹੀਦਾ ਹੈ ਕਿ ਉਹ ਜੀਵਨ ਦੀਆਂ ਬੁਰਾਈਆਂ ਨੂੰ ਹੂਬਹੂ ਚਿਤਰ ਕੇ ਪਾਠਕਾਂ ਦੇ ਮਨ ਅੰਦਰ ਘ੍ਰਿਣਾ ਪੈਦਾ ਕਰੇ ਅਤੇ ਅਜੋਕੇ ਸਮਾਜ ਨੂੰ ਬਦਲ ਦੇਣ ਦੀ ਭਾਵਨਾ ਉਤਪੰਨ ਕਰੇ। ਉਸਦਾ ਮੰਤਵ ਪਾਠਕਾਂ ਨੂੰ ਇਹ ਅਹਿਸਾਸ ਦਿਲਾ ਕੇ ਇਹ ਪ੍ਰਸ਼ਨ ਖੜ੍ਹਾ ਕਰਨਾ ਹੋਣਾ ਚਾਹੀਦਾ ਹੈ ਕਿ ਇਸ ਕਾਣੀ ਵੰਡ ਵਾਲੇ ਸਮਾਜ ਵਿੱਚ ਜੋ ਕੁੱਝ ਵਾਪਰ ਰਿਹਾ ਹੈ—ਕੀ ਉਨ੍ਹਾਂ ਦੇ ਆਪਣੇ ਖ਼ਿਆਲ ਮੁਤਾਬਕ ਠੀਕ ਹੈ ? ਫ਼ੈਸਲਾ ਪਾਠਕਾ ਨੇ ਆਪ ਕਰਨਾ ਹੈ। ਉਦਾਹਰਣ ਵਜੋਂ ਜੇ ਕਿਸੇ ਮਿੰਨੀ ਕਹਾਣੀ ਨੂੰ ਪੜ੍ਹਨ ਉਪਰੰਤ ਉਸ ਵਿਚਲੇ ਪਾਤਰ ਜਾਂ ਘਟਨਾ ਨੂੰ ਪਰਖ ਕੇ ਪਾਠਕ ਨੂੰ ਅਹਿਸਾਸ ਹੋਵੇ ਕਿ 'ਪਾਤਰ ਨੇ ਗਲਤ ਕੀਤਾ' ਜਾਂ 'ਜੋ ਘਟਨਾ ਵਾਪਰੀ ਹੈ ਉਹ ਠੀਕ ਨਹੀਂ ਅਤੇ ਅਜਿਹਾ ਨਹੀਂ ਹੋਣਾ ਚਾਹੀਦਾ' ਤਾਂ ਮੈਂ ਸਮਝਦਾ ਹਾਂ ਕਿ ਉਹ ਕਹਾਣੀ ਕਾਮਯਾਬ ਹੈ।

ਪਾਠਕ ਨੂੰ ਉਪਰੋਕਤ ਅਹਿਸਾਸ ਦਿਲਾਉਣ ਲਈ ਜ਼ਿੰਦਗੀ ਦੀ ਹਕੀਕਤ ਨੂੰ ਆਪਣੀਆਂ ਰਚਨਾਵਾਂ ਵਿੱਚ ਪੇਸ਼ ਕਰਨਾ ਹੀ ਲੇਖਕ ਦਾ ਪਹਿਲਾ ਫ਼ਰਜ਼ ਹੋਣਾ ਚਾਹੀਦਾ ਹੈ। ਝੂਠ ਨੂੰ ਸੱਚ ਬਣਾਉਣਾ ਤੇ ਸੱਚ ਨੂੰ ਵਧਾ ਚੜ੍ਹਾ ਕੇ ਪੇਸ਼ ਕਰਨਾ ਜਿਹੀਆਂ ਹਰਕਤਾਂ ਤੋਂ ਉਸਨੂੰ ਬਚ ਕੇ ਹੀ ਰਹਿਣਾ ਚਾਹੀਦਾ ਹੈ। ਕਈ ਸਾਹਿਤਕਾਰ/ਵਿਦਵਾਨ ਆਲੋਚਕ ਅਕਸਰ ਇਹ ਕਹਿੰਦੇ ਹਨ ਕਿ ਜੇ ਜੀਵਨ ਦੇ ਕੌੜੇ ਯਥਾਰਥ ਨੂੰ ਤੁਸੀਂ ਪੇਸ਼ ਕਰਨਾ ਹੈ ਤਾ ਵੀ ਕਲਪਨਾ ਦੀ ਖੰਡ ਵਿੱਚ ਵਲ੍ਹੇਟ ਕੇ—ਨਹੀਂ ਤਾਂ ਯਥਾਰਥ ਇੰਨਾ ਕੌੜਾ ਹੋ ਜਾਵੇਗਾ ਕਿ ਇਸ ਦਾ ਸਾਹਮਣਾ ਕਰਨ ਵਿੱਚ ਵੀ ਮੁਸ਼ਕਿਲ ਪੇਸ਼ ਆਏਗੀ। ਪਰੰਤੂ ਮੇਰੇ ਖ਼ਿਆਲ ਅਨੁਸਾਰ ਕੌੜੇ ਯਥਾਰਥ ਨੂੰ ਕੌੜੇ ਢੰਗ ਨਾਲ਼ ਪੇਸ਼ ਕਰਨਾ ਹੀ ਅੱਜ ਦੀ ਲੋੜ ਹੈ। ਅਜੋਕੇ ਦੌਰ ਵਿੱਚ ਇਨਸਾਨ ਨਿਰੋਲ ਹੱਡ ਮਾਸ ਦਾ ਪੁਤਲਾ ਬਣ ਕੇ ਆਪਣੀ ਹੀ ਸਰੀਰਕ ਤੇ ਆਤਮਿਕ ਤ੍ਰਿਪਤੀ ਵਿੱਚ ਰੁੱਝਿਆ ਹੋਇਆ ਹੈ, ਇਨਸਾਨੀਅਤ ਖ਼ਤਮ ਹੁੰਦੀ ਜਾ ਰਹੀ ਹੈ, ਉਸਦੀ ਜ਼ਮੀਰ ਆਪਣਾ ਵਜੂਦ ਖੋਹੰਦੀ ਜਾ ਰਹੀ ਹੈ—ਇਸ ਨੂੰ ਝੰਜੋੜਨ ਦੀ ਲੋੜ ਹੈ। ਜੇ ਸਾਡਾ ਸਮਾਜਕ ਜੀਵਨ ਹੀ ਇੰਨਾ ਔਕੜਾਂ ਭਰਿਆ ਹੈ ਤਾਂ ਅਸੀਂ ਇੱਕ ਲੇਖਕ ਤੋਂ ਕਿਵੇਂ ਉਮੀਦ ਕਰ ਸਕਦੇ ਹਾਂ ਕਿ ਉਹ ਇਨ੍ਹਾਂ ਦੁੱਖਾਂ ਨੂੰ ਭੁੱਲ ਕੇ ਕਲਪਨਾ ਦੀ ਖੰਡ ਵਿੱਚ ਵਲ੍ਹੇਟੀ ਬਨਾਉਟੀ ਖ਼ੁਸ਼ੀ ਪਾਠਕਾਂ ਨੂੰ ਵੰਡਦਾ ਫਿਰੇ। ਜਿਹੜੇ ਵਿਦਵਾਨ ਕਠੋਰ ਯਥਾਰਥ ਨੂੰ ਸਾਹਿਤ ਵਿੱਚ ਪੇਸ਼ ਕਰਨ ਤੋਂ ਇਨਕਾਰੀ ਹਨ ਉਹ ਅਸਲੋਂ ਯਥਾਰਥ ਦਾ ਸਾਹਮਣਾ ਕਰਨ ਤੋਂ ਇਨਕਾਰੀ ਹਨ, ਦੂਜੇ ਮਾਅਨਿਆਂ ਵਿੱਚ ਉਹ ਪਲਾਇਨਵਾਦੀ ਹਨ। ਜੀਵਨ ਦਾ ਜੋ ਸੱਚ ਹੈ ਉਸਨੂੰ ਉਸੇ ਤਰ੍ਹਾਂ ਪੇਸ਼ ਕੀਤਾ ਜਾਣਾ ਚਾਹੀਦਾ ਹੈ ਜਿਵੇਂ ਉਹ ਅਸਲੀਅਤ ਵਿੱਚ ਹੈ। ਐਵੇਂ ਘਟੀਆ ਜਿਹੇ ਹੱਲ ਬਿਆਨ ਕਰ ਦੇਣ ਵਿੱਚ, ਜੋ ਨਾ ਤਾਂ ਇਸ ਨਿਜ਼ਾਮ ਵਿੱਚ ਕਦੇ ਵਾਪਰ ਸਕਦੇ ਹਨ ਅਤੇ ਨਾ ਹੀ ਅਗਾਊਂ ਕਿਧਰੇ ਵਾਪਰਨ ਦੀ ਸੰਭਾਵਨਾ ਹੁੰਦੀ ਹੈ, ਕੋਈ ਸਮਝਦਾਰੀ ਨਹੀਂ। ਹਾਂ, ਕਈ ਵਾਰ

ਕਠੋਰ ਯਥਾਟਥ ਨੂੰ ਬਿਆਨ ਕਰਦੇ-ਕਰਦੇ ਲੇਖਕ ਵੀਰ ਨਾਂਹ-ਮੂਲਕ ਪੱਖਾਂ 'ਤੇ ਵੱਧ ਜ਼ੋਰ ਦੇ ਜਾਂਦੇ ਹਨ—ਜਿਸ ਨਾਲ਼ ਪਾਠਕਾਂ ਦੇ ਮਨਾਂ ਵਿੱਚ ਨਿਰਾਸ਼ਤਾ ਫ਼ੈਲਣ ਦਾ ਖ਼ਤਰਾ ਹੁੰਦਾ ਹੈ। ਲੇਖਕ ਨੂੰ, ਜਿੱਥੋਂ ਤੱਕ ਮੁਮਕਿਨ ਹੋਵੇ—ਹਾਂ-ਮੂਲਕ ਪੱਖਾਂ ਦੀ ਪੇਸ਼ਕਾਰੀ ਵੱਲ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ। ਜਿਵੇਂ ਕਿਸੇ ਇਕ ਪਾਤਰ ਨੂੰ ਹਰ ਵਾਰ ਤਰਸਯੋਗ ਹਾਲਤ ਵਿੱਚ ਦਿਖਾਉਣਾ ਇਕ ਗਲਤੀ ਹੈ ਇਸੇ ਤਰ੍ਹਾਂ ਹਰ ਵਾਰ ਉਸ ਪਾਤਰ ਨੂੰ ਆਦਰਯੋਗ ਬਣਾਉਣਾ, ਜਿਸ ਦੀ ਹਾਲਤ ਤਰਸਯੋਗ ਵੀ ਹੋ ਸਕਦੀ ਹੋਵੇ, ਯਥਾਰਥ ਨਾਲ਼ ਛਲ ਖੇਡਣ ਦੇ ਸਿਵਾ ਹੋਰ ਕੁੱਝ ਨਹੀਂ। ਇਸ ਸੰਬੰਧੀ ਮੈਕਸਿਮ ਗੋਰਕੀ ਦੇ ਇਹ ਸ਼ਬਦ ਉਪਰੋਕਤ ਵਿਚਾਰ-ਚਰਚਾ ਨੂੰ ਬਲ ਬਖ਼ਸ਼ਦੇ ਹਨ, "ਬੰਦੇ ਨੂੰ ਕਾਲ਼ੇ ਪੱਖ ਦਾ ਗਿਆਨ ਹੋਣਾ ਵੀ ਓਨਾ ਹੀ ਜ਼ਰੂਰੀ ਹੈ ਜਿੰਨਾ ਕਿ ਉਜਲੇ ਪੱਖ ਦਾ ਗਿਆਨ ਦਾ ਭੰਡਾਰ ਭਰਿਆ ਹੋਣਾ ਚਾਹੀਦਾ ਹੈ।"[17]

ਲੇਖਕ ਦਾ ਕਿਸੇ ਸਿਧਾਂਤ ਵਿਸ਼ੇਸ਼ ਨਾਲ਼ ਬੱਝਣਾ ਉਸ ਦੀ ਸਾਹਿਤਕਾਰੀ ਦਾ ਕੋਈ ਸਰਟੀਫ਼ਿਕੇਟ ਨਹੀਂ। ਉਸ ਦੇ ਆਪਣੇ ਅਲੱਗ ਹੀ ਵਿਚਾਰ ਹੁੰਦੇ ਹਨ ਅਤੇ ਪਰਿਸਥਿਤੀਆਂ ਨੂੰ ਵਾਚਣ ਦਾ ਸਭ ਤੋਂ ਅਨੋਖਾ ਤੇ ਅਨੂਠਾ ਦ੍ਰਿਸ਼ਟੀਕੋਣ ਹੁੰਦਾ ਹੈ। ਉਂਝ ਵੀ ਜ਼ਿਆਦਾ ਅਹਿਮ ਲੇਖਕ ਦਾ ਆਪਣਾ ਅਨੁਭਵ ਹੁੰਦਾ ਹੈ। ਹੁਣ ਤਕ ਦਾ ਸਾਰਾ ਸਾਹਿਤ ਲੇਖਕਾਂ ਦਾ ਆਪਣਾ ਅਨੁਭਵ ਹੀ ਤਾਂ ਹੈ। ਅਨੁਭਵ ਸਿਧਾਂਤ ਦੀ ਥਾਂ ਲੈ ਸਕਦਾ ਹੈ ਜਦ ਕਿ ਸਿਧਾਂਤ ਨੂੰ ਅਨੁਭਵ ਦੀ ਜਗ੍ਹਾ ਹਰਗਿਜ਼ ਨਹੀਂ ਰੱਖਿਆ ਜਾ ਸਕਦਾ। ਲੇਖਕ ਤਾਂ ਆਪਣੇ ਸਾਹਿਤਕ ਸਫ਼ਰ ਦੇ ਸ਼ੁਰੂ ਤੋਂ ਹੀ ਸੱਚ ਪ੍ਰਤੀ ਪ੍ਰਤਿਬੱਧ ਰਹਿੰਦਾ ਹੈ, ਸਿਧਾਂਤ ਉਸ ਲਈ ਨਿਗੁਣੀ ਸ਼ੈਅ ਹਨ। ਡਾ: ਗੁਰਚਰਨ ਸਿੰਘ ਅਰਸ਼ੀ ਮੁਤਾਬਕ, ".....ਪ੍ਰਮਾਣਿਕ ਕਲਾ ਸਦਾ ਹੀ ਆਪਣੇ ਯੁੱਗ ਦੀਆਂ ਵਿਚਾਰਧਾਰਕ ਸੀਮਾਵਾਂ ਨੂੰ ਪਾਰ ਕਰਕੇ ਉਸ ਸੱਚ ਦੇ ਦੀਦਾਰ ਕਰਾਉਂਦੀ ਹੈ, ਜਿਸ ਸੱਚ ਨੂੰ ਉਸ ਯੁੱਗ ਵਿਸ਼ੇਸ਼ ਦੀ ਵਿਚਾਰਧਾਰਾ ਨੇ ਲੁਕਾਇਆ ਹੁੰਦਾ ਹੈ।"[18] ਲੇਖਕ ਜੇ ਕਿਸੇ ਸਿਧਾਂਤ ਨਾਲ਼ ਪ੍ਰਤਿਬੱਧ ਹੋਵੇ ਵੀ, ਤਾਂ ਵੀ ਬਹੁਤੀਆਂ ਹਾਲਤਾਂ ਵਿੱਚ ਉਹ ਆਪਣੇ ਦਿਲ ਦੇ ਨਿਰਦੇਸ਼ਨ ਅਨੁਸਾਰ ਹੀ ਚਲਦਾ ਹੈ। ਬੇਸ਼ਕ ਬਹੁਤੇ ਲੇਖਕ ਸਿਧਾਂਤ ਦਾ ਅਸਰ ਦਿਖਾਉਣ ਲਈ ਭਾਵੁਕਤਾ ਨਾਲ਼ੋਂ ਬੌਧਿਕਤਾ ਦੀ ਪ੍ਰਧਾਨਤਾ ਦੇ ਦਮਗਜੇ ਮਾਰਦੇ ਹਨ ਪਰੰਤੂ ਬਾਰੀਕੀ ਨਾਲ਼ ਦੇਖਿਆਂ ਅਹਿਸਾਸ ਹੁੰਦਾ ਹੈ ਕਿ ਉਹ ਵੀ ਆਪਣੀਆਂ ਰਚਨਾਵਾਂ ਵਿੱਚ ਭਾਵੁਕ ਹੋ ਜਾਂਦੇ ਹਨ। ਭਾਵੁਕਤਾ ਤੋਂ ਪਿੱਛਾ ਨਹੀ ਛੁਡਾਇਆ ਜਾ ਸਕਦਾ—ਇਹ ਇਨਸਾਨੀ ਸੁਭਾਅ ਦੀ ਮੂਲ ਪ੍ਰਵ੍ਰਿਤੀ ਹੈ। ਲੇਖਕ ਤਾਂ ਆਮ ਮਨੁੱਖ ਨਾਲ਼ੋਂ ਕਿਤੇ ਜ਼ਿਆਦਾ ਜਜ਼ਬਾਤੀ ਹੁੰਦੇ ਹਨ ਸ਼ਾਇਦ ਤਾਂਹੀਓਂ ਕਈ ਪੰਜਾਬੀ ਦੇ ਲੇਖਕ ਸਾਹਿਬਾਨ ਭਾਵੁਕਤਾ ਦੇ ਵਸ ਪੈ ਕੇ ਹੀ ਬੌਧਿਕਤਾ ਦੀ ਪ੍ਰਧਾਨਤਾ ਦੇ ਪਰਦੇ ਹੇਠ ਨਿਰੋਲ ਨਾਅਰੇਬਾਜ਼ੀ ਕਰਦੇ ਨਜਰ ਆਉਂਦੇ ਹਨ। ਉਂਵ ਵੀ ਮਿੰਨੀ ਕਹਾਣੀ ਦੀ ਰਫ਼ਤਾਰ ਤੇਜ਼ ਹੋਣ ਕਾਰਨ ਇਹ ਬਿਨਾਂ ਆਲ਼ਾ ਦੁਆਲ਼ਾ ਵੇਖਿਆਂ ਆਪਣੇ ਉਦੇਸ਼ ਵੱਲ ਬੰਦੂਕ ਦੀ ਗੋਲ਼ੀ ਵਾਂਗ ਵਧਦੀ ਹੈ ਇਸੇ ਲਈ ਇਸ ਤੇਜ਼ੀ ਵਿੱਚ ਭਾਵਨਾਵਾਂ, ਜਜ਼ਬਾਤਾਂ ਦੀ ਚਾਸ਼ਨੀ ਨਹੀਂ ਰਲ਼ਾਈ ਜਾ ਸਕਦੀ। ਇਹੀ ਕਾਰਨ ਹੈ ਕਿ ਇਹ ਭਾਵੁਕ ਘੱਟ ਬੌਧਿਕ ਜ਼ਿਆਦਾ ਹੁੰਦੀ ਹੈ। ਇਸ ਨੂੰ ਲਿਖਣ ਲੱਗਿਆ ਲੇਖਕ ਦਾ ਆਪਣੇ ਆਪ 'ਤੇ ਪੂਰਾ ਕੰਟਰੋਲ ਰਹਿੰਦਾ ਹੈ ਇਸੇ ਲਈ ਉਹ ਜਲਦੀ-ਜਲਦੀ ਕਿਸੇ ਪ੍ਰਕਾਰ ਦੀ ਭਾਵਨਾ ਵਿੱਚ ਨਹੀਂ ਵਹਿੰਦਾ। ਲੇਖਕ ਨੂੰ ਤਾਂ, ਕਦੇ ਵੀ ਸੱਚ ਦਾ ਦਾਮਨ ਨਾ ਛੱਡਦੇ ਹੋਏ, ਪ੍ਰਚਲਿਤ ਪਰ ਪਿਛਾਂਹ-ਖਿਚੂ ਰੂੜ੍ਹੀਆਂ ਦੇ ਹਮੇਸ਼ਾਂ ਉਲਟ ਚੱਲਣਾ ਚਾਹੀਦਾ ਹੈ—ਜੇ ਉਹ ਆਪਣੇ ਆਪ ਨੂੰ ਸਾਹਿਤ ਵਿੱਚ ਅਮਰ ਬਣਾਉਣਾ ਚਾਹੁੰਦਾ ਹੈ। ਪਾਣੀ ਦੀ ਧਾਰ 'ਚ ਤਾਂ ਕੋਈ ਬੇਜਾਨ ਵਸਤ ਵੀ ਵਹਿ ਕੇ ਆਪਣੀ

ਮੰਜ਼ਿਲ 'ਤੇ ਪੁੱਜ ਸਕਦੀ ਹੈ ਪਰ ਚੰਗਾ ਤੇ ਬਹਾਦਰ ਤੈਰਾਕ ਤਾਂ ਉਹੀ ਕਹਾਉਂਦਾ ਹੈ ਜੋ ਵਹਾਓ ਜਾਂ ਧਾਰੇ ਦੇ ਉਲਟ ਤੈਰ ਕੇ ਮੰਜ਼ਿਲ ਨੂੰ ਸਰ ਕਰਦਾ ਹੈ।

ਆਧੁਨਿਕ ਸਾਹਿਤ ਵਿੱਚ ਵਿਅੰਗ ਦਾ ਆਪਣਾ ਅਲੱਗ ਮਹੱਤਵਪੂਰਨ ਸਥਾਨ ਹੈ। ਇਹ ਕਟਾਖ਼ਸ਼ ਤੇ ਤਨਜ਼ ਦਾ ਪਰਿਆਇ ਹੈ। ਉਹ ਵੀ ਵਿਅੰਗ ਹੀ ਹੈ ਜਿਸ ਨੂੰ ਪੁਰਾਤਨ ਭਾਰਤੀ ਸਾਹਿਤ ਆਚਾਰੀਆਂ ਨੇ 'ਵਕ੍ਰੋਕਤੀ' ਕਿਹਾ ਸੀ। ਇਸ ਵਿਚ ਸੁਝਾਊ ਅੰਸ਼ ਪ੍ਰਧਾਨ ਰਹਿੰਦਾ ਹੈ। ਅਸੀਂ ਜਾਣਦੇ ਹਾਂ ਕਿ ਸੁਝਾਊ ਅੰਸ਼ ਮਿੰਨੀ ਕਹਾਣੀ ਦੀ ਜਿੰਦ ਜਾਨ ਹੁੰਦਾ ਹੈ ਤੇ ਜੇ ਇਸ ਅੰਸ਼ ਦਾ ਪ੍ਰਗਟਾਵਾ ਵਿਅੰਗਮਈ ਸੁਰ ਵਿੱਚ ਹੋਵੇ ਤਾਂ ਸੋਨੇ ਤੇ ਸੁਹਾਗਾ। ਮਿੰਨੀ ਕਹਾਣੀ ਸੁਝਾਊ ਅੰਸ਼ ਨਾਲ਼ ਉਤਪੱਤ ਵਿਅੰਗ ਦੇ ਬੀਜ ਦਾ ਵਿਕਸਿਤ ਰੂਪ ਹੀ ਹੁੰਦਾ ਹੈ। ਪ੍ਰਸਿੱਧ ਆਲੋਚਕ ਪ੍ਰੋ: ਤੇਜਵੰਤ ਮਾਨ ਅਨੁਸਾਰ, "ਜੇ ਮਿਹਨਤ ਅਤੇ ਸ਼ਿੱਦਤ ਨਾਲ਼ ਇਸ ਰੂਪ [ਮਿੰਨੀ ਕਹਾਣੀ] ਨੂੰ ਅਪਣਾਇਆ ਜਾਏ ਤਾਂ ਇਸ ਰਾਹੀਂ ਬੜੀ ਕਾਟਵੀਂ ਅਤੇ ਤਿੱਖੀ ਗੱਲ ਕਹੀ ਜਾ ਸਕਦੀ ਹੈ।"[19] ਵਿਅੰਗਮਈ ਸੁਰ ਪ੍ਰਯੋਗਵਾਦ ਦਾ ਮੁੱਖ ਗੁਣ ਹੈ। ਪ੍ਰਯੋਗ ਵਾਦੀ ਲਹਿਰ ਦੇ ਅਸਰ ਹੇਠ ਗਲਪ ਦੀ ਇਸ ਸਿਨਫ਼ ਨੇ ਆਪਣਾ ਰੂਪ ਹੀ ਨਹੀਂ ਸੰਵਾਰਿਆਂ ਸਗੋਂ ਵਿਸ਼ੇ ਪੱਖੋ ਵੀ ਇਸ ਵਿਚ ਆਧੁਨਿਕ ਚੇਤਨਾ ਦਾ ਪ੍ਰਵੇਸ਼ ਹੋਇਆ। ਇਹ ਬਾਰੇ ਅਸੀਂ ਪਹਿਲਾਂ ਵਿਸਥਾਰ ਸਹਿਤ ਵਿਚਾਰ ਕਰ ਆਏ ਹਾਂ। ਹਾਂ, ਇੱਕ ਗੱਲ ਜ਼ਰੂਰ ਹੈ ਕਿ ਮਿੰਨੀ ਕਹਾਣੀ ਦਾ ਪ੍ਰਯੋਜਨ ਸਪੱਸ਼ਟ ਹੋਣਾ ਚਾਹੀਦਾ ਹੈ। ਕਈ ਲੇਖਕ ਪ੍ਰਯੋਗ ਕਰਨ ਦੇ ਬਹਾਨੇ ਇਸ ਸਿਨਫ਼ ਵਿੱਚ ਧੁੰਦਲੇ, ਅਸਪੱਸ਼ਟ, ਰਹੱਸਮਈ ਵਿਸ਼ੇ ਪੇਸ਼ ਕਰਦੇ ਹਨ ਕਿ ਪਾਠਕ ਦੇ ਪਿੜ-ਪੱਲੇ ਕੁੱਝ ਨਹੀਂ ਪੈਂਦਾ। ਕਈ ਵਿਦਵਾਨਾਂ ਦਾ ਮੱਤ ਹੈ ਕਿ ਮਿੰਨੀ ਕਹਾਣੀ ਦਾ ਮੁਖ ਉਦੇਸ਼ ਸਿਰਫ਼ ਇੱਕ ਸਵਾਲ ਖੜ੍ਹਾ ਕਰਨਾ ਹੁੰਦਾ ਹੈ, ਇਸ ਤੋਂ ਵੱਧ ਗੁੰਜਾਇਸ਼ ਦੀ ਇਸ ਵਿੱਚ ਉਹ ਅਣਹੋਂਦ ਹੀ ਸਮਝਦੇ ਹਨ। ਕਈ ਦੂਜੇ ਵਿਦਵਾਨ ਇਸ ਬਾਰੇ ਕਹਿੰਦੇ ਹਨ ਕਿ ਇਹ ਮਨੁੱਖੀ ਜੀਵਨ ਦੀ ਹਰ ਸਮੱਸਿਆ ਅਤੇ ਹਰ ਪਹਿਲੂ ਨੂੰ ਆਪਣੇ ਕਲਾਵੇ ਵਿੱਚ ਲੈ ਸਕਦੀ ਹੈ ਪਰ ਇਸ ਵਿੱਚ ਹਰ ਪਹਿਲੂ ਦਾ ਕੇਵਲ ਇਕ ਝਾਉਲ਼ਾ ਜਿਹਾ ਹੀ ਪੇਸ਼ ਹੋ ਸਕਦਾ ਹੈ, ਇਸ ਤੋਂ ਵੱਧ ਕੁੱਝ ਨਹੀਂ। ਪਰ ਮੇਰੀ ਜਾਚੇ ਗੱਲ ਏਦਾਂ ਨਹੀਂ ਹੈ—ਅਸੀਂ ਉੱਪਰ ਸਿੱਧ ਕਰ ਹੀ ਦਿੱਤਾ ਹੈ।

———

ਹਵਾਲੇ :

1. **ਸਮੀਖਿਆ ਦ੍ਰਿਸ਼ਟੀਆਂ** ਕ੍ਰਿਤ ਡਾ: ਗੁਰਚਰਨ ਸਿੰਘ ਅਰਸ਼ੀ, ਪੰਨਾ 135
2. **ਸਾਹਿਤ ਸਿਰਜਣਾ ਦੀ ਕਲਾ ਕੌਸ਼ਲਤਾ ਬਾਰੇ** ਕ੍ਰਿਤ ਮੈਕਸਿਮ ਗੋਰਕੀ ਅਤੇ ਹੋਰ, ਪਨਾ 226
3. **ਮਾਰਕਸਵਾਦੀ ਸੁਹਜਸ਼ਾਸਤਰ ਦੀਆਂ ਬੁਨਿਆਦਾਂ**, ਪੰਨਾ 39
4. ਮਾਓ-ਜ਼ੇ ਤੁੰਗ, ''ਪੰਜਾਬੀ ਮਾਰਕਸਵਾਦੀ ਆਲੋਚਨਾ'' **Approaches to Literature & Research Methodology**, ਪੰਨਾ 245
5. **ਮਾਰਕਸਵਾਦੀ ਸਮੀਖਿਆ ਸਿਧਾਂਤ** ਕ੍ਰਿਤ ਡਾ: ਸੁਰਜੀਤ ਸਿੰਘ ਭੱਟੀ, ਪੰਨਾ 102
6. **ਸਾਹਿਤ ਵਿੱਚ ਵਾਦ** ਕ੍ਰਿਤ ਡਾ; ਗੁਰਦੇਵ ਸਿੰਘ, ਪੰਨਾ 36, 37
7. ਡਾ: ਸਵਿੰਦਰ ਸਿੰਘ ਉੱਪਲ, **ਪੰਜਾਬੀ ਕਹਾਣੀਕਾਰ**, ਪੰਨਾ 23
8. **ਖੋਜ ਪਤ੍ਰਿਕਾ**, ਮਾਰਚ 1982, ਪੰਨਾ 129
9. **ਮਾਰਕਸਵਾਦੀ ਸਮੀਖਿਆ ਸਿਧਾਂਤ** ਕ੍ਰਿਤ ਡਾ: ਸੁਰਜੀਤ ਸਿੰਘ ਭੱਟੀ, ਪੰਨਾ 84
10. **ਮਾਰਕਸਵਾਦੀ ਸਾਹਿਤਕ ਆਲੋਚਨਾ** ਕ੍ਰਿਤ ਟੈਰੀ ਈਗਲਟਨ, ਪੰਨਾ 44
11. **ਖੋਜ ਪੱਤ੍ਰਿਕਾ**, ਮਾਰਚ 1973, ਪੰਨਾ 21
12. **ਮਾਰਕਸਵਾਦੀ ਸਮੀਖਿਆ ਸਿਧਾਂਤ**, ਪੰਨਾ 81
13. ਉਹੀ, ਪੰਨਾ 95
14. ਉਹੀ, ਪੰਨਾ 125
15. **ਸਾਹਿਤ ਤੇ ਕਲਾ**, ਪੰਨਾ 102
16. ਰਾਲਫ਼ ਫ਼ਾਕਸ, **ਮਾਰਕਸਵਾਦੀ ਸਮੀਖਿਆ ਸਿਧਾਂਤ**, ਪੰਨਾ 138-139
17. **ਸਾਹਿਤ ਸਿਰਜਣਾ ਦੀ ਕਲਾ ਕੌਸ਼ਲਤਾ ਬਾਰੇ**, ਪੰਨਾ 27
18. **ਸਮੀਖਿਆ ਦ੍ਰਿਸ਼ਟੀਆਂ**, ਪੰਨਾ 82-83
19. **ਪ੍ਰਤੀਕਰਮ**, ਪੰਨਾ 75

---

3 ਮਿੰਨੀ ਕਹਾਣੀ ਦੀ ਕਲਾ–ਵਿਧੀ

ਮਨੁੱਖੀ ਮਨ ਦੀ ਰਫ਼ਤਾਰ ਦਾ ਮੁਕਾਬਲਾ ਨਾ ਤਾਂ ਦੁਨੀਆਂ ਦਾ ਤੇਜ਼ ਤੋਂ ਤੇਜ਼ ਚੱਲਣ ਵਾਲ਼ਾ ਰਾਕਟ ਕਰ ਸਕਦਾ ਹੈ ਅਤੇ ਨਾ ਹੀ ਕਿਸੇ ਪ੍ਰਕਾਰ ਦੀ ਕੋਈ ਰੇਡਿਆਈ ਲਹਿਰ। ਇਸ ਛਿਣ ਜੇ ਮਨ ਧਰਤੀ 'ਤੇ ਹੈ ਤਾਂ ਅਗਲੇ ਪਲ ਇਹ ਚੰਨ ਤੇ ਵੀ ਹੋ ਸਕਦਾ ਹੈ। ਇਹ ਬਿਨਾਂ ਰੁਕੇ ਲਗਾਤਾਰ ਆਪਣਾ ਸਫ਼ਰ ਹਜ਼ਾਰਾਂ ਲੱਖਾਂ ਕਿਲੋਮੀਟਰ ਪ੍ਰਤੀ ਸੈਕਿੰਡ ਦੀ ਰਫ਼ਤਾਰ ਨਾਲ਼ ਜਾਰੀ ਰੱਖਦਾ ਹੈ। ਮਨ ਦਾ ਇਹ ਸਫ਼ਰ ਮਨੁੱਖੀ ਚਿੰਤਨ ਕਹਾਉਂਦਾ ਹੈ। ਇਹ ਚਿੰਤਨ ਧਾਰਮਿਕ ਵੀ ਹੋ ਸਕਦਾ ਹੈ ਤੇ ਆਰਥਿਕ, ਸਮਾਜਿਕ, ਰਾਜਨੀਤਿਕ ਤੇ ਸਭਿਆਚਾਰਕ ਵੀ। ਇਹ ਨਿਰਾਸ਼ਾਵਾਦੀ ਵੀ ਹੋ ਸਕਦਾ ਹੈ ਅਤੇ ਆਸ਼ਾਂਵਾਦੀ ਵੀ, ਹਾਂ-ਪੱਖੀ ਵੀ ਤੇ ਨਾਂ-ਪੱਖੀ ਵੀ। ਇਹ ਉਸਾਰੂ ਵੀ ਹੋ ਸਕਦਾ ਹੈ ਤੇ ਢਾਹੂ ਵੀ। ਅਸੀਂ ਪਿੱਛੇ ਦੱਸਿਆ ਸੀ ਕਿ ਪੈਦਾਵਾਰ ਦੇ ਸਾਧਨ ਅਤੇ ਪੈਦਾਵਾਰ ਦੀ ਵੰਡ ਉੱਤੇ ਮਨੁੱਖ ਦੀ ਜੀਵਨ-ਸਥਿਤੀ ਉੱਸਰਦੀ ਹੈ। ਉਸ ਦੀ ਜੀਵਨ-ਸਥਿਤੀ 'ਤੇ ਹੀ ਉਸ ਦੀ ਮਾਨਸਿਕ ਸਥਿਤੀ ਉੱਸਰਦੀ ਹੈ। ਚਿੰਤਨ ਮਨੁੱਖ ਦੀ ਮਾਨਸਿਕ ਸਥਿਤੀ ਅਤੇ ਉਸ ਦੀ ਅੰਦਰੂਨੀ ਤੇ ਬਾਹਰੀ ਸ਼ਖਸੀਅਤ ਦਾ ਆਧਾਰ ਹੈ। ਇਸ ਤਰ੍ਹਾਂ ਇਹ ਇੱਕ ਅੰਤਰ-ਸੰਬੰਧਿਤ ਕਿਰਿਆ ਹੈ। ਸੋ, ਅਸੀਂ ਵੇਖਦੇ ਹਾਂ ਕਿ ਚਿੰਤਨ ਮਨੁੱਖੀ ਜੀਵਨ ਵਿੱਚ ਕਿੰਨਾ ਮਹੱਤਵਪੂਰਨ ਰੋਲ ਅਦਾ ਕਰਦਾ ਹੈ। ਚਾਹੇ ਹਰ ਮਨੁੱਖ ਦਾ ਚਿੰਤਨ ਵੱਖੋ-ਵੱਖਰਾ ਹੁੰਦਾ ਹੈ ਪਰੰਤੂ ਲੇਖਕ ਦੀ ਸੋਚ ਔਸਤ ਵਿਅਕਤੀ ਤੋਂ ਵੱਖਰੀ ਤੇ ਬਿਲਕੁਲ ਵਿਲੱਖਣ ਹੁੰਦੀ ਹੈ। ਉਸੇ ਕਿਸੇ ਵੀ ਪਰਸਥਿਤੀ ਦਾ ਸ਼ਰਵ-ਪੱਖੀ ਅਧਿਐਨ ਕਰਦਾ ਹੈ, ਉਹ ਹਮੇਸ਼ਾਂ ਹਾਂ-ਪੱਖੀ ਤੇ ਆਸ਼ਾਵਾਦੀ ਹੁੰਦਾ ਹੈ। ਉਸ ਦੀ ਨਜ਼ਰ ਬਾਰੀਕ ਹੁੰਦੀ ਹੈ, ਉਹ ਜਲਦੀ ਭਾਵਾਂ ਵਿੱਚ ਵਹਿ ਜਾਂਦਾ ਹੈ। ਛੋਟੀ ਜਿਹੀ ਘਟਨਾ ਉਸ ਨੂੰ ਬੇਹੱਦ ਟੁੰਬਦੀ ਹੈ। ਸੂਖਮਭਾਵੀ ਤੇ ਜਜ਼ਬਾਤੀ ਹੋਣ ਕਾਰਨ ਹੀ ਉਸ ਦੇ ਮਨ ਵਿੱਚ ਇੱਕ ਅਜਿਹਾ ਵਲਵਲਾ ਉਠਦਾ ਹੈ ਜਿਸ ਨੂੰ ਔਸਤ ਮਨੁੱਖ ਕਦੇ ਮਹਿਸੂਸ ਨਹੀਂ ਕਰ ਸਕਦਾ। ਇਹ ਲੇਖਕ ਦੇ ਅੰਤਰਬੋਧ ਦੀ ਸਟੇਜ ਹੁੰਦੀ ਹੈ। ਅੰਤਰਬੋਧ ਹੋਣ ਉਪਰੰਤ ਲੇਖਕ ਉਸ ਉੱਠ ਚੁੱਕੇ ਵਲਵਲੇ ਦਾ ਆਪਣੇ ਦਿਮਾਗ਼ ਦੀ ਸਹਾਇਤਾ ਨਾਲ ਵਿਸ਼ਲੇਸ਼ਣ ਕਰਨ ਲੱਗ ਪੈਂਦਾ ਹੈ। ਮਨ ਦੁਆਰਾ ਉੱਠੇ ਵਲਵਲੇ ਵਿੱਚ ਦਿਮਾਗ਼ ਦੀ ਦਖ਼ਲ-ਅੰਦਾਜ਼ੀ ਨਾਲ਼ ਹੀ ਕਿਸੇ ਰਚਨਾ ਵਿੱਚ ਯਥਾਰਥ ਦਾ ਪ੍ਰਵੇਸ਼ ਹੁੰਦਾ ਹੈ। ਕਿਸੇ ਵੀ ਪਰਸਥਿਤੀ ਵਿਸ਼ੇਸ਼ ਜਾਂ ਵਿਅਕਤੀ ਵਿਸ਼ੇਸ ਦਾ ਮੁਲੰਕਣ ਕਰ ਕੇ ਲੇਖਕ ਆਪਣੇ ਵਿਚਾਰਾਂ ਨੂੰ ਛਿੱਲ ਤਰਾਸ਼ ਕੇ ਕਲਾਤਮਕ ਢੰਗ ਨਾਲ਼ ਅਭਿਵਿਅਕਤ ਕਰਦਾ ਹੈ। ਅੰਤਰਬੋਧ ਤੋਂ ਅਭਿਵਿਅਕਤੀ ਤੱਕ ਦਾ ਇਹ ਸਫ਼ਰ ਹਰੇਕ ਲੇਖਕ, ਚਾਹੇ ਉਹ ਕਿਸੇ ਵੀ ਭਾਸ਼ਾ ਦਾ ਹੋਵੇ, ਨੂੰ ਤੈਅ ਕਰਨਾ ਪੈਂਦਾ ਹੈ। ਅੰਤਰਬੋਧ ਦੀ ਸਥਿਤੀ ਹਰ

ਲੇਖਕ ਦੀ ਲਗਭਗ ਇੱਕੋ ਜਿਹੀ ਹੁੰਦੀ ਹੈ ਪਰੰਤੂ ਅਭਿਵਿਅਕਤੀ ਹਰੇਕ ਦੀ ਵੱਖੋ-ਵੱਖਰੀ ਹੁੰਦੀ ਹੈ। ਵੱਖੋ-ਵੱਖ ਅਭਿਵਿਅਕਤੀਆਂ ਸਦਕਾ ਹੀ ਅਲੱਗ-ਅਲੱਗ ਸ਼ੈਲੀਆਂ ਹੋਂਦ ਵਿੱਚ ਆਉਂਦੀਆਂ ਹਨ। ਸਾਨੂੰ ਇਸ ਸਿਰਜਣਾਤਮਕ ਸਫ਼ਰ ਨੂੰ ਚੰਗੀ ਤਰ੍ਹਾਂ ਸਮਝ ਕੇ ਹੀ ਅੱਗੇ ਚੱਲਣਾ ਚਾਹੀਦਾ ਹੈ।

ਲੇਖਕ ਦੇ ਅੰਤਰਬੋਧ ਦਾ ਸੰਬੰਧ ਉਸ ਦੀ ਰਚਨਾ ਦੇ ਵਿਸ਼ੇ-ਵਸਤੂ ਨਾਲ਼ ਅਤੇ ਉਸ ਦੀ ਅਭਿ-ਵਿਅਕਤੀ ਦਾ ਸੰਬੰਧ ਰਚਨਾ ਦੀ ਤਕਨੀਕ ਜਾਂ ਕਲਾ ਵਿਧੀ ਜਾਂ ਸ਼ਿਲਪ ਵਿਧਾਨ ਜਾਂ ਰੂਪਕ ਪੱਖ ਨਾਲ਼ ਹੁੰਦਾ ਹੈ। ਮਿੰਨੀ ਕਹਾਣੀ ਦੇ ਵਿਸ਼ੇ ਵਸਤੂ 'ਤੇ ਅਸੀਂ ਪਿੱਛੇ ਗ਼ੌਰ ਕਰ ਆਏ ਹਾਂ ਅਤੇ ਹੁਣ ਸਾਡੇ ਅਧਿਐਨ ਦਾ ਵਿਸ਼ਾ ਇਸ ਦਾ ਰੂਪਕ ਪੱਖ ਹੈ। ਮਿੰਨੀ ਕਹਾਣੀ ਦਾ ਰਸਮੀ ਅਤੇ ਗ਼ੈਰ-ਰਸਮੀ ਤੌਰ 'ਤੇ ਤਕਨੀਕੀ ਅਧਿਐਨ ਕਰਨ ਤੋਂ ਪਹਿਲਾਂ ਸਾਨੂੰ ਇਸ ਤੱਥ ਨੂੰ ਆਪਣੇ ਜ਼ਿਹਨ ਵਿੱਚ ਭਲੀ-ਭਾਂਤ ਬਿਠਾ ਲੈਣਾ ਚਾਹੀਦਾ ਹੈ ਕਿ ਮਿੰਨੀ ਕਹਾਣੀ ਗਲਪ ਦੀ ਕੋਈ ਵਾਧੂ ਜਿਹੀ ਸਿਨਫ਼ ਨਹੀਂ ਹੈ। ਇਸ ਦੀ ਨਾਟਕ ਦੇ ਮੁਕਾਬਲੇ ਇਕਾਂਗੀ ਵਾਂਗ, ਵਾਰਤਕ ਵਿੱਚ ਨਿਬੰਧ ਦੇ ਮੁਕਾਬਲੇ ਲਲਿਤ ਨਿਬੰਧ (Lyrical Essay) ਵਾਂਗ, ਕਵਿਤਾ ਵਿੱਚ ਨਜ਼ਮ ਦੇ ਮੁਕਾਬਲੇ ਗ਼ਜ਼ਲ ਦੇ ਇੱਕ ਸ਼ਿਅਰ ਜਾਂ ਇੱਕ ਸਲੋਕ ਵਾਂਗ, ਸਵੈ-ਜੀਵਨੀ ਦੇ ਮੁਕਾਬਲੇ ਜੀਵਨ ਦੇ ਇੱਕ ਸੰਸਮਰਨ ਵਾਂਗ ਹੀ ਗਲਪ ਵਿੱਚ ਨਾਵਲ ਤੇ ਕਹਾਣੀ ਦੇ ਮੁਕਾਬਲੇ ਆਪਣੀ ਵੱਖਰੀ ਅਤੇ ਮਹੱਤਵਪੂਰਨ ਹੋਂਦ ਹੈ। ਅਸੀਂ ਇਹ ਮੰਨ ਕੇ ਚੱਲਣਾ ਹੈ ਕਿ ਮਿੰਨੀ ਕਹਾਣੀ, ਕਹਾਣੀ ਜਾਂ ਨਿੱਕੀ ਕਹਾਣੀ ਦੀ ਛੋਟੀ ਭੈਣ ਹੈ ਕਿਉਂਕਿ ਇਸ ਦੇ ਬਹੁਤ ਸਾਰੇ ਗੁਣ ਨਿੱਕੀ ਕਹਾਣੀ ਨਾਲ਼ ਹੂ-ਬ-ਹੂ ਮੇਲ ਖਾਂਦੇ ਹਨ ਪਰੰਤੂ ਕਈ ਗੁਣਾਂ ਦੇ ਮਿਲਣ ਦੇ ਬਾਵਜੂਦ ਵੀ ਇਸ ਦੀ ਆਪਣੀ ਵਿਲੱਖਣਤਾ ਹੈ।

ਕਿਸੇ ਵੀ ਸਾਹਿਤਕ ਕ੍ਰਿਤ ਵਿੱਚ ਵਿਸ਼ਾ-ਵਸਤੂ ਪਹਿਲਾਂ ਹੈ ਤੇ ਰੂਪ ਬਾਅਦ ਵਿੱਚ। ਪਰੰਤੂ ਵਿਸ਼ੇ ਦੀ ਅਹਿਮੀਅਤ ਇੰਨੀ ਜ਼ਿਆਦਾ ਵੀ ਨਹੀਂ ਕਿ ਕਲਾਤਮਕ ਕਾਰੀਗਰੀ ਨੂੰ ਨਿਗੁਣਾ ਸਮਝ ਕੇ ਇੱਕ ਪਾਸੇ ਰੱਖ ਦਿੱਤਾ ਜਾਵੇ। ਕਿਸੇ ਸਾਹਿਤਕ ਰਚਨਾ ਦਾ ਹੀ ਨਹੀਂ, ਹਰ ਕਲਾ ਕ੍ਰਿਤ ਦਾ ਸਗੋਂ ਹਰ ਪਦਾਰਥ ਦਾ ਆਪਣਾ ਇੱਕ ਬਾਹਰੀ ਰੂਪ ਹੁੰਦਾ ਹੈ। ਕਈ ਵਾਰ ਤਾਂ ਕਿਸੇ ਪਦਾਰਥ ਦੇ ਰੂਪ ਦਾ ਮਹੱਤਵ ਉਸ ਦੇ ਵਿਸ਼ੇ ਤੋਂ ਕਿਤੇ ਵੱਧ ਜਾਂਦਾ ਹੈ। ਇਸ ਸੰਬੰਧੀ ਤਾਜ ਮਹੱਲ ਅਤੇ ਲਾਲ ਕਿਲੇ ਦੀਆਂ ਉਦਾਹਰਨਾਂ ਦੇਣੀਆਂ ਦਰੁਸਤ ਬਣਦੀਆਂ ਹਨ। ਦੁਨੀਆ ਭਰ ਦੇ ਸੈਲਾਨੀ ਤਾਜ ਮਹੱਲ ਦੇ ਵਿਸ਼ੇ (ਬਾਦਸ਼ਾਹ ਸ਼ਾਹਜਹਾਨ ਅਤੇ ਬੇਗ਼ਮ ਮੁਮਤਾਜ਼ ਦੀਆਂ ਕਬਰਾਂ) ਨੂੰ ਘੱਟ ਵੱਧ ਹੀ ਗੌਲ਼ਦੇ ਹਨ, ਉਹ ਤਾਂ ਉੱਥੇ ਕਾਰੀਗਰਾਂ ਦੇ ਹੁਨਰ ਵਿੱਚ ਹੀ ਗੁਆਚ ਜਾਂਦੇ ਹਨ। ਉਹ ਕਾਰੀਗਰਾਂ ਦੇ ਸੰਗਮਰਮਰ ਦੇ ਪੱਥਰਾਂ ਨੂੰ ਵਰਤਣ ਦੇ ਢੰਗ ਨੂੰ ਦੇਖ ਕੇ ਦੰਦਾਂ ਵਿੱਚ ਉਂਗਲੀ ਦਬਾ ਬੈਠਦੇ ਹਨ। ਉਹ ਇਹ ਸੋਚ ਕੇ ਹੈਰਾਨ ਹੋ ਰਹੇ ਹੁੰਦੇ ਹਨ ਕਿ ਅੱਜ ਤੋਂ ਤਿੰਨ-ਚਾਰ ਸੌ ਸਾਲ ਪਹਿਲਾਂ ਕਿਵੇਂ ਅਜਿਹੀ ਖ਼ੂਬਸੂਰਤ ਇਮਾਰਤ ਇੰਨੇ ਸੁਚੱਜੇ ਢੰਗ ਨਾਲ ਤਾਮੀਰ ਕੀਤੀ ਗਈ ਅਤੇ ਇਹ ਕਿਹੋ ਜਿਹੀ ਕਾਰੀਗਰੀ ਹੈ ਜਿਸ ਦੇ ਨੇੜੇ ਤੇੜੇ ਵੀ ਅੱਜ ਦਾ ਵਧੀਆ ਤੋਂ ਵਧੀਆ ਸ਼ਿਲਪੀ ਨਹੀਂ ਖੜ੍ਹ ਸਕਦਾ। ਹੁਣ ਲਾਲ ਕਿਲਾ—ਲਾਲ ਕਿਲੇ ਦਾ ਤਾਂ ਨਾਮਕਰਨ ਹੀ ਇਸ ਦੇ ਰੂਪ ਦੇ ਆਧਾਰ 'ਤੇ ਕੀਤਾ ਗਿਆ ਹੈ। ਹੋ ਸਕਦਾ ਹੈ ਕਿ ਜੇ ਇਹ ਕਿਲਾ ਕਾਲ਼ਾ ਜਾਂ ਹਰਾ ਹੁੰਦਾ ਤਾਂ ਸ਼ਾਇਦ ਸੈਲਾਨੀਆਂ ਵਿੱਚ ਇੰਨਾ ਪ੍ਰਸਿੱਧ ਨਾ ਹੁੰਦਾ ਅਲਬੱਤਾ ਇਸ ਦਾ ਇਤਿਹਾਸਿਕ ਮਹੱਤਵ ਜ਼ਰੂਰ ਕਾਇਮ ਰਹਿੰਦਾ। ਇਸੇ ਤਰ੍ਹਾਂ ਕਈ ਵਾਰ ਪਾਠਕ ਕਿਸੇ ਸਾਹਿਤਕ ਕ੍ਰਿਤ ਤੇ ਵੀ ਪ੍ਰਤਿਕਰਮ ਕੁੱਝ ਇੰਝ ਪ੍ਰਗਟਾਉਂਦੇ ਹਨ ਜਿਵੇਂ—'ਬਈ ਲੇਖਕ ਨੇ ਕਿਆ ਖ਼ੂਬਸੂਰਤ ਸ਼ਬਦਾਵਲੀ ਵਰਤੀ ਹੈ, 'ਲੇਖਕ ਨੇ ਫ਼ਲਾਂ ਪਾਤਰ

ਨੂੰ ਕਿੰਨੇ ਵਧੀਐ ਢੰਗ ਨਾਲ਼ ਬਿਆਨ ਕੀਤਾ ਹੈ', ਜਾਂ ਫਿਰ 'ਇਸ ਮਿੰਨੀ ਕਹਾਣੀ ਦਾ ਸਿਰਲੇਖ ਕਿੰਨਾ ਵਧੀਐ, ਹੈ ਨਾ.....!' ਆਦਿ। ਪਾਠਕਾਂ ਦੇ ਉਪਰੋਕਤ ਪ੍ਰਤਿਕਰਮਾਂ ਵਿੱਚ ਵਿਸ਼ੇ ਬਾਰੇ ਗੱਲ ਤੱਕ ਨਹੀਂ ਕੀਤੀ ਗਈ ਪਰੰਤੂ ਫਿਰ ਵੀ ਸਾਨੂੰ ਹਰ ਪ੍ਰਤਿਕਰਮ ਰਾਹੀਂ ਕੋਈ ਸਾਹਿਤਕ ਰਚਨਾ ਦੇ ਕਿਸੇ ਵਿਸ਼ੇਸ਼ ਗੁਣ ਦਾ ਪਤਾ ਲੱਗਿਆ ਹੈ।

ਕਿਸੇ ਵੀ ਸਾਹਿਤ ਰੂਪ ਦੀ ਆਲੋਚਨਾ ਓਨੀ ਦੇਰ ਤੱਕ ਸੰਪੂਰਨ ਨਹੀਂ ਕਹੀ ਜਾ ਸਕਦੀ ਜਦ ਤੱਕ ਉਸ ਦੀਆਂ ਅੰਦਰਲੀਆਂ ਅਤੇ ਬਾਹਰਲੀਆਂ ਦੋਹਾਂ ਜੁਗਤਾਂ ਨੂੰ ਜਾਂਚਿਆ ਪਰਖਿਆ ਨਾ ਜਾਵੇ। ਵਿਸ਼ੇ ਦਾ ਜਨਮ ਰੂਪ ਤੋਂ ਪਹਿਲਾਂ ਹੁੰਦਾ ਹੈ। ਇਹ ਵਿਸ਼ਾ ਹੀ ਹੁੰਦਾ ਹੈ ਜੋ ਰੂਪ ਨੂੰ ਨਿਰਧਾਰਿਤ ਕਰਦਾ ਹੈ ਪਰੰਤੂ ਜਿਵੇਂ ਕਿ ਅਸੀਂ ਪਹਿਲਾਂ ਕਿਹਾ ਹੈ ਕਿ ਰੂਪ ਦੀ ਮਹੱਤਤਾ ਨੂੰ ਘਟਾ ਕੇ ਵੀ ਨਹੀਂ ਵੇਖਣਾ ਚਾਹੀਦਾ। ਸਾਨੂੰ ਕਿਸੇ ਰਚਨਾ ਦੇ ਵਿਸ਼ੇ ਅਤੇ ਰੂਪ ਦਾ ਸੁਮੇਲ ਕਰ ਕੇ ਹੀ ਕੋਈ ਆਲੋਚਨਾਤਮਕ ਨਿਰਣਾ ਦੇਣਾ ਚਾਹੀਦਾ ਹੈ। ਵਿਸ਼ੇ ਬਿਨਾ ਰੂਪ ਕੁੱਝ ਨਹੀਂ ਅਤੇ ਰੂਪ ਬਗ਼ੈਰ ਵਿਸ਼ੇ ਦੀ ਕੋਈ ਮਹੱਤਤਾ ਨਹੀਂ। ਦੋਹਾਂ ਨੂੰ ਅਲੱਗ ਕਰਨਾ ਅਸੰਭਵ ਹੈ। ਦੋਵੇਂ ਇੱਕ ਦੂਜੇ ਨੂੰ ਪ੍ਰਭਾਵਿਤ ਕਰਦੇ ਹਨ। ਦੋਹਾਂ ਵਿੱਚੋਂ ਕਿਸੇ ਇੱਕ ਵਿੱਚ ਕਮੀ ਜਾਂ ਵਾਧਾ ਕਿਸੇ ਵੀ ਸਾਹਿਤ ਰੂਪ ਦੇ ਸਮੁੱਚੇ ਪ੍ਰਭਾਵ ਨੂੰ ਮਨਫ਼ੀ ਜਾਂ ਜਮ੍ਹਾਂ ਬਣਾ ਸਕਦਾ ਹੈ। ਇਹ ਗੱਲ ਵੀ ਨਹੀਂ ਕਿ ਜੇ ਕਿਸੇ ਲੇਖਕ ਨੇ ਆਪਣੀ ਰਚਨਾ ਵਿੱਚ ਵਿਸ਼ੇ ਨਾਲ਼ੋਂ ਰੂਪਕ ਪੱਖ ਵੱਲ ਵਧੇਰੇ ਧਿਆਨ ਦਿੱਤਾ ਹੈ ਤਾਂ ਉਸ ਦੀ ਰਚਨਾ ਇੱਕ ਵਿਲੱਖਣ ਕ੍ਰਿਤ ਹੋ ਨਿੱਬੜੇਗੀ ਜਾਂ ਜੇ ਉਹ ਰੂਪ ਨਾਲ਼ੋਂ ਵਿਸ਼ੇ ਵੱਲ ਵਧੇਰੇ ਝੁਕਿਆ ਰਿਹਾ ਤਾਂ ਉਸ ਦੀ ਕ੍ਰਿਤ ਮਹਾਨ ਬਣ ਜਾਵੇਗੀ। "ਖੋਖਲੀ ਅੰਤਰ ਵਸਤੂ ਨੂੰ ਰੂਪ ਦੀਆਂ ਜਟਿਲਤਾਵਾਂ ਨਾਲ਼ ਭਰਿਆ ਨਹੀਂ ਜਾ ਸਕਦਾ ਅਤੇ ਬੇਜਾਨ ਅਭਿਵਿਅਕਤੀ ਤੋਂ ਕੋਰਾ ਰੂਪ ਦਿਲਚਸਪ ਵਿਚਾਰਾਂ ਨਾਲ਼ ਧੁੰਦਲਾਇਆ ਨਹੀਂ ਜਾ ਸਕਦਾ।"[1] ਇਸ ਸਾਰੀ ਪ੍ਰਕਿਰਿਆ ਵਿੱਚ ਵਿਸ਼ਾ-ਵਸਤੂ ਫਿਰ ਵੀ ਅਹਿਮ ਭੂਮਿਕਾ ਨਿਭਾ ਜਾਂਦਾ ਹੈ। ਵਿਸ਼ੇ ਪੱਖੋਂ ਕਮਜ਼ੋਰ ਪਰੰਤੂ ਜਾਨਦਾਰ ਰੂਪ ਵਾਲ਼ੀ ਸਾਹਿਤ ਰਚਨਾ ਕਾਮਯਾਬੀ ਦੀਆਂ ਮੰਜ਼ਲਾਂ ਨੂੰ ਨਹੀਂ ਛੋਹ ਸਕਦੀ ਜਦਕਿ ਰੂਪਕ ਪੱਖੋਂ ਕਮਜ਼ੋਰ ਪਰ ਸ਼ਕਤੀਸ਼ਾਲੀ ਵਿਸ਼ੇ-ਵਸਤੂ ਵਾਲ਼ੀ ਸਾਹਿਤਕ ਕ੍ਰਿਤ ਮਹਾਨ ਵੀ ਹੋ ਸਕਦੀ ਹੈ। "ਕਲਾ ਦੀ ਹਰ ਸੱਚੀ ਰਚਨਾ ਵਿੱਚ ਅੰਤਰਵਸਤੂ ਅਤੇ ਰੂਪ ਦੀ ਏਕਤਾ ਪਾਈ ਜਾਂਦੀ ਹੈ ਕਿਉਂਕਿ ਕਲਾਤਮਕ ਰੂਪ ਤੋਂ ਹੀਣੀ ਅੰਤਰਵਸਤੂ ਅਤੇ ਅੰਤਰ-ਵਸਤੂ ਤੋਂ ਖਾਲੀ ਰੂਪ ਕਲਾ ਦੇ ਖ਼ਾਸੇ ਨਾਲ਼ ਮੇਲ ਨਹੀਂ ਖਾਂਦਾ।"[2] ਹੀਗਲ[3] ਨੇ ਰਚਨਾ ਦੀ ਅੰਤਰਵਸਤੂ ਨੂੰ ਅੰਤਰਵਸਤੂ ਵਿੱਚ ਬਦਲਿਆ ਰੂਪ ਅਤੇ ਰੂਪ ਨੂੰ, ਰੂਪ ਵਿੱਚ ਬਦਲ ਰਹੀ ਅੰਤਰਵਸਤੂ ਵਜੋਂ ਪਰਿਭਾਸ਼ਿਤ ਕੀਤਾ ਹੈ। ਸਾਹਿਤ ਵਿੱਚ ਅੰਤਰਵਸਤੂ ਅਤੇ ਰੂਪ ਦੇ ਆਪਸੀ ਅਟੁੱਟ ਸੰਬੰਧ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਾ ਏ. ਪੁਸ਼ਕਿਨ ਖ਼ੂਬ ਲਿਖਦਾ ਹੈ, "ਦੋ ਤਰ੍ਹਾਂ ਦੀਆਂ ਬੇਹੂਦਗੀਆਂ ਹੁੰਦੀਆਂ ਹਨ, ਇੱਕ ਹੈ—ਭਾਵਨਾਵਾਂ ਦੀ ਕਮੀ, ਸ਼ਬਦਾਂ ਨੂੰ ਵਿਚਾਰਾਂ ਦਾ ਸਥਾਨ ਦੇ ਦੇਣਾ ਅਤੇ ਦੂਸਰੀ ਹੈ—ਭਾਵਨਾਵਾਂ ਦੀ ਫ਼ਜ਼ੂਲ ਖ਼ਰਚੀ, ਅਢੁਕਵੇਂ ਸ਼ਬਦਾਂ ਦੁਆਰਾ ਵਿਚਾਰਾਂ ਨੂੰ ਪ੍ਰਗਟਾਉਣਾ।"[4] ਜਿਵੇਂ ਮਨੁੱਖ ਆਪਣੀ ਫ਼ੋਟੋ ਵੇਖ ਕੇ ਖ਼ੁਸ਼ ਹੁੰਦਾ ਹੈ ਇਸੇ ਤਰ੍ਹਾਂ ਸਾਹਿਤ ਵਿੱਚ ਜੇ ਅਸੀਂ ਕਿਸੇ ਖ਼ਾਸ ਵਰਗ ਦੇ ਮਨੁੱਖ ਨੂੰ ਵਿਰੋਧੀ ਪਰਸਥਿਤੀਆਂ ਵਿੱਚ ਜੂਝਦਾ ਹੋਇਆ ਚਿੱਤਰਾਂਗੇ (ਇੱਥੇ ਸਾਡਾ ਭਾਵ ਵਿਸ਼ਾ-ਵਸਤੂ ਤੋਂ ਹੈ) ਤਾਂ ਘੱਟੋ-ਘੱਟ ਉਸ ਵਰਗ ਦਾ ਮਨੁੱਖ ਉਸ ਰਚਨਾ ਨੂੰ ਉਨੇ ਹੀ ਧਿਆਨ ਨਾਲ਼ ਵਾਚੇਗਾ ਜਿੰਨੇ ਧਿਆਨ ਨਾਲ਼ ਉਹ ਆਪਣੀ ਫ਼ੋਟੋ ਵੇਖਦਾ ਹੈ। ਉਹ ਫ਼ੋਟੋ ਜਨ-ਸਾਧਾਰਨ ਦਾ ਧਿਆਨ ਹੋਰ ਵੀ ਖਿਚੇਗੀ ਜੇ ਉਹ ਵਧੀਆ ਤਕਨੀਕ ਨਾਲ਼, ਠੀਕ ਕੋਣ ਤੋਂ ਚੰਗੇ ਕਾਗਜ਼ 'ਤੇ

ਉੱਕਰੀ ਹੋਵੇਗੀ (ਇੱਥੇ ਸਾਡਾ ਭਾਵ ਰੂਪ ਤੋਂ ਹੈ)। ਸੋ ਸਿੱਟਾ ਇਹ ਨਿਕਲਿਆ ਕਿ ਫ਼ੋਟੋ ਵਾਂਗ ਹੀ ਕਿਸੇ ਸਾਹਿਤਕ ਰਚਨਾ ਦੀ ਅਮਰ ਸਫ਼ਲਤਾ ਲਈ ਵਸਤੂ ਅਤੇ ਰੂਪ ਦਾ ਕਲਾਤਮਕ ਮਿਸ਼ਰਣ ਬੇਹੱਦ ਜ਼ਰੂਰੀ ਹੈ। ਪਰੰਤੂ ਜੀ. ਵੀ. ਪਲੈਖਾਨੋਵ ਰੂਪ ਨਾਲ਼ੋਂ ਵਿਚਾਰਾਂ ਦੀ ਪ੍ਰਧਾਨਤਾ ਇੰਞ ਦਰਸਾਉਂਦੇ ਹਨ, ''ਰੂਪ ਕੇਵਲ ਉਦੋਂ ਹੀ ਖ਼ੂਬਸੂਰਤ ਲਗਦਾ ਹੈ ਜਦੋਂ ਇਸ ਵਿੱਚ ਕੋਈਵਿਚਾਰ ਹੋਵੇ। ਖ਼ੂਬਸੂਰਤ ਮੱਥੇ ਦਾ ਕੀ ਮਤਲਬ ਜੇ ਇਸ ਪਿੱਛੇ ਦਿਮਾਗ਼ ਨਹੀਂ।''[15] ਇਹ ਠੀਕ ਹੈ ਕਿ ਸਾਹਿਤ ਵਿੱਚ ਸਾਨੂੰ ਰੂਪ ਨਾਲ਼ੋਂ ਵਿਸ਼ੇ-ਵਸਤੂ ਦੀ ਪ੍ਰਧਾਨਤਾ ਮੰਨਣੀ ਪੈਂਦੀ ਹੈ ਪਰੰਤੂ ਸਾਹਿਤਕਾਰ ਤਾਂ ਉਹ ਹੀ ਮਹਾਨ ਮੰਨਿਆ ਜਾਂਦਾ ਹੈ ਜੋ ਸਮਾਜ ਵਿੱਚ ਵਿਚਰ ਰਹੇ ਤੇ ਅਲੱਗ-ਅਲੱਗ ਥਾਂ ਪਸਰੇ ਪਰ ਉਸਾਰੂ ਵਿਚਾਰਾਂ ਨੂੰ ਆਪਣੀ ਸੂਖਮ ਅਤੇ ਬੌਧਿਕ ਚੇਤਨਾ ਨਾਲ਼ ਇੱਕ ਥਾਂ ਰਿਕਾਰਡ ਕਰ ਕੇ ਅਤੇ ਉਨ੍ਹਾਂ ਦੀ ਸੁਹਜਮਈ ਵਿਧੀ ਦੁਆਰਾ ਸੋਧ ਸੁਧਾਈ ਕਰ ਕੇ ਸਮਾਜ ਦੇ ਹੀ ਸਾਹਮਣੇ ਪੇਸ਼ ਕਰ ਸਕੇ। ਇਸ ਪ੍ਰਕਾਰ ਜਿੱਥੇ ਵਿਸ਼ੇ-ਵਸਤੂ ਦੀ ਮਹੱਤਤਾ ਅਸੀਂ ਮੰਨੀ ਹੈ, ਉੱਥੇ ਰੂਪਕ ਪੱਖ ਵੀ ਅਸੀਂ ਬਿਲਕੁਲ ਨਜ਼ਰ ਅੰਦਾਜ਼ ਨਹੀਂ ਕਰ ਸਕੇ ਹਾਂ।

ਸਾਹਿਤ ਦਾ ਕੋਈ ਵੀ ਰੂਪ ਕਦੇ ਕਿਸੇ ਘੜੇ ਘੜਾਏ ਸਿਧਾਂਤ ਨੂੰ ਆਧਾਰ ਬਣਾ ਕੇ ਜਨਮ ਨਹੀਂ ਲਿਆ ਕਰਦਾ। ਪਹਿਲਾਂ ਉਹ ਸਾਹਿਤਕ ਰੂਪ ਪ੍ਰਚਲਿਤ ਹੁੰਦਾ ਹੈ ਤਦ ਉਸ ਨੂੰ ਆਧਾਰ ਬਣਾ ਕੇ ਵਿਦਵਾਨ ਉਸ ਦੀ ਤਕਨੀਕ ਸੰਬੰਧੀ ਲੋੜੀਂਦੇ ਸਿਧਾਂਤ ਅਤੇ ਨੇਮ ਘੜ ਲੈਂਦੇ ਹਨ। ਇਸੇ ਲਈ ਗਲਪ ਦੀ ਵਿਚਾਰ ਅਧੀਨ ਸਿਨਫ਼ ਮਿੰਨੀ ਕਹਾਣੀ ਦੀ ਕਲਾ-ਵਿਧੀ ਦੀ ਗੱਲ ਕਰਨ ਲੱਗੇ ਲਗਭਗ ਹੁਣ ਤੱਕ ਦਾ ਸਮੁੱਚਾ ਪੰਜਾਬੀ ਮਿੰਨੀ ਕਹਾਣੀ ਸਾਹਿਤ ਮੇਰੇ ਸਾਹਮਣੇ ਹੈ।

ਜਿਸ ਤਰ੍ਹਾਂ ਨਾਟਕ ਅਤੇ ਇਕਾਂਗੀ ਵਿੱਚ, ਮਹਾਂਕਾਵਿ ਅਤੇ ਕਵਿਤਾ ਵਿੱਚ, ਨਾਵਲ ਅਤੇ ਕਹਾਣੀ ਵਿੱਚ ਅੰਤਰ ਹੈ ਉਸੇ ਤਰ੍ਹਾਂ ਕਹਾਣੀ ਅਤੇ ਮਿੰਨੀ ਕਹਾਣੀ ਵਿੱਚ ਫ਼ਰਕ ਹੈ। ਭਾਵੇਂ ਮਿੰਨੀ ਕਹਾਣੀ ਵਿੱਚ ਕਹਾਣੀ ਦੀਆਂ ਸਾਰੀਆਂ ਵਿਸ਼ੇਸ਼ਤਾਵਾਂ ਮੌਜੂਦ ਹੁੰਦੀਆਂ ਹਨ ਪਰੰਤੂ ਫਿਰ ਵੀ ਦੋਹਾਂ ਵਿੱਚ ਤਕਨੀਕੀ ਅੰਤਰ ਹੁੰਦਾ ਹੈ। ਗੋਂਦ, ਪਾਤਰ-ਚਿਤ੍ਰਣ ਆਦਿ ਤੱਤ ਤਾਂ ਕਹਾਣੀ ਵਿੱਚ ਵੀ ਹੁੰਦੇ ਹਨ ਪਰ ਮਿੰਨੀ ਕਹਾਣੀ ਵਿੱਚ ਇਨ੍ਹਾਂ ਤੱਤਾਂ ਦੀ ਪੇਸ਼ਕਾਰੀ ਵਿੱਚ ਫ਼ਰਕ ਹੁੰਦਾ ਹੈ। ਜੇ ਕਹਾਣੀ ਕਿਸੇ ਇੱਕ ਘਟਨਾ/ਪਰਿਸਥਿਤੀ ਦਾ ਬਿਆਨ ਹੈ ਤਾਂ ਮਿੰਨੀ ਕਹਾਣੀ ਕਿਸੇ ਘਟਨਾ/ਪਰਿਸਥਿਤੀ ਦੇ ਖ਼ਾਸ ਛਿਣ ਦੀ ਕਲਾਤਮਕ ਅਭਿਵਿਅਕਤੀ ਹੈ। ਨਿੱਕੀ ਕਹਾਣੀ ਦੇ ਕਥਾਨਕ ਨਾਲ਼ੋਂ ਮਿੰਨੀ ਕਹਾਣੀ ਦੇ ਕਥਾਨਕ ਦੀ ਕਲਾਤਮਕ ਵਿਉਂਤ ਔਖੀ ਹੁੰਦੀ ਹੈ। ਇਸੇ ਲਈ ਇਹ ਜ਼ਰੂਰੀ ਨਹੀਂ ਹੁੰਦਾ ਕਿ ਜੋ ਲੇਖਕ ਨਿੱਕੀ ਕਹਾਣੀ ਚੰਗੀ ਲਿਖ ਸਕਦਾ ਹੋਵੇ ਉਹ ਮਿੰਨੀ ਕਹਾਣੀ ਦੇ ਕਥਾਨਕ ਨੂੰ ਵੀ ਉਸੇ ਖ਼ੂਬੀ ਨਾਲ਼ ਨਿਭਾ ਸਕੇ। ਮਿੰਨੀ ਕਹਾਣੀ ਵਿੱਚ ਕਿਸੇ ਇੱਕ ਪਾਤਰ ਦੇ ਮਨ ਦੀ ਕਿਸੇ ਇੱਕ ਤਹਿ ਨੂੰ ਸੂਖਮਤਾ ਨਾਲ਼ ਵਾਚਿਆ ਜਾਂਦਾ ਹੈ। ਇੰਝ ਗਲਪ ਦੀ ਇਹ ਸਿਨਫ਼ ਇਸ ਸਮਾਜ, ਮਨੁੱਖ, ਉਸ ਦੀਆਂ ਸਮੱਸਿਆਵਾਂ ਅਤੇ ਉਸਦੇ ਮਨ ਦਾ ਇੱਕ ਸੂਖਮ ਵਿਸ਼ਲੇਸ਼ਣ ਹੈ। ਹੁਣ ਤੱਕ ਅਸੀਂ ਇਹ ਵੇਖ ਹੀ ਚੁੱਕੇ ਹਾਂ ਕਿ ਕਹਾਣੀ ਵਾਂਗ ਹੀ ਮਿੰਨੀ ਕਹਾਣੀ ਲਈ ਵੀ ਕਹਾਣੀ ਰਸ ਕਾਇਮ ਰੱਖਣ ਲਈ ਸ਼ਕਤੀਸ਼ਾਲੀ ਵਿਸ਼ਾ-ਵਸਤੂ, ਗੋਂਦ, ਪਾਤਰ-ਚਿਤ੍ਰਣ, ਸਰਲ ਬਿਆਨ ਢੰਗ ਆਦਿ ਗੁਣ/ਤੱਤ ਜ਼ਰੂਰੀ ਹੁੰਦੇ ਹਨ। ਪਰੰਤੂ ਕਿਸੇ ਲੇਖਕ ਦੀ ਲਿਖਣ ਤਕਨੀਕ ਅਤੇ ਉਸਦੇ ਹੁਨਰ ਜਾਂ ਕਾਰੀਗਰੀ ਵਿੱਚ ਫ਼ਰਕ ਹੁੰਦਾ ਹੈ। ਤਕਨੀਕ ਵਿੱਚ ਤਾਂ ਸ਼ਬਦਾਵਲੀ, ਸਿਰਲੇਖ ਅਤੇ ਸ਼ੈਲੀ ਸਮੇਤ ਉਪਰੋਕਤ ਗੁਣਾਂ ਦਾ ਸੁਤੰਤਰ ਰੂਪ ਵਿੱਚ ਅਧਿਐਨ

ਕੀਤਾ ਜਾਂਦਾ ਹੈ ਜਦ ਕਿ ਲੇਖਕ ਦਾ ਹੁਨਰ ਉਦੋਂ ਸਾਹਮਣੇ ਆਉਂਦਾ ਹੈ ਜਦੋਂ ਉਹ ਇਨ੍ਹਾਂ ਕਲਾਤਮਕਤਾ ਪੈਦਾ ਕਰਨ ਵਾਲ਼ੇ ਤੱਤਾਂ ਨੂੰ ਆਪਣੀਆਂ ਰਚਨਾਵਾਂ ਵਿੱਚ ਵਰਤਦਾ ਹੈ। ਇਸੇ ਲਈ ਇਹ ਜ਼ਰੂਰੀ ਨਹੀਂ ਹੁੰਦਾ ਕਿ ਕਹਾਣੀ ਜਾਂ ਮਿੰਨੀ ਕਹਾਣੀ ਦੇ ਤਕਨੀਕੀ ਪੱਖ ਬਾਰੇ ਮੁਕੰਮਲ ਜਾਣਕਾਰੀ ਰੱਖਣ ਵਾਲ਼ਾ (ਆਲੋਚਕ) ਖ਼ੁਦ ਇਸ ਕਲਾ-ਵਿਧੀ ਨੂੰ ਕਿਸੇ ਰਚਨਾ ਵਿੱਚ ਬਖ਼ੂਬੀ ਵਰਤ ਸਕੇ। ਜੇ ਕੋਈ ਵਿਅਕਤੀ ਬਣੇ ਹੋਏ ਭੋਜਨ ਨੂੰ ਚਖ਼ ਕੇ ਉਸਨੂੰ ਵਧੀਆ ਜਾਂ ਘਟੀਆ ਸ਼੍ਰੇਣੀ ਵਿੱਚ ਰੱਖ ਸਕਦਾ ਹੈ ਤਾਂ ਜ਼ਰੂਰੀ ਨਹੀਂ ਕਿ ਉਹ ਵਧੀਆ ਭੋਜਨ ਆਪ ਵੀ ਬਣਾ ਸਕਦਾ ਹੋਵੇ। ਇੱਥੇ ਉਸਨੂੰ ਇਸ ਗੱਲ ਦਾ ਤਾਂ ਗਿਆਨ ਹੈ ਕਿ ਇੱਕ ਚੰਗੇ ਭੋਜਨ ਦੇ ਕੀ-ਕੀ ਗੁਣ ਹੁੰਦੇ ਹਨ ਪਰੰਤੂ ਉਹ ਉਨ੍ਹਾਂ ਗੁਣਾਂ ਨੂੰ ਵਿਹਾਰਕ ਜ਼ਿੰਦਗੀ ਵਿੱਚ ਬਖ਼ੂਬੀ ਵਰਤ ਕੇ ਚੰਗਾ ਭੋਜਨ ਨਹੀਂ ਤਿਆਰ ਕਰ ਸਕਦਾ। ਹੁਣ ਉਪਰੋਕਤ ਵਿਚਾਰ-ਚਰਚਾ ਤੋਂ ਬਾਅਦ ਡਾ: ਅਮਰ ਕੌਮਲ ਦੇ ਇਸ ਵਿਚਾਰ ਨਾਲ਼ ਹਰਗਿਜ਼ ਸਹਿਮਤ ਨਹੀਂ ਹੋਇਆ ਜਾ ਸਕਦਾ ਕਿ "ਮਿੰਨੀ ਕਹਾਣੀ ਨੂੰ ਕਹਾਣੀ ਮੰਨ ਕੇ ਉਸਦੇ ਰੂਪ ਵਿਧਾਨ ਦੀ ਰਚਨਾ ਦੀ ਗੱਲ ਨਹੀਂ ਕੀਤੀ ਜਾ ਸਕਦੀ।"[6] ਕਿਉਂਕਿ ਸਾਡੀ ਧਾਰਨਾ ਤਾਂ ਮਿੰਨੀ ਕਹਾਣੀ ਨੂੰ ਆਪਣੇ ਆਪ ਵਿੱਚ ਇੱਕ ਮੁਕੰਮਲ ਕਹਾਣੀ ਮੰਨ ਕੇ ਤੁਰਨ ਦੀ ਹੈ (ਜਿਵੇਂ ਅਸੀਂ ਉੱਪਰ ਵੀ ਕਿਹਾ ਹੈ)। ਇਸ ਨੂੰ ਇੱਕ ਕਹਾਣੀ ਮੰਨ ਕੇ ਹੀ ਇਸਦੇ ਵਿਭਿੰਨ ਤੱਤਾਂ ਦਾ ਨਿਰਨਾ ਕੀਤਾ ਜਾ ਸਕਦਾ ਹੈ। ਇਸ ਵਿਚ ਇੱਕ ਪੂਰਾ ਵਿਚਾਰ ਹੁੰਦਾ ਹੈ, ਇਸਦਾ ਅਸਰ ਵੀ ਓਨਾ ਹੀ ਪੈਂਦਾ ਹੈ ਜਿੰਨਾ ਕਿ ਕਹਾਣੀ ਦਾ। ਅਸੀਂ ਕਿਉਂ ਨਾ ਇਸ ਸਿਨਫ਼ ਨੂੰ ਮੁਕੰਮਲ ਮੰਨੀਏ ? ਇਸ ਵਿੱਚ ਨਿੱਕੀ ਕਹਾਣੀ ਦੇ ਸਾਰੇ ਤੱਤ ਮੌਜੂਦ ਹੁੰਦੇ ਹਨ ਪਰੰਤੂ ਉਨ੍ਹਾਂ ਤੱਤਾਂ ਦੇ ਗੁਣਾਂ ਵਿੱਚ ਕੁੱਝ ਭਿੰਨਤਾ ਹੁੰਦੀ ਹੈ। ਜਿਵੇਂ ਕਿਸੇ ਵੀ ਜਾਨਵਰ ਦੇ ਦੋ ਹੱਥ + ਦੋ ਪੈਰ = ਚਾਰ ਪੈਰ, ਦੋ ਅੱਖਾਂ, ਦੋ ਕੰਨ, ਇੱਕ ਨੱਕ, ਵਾਲ਼, ਦਿਲ, ਦਿਮਾਗ਼, ਗੁਰਦਾ ਆਦਿ ਸਭ ਮਨੁੱਖ ਵਾਂਗ ਹੀ ਹੁੰਦੇ ਹਨ ਪਰੰਤੂ ਇੰਨੇ ਅੰਗ ਮਿਲਣ ਦੇ ਬਾਵਜੂਦ ਇੱਕ ਜਾਨਵਰ ਨੂੰ ਮਨੁੱਖ ਕਿਉਂ ਨਹੀਂ ਕਿਹਾ ਜਾਂਦਾ ? ਜ਼ਾਹਿਰ ਹੈ ਕਿ ਇਨ੍ਹਾਂ ਮਿਲ਼ਦੇ ਜੁਲ਼ਦੇ ਅੰਗਾਂ ਦੇ ਗੁਣ ਵੱਖ-ਵੱਖ ਜੀਵਾਂ ਅਨੁਸਾਰ ਵੱਖੋ ਵੱਖਰੇ ਹੁੰਦੇ ਹਨ। ਇਸੇ ਤਰ੍ਹਾਂ ਸਾਹਿਤ ਦੀ ਹਰ ਸਿਨਫ਼ ਵਿੱਚ ਕਹਾਣੀ ਤਾਂ ਕਿਸੇ ਨਾ ਕਿਸੇ ਸ਼ਕਲ ਵਿੱਚ ਮੌਜੂਦ ਰਹਿੰਦੀ ਹੈ ਪਰੰਤੂ ਉਸ ਕਹਾਣੀ ਦੇ ਵਰਤਣ ਅਤੇ ਪੇਸ਼ ਕਰਨ ਦੇ ਢੰਗ ਦੀ ਵੱਖਰਤਾ ਕਾਰਨ ਹੀ ਅਲੱਗ-ਅਲੱਗ ਸਿਨਫ਼ਾਂ ਹੋਂਦ ਵਿੱਚ ਆਉਂਦੀਆਂ ਹਨ। ਇਸੇ ਪ੍ਰਕਾਰ ਪਾਤਰ ਨਾਵਲ ਵਿੱਚ ਵੀ ਹੁੰਦੇ ਹਨ, ਕਹਾਣੀ ਵਿੱਚ ਵੀ, ਨਾਟਕ ਤੇ ਮਿੰਨੀ ਕਹਾਣੀ ਵਿੱਚ ਵੀ, ਵਾਰਤਾਲਾਪ ਵੀ ਇਨ੍ਹਾਂ ਸਭ ਵਿੱਚ ਸਾਂਝਾ ਹੈ, ਪਲਾਟ ਦੀ ਲੋੜ ਇਨ੍ਹਾਂ ਸਭ ਸਿਨਫ਼ਾਂ ਵਿੱਚ ਹੁੰਦੀ ਹੈ ਆਦਿ ਆਦਿ।

ਇੱਕ ਲੇਖਕ ਲਈ ਕਹਾਣੀ ਵਿੱਚ ਆਪਣੇ ਪਾਠਕਾਂ ਨੂੰ ਆਪਣੇ ਮਗਰ ਲਾਉਣਾ ਆਸਾਨ ਹੈ ਕਿਉਂਕਿ ਉਸ ਕੋਲ਼, ਇਸਦੇ ਵੱਡੇ ਆਕਾਰ ਕਾਰਨ, ਆਪਣੇ ਵਿਚਾਰਾਂ ਨੂੰ ਜਨ-ਸਾਧਾਰਨ ਦੇ ਖ਼ਿਆਲ ਬਣਾ ਕੇ ਪੇਸ਼ ਕਰਨ ਲਈ ਭਰਪੂਰ ਸਮਾਂ ਹੁੰਦਾ ਹੈ। ਉਹ ਇਸ ਵਕਤ ਵਿੱਚ ਪਾਠਕਾਂ ਦਾ ਵਿਸ਼ਵਾਸ ਆਸਾਨੀ ਨਾਲ਼ ਜਿੱਤ ਲੈਂਦਾ ਹੈ ਅਤੇ ਕਹਾਣੀ ਦੇ ਅੰਤ 'ਤੇ ਤਾਂ ਪਾਠਕ ਲੇਖਕ ਦਾ ਹੀ ਹੋ ਕੇ ਰਹਿ ਜਾਂਦਾ ਹੈ। ਜਦਕਿ ਮਿੰਨੀ ਕਹਾਣੀ-ਲੇਖਕ ਕੋਲ਼, ਇਸਦਾ ਆਕਾਰ ਛੋਟਾ ਹੋਣ ਕਰਕੇ, ਕਹਾਣੀ-ਲੇਖਕ ਜਿੰਨਾ ਸਮਾਂ ਨਹੀਂ ਹੁੰਦਾ। ਹਾਲ਼ੇ ਪਾਠਕ ਖ਼ੁਦ ਆਪਣੇ ਵਿਚਾਰਾਂ ਦੀ ਲੜੀ ਤੋਂ ਪੂਰੀ ਤਰ੍ਹਾਂ ਟੁੱਟਿਆ ਨਹੀਂ ਹੁੰਦਾ ਕਿ ਮਿੰਨੀ ਕਹਾਣੀ ਖ਼ਤਮ ਵੀ ਹੋ ਜਾਂਦੀ ਹੈ। ਸੋ ਇਸਦੇ ਲੇਖਕ ਲਈ ਅਜਿਹੇ ਕਲਾ-ਕੌਸ਼ਲ ਦੀ ਜ਼ਰੂਰਤ ਹੁੰਦੀ ਹੈ ਜੋ ਸੀਮਿਤ ਸਮੇਂ ਵਿੱਚ

ਸੂਖਮਤਾ ਸਹਿਤ ਮਨੁੱਖੀ ਮਨ ਦੀਆਂ ਗਹਿਰਾਈਆਂ ਨੂੰ ਨਾਪ ਕੇ, ਪਾਠਕਾਂ ਉੱਪਰ ਆਪਣਾ ਬੱਝਵਾਂ ਪ੍ਰਭਾਵ ਪਾ ਕੇ ਉਨ੍ਹਾਂ ਨੂੰ ਆਪਣੇ ਵਿਚਾਰਾਂ ਦਾ ਧਾਰਨੀ ਬਣਾ ਸਕਣ ਦੇ ਕਾਬਿਲ ਹੋਵੇ। ਤਾਂਹੀਓਂ ਤਾਂ ਡਾ: ਅਮਰ ਕੋਮਲ ਦਾ ਵਿਚਾਰ ਹੈ ਕਿ ਮਿੰਨੀ ਕਹਾਣੀ ਵਿੱਚ "...ਅਰਥ ਭਰਪੂਰ ਸ਼ਬਦਾਵਲੀ, ਗੱਲਬਾਤ, ਮੁਹਾਵਰਾ, ਲੋਕੋਕਤੀ ਅਤੇ ਚੁਸਤ ਸ਼ੈਲੀ ਦੀ ਵਰਤੋਂ ਜ਼ਰੂਰੀ ਹੈ। ਪ੍ਰਤੀਕਾਂ ਦੀ ਸਹਾਇਤਾ ਨਾਲ਼ ਕਹਿਣ ਦਾ ਢੰਗ ਭਾਵ-ਪੂਰਤ, ਰਹੱਸਮਈ ਤੇ ਕਲਾਤਮਕ ਹੋਣਾ ਚਾਹੀਦਾ ਹੈ।"[7] ਇਸੇ ਲਈ ਤਾਂ ਮੇਰੀ ਉਨ੍ਹਾਂ ਲੇਖਕਾਂ ਨੂੰ ਵਾਰ-ਵਾਰ ਇਹ ਅਪੀਲ ਹੈ ਜੋ ਮਿੰਨੀ ਕਹਾਣੀ ਨੂੰ ਇਸਦੇ ਛੋਟੇ ਆਕਾਰ ਕਾਰਨ ਇੱਕ ਲਤੀਫ਼ੇ ਦੇ ਰੂਪ ਵਿੱਚ ਨਿਹਾਰਦੇ ਹਨ ਕਿ ਉਹ ਇਸ ਸਿਨਫ਼ ਦੀ ਬਾਰੀਕੀ ਨੂੰ ਸਮਝਦਿਆਂ ਇਸ ਦੇ ਗੁਣਾਂ ਦੇ ਅਨੁਕੂਲ ਹੀ ਇਸ ਨਾਲ਼ ਵਿਵਹਾਰ ਕਰਨ ਅਤੇ ਕ੍ਰਿਪਾ ਕਰਕੇ ਇਸਨੂੰ ਨਿਰੋਲ ਚੁਟਕਲਾ ਨਾ ਸਮਝਣ ਕਿਉਂਕਿ ਇਸ ਵਿੱਚ ਵਿਅੰਗ ਦੀ ਪ੍ਰਧਾਨਤਾ ਰਹਿੰਦੀ ਹੈ ਜਦਕਿ ਚੁਟਕਲੇ ਵਿੱਚ ਹਾਸਾ ਤਾਂ ਮੌਜੂਦ ਹੁੰਦਾ ਹੈ ਪਰੰਤੂ ਵਿਅੰਗ ਦੀ ਲਗਭਗ ਘਾਟ ਹੀ ਹੁੰਦੀ ਹੈ। ਮਿੰਨੀ ਕਹਾਣੀ ਦੇ ਵਿਅੰਗ ਦੀ ਚੋਟ ਤਾਂ ਉਸ ਐਟਮ ਬੰਬ ਵਰਗੀ ਹੁੰਦੀ ਹੈ ਜੋ "ਜਿੱਥੇ ਮਾਰ ਕਰਦੀ ਹੈ ਝੁਲਸ ਕੇ ਰੱਖ ਦਿੰਦੀ ਹੈ, ਭਾਂਬੜ ਮਚ ਪੈਂਦੇ ਹਨ, ਲੰਬੂਆਂ ਵਿੱਚੋਂ ਲਾਂਬੂ ਨਿਕਲਦੇ ਚਲੇ ਜਾਂਦੇ ਹਨ।"[8] ਸੋ ਸਾਨੂੰ ਮਿੰਨੀ ਕਹਾਣੀ ਅਤੇ ਲਤੀਫ਼ੇ ਨੂੰ ਅਲੱਗ-ਅਲੱਗ ਵਸਤੂਆਂ ਵਜੋਂ ਹੀ ਨਿਹਾਰਨਾ ਚਾਹੀਦਾ ਹੈ।

ਮਿੰਨੀ ਕਹਾਣੀ ਵਿੱਚ ਪੇਸ਼ ਕੀਤੇ ਗਏ ਵਿਸ਼ੇ ਨੂੰ ਵਧਾ ਕੇ ਲੰਮੀ ਕਹਾਣੀ ਵਿੱਚ ਤਬਦੀਲ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਮਿੰਨੀ ਕਹਾਣੀ ਲੰਮੀ ਕਹਾਣੀ ਦਾ ਸੰਖੇਪ ਰੂਪ ਹੈ। ਇਸ ਵਿੱਚ ਇੱਕ ਮੁਕੰਮਲ ਖ਼ਿਆਲ ਹੁੰਦਾ ਹੈ ਸਿਰਫ਼ ਵਿਚਾਰ ਨੂੰ ਸਹੀ ਢੰਗ ਨਾਲ਼ ਵਰਤਣ ਦੀ ਜ਼ਰੂਰਤ ਹੁੰਦੀ ਹੈ। ਇਹ ਰਬੜ ਦੇ ਉਸ ਟੁਕੜੇ ਵਾਂਗ ਨਹੀਂ ਜਿਸ ਨੂੰ ਆਪਣੀ ਮਰਜ਼ੀ ਮੁਤਾਬਕ ਵਧਾਇਆ ਜਾ ਸਕਦਾ ਹੈ ਸਗੋਂ ਇਹ ਸਟੀਲ ਦੇ ਉਸ ਛੋਟੇ ਪੇਚ ਵਾਂਗ ਹੈ ਜਿਸਨੂੰ ਆਕਾਰ ਵਿੱਚ ਨਾ ਤਾਂ ਘਟਾਇਆ ਜਾ ਸਕਦਾ ਹੋਵੇ ਅਤੇ ਨਾ ਹੀ ਵਧਾਇਆ। ਨਾਲ਼ ਜਿਸ ਨੂੰ ਕਸੇ ਬਗ਼ੈਰ ਕੋਈ ਵੀ ਮਸ਼ੀਨਰੀ ਚੱਲ ਨਾ ਸਕਦੀ ਹੋਵੇ। ਮਿੰਨੀ ਕਹਾਣੀ ਭਾਵੇਂ ਪਾਣੀ ਦੀ ਇੱਕ ਬੂੰਦ ਹੈ ਪਰ ਇਸ ਦਾ ਆਪਣਾ ਵਹਾਅ ਵੀ ਹੈ। ਪਰੰਤੂ ਜੇ ਅਸੀਂ ਸੋਚੀਏ ਕਿ ਲੰਮੀ ਕਹਾਣੀ ਦਾ ਕੈਨਵਸ ਵੀ ਇਸ ਵਿੱਚ ਠੋਸ ਦਿੱਤਾ ਜਾਏ ਤਾਂ ਇਹ ਇੱਕ ਭੁੱਲ ਹੋਵੇਗੀ। ਆਕਾਰ ਵਿੱਚ ਇਸਦੇ ਛੋਟੀ ਹੋਣ ਕਾਰਨ ਹੀ ਇਸਨੂੰ ਲਿਖਣ ਲੱਗਿਆਂ ਲੇਖਕ ਲਈ ਖ਼ਾਸ ਸਾਵਧਾਨੀ ਦੀ ਲੋੜ ਹੁੰਦੀ ਹੈ। ਆਕਾਰ ਵਿੱਚ ਛੋਟੀ ਇੱਕ ਗੁੱਟ ਘੜੀ ਦੇ ਅੰਦਰਲੇ ਬਾਰੀਕ ਪੁਰਜ਼ਿਆਂ ਨੂੰ ਘੋਖਣ ਲਈ ਘੜੀ ਸਾਜ਼ ਨੂੰ ਅੱਖ ਉੱਪਰ ਲੈਨਜ਼ ਫਿੱਟ ਕਰਨ ਦਾ ਤਰੱਦਦ ਸਿਰਫ਼ ਏਸੇ ਲਈ ਕਰਨਾ ਪੈਂਦਾ ਹੈ ਕਿਉਂਕਿ ਉਹ ਆਕਾਰ ਵਿੱਚ ਛੋਟੀ ਹੈ ਜਦਕਿ ਦੀਵਾਰ ਘੜੀ ਦੇ ਪੁਰਜ਼ਿਆਂ ਦੀ, ਉਹੀ ਘੜੀ ਸਾਜ਼ ਬਿਨਾਂ ਕਿਸੇ ਸ਼ੀਸ਼ੇ ਦੀ ਮਦਦ ਨਾਲ ਜਾਂਚ ਕਰ ਲੈਂਦਾ ਹੈ। ਮਿੰਨੀ ਕਹਾਣੀ ਵੀ ਤਾਂ ਇੱਕ ਛੋਟੀ ਗੁੱਟ ਘੜੀ ਵਾਂਗ ਹੈ ਜਿਸ ਦੇ ਪੁਰਜ਼ਿਆਂ ਨੂੰ ਸਮਝਣ ਲਈ ਲੇਖਕ ਕੋਲ਼ ਬਾਰੀਕ ਨਜ਼ਰ ਦੀ ਜ਼ਰੂਰਤ ਹੁੰਦੀ ਹੈ, ਚਾਹੇ ਇਸਦੇ ਤਕਨੀਕੀ ਅੜੂਲ ਗੁੱਟ ਘੜੀ ਵਰਗੇ ਮਕਾਨਕੀ ਕਦੇ ਵੀ ਨਹੀਂ ਹੋ ਸਕਦੇ।

ਜਿਵੇਂ ਇੱਕ ਪ੍ਰੋਗਰਾਮ ਸੈਂਕੜੇ ਹਜ਼ਾਰਾਂ ਤਾਰਾਂ ਵਿੱਚੋਂ ਦੀ ਹੁੰਦਾ ਹੋਇਆ ਕਾਫ਼ੀ ਸੁਧਰੇ ਰੂਪ ਵਿੱਚ ਬ੍ਰੌਡਕਾਸਟ ਜਾਂ ਟੈਲੀਕਾਸਟ ਹੁੰਦਾ ਹੈ ਤਿਵੇਂ ਹੀ ਕੋਈ ਸਾਹਿਤਕ ਰਚਨਾ ਸਿਰਜੇ ਜਾਣ ਤੋਂ

ਬਹੁਤ ਪਹਿਲਾਂ ਸਾਹਿਤਕਾਰ ਦੇ ਦਿਲ ਦਿਮਾਗ਼ ਵਿੱਚ ਚੱਕਰ ਲਾਉਂਦੀ ਰਹਿੰਦੀ ਹੈ। ਤਰ੍ਹਾਂ-ਤਰ੍ਹਾਂ ਦੇ ਵਿਚਾਰਾਂ ਦਾ ਮੰਥਨ ਉਹ ਕਰਦਾ ਰਹਿੰਦਾ ਹੈ। ਇਹ ਮੰਥਨ ਦੀ ਪ੍ਰਕਿਰਿਆ ਸਾਲਾਂ ਬੱਧੀ ਜਾਰੀ ਰਹਿ ਸਕਦੀ ਹੈ। ਇਸ ਪ੍ਰਕਿਰਿਆ ਵਿੱਚ ਉਹ ਆਪਣੇ ਵਿਸ਼ੇ-ਵਸਤੂ, ਪਾਤਰ-ਚਿਤ੍ਰਣ 'ਤੇ ਪੂਰਾ ਧਿਆਨ ਦਿੰਦਾ ਹੈ ਤੇ ਇਨ੍ਹਾਂ ਬਾਰੇ ਸਪੱਸ਼ਟਤਾ ਹਾਸਿਲ ਕਰਦਾ ਹੈ। ਇਸ ਨੂੰ ਕਾਗਜ਼ ਦੇ ਕੈਨਵਸ 'ਤੇ ਉਤਾਰਨ ਤੋਂ ਪਹਿਲਾਂ ਇੱਕ ਵਿਸ਼ੇਸ਼ ਤਰਤੀਬ ਲੋੜੀਂਦੀ ਹੈ। ਪਲਾਟ ਜਾਂ ਕਥਾਨਕ ਜਾਂ ਗੋਂਦ ਵੱਖ-ਵੱਖ ਘਟਨਾਵਾਂ, ਪਰਿਸਥਿਤੀਆਂ ਦੀ ਕਲਾਮਈ ਤਰਤੀਬ ਹੀ ਤਾਂ ਹੈ। ਮੈਕਸਿਮ ਗੋਰਕੀ ਅਨੁਸਾਰ, "ਸੰਪਰਕ, ਵਿਰੋਧਤਾਈਆਂ, ਪਸੰਦ, ਨਾ ਪਸੰਦ, ਮੋਟੇ ਤੌਰ 'ਤੇ ਮਨੁੱਖੀ ਸੰਬੰਧ—ਯਾਨੀ ਇਸ ਜਾਂ ਉਸ ਪਾਤਰ ਦੀ ਤਰਤੀਬ ਅਤੇ ਉਸਦਾ ਪਸਾਰ ਹੀ ਕਥਾਨਕ ਹੈ।"[9] ਭਾਵੇਂ ਮਿੰਨੀ ਕਹਾਣੀ ਵਿੱਚ ਆਮ ਤੌਰ 'ਤੇ ਇੱਕੋ ਹੀ ਘਟਨਾ ਜਾਂ ਪਰਿਸਥਿਤੀ ਹੁੰਦੀ ਹੈ ਪਰੰਤੂ ਕਿਸੇ ਇੱਕ ਪਰਿਸਥਿਤੀ ਦੀਆਂ ਵੱਖ-ਵੱਖ ਤੰਦਾਂ ਦੀ ਤਰਤੀਬ ਦੀ ਲੋੜ ਤਾਂ ਮਿੰਨੀ ਕਹਾਣੀ ਵਿੱਚ ਹੁੰਦੀ ਹੀ ਹੈ। ਇਸਦੀ ਬੁਣਤੀ ਇਕਹਿਰੀ ਹੋਣ ਦੇ ਬਾਵਜੂਦ ਇਹ ਆਪਣੇ ਆਪ ਵਿੱਚ ਕਈ ਗੁੰਝਲ਼ਾਂ, ਮੋੜ ਆਦਿ ਛੁਪਾਏ ਰਹਿੰਦੀ ਹੈ। ਮਿੰਨੀ ਕਹਾਣੀ ਵਿਚਲੇ ਵਿਸ਼ੇ ਨੂੰ ਅਜਿਹੀ ਕਲਾਮਈ ਵਿਉਂਤ ਨਾਲ਼ ਪੇਸ਼ ਕੀਤਾ ਜਾਵੇ ਕਿ ਰਚਨਾ ਦਾ ਉਦੇਸ਼ ਸਥਿਤੀ ਅਤੇ ਕਾਰਜ ਦੀ ਟੱਕਰ ਵਿਚੋਂ ਆਪਣੇ ਆਪ ਉਪਜੇ, ਲੇਖਕ ਆਪਣੇ ਮੂੰਹੋਂ ਕੁੱਝ ਨਾ ਕਹੇ। ਉਹ ਇਸ ਦੀ ਗੋਂਦ ਇਸ ਢੰਗ ਨਾਲ਼ ਗੁੰਦੇ ਕਿ ਇਸ ਦਾ ਇੱਕ ਵੀ ਵਾਕ ਇਸਦੇ ਮੁੱਖ ਆਸ਼ੇ ਤੋਂ ਬਾਹਰ ਨਾ ਨਿਕਲ਼ਦਾ ਹੋਵੇ, ਕਿਤੇ ਕੋਈ ਤੰਦ ਢਿੱਲੀ ਨਾ ਰਹਿਣ ਦੇਵੇ ਨਹੀਂ ਤਾਂ ਪ੍ਰਭਾਵ ਦੀ ਇਕਾਗਰਤਾ ਕਾਇਮ ਨਹੀਂ ਰਹਿ ਸਕੇਗੀ। ਇਸ ਤੋਂ ਇਲਾਵਾ ਲਫ਼ਜ਼ਾਂ ਦੀ ਚੋਣ ਅਜਿਹੀ ਹੋਵੇ ਜੋ ਪਾਠਕਾਂ ਦੇ ਮਨਾਂ ਨੂੰ ਖਿੱਚੇ। ਕੋਈ ਵੀ ਸੰਵਾਦ ਵਾਧੂ ਨਾ ਜਾਪੇ; ਵਿਸ਼ੇ ਤੋਂ ਲਾਂਭੇ ਨਾ ਹਟਦਾ ਹੋਵੇ। ਗੱਲ ਕੀ, ਇਸ ਵਿੱਚ ਇਕ-ਇਕ ਲਫ਼ਜ਼ ਕੀਮਤੀ ਹੁੰਦਾ ਹੈ, ਕਹਾਣੀਕਾਰ ਨੂੰ ਜ਼ਰਾ ਸਰਫ਼ੇ ਨਾਲ਼ ਹੀ ਸੋਚ-ਸੋਚ ਕੇ ਇਨ੍ਹਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਕਹਾਣੀਆਂ ਦੇ ਵਿਸ਼ੇ ਤਾਂ ਸਾਰੇ ਹੀ ਵਿਅਕਤੀ ਲਈ ਫ਼ਿਰਦੇ ਹਨ ਪਰੰਤੂ ਆਪਣੇ ਵਿਚਾਰਾਂ ਨੂੰ ਲਿਖਤੀ ਰੂਪ ਪ੍ਰਦਾਨ ਕਰਨ ਦਾ ਹੁਨਰ ਹਰ ਇੱਕ ਕੋਲ਼ ਨਹੀਂ ਹੁੰਦਾ। ਪ੍ਰਸਿੱਧ ਜਰਮਨ ਦਾਰਸ਼ਨਿਕ ਕਾਂਟ ਅਨੁਸਾਰ, "ਕਲਪਨਾ ਰਾਹੀਂ ਮਨੁੱਖ ਯਥਾਰਥ ਨੂੰ ਉਸਦੇ ਜਿਉਂ ਦੇ ਤਿਉਂ ਅਰਥਾਤ ਮੌਲਿਕ ਅਤੇ ਅਸਲੀ ਰੂਪ ਵਿਚ ਪੇਸ਼ ਕਰਦਾ ਹੈ...ਅਤੇ ਤਰਕ ਅਜਿਹੀ ਸ਼ਕਤੀ ਹੈ ਜਿਸ ਰਾਹੀਂ ਯਥਾਰਥ ਸੰਕਲਪ ਵਿਚ ਬਦਲ ਜਾਂਦਾ ਹੈ। ...ਪਰ ਜਿੱਥੇ ਤਰਕ ਅਨੁਭਵ ਵਿਚਲੇ ਵਿਆਪਕ (Universal) ਤੱਤ ਨੂੰ ਪਕੜਦਾ ਹੈ ਉਥੇ ਕਲਾ ਉਸ ਵਿਚਲੇ ਵਿਸ਼ੇਸ਼ ਤੱਤ ਨੂੰ ਸਿਰਜਣ ਲਈ ਯਤਨਸ਼ੀਲ ਹੁੰਦੀ ਹੈ।"[10] ਕਾਂਟ ਦੇ ਉਪਰੋਕਤ ਕਥਨ ਤੋਂ ਸਾਹਿਤਕ ਕਲਾ-ਕੌਸ਼ਲਤਾ ਦੀ ਸੂਖਮਤਾ ਤੇ ਗਹਿਰਾਈ ਦਾ ਅੰਦਾਜ਼ਾ ਭਲੀ ਭਾਂਤ ਹੋ ਜਾਂਦਾ ਹੈ। ਮਾਓ-ਜ਼ੇ-ਤੁੰਗ[11] ਨੇ ਤਾਂ ਕਲਾਤਮਕ ਵਿਸ਼ੇਸ਼ਤਾ ਤੋਂ ਹੀਣੀਆਂ ਕਲਾ ਕਿਰਤਾਂ ਨੂੰ ਵਿਅਰਥ ਮੰਨਿਆ ਹੈ।

ਕਲਾ ਕੌਸ਼ਲਤਾ ਦਾ ਸੰਬੰਧ ਨਾ ਤਾਂ ਦੌਲਤ ਨਾਲ਼ ਹੈ, ਨਾ ਹੀ ਵਿਦਿਆ ਨਾਲ਼। ਇਸ ਦਾ ਸੰਬੰਧ ਵਿਰਸੇ ਨਾਲ਼ ਵੀ ਨਹੀਂ ਹੈ। ਇਹ ਤਾਂ ਇਕ ਅਜਿਹੀ ਟੇਢੀ ਖੀਰ ਹੈ ਜਿਸਦਾ ਭੇਤ ਇਸ਼ਦੇ ਬਣਾਉਣ ਵਾਲ਼ੇ ਨੂੰ ਵੀ ਨਹੀਂ ਹੋਣਾ—ਇਸਦੀ ਜਾਣਕਾਰੀ ਤਾਂ ਮਾਣਨ ਵੇਲੇ ਹੀ ਹੁੰਦੀ ਹੈ। ਇਸਦੀਆਂ ਸਾਰੀਆਂ ਘੁੰਡੀਆਂ ਨੂੰ ਖੋਲ੍ਹਣ ਦਾ ਦਾਅਵਾ ਕੋਈ ਹਜ਼ਾਰ ਪੁਸਤਕਾਂ ਲਿਖ ਕੇ ਵੀ

ਨਹੀਂ ਕਰ ਸਕਦਾ, ਇਹ ਇਕ ਅਜਿਹਾ ਗਹਿਰਾ ਭੇਦ ਹੈ ਜਿਸਦਾ ਨਾ ਆਦਿ ਅਤੇ ਨਾ ਹੀ ਕੋਈ ਅੰਤ ਹੈ। ਇਹ ਅਜਿਹੀ ਸ਼ੈਅ ਹੈ ਜਿਸਦੀ ਥਾਹ ਕੋਈ ਵੀ ਕਲਮ ਨਹੀਂ ਪਾ ਸਕਦੀ ਕਿਉਂਕਿ ਇਸਦਾ ਆਪਣਾ ਕੋਈ ਵਜੂਦ ਨਹੀਂ ਪਰ ਫੇਰ ਵੀ ਇਹ ਸਾਰੀ ਪ੍ਰਿਥਵੀ ਦੇ ਭਾਰ ਤੋਂ ਵੀ ਭਾਰੀ ਹੈ। ਕਹਿੰਦੇ ਹਨ ਕਿ ਪਰਮਾਤਮਾ ਖ਼ੁਦ ਸ੍ਰਿਸ਼ਟੀ ਨੂੰ ਸਿਰਜ ਕੇ ਹੈਰਾਨ ਹੋਇਆ ਸੀ ਕਿ ਇਹ ਇੰਨੀ ਸੋਹਣੀ ਕਿਵੇਂ ਬਣ ਗਈ। ਸੋ ਵੱਡੀਆਂ-ਵੱਡੀਆਂ ਪੋਥੀਆਂ ਪੜ੍ਹਨ ਨਾਲ਼ ਕਿਸੇ ਲੇਖਕ ਵਿਚ ਕਲਾ-ਕੌਸ਼ਲਤਾ ਦਾ ਪ੍ਰਵੇਸ਼ ਹੋ ਜਾਵੇ ਇਹ ਜ਼ਰੂਰੀ ਨਹੀਂ। ਇਹ ਤਾਂ ਕੁਦਰਤ ਦੀ ਦੇਣ ਕਿਸੇ ਵੀ ਲੇਖਕ ਨੂੰ ਹੁੰਦੀ ਹੈ ਚਾਹੇ ਇਹ ਹਰ ਵਾਰ ਕੁਦਰਤੀ ਨਹੀਂ ਵੀ ਹੁੰਦੀ। ਚਾਕੂ, ਕਿਸੇ ਵੀ ਵਸਤ ਨੂੰ ਕੱਟਣਾ ਜਿਸਦਾ ਪੈਦਾਇਸ਼ੀ ਹੱਕ ਹੈ, ਨੂੰ ਵਰਤਣ ਤੋਂ ਪਹਿਲਾਂ ਉਸਨੂੰ ਧਾਰ ਲਾ ਕੇ ਤਿੱਖਾ ਕੀਤਾ ਜਾਂਦਾ ਹੈ। ਬਿਲਕੁਲ ਇਸੇ ਤਰ੍ਹਾਂ ਜੱਦੀ ਪ੍ਰਤਿਭਾ 'ਤੇ ਵੀ ਧਾਰ ਲੱਗਣੀ ਜ਼ਰੂਰੀ ਹੈ। ਪ੍ਰਤਿਭਾ ਦਾ ਜੱਦੀ ਹੋਣਾ ਹੋਰ ਗੱਲ ਹੈ, ਆਪਣੇ ਆਪ ਵਿਚ ਪ੍ਰਤਿਭਾ ਪੈਦਾ ਕਰਨਾ ਕੋਈ ਹੋਰ ਗੱਲ ਅਤੇ ਆਪਣੀ ਪ੍ਰਤਿਭਾ ਨੂੰ ਬਰਕਰਾਰ ਰੱਖਣਾ ਬਿਲਕੁਲ ਵੱਖਰੀ ਪ੍ਰਕਾਰ ਦਾ ਹੁਨਰ ਹੈ। ਜਿਵੇਂ ਜੇ ਚਾਕੂ ਤਿੱਖਾ ਕਰਨ ਤੋਂ ਬਾਅਦ ਵਰਤਿਆ ਹੀ ਨਾ ਜਾਵੇ ਤਾਂ ਪਿਆ-ਪਿਆ ਵੀ ਉਹ ਖੁੰਢਾ ਹੋ ਜਾਵੇਗਾ। ਸਾਹਿਤ ਵਿਚ ਕਲਾ-ਕੌਸ਼ਲਤਾ ਤਾਂ ਇਕ ਅਜਿਹਾ ਤਕਨੀਕੀ ਭੇਦ ਹੈ ਜੋ ਸਾਲਾਂ ਬੱਧੀ ਅਧਿਐਨ-ਰੂਪੀ ਤਪ ਕਰਨ ਤੋਂ ਬਾਅਦ ਕਿਸੇ ਲੇਖਕ ਨੂੰ ਪ੍ਰਾਪਤ ਹੁੰਦਾ ਹੈ। ਇਹ ਕੋਈ ਜੜੀ ਬੂਟੀ ਨਹੀਂ ਜਿਸਨੂੰ ਘੋਲ਼ ਕੇ ਪੀਤਾ ਜਾ ਸਤੇ ਅਤੇ ਇਸਨੂੰ ਹਾਸਿਲ ਕੀਤਾ ਜਾ ਸਕੇ। ਇਹ ਤਾਂ ਮੌਕਾ ਮਿਲਣ 'ਤੇ ਕਿਸੇ ਵੀ ਵਿਅਕਤੀ ਵਿਚ ਚਿੱਕੜ 'ਚ ਕੰਵਲ ਖਿਲਣ ਵਾਂਗ ਕਦੇ ਵੀ ਉਜਾਗਰ ਹੋ ਸਕਦੀ ਹੈ। ਅਸਲੀਅਤ ਵਿਚ ਕਲਾਤਮਕਤਾ ਜਾਂ ਸਾਹਿਤਕਤਾ ਦੇ ਪ੍ਰਵੇਸ਼ ਨੂੰ ਡਾ: ਹਰਿਭਜਨ ਸਿੰਘ ਆਪਣੇ ਸ਼ਬਦਾਂ ਵਿਚ ''ਦੂਜੈਲੀ ਸਿਰਜਣਾ''[12] ਕਹਿ ਕੇ ਸੱਦਦਾ ਹੈ ਅਤੇ ਇਸਨੂੰ ਇਕ ਜਟਿਲ ਪ੍ਰਕਿਰਿਆ ਤਸਲੀਮ ਕਰਦਾ ਹੈ। ਇਸੇ ਲਈ ਮੇਰੀ ਨਿਮਾਣੀ ਸਮਝ ਮਿੰਨੀ ਕਹਾਣੀ ਦੀ ਤਕਨੀਕ ਦੀ ਜਿੰਨੀ ਵੀ ਹੇਠਲੀ ਤੋਂ ਹੇਠਲੀ ਤਹਿ ਤੱਕ ਜਾ ਸਕਦੀ ਸੀ, ਮੈਂ ਲਿਜਾਣ ਦੀ ਕੋਸ਼ਿਸ਼ ਕੀਤੀ ਹੈ ਪਰ ਮੇਰੇ ਖ਼ਿਆਲ ਵਿਚ ਹਾਲ਼ੇ ਵੀ ਇਹ ਨਾਕਾਫ਼ੀ ਹੈ।

ਸਿਨੇਮਾ ਵਿਚ ਜੋ ਸੈਲਿਊਲਾਈਡ ਫ਼ਿਲਮ ਚੱਲਦੀ ਹੈ ਉਹ ਤਿੰਨ ਪ੍ਰਕਾਰ ਦੀ ਹੁੰਦੀ ਹੈ— ਪਹਿਲੀ ਪੈਂਤੀ ਮਿਲੀਮੀਟਰ, ਦੂਜੀ ਸੱਤਰ ਮਿਲੀਮੀਟਰ ਤੇ ਤੀਜੀ ਸਿਨੇਮਾਸਕੋਪ। ਇਸ ਤੋਂ ਇਲਾਵਾ ਥਰੀ-ਡੀ ਫਿਲਮਾਂ ਦਾ ਰਿਵਾਜ ਛਿਣਾਂ ਵਿਚ ਸ਼ੁਰੂ ਹੋ ਕੇ ਪਲਾਂ ਵਿਚ ਖ਼ਤਮ ਵੀ ਹੋ ਗਿਆ ਹੈ। ਸੱਤਰ ਮਿਲੀਮੀਟਰ ਵਾਲ਼ੀ ਫ਼ਿਲਮ ਆਕਾਰ ਵਿਚ ਪੈਂਤੀ ਮਿ: ਮੀ: ਨਾਲ਼ੋਂ ਦੁੱਗਣੀ ਹੁੰਦੀ ਹੈ ਅਤੇ ਇਸ 'ਤੇ ਕੈਮਰਾ ਕਿਸੇ ਦ੍ਰਿਸ਼ ਦੀ ਲੰਬਾਈ ਤੇ ਚੌੜਾਈ ਦੋਵੇਂ ਪਾਸਿਆਂ ਤੋਂ ਵੱਧ ਖੇਤਰ ਕਵਰ ਕਰ ਸਕਦਾ ਹੈ। ਜੇ ਇਕ ਵਿਸ਼ੇਸ਼ ਨੰਬਰ ਦੇ ਲੈਨਜ਼ ਨਾਲ਼ ਪੈਂਤੀ ਮਿ: ਮੀ: ਦੀ ਫ਼ਿਲਮ 'ਤੇ 10 ਮੀਟਰ ਦਾ ਖੇਤਰ ਫ਼ਿਲਮਬੰਦ ਕੀਤਾ ਜਾ ਸਕਦਾ ਹੈ ਤਾਂ ਸੱਤਰ ਮਿ: ਮੀ: 'ਤੇ 20 ਮੀਟਰ ਦਾ ਘੇਰਾ ਆ ਸਕਦਾ ਹੈ। ਜਦਕਿ ਸਿਨੇਮਾਸਕੋਪ ਫ਼ਿਲਮ ਦਾ ਆਕਾਰ ਤਾਂ ਪੈਂਤੀ ਮਿ: ਮੀ: ਜਿੰਨਾ ਹੀ ਹੁੰਦਾ ਹੈ ਪਰ ਇਸ 'ਤੇ ਦ੍ਰਿਸ਼ ਫ਼ਿਲਮਾਉਣ ਲੱਗਿਆਂ ਕੈਮਰੇ 'ਤੇ ਅਜਿਹੇ ਲੈਨਜ਼ ਫ਼ਿੱਟ ਕੀਤੇ ਜਾਂਦੇ ਹਨ ਕਿ ਇਸੇ 'ਤੇ ਪੈਂਤੀ ਮਿ: ਮੀਟਰ ਨਾਲ਼ੋਂ ਦੁੱਗਣੇ ਦ੍ਰਿਸ਼ ਆ ਜਾਂਦੇ ਹਨ ਭਾਵ ਇਹ ਕਿ ਵੱਡੇ ਘੇਰੇ ਦੀਆਂ ਕਿਰਨਾਂ ਨੂੰ ਲੈਨਜ਼ਾਂ ਨਾਲ਼ ਸੰਕੁਚਿਤ ਕਰਕੇ ਛੋਟੀ ਫ਼ਿਲਮ 'ਤੇ ਉਤਾਰ ਲਿਆ ਜਾਂਦਾ ਹੈ। ਇਹੀ ਹਾਲ ਮਿੰਨੀ ਕਹਾਣੀ ਦਾ ਹੈ—ਆਕਾਰ ਭਾਵੇਂ ਇਸ ਦਾ ਛੋਟਾ ਹੈ ਪਰੰਤੂ

ਇਹ ਸਮੁੱਚੀ ਮਨੁੱਖੀ ਜਾਤੀ ਅਤੇ ਬ੍ਰਹਿਮੰਡ ਨੂੰ ਆਪਣੇ ਕਲਾਵੇ ਵਿੱਚ ਲੈ ਸਕਣ ਦੀ ਸ਼ਕਤੀ ਰਖਦੀ ਹੈ। ਮੰਨਿਆ ਕਿ ਇਸ ਵਿੱਚ ਪੇਸ਼ ਕੀਤੀ ਜਾਣ ਵਾਲ਼ੀ ਘਟਨਾ/ਪਰਿਸਥਿਤੀ ਇਕਹਿਰੇ ਰੂਪ ਦੀ ਧਾਰਨੀ ਹੁੰਦੀ ਹੈ ਪਰ ਇਸ ਵਿੱਚ ਕਿਸੇ ਘਟਨਾ/ਪਰਿਸਥਿਤੀ ਦੇ ਇੱਕ ਛਿਣ ਨੂੰ ਸਮੁੱਚਤਾ ਵਿੱਚ ਪੇਸ਼ ਕਰਨ ਦੀ ਪੂਰੀ-ਪੂਰੀ ਸਮਰੱਥਾ ਹੁੰਦੀ ਹੈ। ਮੰਨ ਲਓ ਮਿੰਨੀ ਕਹਾਣੀ ਵਿੱਚ ਪੇਸ਼ ਕੀਤਾ ਜਾਣ ਵਾਲ਼ਾ ਛਿਣ ਇੱਕ ਅਣੂ (Atom) ਹੈ ਜਿਸਨੂੰ ਆਮ ਮਨੁੱਖ ਨੰਗੀ ਅੱਖ ਨਾਲ਼ ਵੇਖ ਨਹੀਂ ਸਕਦਾ ਪਰੰਤੂ ਮਿੰਨੀ-ਕਹਾਣੀ-ਲੇਖਕ ਦੀ ਅੱਖ ਉਸ ਮਾਈਕਰੋਸਕੋਪ ਵਾਂਗ ਹੈ ਜੋ ਉਸ ਛਿਣ ਨੂੰ ਵੀ ਉਸਦੇ ਛੋਟੇ ਰੂਪ ਤੋਂ ਕਈ ਗੁਣਾ ਵੱਡਾ ਕਰਕੇ ਵੇਖਦੀ ਹੈ। ਇਸ ਵਿਚ ਲੇਖਕ ਆਪਣੀ ਕਲਪਨਾ ਸ਼ਕਤੀ ਦੇ ਲੈਨਜ਼ਾਂ ਰਾਹੀਂ ਨਿੱਕੀ ਕਹਾਣੀ ਜਿੰਨੀਆਂ ਹੀ ਘਟਨਾਵਾਂ ਤੇ ਵਿਚਾਰ ਆਦਿ ਸੁਝਾਅ-ਪੂਰਨ ਢੰਗ ਨਾਲ਼ ਸੰਕੁਚਿਤ ਕਰਕੇ ਇਨ੍ਹਾਂ ਨੂੰ ਕਲਾ-ਕੌਸ਼ਲਤਾ ਦਾ ਨੀਲ ਦੇ ਕੇ ਪਾਠਕਾਂ ਸਾਹਮਣੇ ਪੇਸ਼ ਕਰਦਾ ਹੈ।

ਇਕ ਕਾਮਯਾਬ ਮਿੰਨੀ ਕਹਾਣੀ ਵਿਚ ਪਹਿਲੀ ਲਾਈਨ ਤੋਂ ਹੀ ਇਕ ਵਿਸ਼ੇਸ਼ ਪ੍ਰਕਾਰ ਦਾ ਤਣਾਓ ਸ਼ੁਰੂ ਹੋ ਜਾਂਦਾ ਹੈ। ਕਹਾਣੀ ਇਕ ਬਾਜੀਗਰ ਵਾਂਗ ਪਤਲੀ ਤਾਰ 'ਤੇ ਚੱਲਣ ਲਗਦੀ ਹੈ ਅਤੇ ਪਾਠਕ ਬਿਨਾਂ ਸਾਹ ਲਏ ਕਹਾਣੀ ਪੜ੍ਹਨ ਦੀ ਤਮੰਨਾ ਰੱਖਦਾ ਹੈ। ਉਹ ਬੜੀ ਉਤਸੁਕਤਾ ਨਾਲ਼ ਜਾਣਨਾ ਚਾਹੁੰਦਾ ਹੈ ਕਿ ਅਗੋਂ ਕੀ ਹੋਇਆ ਪਰ ਜਦ ਨੂੰ ਕਹਾਣੀ ਖ਼ਤਮ ਵੀ ਹੋ ਜਾਂਦੀ ਹੈ। ਕੁੱਝ ਇਸ ਤਰ੍ਹਾਂ ਦੀ ਹੀ ਹੁੰਦੀ ਹੈ ਮਿੰਨੀ ਕਹਾਣੀ। ਇਸ ਲਈ ਇਸਦਾ ਪਹਿਲਾ ਵਾਕ ਅਜਿਹਾ ਦਿਲ-ਖਿੱਚਵਾਂ ਹੋਣਾ ਚਾਹੀਦਾ ਹੈ ਜੋ ਪਾਠਕ ਦੇ ਦਿਲ ਨੂੰ ਅੰਦਰ ਦੀਆਂ ਗਹਿਰਾਈਆਂ 'ਚੋਂ ਟੁੰਬਣ ਦੀ ਸ਼ਕਤੀ ਰਖਦਾ ਹੋਵੇ। ਇਹ ਵਾਕ ਝਟਪਟ ਆਰੰਭ ਹੋ ਕੇ ਸਿੱਧਾ ਆਪਣੇ ਨਿਸ਼ਾਨੇ ਦੀ ਮੰਜ਼ਿਲ ਵੱਲ ਵਧੇ ਪਰ ਇੰਨਾ ਧਿਆਨ ਵੀ ਰੱਖਿਆ ਜ਼ਾਵੇ ਕਿ ਇਸ ਨਾਲ਼ ਕਹਾਣੀ ਦਾ ਭੇਦ ਨਾ ਖੁੱਲ੍ਹਦਾ ਹੋਵੇ ਤਾਂ ਜੋ ਪਾਠਕ ਇਕ ਸਾਹ ਵਿਚ ਮਿੰਨੀ ਕਹਾਣੀ ਨੂੰ ਪੜ੍ਹਨ ਲਈ ਮਜਬੂਰ ਹੋ ਜਾਵੇ। ਇਸ ਵਿਚ ਗੁੰਝਲ ਵੀ ਪਾਈ ਜ਼ਾ ਸਕਦੀ ਹੈ ਪਰ ਉਹ ਕਹਾਣੀ ਦੇ ਅਖੀਰਲੇ ਵਾਕ ਨਾਲ਼ ਇਕ ਬੰਬ ਧਮਾਕੇ ਵਾਂਗ ਖੁੱਲ੍ਹ ਜਾਣੀ ਚਾਹੀਦੀ ਹੈ। ਇਸ ਪ੍ਰਕਾਰ ਇਸ ਦਾ ਆਰੰਭ ਵੀ ਝਟਪਟ ਅਤੇ ਅੰਤ ਵੀ ਇਕਦਮ ਹੀ ਹੁੰਦਾ ਹੈ ਪਰੰਤੂ ਕਹਾਣੀਕਾਰ ਦੀ ਸ਼ੈਲੀ ਇਸ ਦੌਰਾਨ ਬਨਾਵਟੀ ਜਿਹੀ ਨਾ ਜਾਪਣ ਲੱਗ ਜਾਵੇ, ਕਹਾਣੀ ਵਿਚ ਜੋ ਕੁੱਝ ਵੀ ਵਾਪਰੇ ਮੁਮਕਿਨ ਢੰਗ ਨਾਲ਼ ਹੀ ਵਾਪਰੇ। ਇਸ ਲਈ ਮਿੰਨੀ ਕਹਾਣੀ ਕਿਸੇ ਘਟਨਾ/ਪਰਿਸਥਿਤੀ ਦੀ ਭੂਮਿਕਾ ਬੰਨ੍ਹਣ ਵਿਚ ਨਾ ਪੈਂਦੇ ਹੋਏ ਸਿੱਧੀ ਆਪਣੇ ਉਦੇਸ਼ ਵੱਲ ਤੇਜ਼ ਰਫ਼ਤਾਰ ਨਾਲ਼ ਵਧਣੀ ਚਾਹੀਦੀ ਹੈ। "ਐਂਵੇਂ ਵਾਧੂ ਦਾ ਇੰਨਾ ਕੁੱਝ ਕਹਿਣ ਦੀ ਅਤੇ ਇੰਨੀ ਲੰਮੀ ਭੂਮਿਕਾ ਬੰਨ੍ਹਣ ਦੀ ਕੀ ਲੋੜ, ਜੇ ਤੱਤ ਦੋ ਲਫ਼ਜ਼ਾਂ ਵਿਚ ਪੇਸ਼ ਕੀਤਾ ਜਾ ਸਕਦੈ ਤਾਂ।"[13] ਮਿੰਨੀ ਕਹਾਣੀ ਦਾ ਇਕ ਸ਼ਬਦ ਨਿੱਕੀ ਕਹਾਣੀ ਦੇ ਪੂਰੇ ਇਕ ਵਾਕ ਦੇ ਬਰਾਬਰ ਅਤੇ ਇਸਦਾ ਇਕ ਵਾਕ ਨਿੱਕੀ ਕਹਾਣੀ ਦੇ ਇਕ ਪੈਰ੍ਹੇ ਬਰਾਬਰ ਸਮਰੱਥਾ ਰੱਖਣ ਵਾਲ਼ਾ ਹੋਣਾ ਚਾਹੀਦਾ ਹੈ। ਇਸ ਮੰਤਵ ਦੀ ਪੂਰਤੀ ਲਈ ਮਿੰਨੀ ਕਹਾਣੀ ਵਿਚ ਅਕਸਰ ਬਹੁਤੇ ਸ਼ਬਦਾਂ ਦੀ ਥਾਂ ਇਕ ਸ਼ਬਦ, ਬਹੁਤੇ ਵਾਕਾਂ ਦੀ ਥਾਂ ਇਕ ਵਾਕ ਵਰਤਿਆ ਜਾਂਦਾ ਹੈ। ਉਦਾਹਰਨ ਵਜੋਂ – ਮੈਂ ਕਈ ਵਾਕ ਦੇ ਕੇ ਉਨ੍ਹਾਂ ਨੂੰ ਸਿਰਫ਼ ਇਕ ਵਾਕ 'ਚ ਬੰਨ੍ਹਣ ਦੀ ਕੋਸ਼ਿਸ਼ ਕਰਦਾ ਹਾਂ। 'ਉਹ ਬਹੁਤ ਅਮੀਰ ਸੀ। ਉਸ ਦਾ ਬਾਪ ਮਰ ਚੁੱਕਿਆ ਸੀ। ਆਪਣੇ ਬਾਪ ਦੀ ਮੌਤ ਤੋਂ ਬਾਅਦ ਉਹ ਕੁੱਝ ਘਮੰਡੀ ਹੋ ਗਿਆ ਸੀ। ਉਹ ਨਾ ਤਾਂ ਕਿਸੇ ਬਜ਼ੁਰਗ ਦਾ ਲਿਹਾਜ਼

ਕਰਦਾ ਸੀ ਅਤੇ ਨਾ ਹੀ ਕਿਸੇ ਬੱਚੇ ਦਾ।' ਇਨ੍ਹਾਂ ਸਾਰੇ ਵਾਕਾਂ ਨੂੰ ਇੱਕੋ ਵਾਕ ਵਿਚ ਇੰਝ ਵੀ ਬੰਨ੍ਹਿਆ ਜਾ ਸਕਦਾ ਹੈ। 'ਜਦੋਂ ਦਾ ਉਸਦਾ ਕਰੋੜਪਤੀ ਬਾਪ ਮਰਿਆ ਸੀ ਉਹ ਕੁੱਝ ਘਮੰਡੀ ਹੋ ਗਿਆ ਸੀ, ਕਿਸੇ ਵੱਡੇ ਛੋਟੇ ਦਾ ਲਿਹਾਜ਼ ਉਸਨੂੰ ਨਹੀਂ ਸੀ ਰਿਹਾ।' ਇਸ ਇੱਕ ਵਾਕ ਤੋਂ 'ਉਸ' ਪਾਤਰ ਦੀ ਅੱਗੇ ਪਿੱਛੇ ਦੀ ਪੂਰੀ ਸਥਿਤੀ ਅਤੇ ਪਾਤਰ ਚਿਤ੍ਰਣ ਆਪੇ ਸਪੱਸ਼ਟ ਹੁੰਦੇ ਹਨ। ''ਸੀਸਲ ਹੰਟ ਅਨੁਸਾਰ ਕਹਾਣੀ ਵਿੱਚ ਫ਼ਾਲਤੂ ਸ਼ਬਦ ਬੇਦਰਦੀ ਨਾਲ਼ ਕੱਟ ਦਿੱਤੇ ਜਾਣੇ ਚਾਹੀਦੇ ਹਨ, ਕਿਉਂ ਜੋ ਕਾਂਟ ਛਾਂਟ ਕਹਾਣੀ ਦੇ ਨਿਖਾਰ ਵਿੱਚ ਸਹਾਇਕ ਸਾਬਤ ਹੁੰਦੀ ਹੈ।''[14] ਮੈਕਸਿਮ ਗੋਰਕੀ[15] ਵੀ ਬਹੁਤੇ ਸ਼ਬਦਾਂ ਦੀ ਥਾਂ ਸੰਖੇਪ ਸ਼ਬਦਾਂ ਨੂੰ ਲੱਭਣ ਨੂੰ ਬਹੁਤ ਔਖਾ ਕੰਮ ਤਸੱਵੁਰ ਕਰਦਾ ਹੈ। ਇਸੇ ਲਈ ਅਸੀਂ ਉੱਪਰ ਲੇਖਕ ਲਈ ਨਿੱਕੀ ਕਹਾਣੀ ਨਾਲ਼ੋਂ ਮਿੰਨੀ ਕਹਾਣੀ ਨੂੰ ਸੰਭਾਲਣਾ ਔਖਾ ਦੱਸਿਆ ਹੈ।

ਸਮੁੱਚਾ ਸਾਹਿਤ ਸ਼ਬਦਾਂ ਦਾ ਸੰਸਾਰ ਹੈ ਪਰ ਇਹ ਸ਼ਬਦ-ਜੋੜਾਂ ਨਾਲ ਕੋਈ ਖੇਡ ਨਹੀਂ। ਹਰ ਭਾਸ਼ਾ ਦਾ ਸਾਹਿਤ ਕਿਸੇ ਸਾਹਿਤਕਾਰ ਦੁਆਰਾ ਬੁਣਿਆ ਅਜਿਹਾ ਸ਼ਬਦ-ਜਾਲ਼ ਹੁੰਦਾ ਹੈ ਜਿਸ ਵਿਚ ਸਿਆਣਾ ਪਾਠਕ ਜਾਂ ਸਾਹਿਤ-ਰਸੀਆ ਫਸ ਕੇ ਅਜੀਬ ਕਿਸਮ ਦੀ ਖ਼ੁਸ਼ੀ ਮਹਿਸੂਸ ਕਰਦਾ ਹੈ। ਆਪਣੀਆਂ ਰਚਨਾਵਾਂ ਵਿੱਚ ਲੇਖਕ ਖ਼ੂਬਸੂਰਤ ਸ਼ਬਦਾਂ ਦੀ ਵੱਧ ਤੋਂ ਵੱਧ ਵਰਤੋਂ ਕਰੇ— ਇੱਥੇ ਤੱਕ ਤਾਂ ਠੀਕ ਹੈ ਪਰੰਤੂ ਉਸਦਾ ਸਾਰਾ ਧਿਆਨ ਵਧੀਆ ਲਫਜ਼ ਲੱਭਣ 'ਤੇ ਹੀ ਨਾ ਲਗ ਜਾਵੇ ਕਿ ਉਹ ਆਪਣੇ ਉਦੇਸ਼ ਤੋਂ ਵੀ ਲਾਂਭੇ ਹੋ ਜਾਵੇ। ਉਂਝ ਵੀ ਖ਼ੂਬਸੂਰਤ ਅਤੇ ਅਲੰਕਾਰਕ ਲਫ਼ਜ਼ ਵਧੀਆ ਰਚਨਾ ਦਾ ਸਰਟੀਫ਼ਿਕੇਟ ਨਹੀਂ। ਅਲੈਕਸੀ ਟਾਲਸਟਾਏ ਮੁਤਾਬਕ, ''ਸ਼ਬਦ ਨੂੰ ਲੱਭਣਾ ਨਹੀਂ ਚਾਹੀਦਾ ਅਤੇ ਨਾ ਹੀ ਸ਼ਿਕਾਰੀ ਵਾਂਗ ਇਸ ਦੇ ਪਿੱਛੇ ਪਿਆ ਰਹਿਣਾ ਚਾਹੀਦਾ ਹੈ— ਇਹ ਆਪਣੇ ਆਪ ਚੰਗਿਆੜੀਆਂ ਵਾਂਗ ਚਿਣਗਾਂ ਪਏ ਛੱਡਣ। ਬੇਜਾਨ ਸ਼ਬਦ ਕੋਈ ਨਹੀਂ ਹੁੰਦੇ, ਇੱਕ ਦੂਜੇ ਨਾਲ਼ ਜੁੜ ਕੇ ਸਭ ਜਾਨਦਾਰ ਬਣ ਜਾਂਦੇ ਹਨ।''[16] ਕਾਰਲਾਇਲ ਦੇ ਮਸ਼ਹੂਰ ਕਥਨ 'ਚੁੱਪ ਰਹਿਣਾ ਸੋਨੇ ਵਾਂਗ ਅਤੇ ਬੋਲਣਾ ਚਾਂਦੀ ਦੀ ਤਰ੍ਹਾਂ ਹੈ' ਦਾ ਮਕਸਦ ਸੰਜਮਤਾ ਦੀ ਮਹੱਤਤਾ ਦਰਸਾਉਣਾ ਹੀ ਹੈ। ਫ਼ਰਾਂਸਿਸ ਬੇਕਨ ਨੇ ਵੀ ਸੰਖੇਪਤਾ ਨੂੰ ਬੁੱਧੀ ਦੀ ਆਤਮਾ ਸਵੀਕਾਰ ਕੀਤਾ ਹੈ। ਮਿੰਨੀ ਕਹਾਣੀ ਵਿਚ ਲੇਖਕ ਨੂੰ ਸੰਖੇਪਤਾ ਅਤੇ ਸੰਜਮਤਾ ਦੀ ਸ਼ਰਤ ਨੂੰ ਨਿਭਾਉਣ ਲਈ ਵਾਧੂ ਸ਼ਬਦਾਂ ਦੀ ਵਰਤੋਂ ਤੋਂ ਬਚਣਾ ਚਾਹੀਦਾ ਹੈ। ਉਸ ਨੇ ਕਿਉਂਕਿ ਥੋੜ੍ਹੇ ਸ਼ਬਦਾਂ ਵਿਚ ਬਹੁਤ ਕੁੱਝ ਕਹਿਣਾ ਹੁੰਦਾ ਹੈ ਇਸ ਲਈ ਉਸ ਨੂੰ ਹਰ ਲਫ਼ਜ਼ ਸੋਚ ਸਮਝ ਕੇ ਇਸਤੇਮਾਲ ਕਰਨਾ ਚਾਹੀਦਾ ਹੈ। ਸ਼ਬਦਾਂ, ਵਾਕਾਂ ਦੇ ਦੁਹਰਾਓ ਤੋਂ ਜਿੱਥੇ ਤੱਕ ਹੋ ਸਕੇ, ਉਸ ਨੂੰ ਬਚਣਾ ਚਾਹੀਦਾ ਹੈ। ਜੇ ਪਹਿਲਾਂ ਵਰਤੇ ਸ਼ਬਦ ਨੂੰ ਦੁਬਾਰਾ ਵਰਤਣ ਦੀ ਜ਼ਰੂਰਤ ਪਵੇ ਤਾਂ ਦੂਜੀ ਥਾਂ 'ਤੇ ਉਸੇ ਅਰਥ ਦਾ ਕੋਈ ਹੋਰ ਸ਼ਬਦ ਉਸ ਨੂੰ ਵਰਤਣਾ ਚਾਹੀਦਾ ਹੈ। ਦੁਹਰਾਓ ਵਿੱਚ ਤਾਂ ਉਂਝ ਵੀ ਦਮ ਨਹੀਂ ਹੁੰਦਾ ਫੇਰ ਜੇ ਮਿੰਨੀ ਕਹਾਣੀ ਵਿਚ ਇਸ ਤੋਂ ਨਾ ਬਚਿਆ ਗਿਆ ਤਾਂ ਇਹ ਸੂਝਵਾਨ ਪਾਠਕਾਂ/ ਆਲੋਚਕਾਂ ਦੇ ਕਲਾਤਮਕ ਸੁਹਜ ਨੂੰ ਵੀ ਸੱਟ ਮਾਰੇਗਾ। ਮਿੰਨੀ ਕਹਾਣੀ—ਲੇਖਕ ਨੂੰ ਘਟਨਾ, ਪਰਿਸਥਿਤੀ, ਸਮੱਸਿਆ ਦੇ ਕਿਸੇ ਅਜਿਹੇ ਛਿਣ ਦੀ ਚੋਣ ਕਰਨੀ ਚਾਹੀਦੀ ਹੈ ਜੋ ਪੂਰੀ ਤਰ੍ਹਾਂ ਪ੍ਰਤੱਖ ਨਾ ਹੁੰਦੇ ਹੋਏ ਵੀ ਇਸ ਘਟਨਾ, ਪਰਿਸਥਿਤੀ ਤੇ ਸਮੱਸਿਆ ਦੇ ਅੱਗੇ-ਪਿੱਛੇ ਦੀ ਰੂਪ-ਰੇਖਾ ਨੂੰ ਆਪਣੇ ਆਪ ਰੂਪਮਾਨ ਕਰਨ ਦੀ ਸਮਰੱਥਾ ਰੱਖਦਾ ਹੋਵੇ। ਉਹ ਅਜਿਹੇ ਚੋਣਵੇਂ ਸ਼ਬਦਾਂ ਦਾ ਪ੍ਰਯੋਗ ਕਰੇ ਜੋ ਕਿਸੇ ਵੀ ਸਥਿਤੀ ਦੇ ਅਗਲੇ ਪਿਛਲੇ ਬ੍ਰਿਤਾਂਤ ਸਮਝਣ ਨੂੰ ਸਮਝਾਉਣ ਵਿੱਚ ਸਹਾਈ ਹੋਣ। ਉਦਾਹਰਨ ਵਜੋਂ ਮਿੰਨੀ ਕਹਾਣੀ ਵਿੱਚ ਜੇ ਬੱਸ ਦੇ ਸਫ਼ਰ ਦੌਰਾਨ ਦੀ ਕੋਈ ਘਟਨਾ ਪੇਸ਼ ਕਰਨੀ ਹੈ

ਤਾਂ ਇਸ ਇੱਕ ਵਾਕ ਨਾਲ਼ ਕਹਾਣੀ ਨੂੰ ਸ਼ੁਰੂ ਕਰਕੇ ਆਪਣੇ ਉਦੇਸ਼ਾਂ ਵੱਲ ਵਧਿਆ ਜਾ ਸਕਦਾ ਹੈ ਕਿ 'ਬੱਸ ਬੜੀ ਤੇਜ਼ ਰਫਤਾਰ ਨਾਲ਼ ਆਪਣੀ ਮੰਜ਼ਿਲ ਵੱਲ ਵੱਧ ਰਹੀ ਸੀ।' ਇੱਥੇ ਇਹ ਬਿਆਨ ਕਰਨ ਦੀ ਲੋੜ ਨਹੀਂ ਕਿ ਬੱਸ ਦੀਆਂ ਤਾਕੀਆਂ ਖੜ ਖੜ ਕਰ ਰਹੀਆਂ ਸਨ, ਕੋਈ ਸਵਾਰੀ ਜਾਗਦੀ ਸੀ ਤੇ ਕੋਈ ਸੁੱਤੀ, ਕੰਡਕਟਰ ਟਿਕਟਾਂ ਕੱਟ ਰਿਹਾ ਸੀ.....ਆਦਿ ਆਦਿ। ਇਹ ਸਭ ਗੱਲਾਂ ਪਾਠਕਾਂ ਦੀ ਆਪਣੀ ਸਮਝ 'ਤੇ ਛੱਡ ਦਿੱਤੀਆਂ ਜਾਂਦੀਆਂ ਹਨ—ਉਹ ਜਾਣਦੇ ਹਨ ਕਿ ਜੇ ਬੱਸ ਦਾ ਸਫ਼ਰ ਹੋ ਰਿਹਾ ਹੋਵੇਗਾ ਤਾਂ ਇਹ ਗੱਲਾਂ ਵਾਪਰਨੀਆਂ ਹੀ ਹਨ। ਮੁੱਕਦੀ ਗੱਲ ਇੱਥੇ ਕਿ ਮਿੰਨੀ ਕਹਾਣੀ ਦੇ ਕੁੱਲ ਸ਼ਬਦ ਇਕ ਸੌ ਤੱਕ (ਹੱਦ ਢਾਈ ਸੌ ਤੱਕ) ਹੀ ਰਹਿਣੇ ਚਾਹੀਦੇ ਹਨ—ਇਸ ਤੋਂ ਵੱਧ ਸ਼ਬਦਾਂ ਦੀ ਗਿਣਤੀ ਲੇਖਕ ਦੀ ਕਲਾਤਮਕ ਪਹੁੰਚ ਲਈ ਵੰਗਾਰ ਹੀ ਹੋਵੇਗੀ। ਉਸ ਨੂੰ ਆਪਣੇ ਕਲਾਤਮਕ ਹੁਨਰ ਦੀਆਂ ਸਾਰੀਆਂ ਸੰਭਾਵਨਾਵਾਂ ਵਰਤਦਿਆਂ ਪ੍ਰਤੀਕਾਂ ਮੁਹਾਵਰਿਆਂ ਦੀ ਮਦਦ ਨਾਲ਼ ਘੱਟ ਤੋਂ ਘੱਟ ਸ਼ਬਦਾਂ ਦਾ ਪ੍ਰਯੋਗ ਕਰਨਾ ਚਾਹੀਦਾ ਹੈ ਕਿਉਂਕਿ "ਕਥਾ ਦਾ ਭੂਤ, ਵਰਤਮਾਨ ਤੇ ਭਵਿੱਖ ਪਾਠਕਾਂ ਦੇ ਮਨ ਵਿੱਚ ਉਸ ਬਿੰਬ ਸਿਰਜਣਾ ਰਾਹੀਂ ਸਿਰਜਿਆ ਜਾਂਦਾ ਹੈ ਜੋ ਲੇਖਕ, ਜੀਵਨ ਸਮੇਂ ਸਮਾਜ 'ਚੋਂ ਲੈ ਕੇ ਇੱਕ ਚਿੱਤਰ ਰੂਪ ਵਿੱਚ ਪੇਸ਼ ਕਰਦਾ ਹੈ।"[17] ਪਰੰਤੂ ਇੱਕ ਗਲ ਹਮੇਸ਼ਾ ਚੇਤੇ ਰਹੇ ਕਿ ਕਹਾਣੀਆਂ ਵਿੱਚ ਔਖੇ ਸ਼ਬਦ ਵਰਤਣਾ, ਊਲ ਜਲੂਲ ਬਿੰਬ ਵਰਤਣਾ ਲੇਖਕਾਂ ਦੀ ਵਿਦਵਤਾ ਨੂੰ ਨਹੀਂ ਸਗੋਂ ਪਾਠਕਾਂ ਪ੍ਰਤਿ ਬੇਪਰਵਾਹੀ, ਗ਼ੈਰ-ਜ਼ਿੰਮੇਵਾਰੀ ਅਤੇ ਸਾਹਿਤਕ ਸੂਝ ਦੀ ਘਾਟ ਹੀ ਦਰਸਾਉਂਦਾ ਹੈ। ਡਾ: ਸੁਰਿੰਦਰ ਸਿੰਘ ਕੋਹਲੀ ਅਨੁਸਾਰ, "ਅਯੋਗ ਸੰਜਮਤਾ ਲਈ ਮੁਆਫ਼ ਨਹੀਂ ਕੀਤਾ ਜਾ ਸਕਦਾ ਪਰ ਇਸ ਤੋਂ ਵੱਧ ਅਯੋਗ ਲੰਬਾਈ ਦਾ ਖ਼ਿਆਲ ਵੀ ਗੁਨਾਹ ਹੈ।...ਸ਼ਬਦਾਂ ਦੀ ਸੰਜਮਤਾ ਲੇਖਕ ਦਾ ਇੱਕ ਵੱਡਾ ਗੁਣ ਹੈ।"[18]

ਮਿੰਨੀ ਕਹਾਣੀ ਵਿੱਚ ਨਿੱਕੀ ਕਹਾਣੀ ਵਾਂਗ ਰੋਚਕਤਾ ਦੀ ਚਾਸ਼ਨੀ ਦੀ ਬਹੁਤ ਜ਼ਰੂਰਤ ਹੁੰਦੀ ਹੈ ਕਿਉਂਕਿ ਕੋਈ ਵੀ ਪਾਠਕ ਰਸਹੀਣ ਗੱਦ ਦਾ ਇਕ ਵੀ ਸ਼ਬਦ ਪੜ੍ਹਨਾ ਪਸੰਦ ਨਹੀਂ ਕਰਦਾ ਅਜੋਕਾ ਸਾਹਿਤ ਵਾਸਤਵਿਕਤਾ ਦੀ ਨੀਂਹ 'ਤੇ ਖੜ੍ਹਾ ਹੈ ਅਤੇ ਇਸ ਨੀਂਹ ਉੱਪਰ ਵਾਸਤਵਿਕਤਾ ਅਤੇ ਕਲਪਨਾ ਦੇ ਸੁਮੇਲ ਨਾਲ਼ ਹੀ ਕੋਈ ਮਕਾਨ ਉਸਾਰਿਆ ਜਾਂਦਾ ਹੈ। ਇਹ ਯਾਦ ਰਹੇ ਕਿ ਕਲਪਨਾ ਦੀ ਵਰਤੋਂ ਇੱਕ ਸੀਮਾ ਵਿੱਚ ਰਹਿ ਕੇ ਕੀਤੀ ਜਾਂਦੀ ਹੈ ਕਿਉਂਕਿ ਇਸ ਦਾ ਮੁੱਖ ਮੰਤਵ ਕਿਸੇ ਸਾਹਿਤਕ ਕ੍ਰਿਤ ਵਿੱਚ ਵਿਸ਼ੇ ਅਤੇ ਰੂਪ ਪੱਖੋਂ ਖ਼ੂਬਸੂਰਤੀ ਪੈਦਾ ਕਰਨਾ ਹੀ ਹੁੰਦਾ ਹੈ। ਲੇਖਕ ਵੱਲੋਂ ਇਹ ਵੀ ਯਾਦ ਰਖਿਆ ਜਾਣਾ ਚਾਹੀਦਾ ਹੈ ਕਿ ਕਿਸੇ ਸਾਹਿਤਕ ਕ੍ਰਿਤ ਵਿੱਚ ਨਿਰੋਲ ਵਾਸਤਵਿਕਤਾ ਉਸ ਨੂੰ ਅਖ਼ਬਾਰੀ ਖ਼ਬਰ ਬਣਾ ਛੱਡੇਗੀ ਅਤੇ ਨਿਰੋਲ ਕਲਪਨਾ ਉਸ ਨੂੰ ਆਧੁਨਿਕਤਾ ਤੋਂ ਪੁਰਾਤਨਤਾ ਵੱਲ ਉਲਟਾ ਮੋੜਾ ਦੇ ਦੇਵੇਗੀ। ਪਰੰਤੂ ਕਈ ਵਾਰ ਮਿੰਨੀ ਕਹਾਣੀ ਲੇਖਕ ਕਿਸੇ ਛਿਣ ਨੂੰ ਪਕੜਦੇ ਤਾਂ ਹਨ ਪਰ ਉਸ ਨੂੰ ਜਿਉਂ ਦਾ ਤਿਉਂ ਪੇਸ਼ ਕਰ ਦਿੰਦੇ ਹਨ। ਅਜਿਹੀ ਕ੍ਰਿਤ ਵਿੱਚ ਕਿਸੇ ਹੱਦ ਤੱਕ ਕਹਾਣੀ ਰਸ ਤਾਂ ਪ੍ਰਵਾਹਿਤ ਹੋਣ ਲੱਗ ਜਾਂਦਾ ਹੈ ਪਰ ਤਦ ਅਖ਼ਬਾਰ ਦੀ ਇੱਕ ਖ਼ਬਰ ਅਤੇ ਸਾਹਿਤਕ ਕ੍ਰਿਤ ਵਿੱਚ ਫ਼ਰਕ ਕੱਢਣ ਲਈ ਵੀ ਮਜਬੂਰ ਹੋਣਾ ਪੈਂਦਾ ਹੈ। ਸਾਹਿਤ ਤਾਂ ਬੜੀ ਸੂਖਮ ਕਲਾ ਹੈ--ਕੋਈ ਰਚਨਾ ਜਾਂ ਕ੍ਰਿਤ ਸਾਹਿਤਕ ਤਦ ਹੀ ਕਹਿਲਾਵੇਗੀ ਜੇ ਉਸ ਵਿੱਚ ਲੇਖਕ ਨੇ ਆਪਣੇ ਵਿਚਾਰ ਕਲਪਨਾ ਦੇ ਸੁਮੇਲ ਸਹਿਤ ਕਲਾਮਈ ਢੰਗ ਨਾਲ਼ ਪਿਰੋਏ ਹੋਣਗੇ।

ਮਿੰਨੀ ਕਹਾਣੀ ਵਿੱਚ ਵੀ ਲੰਮੀ ਕਹਾਣੀ ਵਾਂਗ ਇਹ ਦਰਸਾਇਆ ਜਾ ਸਕਦਾ ਹੈ ਕਿ ਜੋ ਘਟਨਾ ਵਾਪਰ ਰਹੀ ਹੈ ਜਾਂ ਜੋ ਪਰਿਸਥਿਤੀ ਸਨਮੁੱਖ ਹੈ ਜਾਂ ਜੋ ਸਮੱਸਿਆ ਦਰਪੇਸ਼ ਹੈ—ਉਹ ਕਿਵੇਂ ਤੇ ਕਿਉਂ ਹੈ ਪਰੰਤੂ ਮਿੰਨੀ ਕਹਾਣੀ ਲੇਖਕ ਇਹ ਸਭ ਪ੍ਰਤੱਖ ਸਮਝਾਉਣ ਦੀ ਥਾਂ ਕਹਾਣੀ ਦਾ ਅੰਤ ਸੁਝਾਉ, ਭਾਵ ਬਹੁਤਾ ਪਾਠਕਾਂ ਦੀ ਆਪਣੀ ਸਮਝ 'ਤੇ ਛੱਡ ਜਾਂਦਾ ਹੈ। ਇੱਕ ਤਰ੍ਹਾਂ ਨਾਲ਼ 'ਕਿਉਂ ਵਾਪਰਿਆ' ਦਾ ਸੁਆਲ ਆਮ ਤੌਰ 'ਤੇ ਇਸ ਵਿਚ ਖੜ੍ਹਾ ਹੀ ਰੱਖਿਆ ਜਾਂਦਾ ਹੈ ਜੋ ਕਿ ਅੰਤ ਵਿਚ ਇਸ ਦੀ ਸਫ਼ਲਤਾ ਦੀ ਨਿਸ਼ਾਨੀ ਹੋ ਨਿੱਬੜਦਾ ਹੈ। ਉਂਞ ਵੀ ਜੇ ਮਿੰਨੀ ਕਹਾਣੀ ਵਿੱਚ ਲੇਖਕ ਆਪਣੇ ਵਿਚਾਰ ਨੂੰ ਸਿੱਧੇ ਸਪਾਟ ਰੂਪ ਵਿਚ ਪੇਸ਼ ਕਰ ਜਾਵੇ ਤਾਂ ਉਹ ਗੱਲ ਬਣਦੀ ਨਹੀਂ ਜੋ ਆਧੁਨਿਕ ਸਾਹਿਤ ਵਿਚ ਚਾਹੀਦੀ ਹੈ ਕਿਉਂਕਿ ਇਹ ਖ਼ੁਦ ਗਲਪ ਦੀ ਇਕ ਆਧੁਨਿਕਤਮ ਸਿਨਫ਼ ਹੈ—ਇਸੇ ਲਈ ਇਸ ਵਿਚ ਅਣਕਹੀ ਵਿਧੀ (unsaid manner) ਦੀ ਵਰਤੋਂ ਕਰਨੀ ਬਣਦੀ ਹੈ। ਲੇਖਕ ਆਪਣੇ ਮੂੰਹੋਂ ਕੁੱਝ ਨਾ ਕਹਿ ਕੇ ਵੀ ਸਭ ਕੁੱਝ ਕਹਿ ਜਾਵੇ। ਮਿੰਨੀ ਕਹਾਣੀ ਜੀ. ਟੀ. ਰੋਡ ਦੇ ਕਿਨਾਰਿਆਂ 'ਤੇ ਲੱਗੇ ਟ੍ਰੈਫ਼ਿਕ ਅਸੂਲਾਂ ਦੇ ਚਿੰਨ੍ਹ-ਬੋਰਡ ਜਿੰਨੀ ਸੰਖੇਪ ਤੇ ਸੁਝਾਊ ਹੁੰਦੀ ਹੈ ਜਿਸ ਨੂੰ ਸਮਝਣ ਲੱਗੇ ਪਾਠਕ ਨੂੰ ਕੋਈ ਵਿਸ਼ੇਸ਼ ਔਖਿਆਈ ਵੀ ਪੇਸ਼ ਨਹੀਂ ਆਉਂਦੀ ਅਤੇ ਇਨ੍ਹਾਂ ਚਿੰਨ੍ਹਾਂ ਵਾਂਗ ਹੀ ਇਹ ਪਾਠਕ ਨੂੰ ਜ਼ਿੰਦਗੀ ਦੀਆਂ ਵੱਖ-ਵੱਖ ਸਮੱਸਿਆਵਾਂ ਪ੍ਰਤੀ ਸਾਵਧਾਨ ਕਰਦੀ ਹੋਈ ਸਹੀ ਰਾਹੇ ਵੀ ਪਾਉਂਦੀ ਹੈ। ਇਸ ਦੇ ਲੇਖਕ ਲਈ ਕਿਸੇ ਵੀ ਘਟਨਾ, ਪਰਸਥਿਤੀ, ਸਮੱਸਿਆ, ਪਾਤਰ ਆਦਿ ਨੂੰ ਖ਼ਾਸ ਕੋਣ ਤੋਂ ਪਰਖਣ ਦੀ ਮੁਹਾਰਤ ਹੋਣੀ ਜ਼ਰੂਰੀ ਹੈ। ਉਸ ਦਾ ਆਪਣਾ ਵਿਚਾਰਧਾਰਕ ਦ੍ਰਿਸ਼ਟੀਕੋਣ ਵੀ ਇਸੇ ਕੋਣ 'ਤੇ ਨਿਰਭਰ ਕਰਦਾ ਹੈ। ਜਿਵੇਂ ਕਿਸੇ ਫਿਲਮ ਲਈ ਕੈਬਰੇ ਡਾਂਸ ਨੂੰ ਕੈਮਰੇ ਵਿਚ ਕੈਦ ਕਰਨ ਲਈ ਨਿਰਦੇਸ਼ਕ ਕਿਸੇ ਅਜਿਹੇ ਕੋਣ 'ਤੇ ਕੈਮਰੇ ਨੂੰ ਰੱਖਦਾ ਹੈ ਜਿੱਥੋਂ ਡਾਂਸਰ ਅਰਧ-ਨਗਨ ਵੀ ਦਿਖਾਈ ਦੇ ਰਹੀ ਹੁੰਦੀ ਹੈ ਪਰੰਤੂ ਉਤਸੁਕ ਦਰਸ਼ਕਾਂ ਦੇ ਪੂਰੀ ਤਰ੍ਹਾਂ ਪਿੜ-ਪੱਲੇ ਕੁੱਝ ਵੀ ਪੈ ਨਹੀਂ ਰਿਹਾ ਹੁੰਦਾ। ਕਰਤਾਰ ਸਿੰਘ ਦੁੱਗਲ ਨੇ ਆਪਣੀ ਤਬੀਅਤ ਅਨੁਸਾਰ ਮਿੰਨੀ ਕਹਾਣੀ ਬਾਰੇ ਜੋ ਵਿਚਾਰ ਦਿੱਤੇ ਹਨ, ਉਹ ਵਿਚਾਰਨਯੋਗ ਹਨ, "ਮਿੰਨੀ ਕਹਾਣੀ ਮਿੰਨੀ ਸਕਰਟ ਵਰਗੀ ਕੋਈ ਚੀਜ਼ ਹੁੰਦੀ ਹੈ, ਜਿਸ ਵਿਚ ਜੀਵਨ ਦੀ ਸਚਾਈ ਨੂੰ ਕਿਤੋਂ ਕੱਜ ਕੇ ਅਗਲੇਰਾ ਸਾਰਾ ਉਹ ਨੂੰ ਅਣਢਕਿਆ ਰਹਿਣ ਦਿੱਤਾ ਜਾਂਦਾ ਹੈ, ਜਦੋਂ ਕੱਜੇ ਹੋਏ ਅੰਗ ਅਣਕੱਜੇ ਅੰਗਾਂ ਤੋਂ ਵਧੇਰੇ ਅਣਢੱਕੇ ਪ੍ਰਤੀਤ ਹੁੰਦੇ ਹਨ। ਇਸ ਤਰ੍ਹਾਂ ਕਲਮ ਨਾਲ਼ ਕਰ ਸਕਣਾ ਕੋਈ ਮਾਮੂਲੀ ਗੱਲ ਨਹੀਂ।"[19] ਡਾ: ਹਰਿਭਜਨ ਸਿੰਘ ਦਾ ਇਹ ਤਜਰਬਾ ਵੀ ਉਪਰੋਕਤ ਵਿਚਾਰ ਨੂੰ ਬਲ ਪ੍ਰਦਾਨ ਕਰਦਾ ਹੈ, "ਲਿਖਤ ਦਾ ਸੱਚ ਸਾਖਿਆਤ ਹਾਜ਼ਰ ਨਹੀਂ ਇਸ ਨੂੰ ਜਤਨ ਨਾਲ਼, ਸਾਧਨਾਂ ਨਾਲ਼ ਹਾਜ਼ਰ ਕਰਨਾ ਪੈਂਦਾ ਹੈ। ਲਿਖੇ ਨਕਸ਼ ਦੀ ਸਤਹ ਕਦੇ ਵਿਲੀਨ ਨਹੀਂ ਹੁੰਦੀ। ਜੇ ਉਸ ਵਿਚ ਕੁੱਝ ਅਸਪੱਸ਼ਟ ਰਹਿ ਗਿਆ ਹੈ ਤਾਂ ਉਸ ਨੂੰ ਸਪੱਸ਼ਟ ਕਰਨ ਦੀ ਜ਼ਿੰਮੇਵਾਰੀ ਲੇਖਕ ਤੇ ਨਹੀਂ, ਆਪ ਪਾਠਕ ਤੇ ਹੈ।"[20]

ਆਪਣੇ ਵਿਚਾਰਾਂ ਨੂੰ ਪੂਰੀ ਸ਼ਿੱਦਤ ਨਾਲ਼ ਪਾਠਕਾਂ ਤੱਕ ਪੁਚਾਉਣ ਲਈ ਲੇਖਕਾਂ ਕੋਲ਼ ਉਨ੍ਹਾਂ ਦੀਆਂ ਰਚਨਾਵਾਂ ਵਿਚਲੇ ਪਾਤਰ ਇਕ ਬੇਹੱਦ ਵਧੀਆ ਸਾਧਨ ਸਾਬਤ ਹੋ ਚੁੱਕੇ ਹਨ। ਪਾਠਕ ਭਾਵਨਾਵਾਂ ਵਿਚ ਵਹਿ ਕੇ ਇਨ੍ਹਾਂ ਪਾਤਰਾਂ ਦੇ ਮਗਰ ਆਸਾਨੀ ਨਾਲ਼ ਲੱਗ ਜਾਂਦੇ ਹਨ ਅਤੇ ਉਨ੍ਹਾਂ ਵਿਚਕਾਰ ਇੱਕ ਅਦਿੱਖ ਸਾਂਝ ਪੈਦਾ ਹੋ ਜਾਂਦੀ ਹੈ ਤੇ ਇੰਞ ਲੇਖਕ ਦਾ ਮੰਤਵ ਪੂਰਾ ਹੋ ਜਾਂਦਾ ਹੈ। ਪਾਤਰ ਚਿਤ੍ਰਣ ਸਮਾਸ ਲਿਖ ਦੇਣਾ ਹੀ ਆਸਾਨ ਹੈ ਲੇਕਿਨ ਇਸ ਨੂੰ ਬਖ਼ੂਬੀ ਨਿਭਾਉਣਾ ਬੇਹੱਦ

ਮੁਸ਼ਕਿਲ ਹੈ। ਲੰਮੀ, ਚਾਹੇ ਨਿੱਕੀ ਅਤੇ ਚਾਹੇ ਮਿੰਨੀ ਕਹਾਣੀ ਹੋਵੇ ਜੇ ਕਿਸੇ ਪਾਤਰ ਵਿਸ਼ੇਸ਼ ਨੂੰ ਚਿਤ੍ਰਣਾ ਹੈ ਤਾਂ ਉਸ ਨੂੰ ਉਹ ਪਾਤਰ ਆਪਣੇ ਪਿੰਡੇ 'ਤੇ ਆਪ ਹੰਢਾ ਕੇ ਵੇਖਣਾ ਪੈਂਦਾ ਹੈ—ਤਾਂਹੀਓਂ ਉਸ ਕਿਰਦਾਰ ਵਿੱਚ ਯਥਾਰਥਕ ਛੋਹਾਂ ਰੂਪ-ਮਾਨ ਹੋ ਸਕਣਗੀਆਂ। ਯਥਾਰਥ-ਭਰਪੂਰ ਪਾਤਰ-ਚਿਤ੍ਰਣ ਗੋਂਦ ਦੇ ਕਸਾਓ ਨੂੰ ਮਜ਼ਬੂਤ ਕਰਦਾ ਹੈ। ਪਰੰਤੂ ਕਈ ਵਾਰ ਵਿਦਵਾਨ ਮਿੰਨੀ ਕਹਾਣੀ ਬਾਰੇ ਅਜਿਹੇ ਬਿਆਨ ਵੀ ਦੇ ਜਾਂਦੇ ਹਨ ਕਿ ਇਸ ਵਿਚ ਪਾਤਰ-ਚਿਤ੍ਰਣ ਦੀ ਕੋਈ ਗੁੰਜਾਇਸ਼ ਨਹੀਂ। ਪਰੰਤੂ ਇਸ ਵਿਚ ਕਿਸੇ ਘਟਨਾ ਦੇ ਮਹੱਤਵਪੂਰਨ ਛਿਣ ਦੇ ਬਿਆਨ ਤੋਂ ਇਲਾਵਾ ਕਿਸੇ ਪਾਤਰ ਵਿਸ਼ੇਸ਼ ਦੀ ਕਿਸੇ ਖ਼ਾਸ ਖ਼ਾਸੀਅਤ ਨੂੰ ਪੇਸ਼ ਕੀਤਾ ਜਾ ਸਕਦਾ ਹੈ, ਇਸ ਵਿਚ ਕੋਈ ਵਿਸ਼ੇਸ਼ ਮਨੁੱਖੀ ਭਾਵ ਵੀ ਵਿਅਕਤ ਕੀਤਾ ਜਾ ਸਕਦਾ ਹੈ. ਇਸ ਵਿੱਚ ਕਿਸੇ ਵਿਅਕਤੀ ਦੀ ਮਾਨਸਿਕਤਾ ਨੂੰ ਬੜੀ ਸੂਖਮਤਾ ਨਾਲ਼ ਬਿਆਨ ਕੀਤਾ ਜਾ ਸਕਦਾ ਹੈ ਕਿਉਂਕਿ ਇਸ ਵਿੱਚ ਮਨੁੱਖੀ ਮਨ ਦੀਆਂ ਅਣਗਿਣਤ ਤੈਹਾਂ ਵਿਚੋਂ ਇਕ ਤਹਿ ਨੂੰ ਬਾਰੀਕਬੀਨੀ ਨਾਲ਼ ਚਿਤ੍ਰਣ ਦੀ ਸਮਰੱਥਾ ਬਹੁਤਿਆਤ ਵਿੱਚ ਹੁੰਦੀ ਹੈ। ਇਸ ਵਿੱਚ ਕਿਸੇ ਪਾਤਰ ਨੂੰ ਕਿਸੇ ਸਥਿਤੀ ਵਿੱਚ ਵਿਚਰਦੇ ਇਸ ਤਰੀਕੇ ਨਾਲ਼ ਦਰਸਾਇਆ ਜਾਂਦਾ ਹੈ ਕਿ ਉਸ ਪਾਤਰ ਦੀ ਮਨੋਸਥਿਤੀ ਦਾ ਮੁਲਾਂਕਣ ਪਾਠਕ ਭਲੀ-ਭਾਂਤ ਕਰ ਲੈਂਦਾ ਹੈ ਭਾਵ ਇਹ ਕਿ ਪਾਠਕ ਪਾਤਰ ਦੇ ਅਮਲ ਤੋਂ ਉਸ ਦੀ ਮਾਨਸਿਕਤਾ ਨੂੰ ਫੜਦਾ ਹੈ। ਉਂਝ ਵੀ ਕਿਸੇ ਪਾਤਰ ਦੀ ਮਾਨਸਿਕਤਾ ਨੂੰ ਪੇਸ਼ ਕਰਨਾ ਆਧੁਨਿਕ ਸਾਹਿਤ ਦਾ ਪ੍ਰਧਾਨ ਲੱਛਣ ਹੈ। ਦੂਜੇ ਸ਼ਬਦਾਂ ਵਿੱਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਮਿੰਨੀ ਕਹਾਣੀ ਮਨੋਵਿਗਿਆਨਕ ਵੀ ਹੋ ਸਕਦੀ ਹੈ, ਘਟਨਾ-ਪ੍ਰਧਾਨ ਵੀ, ਪਾਤਰ-ਪ੍ਰਧਾਨ ਅਤੇ ਭਾਵ-ਪ੍ਰਧਾਨ ਵੀ ਹੋ ਸਕਦੀ ਹੈ। ਚਲੋ ਖ਼ੈਰ, ਗੱਲ ਪਾਤਰ-ਪ੍ਰਧਾਨ ਮਿੰਨੀ ਕਹਾਣੀ ਦੀ ਚੱਲ ਰਹੀ ਸੀ। ਮਿੰਨੀ ਕਹਾਣੀ ਵਿੱਚ ਲੇਖਕ ਦਾ ਸਵੈ ਆਪਣੀ ਰਚਨਾ, ਪਾਤਰਾਂ ਆਦਿ 'ਤੇ ਕਦੇ ਵੀ ਭਾਰੂ ਨਹੀਂ ਹੋਣਾ ਚਾਹੀਦਾ। ਉਸ ਦੇ ਪਾਤਰ ਪਰਿਸਥਿਤੀਆਂ ਵਿੱਚ ਆਪਣੇ ਆਪ ਢਲਣ, ਉਹ ਲੇਖਕ ਦੀ ਮਰਜ਼ੀ ਅਨੁਸਾਰ ਨਾ ਚੱਲਣ। ਉਹ ਬਿਲਕੁਲ ਆਜ਼ਾਦ ਵਿਚਰਦੇ ਹੋਏ ਆਪਣੀ ਹੋਣੀ ਦਾ ਦੁਖਾਂਤ ਸੁਖਾਂਤ ਭੋਗਣ। ਉਹ ਜਿੱਧਰ ਵੀ ਜਾਣਾ ਚਾਹੁਣ ਜਾਣ ਦੇਣਾ ਚਾਹੀਦਾ ਹੈ। ਪਰੰਤੂ ਕਈ ਸੌੜੀ ਸੋਚ ਵਾਲੇ ਲੇਖਕ ਖ਼ੁਦ ਆਪਣੀ ਜ਼ਿੰਦਗੀ ਤੋਂ ਮੁਤੱਅਸਰ ਹੋ ਕੇ ਆਪਣੇ ਜੀਣ ਮੁਤਾਬਕ ਹੀ ਆਪਣੀਆਂ ਸਿਰਜਣਾਵਾਂ ਵਿਚ ਪਾਤਰਾਂ ਨੂੰ ਚਲਾਉਂਦੇ ਹਨ ਕਿਉਂਕਿ ਉਹ ਆਪਣੇ ਗਿਆਨ ਅਤੇ ਦਿਮਾਗ਼ ਦੀ ਸੀਮਾ ਨੂੰ ਉਲੰਘ ਨਹੀਂ ਸਕਦੇ। ਜਿਸ ਦਾ ਸਿੱਟਾ ਇਹ ਨਿਕਲ਼ਦਾ ਹੈ ਕਿ ਉਹ ਆਪਣੀਆਂ ਰਚਨਾਵਾਂ ਵਿਚ ਜੀਵਨ ਦੀ ਸਮੁੱਚਤਾ ਨੂੰ ਸ਼ਿੱਦਤ ਨਾਲ਼ ਪੇਸ਼ ਨਹੀਂ ਕਰ ਸਕਦੇ।

ਮਿੰਨੀ ਕਹਾਣੀ ਵਿਚ ਕਈ ਵਾਰ ਕਹਾਣੀਕਾਰ ਪਾਤਰਾਂ ਦੀ ਜਾਣਕਾਰੀ ਆਪਣੇ ਸ਼ਬਦਾਂ ਵਿਚ ਆਪ ਹੀ ਦੇਣ ਲੱਗ ਜਾਂਦੇ ਹਨ ਪਰੰਤੂ ਇਹ ਵਿਧੀ ਕੋਈ ਬਹੁਤੀ ਸਾਰਥਕ ਨਹੀਂ। ਕਿਸੇ ਪਾਤਰ ਦਾ ਚਰਿਤ੍ਰ-ਚਿਤ੍ਰਣ ਤਾਂ ਲੇਖਕ ਨੂੰ ਉਸ ਦੇ ਕੱਪੜਿਆਂ ਤੋਂ, ਉਸ ਦੇ ਬੋਲਣ ਚਾਲਣ ਦੇ ਢੰਗ ਤੋਂ ਅਤੇ ਕਿਸੇ ਪਰਿਸਥਿਤੀ ਵਿੱਚ ਉਸ ਨੂੰ ਵਿਚਰਦਿਆਂ ਦਿਖਾ ਕੇ ਹੀ ਕਰਨਾ ਚਾਹੀਦਾ ਹੈ। ਉਦਾਹਰਨ ਵਜੋਂ ਜੇ ਕਿਸੇ ਮੰਗਤੇ ਦਾ ਕਿਰਦਾਰ ਲੇਖਕ ਨੇ ਪੇਸ਼ ਕਰਨਾ ਹੈ ਤਾਂ ਉਸ ਦਾ (ਮੰਗਤੇ ਦਾ) ਬੋਲਣ ਢੰਗ, ਉਸ ਦੇ ਕੱਪੜੇ, ਉਸ ਦੀ ਚਾਲ, ਉਸ ਦਾ ਵੇਖਣ ਢੰਗ ਹੀ ਉਸ ਦੇ ਮੰਗਤੇਪਣ ਨੂੰ ਦਰਸਾਉਣ। ਪਰੰਤੂ ਇਹ ਸਾਰਾ ਬਿਆਨ ਸੰਜਮਤਾ ਤੇ ਸੰਜੋਗਾਤਮਕਤਾ ਨਾਲ਼ ਹੀ ਕੀਤਾ ਜਾਵੇ, ਇਹ ਜ਼ਰੂਰੀ ਹੈ। ਇਸ ਤੋਂ ਇਲਾਵਾ ਕਿਸੇ ਸਾਹਿਤਕ ਕ੍ਰਿਤ ਵਿਚ ਅਜਿਹੇ ਵਿਆਪਕ ਤੱਤਾਂ ਦੀ

ਪੇਸ਼ਕਾਰੀ ਵੀ ਜ਼ਰੂਰੀ ਹੈ ਜਿਹੜੇ ਕਿਸੇ ਖ਼ਾਸ ਖਿੱਤੇ ਨਾਲ਼ ਸੰਬੰਧ ਰੱਖਦੇ ਹੋਏ ਵੀ ਸਰਬ ਵਿਆਪੀ ਹੋਣ। ਗੋਰਕੀ ਦਾ ਪ੍ਰਸਿੱਧ ਕਥਨ ਵੀ ਹੈ ਕਿ 'ਪਾਤਰ ਆਪਣੇ ਆਪ ਵਿੱਚ ਵਿਲੱਖਣਤਾ ਰੱਖਣ ਦੇ ਨਾਲ਼-ਨਾਲ਼ ਆਪਣੀਆਂ ਸ਼੍ਰੇਣੀਆਂ ਦੇ ਪ੍ਰਤੀਨਿਧ ਵੀ ਹੋਣ।' ਮਿੰਨੀ ਕਹਾਣੀ ਵਿੱਚ ਪਾਤਰ ਅਕਸਰ ਸਰਬ-ਵਿਆਪੀ ਗੁਣਾਂ ਦੇ ਹੀ ਧਾਰਨੀ ਹੁੰਦੇ ਹਨ ਚਾਹੇ ਇਸ ਵਿੱਚ ਕਿਸੇ ਵਿਲੱਖਣ ਪਾਤਰ ਦੀ ਉਸਾਰੀ ਇਸ ਦਾ ਆਕਾਰ ਛੋਟਾ ਹੋਣ ਕਾਰਨ ਸ਼ਿੱਦਤ ਨਾਲ਼ ਨਹੀਂ ਹੋ ਸਕਦੀ। ਜ਼ਿਆਦਾਤਰ ਇਸ ਵਿਚ 'ਉਹ', 'ਉਨ੍ਹਾਂ', 'ਉਸ ਦਾ' ਆਦਿ ਪੜਨਾਵਾਂ ਤੋਂ ਹੀ ਕੰਮ ਲਿਆ ਜਾਂਦਾ ਹੈ, ਜਿਸ ਕਾਰਨ ਪੇਸ਼ ਕੀਤਾ ਗਿਆ ਪਾਤਰ ਆਪਣੀ ਸ਼੍ਰੇਣੀ ਦਾ ਪ੍ਰਤੀਨਿਧ ਪਾਤਰ ਹੋ ਨਿੱਬੜਦਾ ਹੈ। ਗਲਪ ਦੀ ਇਸ ਸਿਨਫ਼ ਦੀ ਇਹ ਵਿਸ਼ੇਸ਼ਤਾ ਇਸ ਦੇ ਦਾਇਰੇ ਨੂੰ ਵਿਸ਼ਾਲਤਾ ਪ੍ਰਦਾਨ ਕਰਦੀ ਹੈ। ਫਿਰ ਵੀ ''ਸੰਖੇਪ ਤੇ ਢੁਕਵੇਂ ਪਾਤਰ ਨੂੰ ਨਿਖਾਰ ਕੇ ਪੇਸ਼ ਕਰਨਾ, ਇਕ ਬੜੇ ਕਲਾ-ਕੌਸ਼ਲ ਦੀ ਗੱਲ ਹੈ, ਲੋਕਾਂ ਤੇ ਚੀਜ਼ ਨੂੰ ਸ਼ਬਦਾਂ ਦੇ ਮਾਧਿਅਮ ਵਿੱਚ ਰੰਗ ਦੇਣਾ ਇੱਕ ਹੋਰ ਗੱਲ ਹੈ, ਬੜੀ ਬਰੀਕੀ ਨਾਲ਼ ਗੱਲ ਬਿਆਨ ਕਰ ਦੇਣਾ ਇੱਕ ਹੋਰ ਗੱਲ—ਜਿਵੇਂ ਕਿ 'ਵਿਸਥਾਰ ਲੰਬਾਈ ਤੇ ਚੌੜਾਈ' ਦੇ ਨੁਕਤੇ ਨੂੰ ਧਿਆਨ ਵਿਚ ਰੱਖ ਕੇ ਬਿਆਨ ਨੂੰ ਅੱਗੇ ਤੋਰੀ ਜਾਣਾ, ਜਿਸ ਤੋਂ ਇਹ ਪਤਾ ਲੱਗ ਸਕੇ ਕਿ ਪਾਤਰ ਸਾਕਾਰ ਹੋ ਉੱਠੇ ਹਨ।''[21]

ਵਾਰਤਾਲਾਪ ਦਾ ਹੋਣਾ ਮਿੰਨੀ ਕਹਾਣੀ ਲਈ ਕੋਈ ਲਾਜ਼ਮੀ ਸ਼ਰਤ ਤਾਂ ਨਹੀਂ ਪਰੰਤੂ ਫਿਰ ਵੀ ਇਹ ਕਿਸੇ ਕਹਾਣੀ ਦੀ ਜਿੰਦ ਜਾਨ ਹੁੰਦਾ ਹੈ ਕਿਉਂਕਿ ਇਸ ਨਾਲ਼ ਰੋਚਕਤਾ ਉਪਜਦੀ ਹੈ। ਰੋਚਕਤਾ ਲੇਖਕ ਲਈ ਪਾਠਕਾਂ ਨੂੰ ਆਪਣੇ ਨਾਲ਼ ਤੋਰਨ ਵਿੱਚ ਸਹਾਈ ਹੁੰਦੀ ਹੈ। ਜਦ ਪਾਠਕ ਨਾਲ਼ ਤੁਰ ਪੈਣ ਤਾਂ ਲੇਖਕ ਅਤੇ ਕਹਾਣੀ ਦੋਵੇਂ ਆਪਣੇ ਉਦੇਸ਼ ਵਿੱਚ ਸਫ਼ਲ ਸਮਝੇ ਜਾ ਸਕਦੇ ਹਨ। ਇਸੇ ਲਈ ਜੇ ਮਿੰਨੀ ਕਹਾਣੀ ਵਿਚ 'ਕਥਾਨਕ' ਵਾਰਤਾਲਾਪ ਦੀ ਮੰਗ ਕਰਦਾ ਹੈ ਤਾਂ ਇਹ ਜ਼ਰੂਰੀ ਹੈ ਕਿ ਸੰਵਾਦ ਚੁਸਤ ਅਤੇ ਜਾਨਦਾਰ ਹੋਣ। ਕਿਉਂਕਿ ਆਕਾਰ ਪੱਖੋਂ ਇਸਦੇ ਛੋਟੀ ਹੋਣ ਕਰਕੇ ਪਾਠਕ ਥੋੜ੍ਹੇ ਵਿੱਚੋਂ ਬਹੁਤੀ ਸੰਤੁਸ਼ਟੀ ਤਲਾਸ਼ ਕਰਦੇ ਹਨ। ਇਸ ਵਿੱਚ ਜੇ ਇੱਕ ਵੀ ਸੰਵਾਦ ਵਿਸ਼ਿਓਂ ਬਾਹਰਾ ਜਾਂ ਢਿੱਲਾ ਨਿਕੱਲ਼ ਗਿਆ ਤਾਂ ਸਮਝੋ ਇਹ ਕਹਾਣੀ ਪਿਟ ਗਈ। ਵੱਡੀ ਵਸਤੂ ਦਾ ਜੇ ਕੋਈ ਭਾਗ ਕਮਜ਼ੋਰ ਰਹਿ ਜਾਵੇ ਤਾਂ ਗੱਲ ਅਣਗੌਲ਼ੀ ਕੀਤੀ ਜਾ ਸਕਦੀ ਹੈ ਕਿਉਂਕਿ ਉਸਦੇ ਬਾਕੀ ਦੇ ਮਜ਼ਬੂਤ ਭਾਗ ਮਿਲ਼ ਕੇ ਛੋਟੇ ਜਿਹੇ ਘਾਟੇ ਨੂੰ ਪੂਰਾ ਕਰ ਦਿੰਦੇ ਹਨ ਜਦਕਿ ਛੋਟੀ ਵਸਤ ਕਰਦੀ ਹੀ ਗਿਣਤੀ ਦੇ ਭਾਗਾਂ 'ਤੇ ਨਿਰਭਰ ਹੈ ਇਸ ਲਈ ਉਨ੍ਹਾਂ ਵਿੱਚੋਂ ਹੀ ਜੇ ਇੱਕ ਭਾਗ ਕਮਜ਼ੋਰ ਰਹਿ ਗਿਆ ਤਾਂ ਉਸ ਵਸਤ ਦਾ ਪ੍ਰਭਾਵ ਤਾਂ ਖ਼ਤਮ ਹੋਵੇਗਾ ਹੀ, ਉਸਦੀ ਹੋਂਦ ਨੂੰ ਵੀ ਖ਼ਤਰਾ ਪੈਦਾ ਹੋ ਸਕਦਾ ਹੈ। ਜਿਵੇਂ ਕਈ ਲੇਖਕਾਂ ਵਲੋਂ ਮਿੰਨੀ ਕਹਾਣੀ ਨੂੰ ਲਤੀਫ਼ੇ ਦੇ ਸਮਵਿੱਥ ਰੱਖ ਕੇ ਵਾਚਣ ਨਾਲ਼ ਇਸਦਾ ਸਮੁੱਚਾ ਪ੍ਰਭਾਵ ਤਾਂ ਮੱਧਮ ਪਿਆ ਹੀ ਹੈ, ਨਾਲ਼ ਦੀ ਨਾਲ਼ ਕੁੱਝ ਵਿਦਵਾਨ ਆਲੋਚਕਾਂ ਦੀ ਨਜ਼ਰ ਵਿੱਚ ਇਸਦੀ ਹੋਂਦ ਵੀ ਖ਼ਤਮ ਹੁੰਦੀ ਜਾ ਰਹੀ ਹੈ।

ਪਾਠਕ ਕਿਸੇ ਵੀ ਸਾਹਿੱਤਕ ਰਚਨਾ ਦੇ ਨਿਰਪੱਖ ਅਤੇ ਸਹੀ ਆਲੋਚਕ ਹੁੰਦੇ ਹਨ। ਰਚਨਾ ਦੀ ਸਹੀ ਕੀਮਤ ਪਾਠਕਾਂ ਦੁਆਰਾ ਸੁਚੇਤ ਜਾਂ ਅਚੇਤ ਦਿੱਤੀ ਦਾਦ ਜਾਂ ਨਿੰਦਾ ਨੂੰ ਪਰਖ ਕੇ ਅੰਕਿਤ ਕੀਤੀ ਜਾ ਸਕਦੀ ਹੈ। ਇਸੇ ਲਈ ਲੇਖਕ ਨੂੰ ਆਪਣੀ ਰਚਨਾ ਦਾ ਪਾਠਕਾਂ 'ਤੇ ਨੇੜਲੇ ਭਵਿੱਖ ਵਿੱਚ ਪੈਣ ਵਾਲੇ ਪ੍ਰਭਾਵ ਦਾ ਅੰਦਾਜ਼ਾ ਅਗਾਊਂ ਲਗਾਉਣਾ ਪੈਂਦਾ ਹੈ। ਉਸਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਸਨੇ ਕਿਸ ਵਰਗ ਲਈ ਲਿਖਣਾ ਹੈ ਅਤੇ ਜਿਸ ਵਰਗ ਸਾਹਮਣੇ ਉਹ ਆਪਣੇ ਵਿਚਾਰ ਪ੍ਰਗਟ ਕਰਨ ਵਾਲ਼ਾ ਹੈ ਉਨ੍ਹਾਂ ਨੂੰ ਕਿਸ ਢੰਗ ਨਾਲ ਪੇਸ਼ ਕਰਨਾ ਹੈ। ਲੇਖਕ

ਹਮੇਸ਼ਾ ਇਹ ਚਾਹੁੰਦਾ ਹੈ ਕਿ ਪਾਠਕਾਂ 'ਤੇ ਉਸਦੀ ਕ੍ਰਿਤ ਦਾ ਸਮੁੱਚਾ ਪ੍ਰਭਾਵ ਬੱਝਵਾਂ ਅਤੇ ਹਾਂ-ਪੱਖੀ ਪਵੇ। ਕਹਾਣੀ ਵਾਂਗ ਹੀ ਮਿੰਨੀ ਕਹਾਣੀ ਦਾ ਬੱਝਵਾਂ ਪ੍ਰਭਾਵ ਇਸਦੀ ਪੇਸ਼ਕਾਰੀ ਦੀ ਕਲਾਤਮਕ ਜੁਗਤ (ਗੋਂਦ) 'ਤੇ ਨਿਰਭਰ ਕਰਦਾ ਹੈ। ਕਿਹੜੀ ਘਟਨਾ ਦਾ ਬਿਆਨ ਪਹਿਲਾਂ ਕਰਨਾ ਹੈ, ਕਿਹੜੇ ਪਾਤਰ ਨੂੰ ਪਹਿਲਾਂ ਬੁਲਵਾਉਣਾ ਹੈ, ਸਮੁੱਚੀ ਪਰਿਸਥਿਤੀ ਦੇ ਵਰਣਨ ਲਈ ਪਹਿਲ ਕਿਸ ਨੂੰ ਦੇਣੀ ਹੈ, ਮੰਤਵ ਨੂੰ ਸਿੱਧੇ ਸਪਾਟ ਕਥਨ ਰਾਹੀਂ ਪੇਸ਼ ਕਰਨਾ ਹੈ ਜਾਂ ਸੁਝਾਅ ਹੀ ਦੇਣਾ ਹੈ, ਕਹਾਣੀ ਦੇ ਸਿਖਰ ਨੂੰ ਕਿਵੇਂ ਸੰਭਾਲਣਾ ਹੈ, ਨਾਟਕੀ ਟੱਕਰ ਨੂੰ ਕਿਵੇਂ ਅਭਿਵਿਅਕਤੀ ਪ੍ਰਦਾਨ ਕਰਨੀ ਹੈ ਆਦਿ ਗੱਲਾਂ ਦਾ ਧਿਆਨ ਲੇਖਕ ਨੂੰ ਰੱਖਣਾ ਚਾਹੀਦਾ ਹੈ। ਮੇਰੇ ਖ਼ਿਆਲ ਅਨੁਸਾਰ ਪਾਠਕਾਂ 'ਤੇ ਪੈਣ ਵਾਲ਼ਾ ਪ੍ਰਭਾਵ ਜ਼ਿਆਦਾਤਰ ਇਸਦੇ ਅੰਤ 'ਤੇ ਜਾਂ ਅਖੀਰਲੇ ਵਾਕ 'ਤੇ ਨਿਰਭਰ ਕਰਦਾ ਹੈ। ਮਿੰਨੀ ਕਹਾਣੀ ਤਾਂ ਇੱਕ ਹਵਾਈ ਵਾਂਗ ਬੜੀ ਤੇਜ਼ੀ ਨਾਲ਼ ਉੱਪਰ ਉੱਠਦੀ ਹੈ ਅਤੇ ਇਸਦਾ ਅਖੀਰਲਾ ਵਾਕ ਜਾਂ ਸੰਵਾਦ ਵੀ ਹਵਾਈ ਦੇ ਫ਼ਟਣ ਵਾਂਗ ਹੀ ਧਮਾਕਾਪੂਰਣ ਤੇ ਚਕਾਚੌਂਧ ਕਰਨ ਵਾਲ਼ਾ ਹੋਣਾ ਚਾਹੀਦਾ ਹੈ। ਇਸਦਾ ਪਹਿਲਾ ਵਾਕ ਜਿੰਨਾ ਦਿਲ-ਖਿੱਚਵਾਂ ਹੁੰਦਾ ਹੈ ਉਸ ਤੋਂ ਕਈ ਗੁਣਾ ਜ਼ਿਆਦਾ ਪ੍ਰਭਾਵਸ਼ਾਲੀ ਇਸਦਾ ਅਖੀਰਲਾ ਵਾਕ ਹੋਣਾ ਚਾਹੀਦਾ ਹੈ। ਇਸ ਅਖੀਰਲੇ ਵਾਕ ਵਿੱਚ ਹੀ ਕਹਾਣੀ ਦੇ ਸਾਰੇ ਭੇਦ ਦਾ ਪਰਦਾ ਚਾਕ ਹੁੰਦਾ ਹੋਵੇ। ਇਹ ਵਾਕ ਤਿੱਖੇ ਵਿਅੰਗ ਦੀ ਮੰਗ ਵੀ ਕਰਦਾ ਹੈ, ਜਿਸਨੂੰ ਪੜ੍ਹ ਕੇ ਪਾਠਕ ਕੁੱਝ ਚਿਰ ਲਈ ਸੋਚਣ 'ਤੇ ਮਜਬੂਰ ਹੋ ਜਾਵੇ। ਉਂਝ ਤਾਂ ਮਿੰਨੀ ਕਹਾਣੀ ਦਾ ਹਰ ਸ਼ਬਦ ਹੀ ਬੜੀ ਹੁਸ਼ਿਆਰੀ ਨਾਲ ਵਰਤਿਆ ਜਾਂਦਾ ਹੈ, ਹਰ ਵਾਕ ਵਿੱਚ ਜਾਦੂ ਭਰੀ ਖਿੱਚ ਹੁੰਦੀ ਹੈ। ਪਰੰਤੂ ਇਸ ਵਿਚਲੇ ਵਿਸ਼ੇ ਨੂੰ ਧਾਰ ਲਾ ਕੇ ਨਸ਼ਤਰ ਬਣਾਉਣਾ ਹੀ ਇਸਦੀ ਲਿਖਣ ਤਕਨੀਕ ਹੈ—ਆਖਰੀ ਪੜਾਓ 'ਤੇ ਇਹ ਸੱਚ ਦੇ, ਵਿਅੰਗ ਦੇ ਨਸ਼ਤਰ ਦਾ ਹੀ ਰੂਪ ਧਾਰਨ ਕਰ ਜਾਵੇ ਇਹੀ ਇਸ ਸਿਨਫ਼ ਦੀ ਕਾਮਯਾਬੀ ਹੈ। ਇਹੀ ਨਸ਼ਤਰ ਕਾਫ਼ੀ ਤੇਜ਼ੀ ਨਾਲ਼ ਪਾਠਕ ਦੀ ਚੇਤਨਾ ਨੂੰ ਟੁੰਬਦਾ ਹੈ ਜਿਸ ਕਰਕੇ ਇਹ ਕਦੀ ਕਦਾਈਂ ਲੰਮੀ ਕਹਾਣੀ ਨਾਲ਼ੋਂ ਵੀ ਵੱਧ ਅਮਿੱਟ ਪ੍ਰਭਾਵ ਛੱਡ ਜਾਂਦੀ ਹੈ ਪਰੰਤੂ ਬਸ਼ਰਤੇ ਕਿ ਇਸ ਵਿੱਚ ਕੋਈ ਨਾ ਕੋਈ ਕਹਾਣੀ ਜ਼ਰੂਰ ਹੋਵੇ।

ਮਿੰਨੀ ਕਹਾਣੀ ਦਾ ਸਿਰਲੇਖ ਉਦੇਸ਼ ਨੂੰ ਪ੍ਰਗਟਾਉਣ ਵਾਲ਼ਾ, ਢੁਕਵਾਂ ਤੇ ਸੰਖੇਪ ਹੋਣਾ ਚਾਹੀਦਾ ਹੈ। ਇਸੇ ਵਿੱਚ ਕਹਾਣੀ ਦਾ ਸਾਰਾ ਢਾਂਚਾ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਸਮਾਇਆ ਹੁੰਦਾ ਹੈ। ਇਹ ਕਹਾਣੀ ਦੇ ਵਿਸ਼ੇ-ਵਸਤੂ ਦੀ ਪ੍ਰਤਿਨਿਧਤਾ ਕਰਦਾ ਹੋਇਆ ਵੀ ਆਪਣੇ ਆਪ ਵਿੱਚ ਗਹਿਰਾ ਭੇਦ ਪਾਠਕ ਲਈ ਰੱਖਦਾ ਹੈ। ਇਹ ਕਹਾਣੀ ਦੇ ਉਨ੍ਹਾਂ ਭੇਦਾਂ ਨੂੰ ਨਹੀਂ ਪ੍ਰਗਟਾਉਂਦਾ ਜਿਨ੍ਹਾਂ ਨੂੰ ਕਹਾਣੀਕਾਰ ਕਹਾਣੀ ਰਸ ਕਾਇਮ ਰੱਖਣ ਲਈ ਭੇਦ ਵਿਚ ਹੀ ਰੱਖਣਾ ਜ਼ਰੂਰੀ ਸਮਝਦਾ ਹੈ।

ਕਈ ਵਾਰ ਲੇਖਕ ਅਜਿਹੀ ਕਹਾਣੀ ਲਿਖ ਜਾਂਦਾ ਹੈ ਜੋ ਆਕਾਰ ਵਿਚ ਨਾ ਤਾਂ ਮਿੰਨੀ ਰਹਿੰਦੀ ਹੈ ਅਤੇ ਨਾ ਹੀ ਨਿੱਕੀ ਕਹਾਣੀ ਦੀ ਸ਼੍ਰੇਣੀ ਵਿੱਚ ਆ ਸਕਦੀ ਹੈ। ਖ਼ਾਸ ਤੌਰ 'ਤੇ ਨਵੀਂ ਪੀੜ੍ਹੀ ਦੇ ਵਧੇਰੇ ਲੇਖਕ ਇਹੋ ਜਿਹੀ ਮਿੱਡੀ ਕਹਾਣੀ ਲਿਖਣ ਵੱਲ ਵਧੇਰੇ ਰੁਚਿਤ ਹਨ। ਇਸ ਕਹਾਣੀ ਨੂੰ ਵੀ ਮੈਂ ਇਸਦੇ ਆਕਾਰ ਵਜੋਂ ਛੋਟੇ ਹੋਣ ਅਤੇ ਮਿੰਨੀ ਕਹਾਣੀ ਦੇ ਸਾਰੇ ਗੁਣਾਂ ਦੀ ਧਾਰਨੀ ਹੋਣ ਕਾਰਨ ਇਸਨੂੰ ਮਿੰਨੀ ਕਹਾਣੀ ਦੇ ਸਿਰਲੇਖ ਹੇਠ ਵਾਚਣਾ ਹੀ ਜ਼ਿਆਦਾ ਯੋਗ ਸਮਝਦਾ ਹਾਂ। ਇਸ ਤੋਂ ਇਲਾਵਾ ਛੋਟੇ ਆਕਾਰ ਦੇ ਨਾਵਲ ਨੂੰ ਆਮ ਤੌਰ ਤੇ ਨਾਵਲੈੱਟ ਕਿਹਾ ਜਾਂਦਾ ਹੈ ਪਰ ਇਸਨੂੰ ਇਹ ਨਾਮ ਦੇਣ ਤੋਂ ਮੈਂ ਝਿਜਕਦਾ ਹਾਂ। ਅਜੋਕੇ ਪੰਜਾਬੀ ਸਾਹਿਤ ਵਿੱਚ ਇਸਨੂੰ ਮਿੰਨੀ ਨਾਵਲ ਕਹਿਣਾ ਵਧੇਰੇ ਉਚਿਤ ਹੋਵੇਗਾ। ਮਿੰਨੀ ਨਾਵਲ ਕਿਸੇ ਹੱਦ ਤੱਕ ਜੀਵਨ ਦੇ ਵਿਸ਼ਾਲ ਦ੍ਰਿਸ਼ ਨੂੰ ਪੇਸ਼ ਕਰਨ ਦਾ ਯਤਨ ਕਰਦਾ ਹੈ।

ਹਵਾਲੇ :

1. ਅਵਨੇਰ ਜ਼ੀਸ **ਮਾਰਕਸਵਾਦੀ ਸੁਹਜ ਸ਼ਾਸਤਰ ਦੀਆਂ ਬੁਨਿਆਦਾਂ,** ਪੰਨਾ 142—143
2. ਉਹੀ, ਪੰਨਾ 141
3. ਉਹੀ, ਪੰਨਾ 148
4. **ਸਮੁੱਚੀਆਂ ਲਿਖਤਾਂ**, ਸੈਂਚੀ 7, ਪੰਨਾ 56
5. **ਮਾਰਕਸਵਾਦੀ ਸਮੀਖਿਆ ਸਿਧਾਂਤ** ਕ੍ਰਿਤ ਡਾ: ਸੁਰਜੀਤ ਸਿੰਘ ਭੱਟੀ, ਪੰਨਾ 119
6. **ਖੋਜ ਪੱਤ੍ਰਿਕਾ**, ਮਾਰਚ 1982, ਪੰਨਾ 339
7. ਉਹੀ, ਪੰਨਾ 339
8. ਉਹੀ, ਪੰਨਾ 329
9. **ਸਮੁੱਚੀਆਂ ਲਿਖਤਾਂ**, ਸੈਂਚੀ 27, ਪੰਨਾ 215
10. **ਅਮਰੀਕਾ ਦੀ ਨਵੀਨ ਆਲੋਚਨਾ ਪ੍ਰਣਾਲੀ** ਕ੍ਰਿਤ ਡਾ: ਰਵਿੰਦਰ ਸਿੰਘ ਰਵੀ, ਪੰਨਾ 64
11. **ਮਾਰਕਸਵਾਦੀ ਸਮੀਖਿਆ ਸਿਧਾਂਤ,** ਪੰਨਾ 93, 94
12. **ਸਮਕਾਲੀ ਪੰਜਾਬੀ ਆਲੋਚਨਾ,** (ਸੰਪਾ.) ਡਾ: ਦੀਵਾਨ ਸਿੰਘ ਤੇ ਡਾ: ਕੁਲਬੀਰ ਸਿੰਘ ਕਾਂਗ, ਪੰਨਾ 18
13. ਰਸੂਲ ਹਮਜ਼ਾਤੋਵ, **ਮੇਰਾ ਦਾਗ਼ਿਸਤਾਨ,** ਪੰਨਾ 17
14. **ਪੰਜਾਬੀ ਕਹਾਣੀਕਾਰ** ਕ੍ਰਿਤ ਡਾ: ਸਵਿੰਦਰ ਸਿੰਘ ਉੱਪਲ, ਪੰਨਾ 27
15. ਮੈਕਸਿਮ ਗੋਰਕੀ ਅਤੇ ਹੋਰ, **ਸਾਹਿਤ ਸਿਰਜਣਾ ਦੀ ਕਲਾ ਕੌਸ਼ਲਤਾ ਬਾਰੇ,** ਪੰਨਾ 32
16. ਉਹੀ, ਪਨਾ 178
17. ਅਮਰ ਕੋਮਲ (ਡਾ:), "ਮਿੰਨੀ ਕਹਾਣੀ ਅਤੇ ਉਸਦਾ ਸ਼ਿਲਪ ਵਿਧਾਨ", **ਪੰਜਾਬੀ ਦੁਨੀਆ**, ਫ਼ਰਵਰੀ 1982, ਪੰਨਾ 37
18. **ਪੰਜਾਬੀ ਆਲੋਚਨਾ ਇਕ ਪਰਿਚਯ,** (ਸੰਪਾ.) ਡਾ ਰਵਿੰਦਰ ਸਿੰਘ ਰਵੀ, ਪੰਨਾ 133
19. **ਖੋਜ ਪਤ੍ਰਿਕਾ,** ਮਾਰਚ 1982, ਪੰਨਾ 329
20. **ਸਮੀਖਿਆ ਦ੍ਰਿਸ਼ਟੀਆਂ** ਕ੍ਰਿਤ ਡਾ: ਗੁਰਚਰਨ ਸਿੰਘ ਅਰਸ਼ੀ, ਪੰਨਾ viii—ix
21. **ਸਾਹਿਤ ਸਿਰਜਣਾ ਦੀ ਕਲਾ ਕੌਸ਼ਲਤਾ ਬਾਰੇ**, ਪੰਨਾ 32

———

4 ਪੰਜਾਬੀ ਮਿੰਨੀ ਕਹਾਣੀ ਦਾ ਆਲੋਚਨਾਤਮਕ ਅਧਿਐਨ

ਮਿੰਨੀ ਕਹਾਣੀ ਦੀ ਉਤਪਤੀ, ਇਸ ਦੇ ਵਿਸ਼ੇ-ਵਸਤੂ ਅਤੇ ਰੂਪਕ ਪੱਖ ਨੂੰ ਘੋਖਣ ਉਪਰੰਤ ਪੰਜਾਬੀ ਵਿਚ ਹੁਣ ਤੱਕ ਲਿਖੀ ਜਾ ਚੁੱਕੀ ਮਿੰਨੀ ਕਹਾਣੀ ਦਾ ਵੀ ਆਲੋਚਨਾਤਮਕ ਵਿਸ਼ਲੇਸ਼ਣ ਕਰਨਾ ਬਣਦਾ ਹੈ। ਇਸ ਨਾਲ਼ ਨਾ ਕੇਵਲ ਪੰਜਾਬੀ ਸਾਹਿਤ ਵਿੱਚ ਮਿੰਨੀ ਕਹਾਣੀ ਦਾ ਮੁਹਾਂਦਰਾ ਉੱਘੜ ਕੇ ਸਾਹਮਣੇ ਆਵੇਗਾ ਸਗੋਂ ਅਸੀਂ ਭਵਿੱਖ ਵਿੱਚ ਇਸਦੇ ਸਥਾਨ ਦਾ ਅੰਦਾਜ਼ਾ ਲਗਾ ਸਕਣ ਦੇ ਵੀ ਯੋਗ ਹੋ ਸਕਾਂਗੇ।

ਆਲੋਚਕ ਇੱਕ ਲੇਖਕ ਹੀ ਹੁੰਦਾ ਹੈ। ਕਿਸੇ ਨੂੰ ਕਵਿਤਾ ਦੀ ਆਲੋਚਨਾ ਕਰਨੀ ਪਸੰਦ ਹੈ, ਸਿਰਫ਼ ਇਸ ਲਈ ਕਿ ਉਸਨੂੰ ਸਾਹਿਤ ਦੇ ਹੋਰ ਰੂਪਾਂ ਨਾਲ਼ੋਂ ਕਵਿਤਾ ਦੀ ਵੱਧ ਸਮਝ ਹੈ। ਇਸੇ ਤਰ੍ਹਾਂ ਜੋ ਨਾਵਲ ਜਾਂ ਕਹਾਣੀਆਂ ਦੀ ਆਲੋਚਨਾ ਕਰਦਾ ਹੈ ਤਾਂ ਇਹ ਜ਼ਰੂਰੀ ਹੈ ਕਿ ਉਹ ਨਾਵਲਾਂ ਕਹਾਣੀਆਂ ਦੀ ਰਗ਼ ਰਗ਼ ਤੋਂ ਵਾਕਿਫ਼ ਹੋਵੇ। ਨਾਟਕ ਅਤੇ ਰੰਗਮੰਚ ਦੇ ਅਨੁਭਵ ਨੂੰ ਖ਼ੁਦ ਹੰਢਾਉਣ ਵਾਲ਼ਾ ਲੇਖਕ ਕਿਸੇ ਨਾਟਕ ਜਾਂ ਇਕਾਂਗੀ ਦੀ ਘੋਖ ਪੜਤਾਲ ਵਧੀਆ ਤਰੀਕੇ ਨਾਲ਼ ਕਰ ਸਕਦਾ ਹੈ ਬਨਿਸਬਤ ਉਸਦੇ ਜਿਸਦੀ ਨਾਟਕ ਪ੍ਰਤਿ ਸਮਝ ਵਿਹਾਰਕ ਨਾ ਹੋ ਕੇ ਨਿਰੋਲ ਕਿਤਾਬੀ ਹੋਵੇ। ਮੈਂ ਮਿੰਨੀ ਕਹਾਣੀ ਦੀ ਆਲੋਚਨਾ ਦੇ ਖੇਤਰ ਵਿਚ ਪ੍ਰਵੇਸ਼ ਕੀਤਾ ਹੈ ਸਿਰਫ਼ ਇਸ ਲਈ ਕਿ ਮੈਂ ਖ਼ੁਦ ਟੁੱਟੀਆਂ ਫ਼ੁੱਟੀਆਂ ਮਿੰਨੀ ਕਹਾਣੀਆਂ ਲਿਖ ਲੈਂਦਾ ਹਾਂ। ਗਲਪ ਦੀ ਇਹ ਸਿਨਫ਼ ਆਪਣੇ ਛੋਟੇ ਜਿਹੇ ਜਿਸਮ ਵਿਚ ਅਣਗਿਣਤ ਭੇਦ ਲੁਕਾਈ ਬੈਠੀ ਹੈ, ਜਿਨ੍ਹਾਂ ਨੂੰ ਬਿਆਨ ਕਰਨਾ ਕੋਈ ਖ਼ਾਲਾ ਜੀ ਦਾ ਵਾੜਾ ਨਹੀਂ। ਇਸ ਲਈ ਮੈਂ ਇਸਦੇ ਸਾਰੇ ਭੇਦਾਂ ਨੂੰ ਖੋਲ੍ਹਣ ਦਾ ਦਾਅਵਾ ਤਾਂ ਨਹੀਂ ਕਰ ਸਕਦਾ ਪਰ ਮੇਰੇ ਇਸ ਨਿਮਾਣੇ ਜਿਹੇ ਯਤਨ ਨੂੰ ਲੇਖਕ ਅਤੇ ਵਿਦਵਾਨ ਆਲੋਚਕ ਖਿੜੇ ਮੱਥੇ ਕਬੂਲ ਕਰਨਗੇ ਅਜਿਹੀ ਮੈਨੂੰ ਉਮੀਦ ਹੈ।

ਆਲੋਚਕ ਕਿਸੇ ਰਚਨਾ ਵਿਚਲੇ ਤੱਤ ਦਾ ਵਿਸ਼ਲੇਸ਼ਣ ਇਸ ਤਰ੍ਹਾਂ ਕਰਦਾ ਹੈ ਕਿ ਪਾਠਕ ਨੂੰ ਉਸ ਕ੍ਰਿਤ ਵਿਚਲੇ ਅਦਿੱਖ ਸੱਚ ਦਾ ਨਜ਼ਾਰਾ ਭਲੀ ਭਾਂਤ ਹੋ ਜਾਂਦਾ ਹੈ। ਇਸ ਦੇ ਨਾਲ਼ ਨਾਲ਼ ਉਹ ਲੇਖਕ ਨੂੰ ਵੀ ਸੇਧ ਦਿੰਦਾ ਹੈ ਅਤੇ ਉਸਨੂੰ ਅਹਿਸਾਸ ਦਿਲਾਉਂਦਾ ਹੈ ਕਿ ਉਸਦੀ ਰਚਨਾ ਉਸਦੇ ਸਮਕਾਲੀਆਂ ਦੀਆਂ ਰਚਨਾਵਾਂ ਦੇ ਮੁਕਾਬਲੇ ਕਿੰਨੀ ਕੁ ਅੱਗੇ ਜਾਂ ਪਿੱਛੇ ਹੈ।

ਨਿਕੋਲਾਈ ਅਲੈਗਜ਼ਾਂਦਰੋਵਿਚ ਦਾਬਰੋਲਿਊਬੋਵ ਅਨੁਸਾਰ, "ਆਲੋਚਕ ਦਾ ਕੰਮ ਉਥੋਂ ਸ਼ੁਰੂ ਹੁੰਦਾ ਹੈ ਜਿੱਥੇ ਕਲਾਕਾਰ ਦਾ ਕੰਮ ਖ਼ਤਮ ਹੁੰਦਾ ਹੈ। ਆਲੋਚਕ ਨੇ ਕਲਾਕਾਰ ਨੂੰ ਉਹ ਕੁੱਝ ਦੱਸਣਾ ਅਤੇ ਅਨੁਭਵ ਕਰਾਉਣਾ ਹੁੰਦਾ ਹੈ ਜੋ ਅਚੇਤ ਰੂਪ ਵਿੱਚ ਕਈ ਵਾਰ ਖ਼ੁਦ ਕਲਾਕਾਰ ਨੂੰ ਪਤਾ ਨਹੀਂ ਹੁੰਦਾ।"[1] ਰਚਨਾ ਪੜ੍ਹਦੇ ਵਕਤ ਆਲੋਚਕ ਦੇ ਜ਼ਿਹਨ ਵਿੱਚ ਨਿਜੀ ਪ੍ਰਤਿਕਰਮਾਂ ਦਾ ਉੱਠਣਾ ਸੁਭਾਵਕ ਹੈ, ਇਨ੍ਹਾਂ ਪ੍ਰਤਿਕਰਮਾਂ ਦਾ ਹੀ ਉਹ ਵਸਤੂਗਤ ਵਿਸ਼ਲੇਸ਼ਣ ਕਰਕੇ ਲੇਖਕਾਂ ਤੇ ਪਾਠਕਾਂ ਸਾਹਮਣੇ ਪੇਸ਼ ਕਰਦਾ ਹੈ। ਸਿਰਫ ਨਿਜੀ ਪ੍ਰਤਿਕਰਮਾਂ ਨੂੰ ਲੈ ਕੇ ਆਲੋਚਨਾ ਕਰਨ ਵਾਲ਼ੇ ਆਲੋਚਕਾਂ ਦੀ ਆਲੋਚਨਾ ਸਤਹੀ ਪੱਧਰ ਦੀ ਹੁੰਦੀ ਹੈ ਜੋ ਕਿਸੇ ਰਚਨਾ ਵਿਸ਼ੇਸ਼ ਦਾ ਸਹੀ ਮੁਲੰਕਣ ਨਹੀਂ ਕਰ ਸਕਦੀ। ਲੇਖਕਾਂ ਪਾਠਕਾਂ ਨੂੰ ਸੇਧ ਦੇਣ ਵਾਲ਼ੀ ਗੱਲ ਤਾਂ ਵੱਖਰੀ ਹੈ। ਇਸੇ ਲਈ ਡਾ: ਰਵਿੰਦਰ ਸਿੰਘ ਰਵੀ[2] ਸਾਹਿਤ ਆਲੋਚਨਾ ਨੂੰ ਗਿਆਨ ਦੀ ਇਕ ਮੌਲਿਕ ਅਤੇ ਸੁਤੰਤਰ ਸ਼ਾਖਾ ਮੰਨ ਕੇ ਇਸਨੂੰ ਵਿਗਿਆਨ ਜਾਂ ਸ਼ਾਸਤਰ ਵਜੋਂ ਅਪਨਾਉਣ ਤੇ ਜ਼ੋਰ ਦਿੰਦਾ ਹੈ।

ਜਿਵੇਂ ਅਸੀਂ ਉੱਪਰ ਕਿਹਾ ਹੈ ਕਿ ਆਲੋਚਕ ਲੇਖਕ ਅਤੇ ਪਾਠਕ ਵਿਚਕਾਰ ਪੁਲ਼ ਦਾ ਕੰਮ ਕਰਦਾ ਹੈ ਪਰੰਤੂ ਅਜੋਕੇ ਕਈ ਆਲੋਚਕ ਪਾਠਕਾਂ ਪ੍ਰਤਿ ਸੁਹਿਰਦਤਾ ਤਾਂ ਰੱਖਦੇ ਹਨ ਲੇਕਿਨ ਗੁੱਟਬਾਜ਼ੀ ਕਾਰਨ ਲੇਖਕ ਵਿਰੁੱਧ ਵੀ ਭੁਗਤਣਾ ਨਹੀਂ ਚਾਹੁੰਦੇ। ਇਸ ਤਰ੍ਹਾਂ ਉਹ ਆਪਣੇ ਅਸਲੀ ਉਦੇਸ਼ ਤੋਂ ਲਾਂਭ ਹੋ ਜਾਂਦੇ ਹਨ। ਗੁੱਟਬੰਦੀ ਦੇ ਕਾਰਨ ਹੀ ਤਾਂ ਇੰਝ ਵਾਪਰਦਾ ਹੈ ਕਿ ਕਿਸੇ ਲੇਖਕ ਨੂੰ ਆਲੋਚਕਾਂ ਵੱਲੋਂ ਅਰਸ਼ਾਂ 'ਤੇ ਚੜ੍ਹਾ ਦਿੱਤਾ ਜਾਂਦਾ ਹੈ ਅਤੇ ਕਿਸੇ ਨੂੰ ਫ਼ਰਸ਼ਾਂ 'ਤੇ ਲਾਹ ਮਾਰਿਆ ਜਾਂਦਾ ਹੈ ਜਦਕਿ ਅਜਿਹੇ ਆਲੋਚਕ ਦਾਅਵੇ ਵਸਤੂਗਤ ਆਲੋਚਨਾ ਕਰਨ ਦੇ ਕਰਦੇ ਹਨ ਜਦਕਿ ਉਹ ਅਚੇਤ ਤੌਰ 'ਤੇ ਆਪਣੇ ਨਿਜੀ ਪ੍ਰਤਿਕਰਮਾਂ ਨੂੰ ਹੀ ਪ੍ਰਗਟਾ ਰਹੇ ਹੁੰਦੇ ਹਨ। ਖ਼ਾਸ ਕਰਕੇ ਅਜੋਕੇ ਅਖੌਤੀ ਅਗਾਂਹਵਧੂ ਪੰਜਾਬੀ ਲੇਖਕਾਂ ਵਿਸ਼ੇਸ਼ ਕਰਕੇ ਕਹਾਣੀਕਾਰਾਂ ਸੰਬੰਧੀ ਮੇਰੀ ਜੋ ਰਾਏ ਹੈ ਉਹ ਡਾ: ਕੁਲਬੀਰ ਸਿੰਘ ਕਾਂਗ ਨੇ ਬਹੁਤ ਹੀ ਖ਼ੂਬਸੂਰਤ ਸ਼ਬਦਾਂ ਵਿੱਚ ਇੰਝ ਬਿਆਨ ਕੀਤੀ ਹੈ, 'ਸਾਡੇ ਕਹਾਣੀਕਾਰਾਂ ਵਿੱਚ ਨਾਮਧਰੀਕ ਪ੍ਰਗਤੀਵਾਦੀ ਬਣਨ ਦੀ ਭਾਵਨਾ ਬਹੁਤ ਪ੍ਰਚਲਿਤ ਹੈ। ਅੱਜ ਲੋਕ-ਯੁਗ ਹੈ ਇਸ ਲਈ ਅਗਰਗਾਮਤਾ ਦੀ ਸਰਾਹਣਾ ਕੀਤੀ ਜਾਂਦੀ ਹੈ। ਪ੍ਰਗਤੀਵਾਦ ਕੁੱਝ ਨਾਅਰਿਆਂ ਦਾ ਸੰਗ੍ਰਹਿ ਨਹੀਂ, ਇਹ ਤਾਂ ਜੀਵਨ ਦੇ ਯਥਾਰਥਵਾਦੀ ਅਨੁਭਵਾਂ ਵਿਚੋਂ ਨਿਕਲੀ ਇਕ ਦਿਲੀ ਹੂਕ ਹੈ। ਕੁੱਝ ਸੱਚਮੁਚ ਹੀ ਦਿਆਨਤਦਾਰ ਕਹਾਣੀਕਾਰ ਹਨ ਪਰੰਤੂ ਬਾਕੀ ਫ਼ੋਕੀ ਵਾਹ-ਵਾਹ ਲਈ ਆਪਣੀ ਕਲਮ ਦੀ ਨੁਹਾਰ ਮੋੜਦੇ ਹਨ। ਇਹੋ ਕਾਰਨ ਹੈ ਕਿ ਨਾਮਧਰੀਕ ਅਗਰਗਾਮੀ ਕਹਾਣੀਆਂ ਵਿੱਚ ਕਹਾਣੀ-ਰਸ ਨਹੀਂ ਮਿਲਦਾ।"[3] ਫ਼ੋਕੀ ਵਾਹ-ਵਾਹ ਕਰਨ ਵਾਲੇ ਇਹ ਆਲੋਚਕ ਅਸਲ ਵਿੱਚ ਪਦਾਰਥਵਾਦੀ ਸਿਧਾਂਤਾਂ ਨੂੰ ਮਕਾਨਕੀ ਢੰਗ ਨਾਲ਼ ਕਿਸੇ ਰਚਨਾ 'ਤੇ ਲਾਗੂ ਕਰਦੇ ਹਨ। ਇਹੋ ਜਿਹੀ ਆਲੋਚਨਾ ਸੰਬੰਧੀ ਮਾਓ-ਜ਼ੇ-ਤੁੰਗ ਦੇ ਵਿਚਾਰ ਵਾਕਈ ਕਾਬਿਲੇ ਗ਼ੌਰ ਹਨ, "ਆਦਰਸ਼ਵਾਦੀ ਉਦੇਸ਼ ਉੱਤੇ ਜ਼ੋਰ ਦਿੰਦੇ ਹਨ ਅਤੇ ਪ੍ਰਭਾਵ ਨੂੰ ਟਾਲ਼ ਜਾਂਦੇ ਹਨ ਜਦੋਂ ਕਿ ਮਕਾਨਕੀ ਪਦਾਰਥਵਾਦੀ ਪ੍ਰਭਾਵ ਉੱਤੇ ਜ਼ੋਰ ਦਿੰਦੇ ਹਨ ਅਤੇ ਉਦੇਸ਼ ਨੂੰ ਟਾਲ਼ ਜਾਂਦੇ ਹਨ। ਇਨ੍ਹਾਂ ਦੋਹਾਂ ਦੇ ਵਿਰੋਧ ਵਿਚ ਅਸੀਂ ਦਵੰਦਵਾਦੀ-ਪਦਾਰਥਵਾਦੀ 'ਪ੍ਰਭਾਵ' ਅਤੇ 'ਉਦੇਸ਼' ਦੀ ਏਕਤਾ ਉੱਤੇ ਜ਼ੋਰ ਦਿੰਦੇ ਹਾਂ।"[4] ਮੁੱਕਦੀ ਗੱਲ ਇਹ ਕਿ ਜੇ ਸਹੀ ਆਲੋਚਨਾ ਆਲੋਚਕ ਕਰਨਾ ਚਾਹੁੰਦਾ ਹੈ ਤਾਂ ਉਸਨੂੰ ਅਜਿਹੇ ਨਿਰਪੱਖ ਪਾਠਕ ਦੀ ਅੱਖ ਨਾਲ ਲੇਖਕ ਦੀ ਕ੍ਰਿਤ ਨੂੰ ਪਰਖਣਾ ਹੋਵੇਗਾ ਜਿਹੜਾ ਆਲੋਚਕ ਹੋਵੇ। ਉਸ ਨੂੰ ਹਰਗਿਜ਼ ਇਹ ਨਹੀਂ ਵੇਖਣਾ

ਚਾਹੀਦਾ ਕਿ ਲੇਖਕ ਕੌਣ ਹੈ ਤੇ ਕਿਸ ਜੁੱਟ ਨਾਲ਼ ਸੰਬੰਧਿਤ ਹੈ। ਇਸ ਤੋਂ ਇਲਾਵਾ ਸਿਰਫ਼ ਇੱਕ ਸਿਧਾਂਤ ਦੇ ਲੜ ਬੱਝ ਕੇ ਕੀਤੀ ਗਈ ਆਲੋਚਨਾ ਵੀ ਬਹੁਤੀ ਸਾਰਥਕ ਸਿੱਧ ਨਹੀਂ ਹੋ ਸਕਦੀ। ਹਾਂ, ਆਲੋਚਕ ਕਿਸੇ ਸਿਧਾਂਤ ਤੋਂ ਸ਼ਕਤੀ ਤਾਂ ਗ੍ਰਹਿਣ ਕਰ ਸਕਦਾ ਹੈ ਪਰ ਜੇ ਉਹ ਆਪਣੀ ਯੋਗਤਾ ਤੇ ਪ੍ਰਤਿਭਾ ਨੂੰ ਇੱਕ ਵਿਸ਼ੇਸ਼ ਸਿਧਾਂਤ ਦੇ ਨਾਲ਼ ਬੰਨ੍ਹ ਕੇ ਸੀਮਿਤ ਕਰ ਦਿੰਦਾ ਹੈ ਤਾਂ ਨਿਸਚਿਤ ਰੂਪ ਵਿੱਚ ਇਹ ਉਸਦੀ ਇੱਕ ਭੁੱਲ ਹੈ। ਅਜਿਹਾ ''ਆਲੋਚਕ ਪ੍ਰਚਾਰਕ ਵੀ ਬਣ ਜਾਂਦਾ ਹੈ। ਕਿਸੇ ਇੱਕ ਪੱਖ ਨੂੰ ਉਹ ਅਪਣਾ ਲੈਂਦਾ ਹੈ। ਉਸ ਪੱਖ ਦੇ ਦ੍ਰਿਸ਼ਟੀਕੋਣ ਨਾਲ਼ ਹਰ ਸਾਹਿਤਕ ਰਚਨਾ ਨੂੰ ਵੇਖਦਾ ਹੈ। ਇਹ ਦ੍ਰਿਸ਼ਟੀਕੋਣ ਭਾਵੇਂ ਕਲਾਵਾਦੀ ਹੋਵੇ ਭਾਵੇਂ ਸਮਾਜਵਾਦੀ, ਇਸ ਦਾ ਮਾਨ ਸਾਹਿਤਕ ਨਹੀਂ ਕੋਈ ਹੋਰ ਬਾਹਰਲਾ ਹੈ। ਬਾਹਰਲੇ ਉਦੇਸ਼ ਦੀ ਪੂਰਤੀ ਲਈ ਉਹ ਸਾਹਿਤ ਨੂੰ ਸਾਧਨ ਬਣਾ ਲੈਂਦਾ ਹੈ। ਸਾਹਿੱਤ ਦੀ ਆਪਣੀ ਮਹੱਤਤਾ ਅਲੋਪ ਹੋ ਜਾਂਦੀ ਹੈ। ਹੋਰ ਗੱਲਾਂ ਪ੍ਰਧਾਨ ਹੋ ਜਾਂਦੀਆਂ ਹਨ। ਜੋ ਆਲੋਚਕ ਸਾਹਿਤ ਨੂੰ ਪ੍ਰਚਾਰ ਦਾ ਸਾਧਨ ਬਣਾਉਂਦਾ ਹੈ, ਉਹ ਸਾਹਿਤ ਦਾ ਹਿਤੂ ਨਹੀਂ ਕੇਵਲ ਪ੍ਰਚਾਰਕ ਹੈ।''[5]

ਵਿਸ਼ੇ ਅਤੇ ਰੂਪ ਦਾ ਸੁਮੇਲ ਕਰਕੇ ਹੀ ਕਿਸੇ ਕ੍ਰਿਤ ਦੀ ਆਲੋਚਨਾ ਆਲੋਚਕ ਨੂੰ ਕਰਨੀ ਚਾਹੀਦੀ ਹੈ। ਮਿਸਾਲ ਵਜੋਂ ਅਸੀਂ ਕਹਿੰਦੇ ਹਾਂ ਕਿ ਖ਼ਲੀਲ ਜ਼ਿਬਰਾਨ ਆਪਣੀਆਂ ਮਿੰਨੀ ਕਹਾਣੀਆਂ ਵਿਚ ਹਰ ਤੱਥ ਨੂੰ ਬਹੁਤ ਖ਼ੂਬਸੂਰਤ ਸ਼ਬਦਾਵਲੀ ਵਿੱਚ ਕਲਾਮਈ ਢੰਗ ਨਾਲ਼ ਪੇਸ਼ ਕਰਦਾ ਹੈ। ਇਹ ਵਿਸ਼ਾ ਹੀ ਹੁੰਦਾ ਹੈ ਜਿਹੜਾ ਇੱਕ ਆਲੋਚਕ ਨੂੰ ਰਚਨਾ ਦੇ ਸਿਰਜਕ ਦੇ ਮਨ ਦੀਆਂ ਤਹਿਆਂ ਨੂੰ ਫ਼ਰੋਲਣ ਅਤੇ ਸਮਝਣ ਵਿੱਚ ਸਹਾਈ ਹੁੰਦਾ ਹੈ। ਲੇਖਕ ਦੀਆਂ ਸਮੁੱਚੀਆਂ ਰਚਨਾਵਾਂ ਵਿੱਚ ਇੱਕ ਵਿਸ਼ੇਸ਼ ਵਿਸ਼ਾ ਪ੍ਰਧਾਨ ਹੁੰਦਾ ਹੈ, ਜੇ ਉਸ ਵਿਸ਼ੇ ਵਿਚਲੇ ਵਿਚਾਰ ਨੂੰ ਪਕੜ ਲਿਆ ਜਾਵੇ ਤਾਂ ਉਸਦੇ ਦ੍ਰਿਸ਼ਟੀਕੋਣ ਨੂੰ ਸਹਿਜੇ ਹੀ ਸਮਝਿਆ ਜਾ ਸਕਦਾ ਹੈ। ਰੂਪਕ ਪੱਖ ਤੋਂ ਵੀ ਉਸਦੀ ਮਾਨਸਿਕਤਾ ਦਾ ਅੰਦਾਜ਼ਾ ਆਲੋਚਕ ਲਾ ਸਕਦਾ ਹੈ। ਕਿਸੇ ਵੀ ਲੇਖਕ ਦੇ ਕੁੱਝ ਮਨਪਸੰਦ ਸ਼ਬਦ, ਸ਼ਬਦਾਂਸ਼ ਜਾਂ ਵਾਕ ਹੁੰਦੇ ਹਨ ਜਿਨ੍ਹਾਂ ਨੂੰ ਉਹ ਵਾਰ-ਵਾਰ ਵਰਤਦਾ ਹੈ। ਭਾਸ਼ਾ-ਵਿਗਿਆਨੀ ਤਾਂ ਲੇਖਕ ਦੀ ਸ਼ਬਦਾਵਲੀ ਤੋਂ ਉਸਦੇ ਸਭਿਆਚਾਰ ਨੂੰ ਵੀ ਆਸਾਨੀ ਨਾਲ਼ ਪਕੜ ਲੈਂਦੇ ਹਨ। ਉਸਦੇ ਸਭਿਆਚਾਰ ਦਾ ਗਿਆਨ ਹੋਣ ਉਪਰੰਤ ਉਸਦੇ ਸਮੁੱਚੇ ਪਿਛੋਕੜ ਦੀ ਜਾਣਕਾਰੀ ਵੀ ਆਲੋਚਕ ਨੂੰ ਆਪਣੇ ਆਪ ਹੋ ਜਾਂਦੀ ਹੈ ਅਤੇ ਫ਼ਿਰ ਇਸ ਤਰ੍ਹਾਂ ਉਸ ਦੁਆਰਾ ਰਚੀਆਂ ਗਈਆਂ ਰਚਨਾਵਾਂ ਦਾ ਤੱਤ-ਸਾਰ ਵੀ ਉਸਦੇ ਸਾਹਮਣੇ ਉਜਾਗਰ ਹੋ ਉਠਦਾ ਹੈ। ਸਾਹਿਤਕਾਰ ਦੀ ਸ਼ੈਲੀ ਤੇ ਸ਼ਬਦਾਵਲੀ ਤੋਂ ਉਸਦੀ ਸਿਧਾਂਤਕ ਪ੍ਰਤਿਬੱਧਤਾ ਦਾ ਵੀ ਪਤਾ ਲਾਇਆ ਜਾ ਸਕਦਾ ਹੈ ਕਿਉਂਕਿ ਹਰ ਸਿਧਾਂਤ ਦੀ ਵੱਖਰੀ ਹੀ ਸ਼ਬਦਾਵਲੀ ਤੇ ਪੇਸ਼ਕਾਰੀ ਹੁੰਦੀ ਹੈ।

ਦੂਜੀਆਂ ਭਾਸ਼ਾਵਾਂ ਦੀ ਗੱਲ ਦੂਜੇ ਪਾਸੇ ਰਹੀ, ਪੰਜਾਬੀ ਵਿਚ ਤਾਂ ਮਿੰਨੀ ਕਹਾਣੀ ਲਿਖਣਾ ਕੁੱਝ ਲੇਖਕਾਂ ਨੇ (ਖ਼ਾਸ ਕਰਕੇ ਅਖ਼ਬਾਰੀ ਪੱਧਰ ਦੇ ਲੇਖਕਾਂ ਨੇ) ਸ਼ੁਗਲ ਜਿਹਾ ਹੀ ਬਣਾ ਲਿਆ ਹੈ ਜਦ ਕਿ ਗਲਪ ਦੀ ਇਹ ਸੂਖਮ ਸਿਨਫ਼ ਨਾ ਤਾਂ ਕੋਈ ਮਖੌਲ ਹੈ ਅਤੇ ਨਾ ਹੀ ਕੋਈ ਖੇਡ। ਇਸ ਵਿੱਚ ਵੀ ਕਲਾਤਮਕਤਾ ਦੀ ਉਤਨੀ ਹੀ ਜ਼ਰੂਰਤ ਹੈ ਜਿਤਨੀ ਕਿ ਲੰਮੀ ਕਹਾਣੀ ਜਾਂ ਨਾਵਲ ਵਿੱਚ। ਕਦੇ-ਕਦੇ ਛਪਣ ਲਈ ਕਾਹਲੇ. ਹੋਣ ਦੀ ਪ੍ਰਵਿਰਤੀ ਵੀ ਇਸ ਵਿੱਚ ਕਲਾਤਮਕਤਾ ਦੀ ਘਾਟ ਦਾ ਕਾਰਨ ਬਣ ਜਂਦੀ ਹੈ। ਜਲਦਬਾਜ਼ੀ ਵਿੱਚ ਇਸ ਵਿੱਚ ਰੂਪਗਤ ਕਚਿਆਈ ਆ ਜਾਣੀ ਲਾਜ਼ਮੀ ਹੈ। ਅਜਿਹੇ ਲੇਖਕਾਂ ਨੇ ਹੀ ਮਿੰਨੀ ਕਹਾਣੀ ਨੂੰ ਸ਼ੁਰੂ ਤੋਂ ਇੱਕ ਮਾਮੂਲੀ ਸ਼ੈਅ ਸਵੀਕਾਰ

ਕੀਤਾ ਹੈ ਜਦ ਕਿ ਅਸਲ ਵਿਚ ਇਹ ਇੱਕ ਕਹਾਣੀ ਅਤੇ ਨਾਵਲ ਲਿਖਣ ਤੋਂ ਕਿਤੇ ਵੱਧ ਔਖੀ ਹੈ। ਕਈ ਵਾਰ ਤਾਂ ਕੋਈ ਚੁਟਕਲਾ ਲੈ ਕੇ ਅਜਿਹੀ ਮਿੰਨੀ ਕਹਾਣੀ ਬਣਾਈ ਮਿਲ਼ਦੀ ਹੈ ਕਿ ਨਾ ਤਾਂ ਉਸ ਨੂੰ ਚੁਟਕਲਾ ਕਿਹਾ ਜਾ ਸਕਦਾ ਹੈ ਅਤੇ ਨਾ ਹੀ ਉਸ 'ਤੇ ਕਿਸੇ ਵੀ ਤਰ੍ਹਾਂ ਮਿੰਨੀ ਕਹਾਣੀ ਦਾ ਲੇਬਲ ਲਾਉਣਾ ਉਚਿਤ ਹੁੰਦਾ ਹੈ। ਪੰਜਾਬੀ ਦੇ ਕਈ ਨਵੇਂ ਲੇਖਕ ਮਿੰਨੀ ਕਹਾਣੀ ਨੂੰ ਇਕ ਚੁਟਕਲੇ ਦਾ ਰੂਪ ਬਦਲ ਕੇ ਇਸ ਸਿਨਫ਼ ਨਾਲ਼ ਛਲ ਖੇਡ ਰਹੇ ਹਨ। ਕਿਸੇ ਲਤੀਫ਼ੇ ਨੂੰ ਕਾਂਟ ਛਾਂਟ ਕਰਕੇ ਅਤੇ ਆਧੁਨਿਕ ਰੂਪ ਦੇ ਦੇਣ ਨਾਲ਼ ਜ਼ਰੂਰੀ ਨਹੀਂ ਕਿ ਉਹ ਮਿੰਨੀ ਕਹਾਣੀ ਦਾ ਰੂਪ ਅਖ਼ਤਿਆਰ ਕਰ ਜਾਵੇ। ਲਤੀਫ਼ਾ ਅਤੇ ਮਿੰਨੀ ਕਹਾਣੀ ਦੋਵੇਂ ਬੇਮੇਲ ਸ਼ੈਆਂ ਹਨ, ਦੋਹਾਂ ਦੇ ਮਕਸਦ ਅਲੱਗ ਅਲੱਗ ਹਨ। ਇਹ ਠੀਕ ਹੈ ਕਿ ਕਦੀ ਕਦੀ ਕੋਈ ਲਤੀਫ਼ਾ ਮਿੰਨੀ ਕਹਾਣੀ ਦਾ ਰੂਪ ਧਾਰਨ ਕਰ ਜਾਂਦਾ ਹੈ ਪਰ ਕੋਈ ਮਿੰਨੀ ਕਹਾਣੀ ਲਤੀਫ਼ਾ ਭਾਸੇ ਤਾਂ ਇਹ ਕਹਾਣੀਕਾਰ ਦੀ ਕੋਈ ਤਕਨੀਕੀ ਗਲਤੀ ਹੀ ਹੋ ਸਕਦੀ ਹੈ। ਅਜਿਹੀਆਂ ਮਿੰਨੀ ਕਹਾਣੀਆਂ ਸਿਰਜਣ ਤੋਂ ਗ਼ੁਰੇਜ਼ ਕਰਨ ਦੀ ਜ਼ਰੂਰਤ ਹੈ। ਮਿੰਨੀ ਕਹਾਣੀ ਨੂੰ ਲਤੀਫ਼ਾ ਸਮਝਣਾ ਅਗਿਆਨਤਾ ਦੇ ਸਿਵਾ ਹੋਰ ਕੁੱਝ ਹੋ ਵੀ ਨਹੀਂ ਸਕਦਾ—ਇਸੇ ਅਗਿਆਨਤਾਵਸ ਇਸ ਸਿਨਫ਼ ਨੂੰ ਹਾਲੇ, ਪੰਜਾਬੀ ਸਾਹਿਤ ਵਿੱਚ ਉਹ ਸਨਮਾਨ ਪ੍ਰਾਪਤ ਨਹੀਂ ਹੋਇਆ ਜਿਸ ਦੀ ਇਹ ਹੱਕਦਾਰ ਹੈ। ਚੰਗੀਆਂ ਸਾਹਿਤਕ ਰਚਨਾਵਾਂ ਨੂੰ ਪੜ੍ਹਨ ਦੀ ਰੁਚੀ ਦੀ ਘਾਟ ਹੀ ਇਸ ਅਗਿਆਨਤਾ ਦਾ ਮੁੱਖ ਕਾਰਨ ਹੈ। ਚਾਲ਼ੀ ਪੰਜਾਹ ਲਤੀਫ਼ਿਆਂ ਦਾ ਰੂਪ ਬਦਲ ਕੇ ਅਤੇ ਉਨ੍ਹਾਂ ਨੂੰ ਮਿੰਨੀ ਕਹਾਣੀਆਂ ਦਾ ਨਾਮ ਦੇ ਕੇ ਜੋ ਵਿਅਕਤੀ ਲੇਖਕ ਹੋਣ ਦਾ ਭਰਮ ਅਕਸਰ ਪਾਲ਼ਦੇ ਹਨ, ਉਨ੍ਹਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਉਹ ਪੰਜਾਬੀ ਸਾਹਿਤ ਦੀ ਕੋਈ ਸੇਵਾ ਨਹੀਂ ਕਰ ਰਹੇ ਸਗੋਂ ਇਸ ਨੂੰ ਪਤਨ ਦੀਆਂ ਡੂੰਘੀਆਂ ਖੱਡਾਂ ਵੱਲ ਲੈ ਜਾਣ ਦਾ ਭੈੜਾ ਕਾਰਜ ਹੀ ਕਰ ਰਹੇ ਹਨ। ਜੇ ਉਹੀ ਵਿਅਕਤੀ ਹਿੰਦੀ, ਗੁਜਰਾਤੀ, ਬੰਗਲਾ, ਉਰਦੂ ਆਦਿ ਦੂਜੀਆਂ ਭਾਸ਼ਾਵਾਂ ਵਿੱਚ ਲਿਖੀਆਂ ਮਿੰਨੀ ਕਹਾਣੀਆਂ ਦਾ ਭਲੀ ਭਾਂਤ ਅਧਿਐਨ ਕਰਨ ਤਾਂ ਨਿਸਚਿਤ ਰੂਪ ਵਿੱਚ ਉਹ ਇਹ ਮਹਿਸੂਸ ਕਰਨਗੇ ਕਿ ਪੰਜਾਬੀ ਮਿੰਨੀ ਕਹਾਣੀ ਦੀ ਸਨਮਾਨਜਨਕ ਹਾਲਾਤ ਵਾਲ਼ੀ ਮੰਜ਼ਿਲ ਹਾਲ਼ੀ ਥੋੜ੍ਹੀ ਦੂਰ ਹੈ। ਪਰੰਤੂ ਇੱਧਰ ਵਿਕ੍ਰਮ ਸੋਨੀ ਨੇ ਤ੍ਰੈਮਾਸਿਕ ਹਿੰਦੀ ਪੱਤ੍ਰਿਕਾ 'ਲਘੂ ਆਘਾਤ' ਦੇ ਆਪਣੇ ਸੰਪਾਦਕੀ ਵਿੱਚ ਸਾਰੀਆਂ ਭਾਰਤੀ ਭਾਸ਼ਾਵਾਂ ਦੇ ਮਿੰਨੀ ਕਹਾਣੀ ਲੇਖਕਾਂ ਨੂੰ ਰਗੜ ਛੱਡਿਆ ਹੈ। ਉਸ ਅਨੁਸਾਰ ਸਾਰੇ ਭਾਰਤ ਵਿੱਚ ਰੋਜ਼ਾਨਾ ਇੱਕ ਸੌ ਮਿੰਨੀ ਕਹਾਣੀਆਂ ਪ੍ਰਕਾਸ਼ਿਤ ਹੁੰਦੀਆਂ ਹਨ ਪਰੰਤੂ ਉਨ੍ਹਾਂ ਨੂੰ ਯੋਗ ਸਥਾਨ ਨਹੀਂ ਮਿਲ਼ ਰਿਹਾ। ਮਿੰਨੀ ਕਹਾਣੀਆਂ ਵਿੱਚ ਮਨੁੱਖ ਦੀ ਛਟਪਟਾਹਟ ਬੇਬਸੀ ਦਾ ਸਜੀਵ ਚਿਤ੍ਰਣ ਨਹੀਂ ਕੀਤਾ ਜਾ ਰਿਹਾ। ਕਿੰਨੀਆਂ ਕੁ ਮਿੰਨੀ ਕਹਾਣੀਆਂ ਹਨ ਜਿਨ੍ਹਾਂ ਨੂੰ ਅਸੀਂ ਕਦੇ ਵੀ ਨਾ ਭੁਲਾ ਸਕਦੇ ਹੋਈਏ। ਉਪਰੋਕਤ ਵਿਚਾਰ ਚਰਚਾ ਤੋਂ ਇਹ ਭਾਵ ਹਰਗਿਜ਼ ਨਹੀਂ ਕੱਢ ਲੈਣੇ ਚਾਹੀਦੇ ਕਿ ਪੰਜਾਬੀ ਵਿੱਚ ਵਧੀਆ ਮਿੰਨੀ ਕਹਾਣੀ ਲਿਖੀ ਹੀ ਨਹੀਂ ਗਈ, ਜੇ ਅਸਲ ਅਰਥਾਂ ਵਿਚ ਮਿੰਨੀ ਕਹਾਣੀਆਂ ਦਾ ਆਨੰਦ ਮਾਣਨਾ ਹੈ ਤਾਂ ਹਿੰਦੀ, ਉਰਦੂ, ਗੁਜਰਾਤੀ, ਬੰਗਲਾ ਸਾਹਿਤ ਨੂੰ ਫਰੋਲੋ, ਪੰਜਾਬੀ ਵਿੱਚ ਅਜੇ ਤੱਕ ਕੋਈ ਮੰਟੋ ਨਹੀਂ ਪੈਦਾ ਹੋਇਆ ਆਦਿ ਆਦਿ। ਅਸਲ ਵਿੱਚ ਅਜਿਹੇ ਸਿੱਟੇ ਕਈ ਵਾਰ ਸਾਡੇ ਲੇਖਕ ਤੇ ਵਿਦਵਾਨ ਆਲੋਚਕ ਸਿਰਫ਼ ਆਪਣੀ ਵਿਦਵਤਾ ਦਰਸਾਉਣ ਹਿਤ ਪਾਠਕਾਂ ਦੇ ਸਨਮੁੱਖ ਪੇਸ਼ ਕਰ ਬੈਠਦੇ ਹਨ, ਜਦਕਿ ਅਸਲੀਅਤ ਵਿੱਚ ਅਜਿਹਾ ਬਿਲਕੁਲ ਨਹੀਂ ਹੈ। ਕੋਈ ਵੀ ਨਵਾਂ ਸਾਹਿਤ ਰੂਪ ਪਹਿਲਾਂ ਜਨਮ ਲੈਂਦਾ ਹੈ, ਉਸ ਦੇ ਤਕਨੀਕੀ ਪੱਖ ਆਲੋਚਕਾਂ ਵਲੋਂ ਉਸ ਦੀ ਉਤਪਤੀ ਤੋਂ ਢੇਰ ਚਿਰ ਪਿਛੋਂ ਉਜਾਗਰ ਹੁੰਦੇ ਹਨ। ਮੈਂ ਆਪਣੀ ਨਿਮਾਣੀ ਸਮਝ ਮੁਤਾਬਕ ਵਧੀਆ ਤੋਂ ਵਧੀਆ ਮਿੰਨੀ ਕਹਾਣੀ ਦੇ ਜਿਨੇ

ਵੀ ਪੱਖਾਂ (ਵਿਸ਼ੇ ਅਤੇ ਰੂਪ ਦੋਵੇਂ) ਨੂੰ ਉਭਾਰਨ ਵਿਚ ਸਮਰੱਥ ਹੋ ਸਕਿਆ ਹਾਂ, ਉਨ੍ਹਾਂ ਦਾ ਆਧਾਰ ਨਿਰੋਲ ਪੰਜਾਬੀ ਦੀਆਂ ਕੁੱਝ ਚੋਣਵੀਆਂ ਮਿੰਨੀ ਕਹਾਣੀਆਂ ਹੀ ਹਨ।

ਹੁਣ ਤੱਕ ਮਿੰਨੀ ਕਹਾਣੀ ਨੂੰ ਸੰਗ੍ਰਹਿ ਰੂਪ ਵਿੱਚ ਛਪਾਉਣ ਦਾ ਹੀਆ ਪੰਜਾਬੀ ਦੇ ਉਂਗਲੀਆਂ 'ਤੇ ਗਿਣੇ ਜਾਣ ਜੋਗੇ ਲੇਖਕਾਂ ਨੇ ਹੀ ਕੀਤਾ ਹੈ। ਕੁੱਝ ਸਮੂਹਕ ਕਦਮ ਵੀ ਚੁੱਕੇ ਗਏ ਹਨ। ਇਨ੍ਹਾਂ ਯਤਨਾਂ ਨੇ ਪੰਜਾਬੀ ਸਾਹਿਤ ਵਿਚ ਹਾਲ ਤੱਕ ਕੋਈ ਜ਼ਿਕਰਯੋਗ ਵਾਧਾ ਤਾਂ ਨਹੀਂ ਕੀਤਾ, ਅਲਬੱਤਾ ਮਿੰਨੀ ਕਹਾਣੀ ਨੇ ਪਾਠਕਾਂ ਅਤੇ ਕੁੱਝ ਗਿਣਵੇਂ ਚੁਣਵੇਂ ਆਲੋਚਕਾਂ ਵਿੱਚ ਆਪਣੀ ਪਛਾਣ ਜ਼ਰੂਰ ਬਣਾ ਲਈ ਹੈ। ਹੁਣ ਤੱਕ ਛਪ ਚੁੱਕੇ ਮੌਲਿਕ, ਅਨੁਵਾਦਿਤ ਅਤੇ ਸਮੂਹਕ ਰੂਪ ਵਿੱਚ ਸੰਪਾਦਿਤ ਮਿੰਨੀ ਕਹਾਣੀ ਸੰਗ੍ਰਹਿ ਹੇਠ ਲਿਖੇ ਅਨੁਸਾਰ ਹਨ :—

ਸੰਗ੍ਰਹਿ ਦਾ ਨਾਂ	ਲੇਖਕ ਦਾ ਨਾਂ	ਪ੍ਰਕਾਸ਼ਨ ਵਰ੍ਹਾ
ਬਰਫ਼ੀ ਦਾ ਟੁਕੜਾ	ਸਤਵੰਤ ਕੈਂਥ	ਅਕਤੂਬਰ 1972
ਗ੍ਰਹਿਣੇ ਸੂਰਜ	ਦਲੀਪ ਸਿੰਘ ਭੂਪਾਲ	1973
ਸੌ ਪੱਤ ਮਛਲੀ ਦੇ	ਭੁਪਿੰਦਰ ਸਿੰਘ (ਪੀ. ਸੀ. ਐਸ.)	1979
ਸੰਵਿਧਾਨ ਰੋਂਦਾ ਹੈ	ਦਰਸ਼ਨ ਮਿਤਵਾ	1980
ਖੁੰਢੀ ਧਾਰ	ਸ਼ਰਨ ਮੱਕੜ	1981
ਚਿਣਗਾਂ	ਡਾ: ਅਮਰ ਕੋਮਲ	ਅਕਤੂਬਰ 1983
ਸੁਲਗਦੀ ਬਰਫ਼	ਸੁਲੱਖਣ ਮੀਤ	ਮਾਰਚ 1985
ਸੋਚਾਂ ਦਾ ਸਾਗਰ	ਆਰ. ਐਸ. ਆਜ਼ਾਦ	ਜੂਨ 1985
ਪੂਜਾ	ਮੋਹਨ ਸ਼ਰਮਾ	1986
ਕੀੜੀਆਂ ਦਾ ਭੌਣ	ਸਤਵੰਤ ਕੈਂਥ	1986
ਨਿੱਕੀਆਂ ਗੱਲਾਂ ਵੱਡੀਆਂ ਗੱਲਾਂ	ਕਰਮਵੀਰ ਸਿੰਘ	1986
ਨਾਅਰਾ	ਜਿੰਦਰ	ਨਵੰਬਰ 1987

ਕੁੱਝ ਸੰਪਾਦਿਤ ਤੇ ਅਨੁਵਾਦਿਤ ਮਿੰਨੀ ਕਹਾਣੀ ਸੰਗ੍ਰਹਿ

ਤਰਕਸ਼	ਰੌਸ਼ਨ ਲਾਲ ਫ਼ੂਲਵੀ (ਸੰਪਾ.) ਤੇ ਓਮ ਪ੍ਰਕਾਸ਼ ਗਾਸੋ (ਚੋਣਕਾਰ)	1973
ਅਬ ਜੂਝਨ ਕੋ ਦਾਓ	ਅਨਵੰਤ ਕੌਰ ਤੇ ਸ਼ਰਨ ਮੱਕੜ	1975 1977
ਇਨਸਾਨ ਵਿਕਦੇ ਹਨ	ਕੇ. ਮਨਜੀਤ (ਸੰਪਾ.)	
'ਜਨ ਸਾਹਿਤ' ਦਾ ਮਿੰਨੀ ਕਹਾਣੀ ਅੰਕ		ਜੁਲਾਈ 1980 1987
ਹੜਤਾਲ ਜਾਰੀ ਹੈ	ਜਿੰਦਰ ਤੇ ਨਿਰੰਜਣ ਬੋਹਾ	
'ਅ' ਨਾਉਂ ਦਾ ਇਨਸਾਨ	ਜਯੰਤੀ ਮਕਵਾਣਾ (ਗੁਜਰਾਤੀ) ਰਾਮ ਸਰੂਪ ਅਣਖੀ (ਅਨੁ.)	1987

ਸਤਵੰਤ ਕੌਂਥ

ਸਤਵੰਤ ਕੌਂਥ ਦਾ ਸੰਗ੍ਰਹਿ 'ਬਰਫ਼ੀ ਦਾ ਟੁਕੜਾ', ਜੋ ਕਿ ਪੰਜਾਬੀ ਸਾਹਿਤ ਵਿੱਚ ਪਹਿਲਾ ਮਿੰਨੀ ਕਹਾਣੀ ਸੰਗ੍ਰਹਿ ਵੀ ਹੈ, ਅਕਤੂਬਰ 1972 ਵਿਚ ਪ੍ਰਕਾਸ਼ਿਤ ਹੋਇਆ ਜਿਸ ਵਿੱਚ ਲੇਖਕ ਨੇ 28 ਕਹਾਣੀਆਂ ਸ਼ਾਮਲ ਕੀਤੀਆਂ ਹਨ।

ਇਸ ਸੰਗ੍ਰਹਿ ਵਿਚ ਲੇਖਕ ਦੀ ਨਜ਼ਰ ਮਰਦ ਔਰਤ ਦੇ ਜਿਨਸੀ ਰਿਸ਼ਤੇ ਨੂੰ ਪਕੜ ਕੇ ਉਸ ਦਾ ਵਿਸ਼ਲੇਸ਼ਣ ਕਰਨ ਵੱਲ ਬੜੀ ਛੇਤੀ ਰੁਚਿਤ ਹੁੰਦੀ ਹੈ। ਉਸ ਦੀਆਂ ਮਿੰਨੀ ਕਹਾਣੀਆਂ ਤੋਂ ਉਸ ਦੇ ਵਿਅਕਤੀਤਵ ਅਤੇ ਉਸ ਦੀ ਮਾਨਸਿਕਤਾ ਦਾ ਕੁੱਝ ਅੰਦਾਜ਼ਾ ਲਗਦਾ ਹੈ। ਮੇਰੀ ਜਾਚੇ ਲੇਖਕ ਦੀ ਪ੍ਰੇਮਿਕਾ ਦਾ ਵਿਆਹ ਜਦ ਕਿਸੇ ਹੋਰ ਨਾਲ਼ ਹੋਣ ਵਾਲ਼ਾ ਹੋਵੇਗਾ ਤਾਂ ਉਹ ਬਗ਼ਾਵਤ ਨਾ ਕਰਕੇ ਹਾਲਾਤ ਨਾਲ਼ ਸਮਝੌਤਾ ਕਰਦੀ ਹੋਈ ਮਜਬੂਰੀ ਵਸ ਲੇਖਕ ਨਾਲ਼ ਧੋਖਾ ਕਰ ਬੈਠੀ। ਇਸ ਘਟਨਾ ਬਾਅਦ ਕੌਂਥ ਪੰਜਾਬੀ ਦੇ ਸਥਾਪਤ ਕਹਾਣੀਕਾਰ ਕਰਤਾਰ ਸਿੰਘ ਦੁੱਗਲ ਵਾਂਗ ਔਰਤ ਦੇ ਮਨ ਦੀਆਂ ਵੱਖ-ਵੱਖ ਤਹਿਆਂ ਨੂੰ ਫਰੋਲਣ ਲੱਗ ਪਿਆ—ਉਹ ਵੀ ਜਿਨਸੀ ਪੱਖ ਤੋਂ ਪੂਰਵ-ਮਿਥਿਤ ਧਾਰਨਾ ਲੈ ਕੇ ਜ਼ਗੀਰੂ ਦ੍ਰਿਸ਼ਟੀਕੋਣ ਨਾਲ਼ (ਮੇਰੀ ਇਹ ਧਾਰਨਾ ਉਸ ਦੀਆਂ ਰਚਨਾਵਾਂ ਦੀ ਅੰਦਰੂਨੀ ਸ਼ਿੱਦਤ ਨੂੰ ਮਹਿਸੂਸ ਕਰਨ ਕਾਰਨ ਬਣੀ ਹੈ—ਕਿਸੇ ਵੀ ਸਾਹਿਤਕ ਰਚਨਾ ਦੇ ਤੱਤ ਵਿੱਚ ਸ਼ਿੱਦਤ ਦਾ ਪ੍ਰਵੇਸ਼ ਤਦ ਤੱਕ ਸੰਭਵ ਨਹੀਂ ਜਦ ਤੱਕ ਉਸ ਰਚਨਾ ਵਿਸ਼ੇਸ਼ ਵਿੱਚ ਪੇਸ਼ ਵਿਚਾਰ ਦੀ ਡੂਘਾਈ ਵਿੱਚ ਲੇਖਕ ਖ਼ੁਦ ਨਾ ਉੱਤਰਿਆ ਹੋਵੇ ਜਾਂ ਪੇਸ਼ ਘਟਨਾ ਨਾਲ਼ ਖ਼ੁਦ ਦੋ ਚਾਰ ਨਾ ਹੋਇਆ ਹੋਵੇ)। ਉਪਰੋਕਤ ਸੱਟ/ਬੇਵਫ਼ਾਈ ਦਾ ਪ੍ਰਤੀਕਰਮ ਜਾਪਦਾ ਹੈ ਇਹ 'ਬਰਫ਼ੀ ਦਾ ਟੁਕੜਾ'।

ਹਥਲੇ ਸੰਗ੍ਰਹਿ ਵਿੱਚ ਲੇਖਕ ਨੇ ਇਹ ਸਿੱਧ ਕਰਨ ਦਾ ਪੂਰਾ ਯਤਨ ਕੀਤਾ ਹੈ ਕਿ ਇੱਕ ਵੇਸਵਾ ਔਰਤ ਇੱਕ ਦਿਨ ਵਿੱਚ ਅਨੇਕਾਂ ਕਤਲ (ਮਰਦਾਂ ਦੇ) ਕਰਦੀ ਹੈ ਪਰੰਤੂ ਲੇਖਕ ਇਹ ਵਿਚਾਰ ਪ੍ਰਗਟਾਉਂਦਾ ਹੋਇਆ ਕਿਤੇ ਵੀ ਇਹ ਨਹੀਂ ਸਮਝਾ ਸਕਿਆ ਕਿ ਔਰਤ ਅਜਿਹਾ ਕਰਨ ਲਈ ਮਜਬੂਰ ਕਿਉਂ ਹੋਈ ? ਇਸ ਤਰ੍ਹਾਂ ਇਹ ਸੰਗ੍ਰਹਿ ਇੱਕ ਪੱਖੀ ਵਿਚਾਰ ਦਾ ਧਾਰਨੀ ਹੋ ਨਿਬੜਿਆ ਹੈ, ਜਦਕਿ ਸੱਚ ਇਹ ਹੈ ਕਿ ਔਰਤ ਇਕੱਲੀ ਕਸੂਰਵਾਰ ਨਹੀਂ ਹੈ ਉਸਦੀ ਇਸ ਸਥਿਤੀ ਦਾ ਜ਼ਿੰਮੇਵਾਰ ਤਾਂ ਮਰਦ ਹੈ। ਮਰਦ-ਪ੍ਰਧਾਨ ਸਮਾਜ ਨੇ ਔਰਤ ਦੀ ਜ਼ਮੀਰ ਦਾ ਜੋ ਕਤਲ ਕਰ ਛੱਡਿਆ ਹੈ ਉਸਦਾ ਹਰਜਾਨਾ ਤਾਂ ਮਰਦ ਕਈ ਜਨਮ ਉਸਦੇ ਲੇਖੇ ਲਾ ਕੇ ਵੀ ਨਹੀਂ ਤਾਰ ਸਕਦਾ। ਪਰੰਤੂ ਅਜੋਕੇ ਸਮਾਜ ਵਿਚ ਦੂਜੇ ਸਾਧਾਰਨ ਮਨੁੱਖਾਂ ਵਾਂਗ ਸਤਵੰਤ ਕੌਂਥ ਵੀ ਔਰਤ ਦੇ ਮੁਕਾਬਲੇ ਮਰਦ ਵੱਲ ਉਂਗਲੀ ਕਰਦਾ ਡਰਦਾ ਜਾਪਦਾ ਹੈ। ਲੇਖਕ ਦੇ ਇਸ ਇਕ-ਪੱਖੀ ਵਿਚਾਰ ਦੀਆਂ ਧਾਰਨੀ 'ਦਿਲਾਸਾ', 'ਲਾਰਾ', 'ਨਵਾਂ ਕਤਲ', 'ਪ੍ਰੇਸ਼ਾਨੀ', 'ਇੱਕੀਵਾਂ', 'ਅੱਠਵਾਂ ਖ਼ਤ', 'ਬਰਫ਼ੀ ਦਾ ਟੁਕੜਾ', 'ਮਾਮੇ', 'ਗਿਣਤੀ', 'ਚੌਥੀ ਕਾਪੀ', 'ਪਵਿੱਤਰਤਾ', 'ਪੈਰ ਦਾ ਮੇਚਾ' ਆਦਿ ਨਾਂ ਦੀਆਂ ਕਹਾਣੀਆਂ ਵਾਚੀਆਂ ਜਾ ਸਕਦੀਆਂ ਹਨ।

ਅਜੋਕੇ ਯੁੱਗ ਦੇ ਹਰ ਮਨੁੱਖ ਦੇ ਚਿਹਰੇ 'ਤੇ ਇੱਕ ਨਕਾਬ ਹੈ। ਦੋਹਰੇ ਵਿਅਕਤੀਤਵ ਦੀ ਸਿਆਸਤ ਲੇਖਕ ਨੂੰ ਧੂਹ ਪਾਉਂਦੀ ਹੈ ਇਸੇ ਲਈ ਮਰਦ-ਔਰਤ ਦੇ ਪਰਸਪਰ ਜਿਨਸੀ ਸੰਬੰਧਾਂ

ਨੂੰ ਲੈ ਕੇ ਅਕਸਰ ਉਹ ਕਿਸੇ ਦੇ ਦੋਹਰੇ ਵਿਅਕਤੀਤਵ ਨੂੰ ਪੇਸ਼ ਕਰਦਾ ਹੈ। 'ਦਿਲਾਸਾ', 'ਵੀਰ ਜੀ', 'ਝੱਲੇ', 'ਤੁਸੀਂ ਮੇਰੇ ਕੀ ਲਗਦੇ ਹੋ', 'ਉਹ ਸੋਚਦਾ ਰਿਹਾ' ਆਦਿ ਕਹਾਣੀਆਂ ਇਸੇ ਕੂਟਨੀਤੀ ਦਾ ਪਰਦਾ ਫ਼ਾਸ਼ ਕਰਦੀਆਂ ਹਨ।

ਨਿਜੀ ਜ਼ਿੰਦਗੀ ਵਿੱਚ ਪ੍ਰੇਮ 'ਚ ਅਸਫ਼ਲ ਰਹਿਣ ਕਾਰਨ ਲੇਖਕ ਕੁੱਝ ਉਲਾ'ਰ ਹੋ ਗਿਆ ਹੈ, ਜਜ਼ਬਾਤੀ ਵੀ ਹੈ—ਇਕ ਪੱਖੀ ਤਾਂ ਹੈ ਹੀ। ਇਸੇ ਲਈ ਉਸਦੀਆਂ ਮਿੰਨੀ ਕਹਾਣੀਆਂ ਵਿੱਚ ਅਸੁਭਾਵਕ ਅੰਸ਼ਾਂ ਦਾ ਵੀ ਪ੍ਰਵੇਸ਼ ਹੋ ਗਿਆ ਹੈ (ਚੌਥੀ ਕਾਪੀ)। ਔਰਤ ਨੂੰ ਕਾਮਪੂਰਤੀ ਦੇ ਇੱਕ ਸਾਧਨ ਤੋਂ ਵੱਧ ਉਹ ਉਸਨੂੰ ਕਿਸੇ ਹੋਰ ਰਿਸ਼ਤੇ ਵਜੋਂ ਪ੍ਰਵਾਨ ਕਰਨ ਲਈ ਤਿਆਰ ਹੀ ਨਹੀਂ ਜਾਪਦਾ। ਇਸ ਪ੍ਰਕਾਰ ਉਹ ਜਗੀਰੂ ਕਦਰਾਂ ਕੀਮਤਾਂ ਦਾ ਸਮਰਥਨ ਹੀ ਤਾਂ ਕਰ ਰਿਹਾ ਹੈ। ਪਰੰਤੂ ਮਿੰਨੀ ਕਹ ਣੀ 'ਦਸ ਰੁਪਏ' ਸਰਮਾਏਦਾਰਾਂ ਵੱਲੋਂ ਔਰਤ ਨਾਲ਼ ਹੋ ਰਹੇ ਜਿਨਸੀ ਸ਼ੋਸ਼ਣ 'ਤੇ ਤਕੜਾ ਵਿਅੰਗ ਵੀ ਹੈ।

ਰੂਪਕ ਪਕਿਆਈ ਸਤਵੰਤ ਕੌਂਥ ਦੀ ਲਿਖਤ ਦਾ ਮੁੱਖ ਗੁਣ ਹੈ। ਪ੍ਰਭਾਵ ਦੀ ਇਕਾਗਰਤਾ ਨੂੰ ਕਾਇਮ ਰੱਖਣ ਦਾ ਵਲ ਉਸਨੂੰ ਖ਼ੂਬ ਆਉਂਦਾ ਹੈ। ਪਰੰਤੂ ਫਿਰ ਵੀ ਕਿਧਰੇ-ਕਿਧਰੇ ਕੁੱਝ ਕਾਹਲ਼ੀ ਦੇ ਸਿੱਟੇ ਵਜੋਂ ਉਚਿਤ ਪ੍ਰਭਾਵ ਪੈਣੋਂ ਰਹਿ ਜਾਂਦਾ ਹੈ, ਮਿਸਾਲ ਵਜੋਂ 'ਗਿਣਤੀ' ਨਾਂ ਦੀ ਮਿੰਨੀ ਕਹਾਣੀ ਵਿੱਚ ਅਖੀਰਲੇ ਵਾਕ ਨਾਲ਼ ਸਮੁੱਚਾ ਪ੍ਰਭਾਵ ਇੱਕ ਲਤੀਫ਼ੇ ਦਾ ਬਣ ਜਾਂਦਾ ਹੈ ਚਾਹੇ ਇੱਥੇ ਅਚੇਤ ਤੌਰ 'ਤੇ ਲੇਖਕ ਅਜੋਕੇ ਸਮਾਜ ਵਿੱਚ ਔਰਤ 'ਤੇ ਮਰਦ ਵੱਲੋਂ ਹੋ ਰਹੇ ਜ਼ੁਲਮ ਦਾ ਬਿਆਨ ਕਰ ਗਿਆ ਹੈ। ਸਮੁੱਚੇ ਤੌਰ 'ਤੇ ਅਸੀਂ ਬੇਝਿਜਕ ਕਹਿ ਸਕਦੇ ਹਾਂ ਕਿ ਸਤਵੰਤ ਕੌਂਥ ਨੂੰ ਮਿੰਨੀ ਕਹਾਣੀ ਦੇ ਵਿਸ਼ੇ-ਵਸਤੂ ਦੇ ਨਿਭਾਅ ਅਤੇ ਰੂਪਕ ਪੱਖ ਦੀ ਚੰਗੀ ਖਾਸੀ ਸਮਝ ਹੈ ਜਦਕਿ ਉਸ ਤੋਂ ਬਾਅਦ ਛਪੇ ਕੁੱਝ ਲੇਖਕਾਂ ਦੇ ਮਿੰਨੀ ਕਹਾਣੀ ਸੰਗ੍ਰਹਿਾਂ ਵਿੱਚ ਵਿਸ਼ੇ ਤੇ ਰੂਪ ਦੋਹਾਂ ਪੱਖਾਂ ਤੋਂ ਕਚਿਆਈ ਰੜਕਦੀ ਹੈ। ਪਹਿਲਾ ਮੌਲਿਕ ਮਿੰਨੀ ਕਹਾਣੀ ਸੰਗ੍ਰਹਿ ਹੋਣ ਦੇ ਕਾਰਨ ਪੰਜਾਬੀ ਸਾਹਿਤ ਵਿੱਚ ਉਸਦੀ ਦੇਣ ਅਹਿਮ ਮੰਨੀ ਜਾਣੀ ਚਾਹੀਦੀ ਹੈ। ਚਾਹੇ ਅਸੀਂ ਲੇਖਕ ਦੁਆਰਾ ਪ੍ਰਗਟਾਏ ਵਿਚਾਰਾਂ ਨਾਲ਼ ਇੰਨ੍ਹ ਬਿੰਨ੍ਹ ਸਹਿਮਤ ਨਹੀਂ ਹੋ ਸਕਦੇ ਪਰੰਤੂ ਇਹ ਉਸਦੇ ਆਪਣੇ ਨਿਜੀ ਵਿਚਾਰ ਹਨ। ਅੰਤ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ 'ਬਰਫ਼ੀ ਦਾ ਟੁਕੜਾ' ਪੰਜਾਬੀ ਸਾਹਿਤ ਵਿਚ ਇਕ ਵਧੀਆ, ਕਾਮਯਾਬ ਤੇ ਸ਼ੁਭ ਸ਼ਗਨ ਹੈ।

ਦਲੀਪ ਸਿੰਘ ਭੂਪਾਲ

ਦਲੀਪ ਸਿੰਘ ਭੁਪਾਲ ਦਾ 15 ਮਿੰਨੀ ਕਹਾਣੀਆਂ ਦਾ ਪੈਂਫ਼ਲਿਟ 'ਗ੍ਰਹਿਣੇ ਸੂਰਜ' ਅਕਤੂਬਰ 1973 ਵਿਚ ਪ੍ਰਕਾਸ਼ਿਤ ਹੋਇਆ। ਲੇਖਕ ਨੇ ਤਤਕਰੇ ਵਿਚ 18 ਮਿੰਨੀ ਕਹਾਣੀਆਂ ਦੇ ਸਿਰਲੇਖ ਦਿੱਤੇ ਹਨ ਪਰੰਤੂ 'ਦ੍ਰਿਸ਼ਟੀਕੋਣ ਆਪੋ ਆਪਣਾ', 'ਸਭ ਥਾਈਂ ਹੋਈਂ ਸਹਾਇ', 'ਮੇਰੇ ਜੀਵਨ ਦਾ ਅਭੁੱਲ ਦਿਹਾੜਾ' ਆਦਿ ਨੂੰ ਮਿੰਨੀ ਕਹਾਣੀ ਵਰਗ ਵਿੱਚ ਨਹੀਂ ਰੱਖਿਆ ਜਾ ਸਕਦਾ ਕਿਉਂਕਿ 'ਮੇਰੇ ਜੀਵਨ ਦਾ ਅਭੁੱਲ ਦਿਹਾੜਾ' ਤਾਂ ਇਕ ਸੰਸਮਰਨ ਹੈ। ਇਸੇ ਤਰ੍ਹਾਂ 'ਸਭ ਥਾਈਂ ਹੋਈਂ ਸਹਾਇ' ਵੀ ਮਿੰਨੀ ਕਹਾਣੀ ਨਹੀਂ, ਹਾਂ ਇਹ ਅਲੱਗ-ਅਲੱਗ ਵਿਅਕਤੀਆਂ ਦੇ ਵਿਚਾਰਾਂ ਦੇ ਰੂਪ ਵਿਚ ਲੇਖਕ ਦੀ ਵਿਅੰਗਾਤਮਕ ਸੋਚਣੀ ਦੀ ਉਪਜ ਜ਼ਰੂਰ ਹੈ। 'ਦ੍ਰਿਸ਼ਟੀਕੋਣ ਆਪੋ ਆਪਣਾ' ਨਿਰੋਲ ਵਿਚਾਰਾਂ ਦੀ ਪ੍ਰਧਾਨਤਾ ਕਾਰਨ ਮਿੰਨੀ ਕਹਾਣੀ ਦੀ ਥਾਂ ਲਲਿਤ ਨਿਬੰਧ ਬਣ ਕੇ ਰਹਿ ਗਿਆ ਹੈ।

ਭਾਵੇਂ ਦਲੀਪ ਸਿੰਘ ਭੂਪਾਲ ਨੇ ਆਪਣੀਆਂ ਕਹਾਣੀਆਂ ਵਿੱਚ ਵਿਭਿੰਨ ਵਿਸ਼ਿਆਂ ਨੂੰ ਸਮੋਣ ਦੀ ਕੋਸ਼ਿਸ਼ ਕੀਤੀ ਹੈ ਪਰੰਤੂ ਉਹ ਕਹਾਣੀ ਵਿੱਚ ਸੁਝਾਉ ਅੰਸ਼ ਨਹੀਂ ਰਹਿਣ ਦਿੰਦਾ ਜਿਸ ਕਾਰਨ ਪ੍ਰਭਾਵ ਬੱਝਵਾਂ ਤੇ ਜ਼ੋਰਦਾਰ ਨਹੀਂ ਰਹਿੰਦਾ। ਉਹ ਮਨੁੱਖੀ ਮਨ ਦੀਆਂ ਗਹਿਰਾਈਆਂ ਨਾਪਣ ਦਾ ਵੀ ਕੋਈ ਜਤਨ ਨਹੀਂ ਕਰਦਾ। 'ਚੌਥਵਾਂ ਦਿਨ' ਕਹਾਣੀ ਵਿੱਚ ਭਾਰਤ ਤੇ ਪਾਕਿਸਤਾਨ ਦੀ 1971 ਦੀ ਜੰਗ ਤੇ ਬੰਗਲਾ ਦੇਸ਼ ਦੀ ਸਥਾਪਨਾ ਦਾ ਜ਼ਿਕਰ ਪ੍ਰਤੀਕਾਤਮਕ ਢੰਗ ਨਾਲ਼ ਕੀਤਾ ਗਿਆ ਹੈ। 'ਜੇ ਸੱਚੀਂ ਪੁਛਦੈ' ਵਿਚ ਲੇਖਕ ਨੇ ਭਾਵੇਂ ਆਪਣੇ ਵਿਸ਼ੇ ਨੂੰ ਇੱਕ ਲਤੀਫ਼ੇ ਦੇ ਰੂਪ ਵਿਚ ਪੇਸ਼ ਕਰਨ ਦਾ ਜਤਨ ਕੀਤਾ ਹੈ ਪਰੰਤੂ ਇਸ ਵਿੱਚ ਲੇਖਕ ਜਦ ਜ਼ਿੰਦਗੀ ਦੀ ਕਸ਼ਮਕਸ਼ ਤੋਂ ਤੰਗ ਆ ਕੇ ਆਤਮਹੱਤਿਆ ਦਾ ਵਿਚਾਰ ਰੱਖਣ ਵਾਲੇ ਪਾਤਰ ਨੂੰ ਜ਼ਿੰਦਾਦਿਲ ਕਹਿੰਦਾ ਹੈ ਤਾਂ ਗੱਲ ਕੁੱਝ ਜਚਦੀ ਨਹੀਂ।

ਵਿਸ਼ੇ ਅਤੇ ਰੂਪ ਪੱਖੋਂ ਦਲੀਪ ਸਿੰਘ ਭੂਪਾਲ ਦੀਆਂ ਮਿੰਨੀ ਕਹਾਣੀਆਂ ਕੁੱਝ ਕਮਜ਼ੋਰ ਜ਼ਰੂਰ ਰਹਿ ਗਈਆਂ ਹਨ ਪਰੰਤੂ ਸ਼ੁਰੂ-ਸ਼ੁਰੂ ਵਿਚ ਮਿੰਨੀ ਕਹਾਣੀ ਜਿਹੀ ਅਣਗੌਲ਼ੀ ਸਿਨਫ਼ 'ਤੇ ਪੰਜਾਬੀ ਪਾਠਕਾਂ ਦੇ ਸਨਮੁੱਖ ਮੌਲਿਕ ਪੈਂਫ਼ਲਿਟ ਪੇਸ਼ ਕਰਨਾ ਨਿਸਚਿਤ ਰੂਪ ਵਿਚ ਇੱਕ ਦਲੇਰਾਨਾ ਕਦਮ ਮੰਨਿਆ ਜਾ ਸਕਦਾ ਹੈ।

ਭੂਪਿੰਦਰ ਸਿੰਘ (ਪੀ. ਸੀ. ਐੱਸ.)

ਭੂਪਿੰਦਰ ਸਿੰਘ ਦਾ ਮਿੰਨੀ ਕਹਾਣੀ ਸੰਗ੍ਰਹਿ 'ਸੌ ਪੱਤ ਮਛਲੀ ਦੇ' 1979 ਵਿਚ ਛਪਿਆ ਜਿਸ ਵਿਚ ਲੇਖਕ ਨੇ 100 ਮਿੰਨੀ ਕਹਾਣੀਆਂ ਦਰਜ ਕੀਤੀਆਂ ਹਨ। ਪਰੰਤੂ ਸੰਗ੍ਰਹਿ ਵਿੱਚ ਇੱਕੋ ਕਹਾਣੀ ਨੂੰ ਦੋ ਵੱਖ-ਵੱਖ ਸਿਰਲੇਖਾਂ ਹੇਠ ਅਲੱਗ-ਅਲੱਗ ਪੰਨਿਆਂ ਤੇ ਦੇ ਦਿੱਤਾ ਗਿਆਂ ਹੈ। 'ਨਰਸ' ਕਹਾਣੀ (ਪੰਨਾ 69) ਅਤੇ 'ਅਭਾਗੀ ਸੁੰਦਰਤਾ' (ਪੰਨਾ 104) ਇਕੋ ਕਹਾਣੀ ਹੈ। ਸੰਗ੍ਰਹਿ ਦੀਆਂ ਚਾਂਕ ਕਹਾਣੀਆਂ 'ਸਰਾਪੀ ਜੋਤ', 'ਮੀਨਾ ਬਾਜ਼ਾਰ', 'ਇਲਾਕੇ ਦੇ ਹਾਕਮ' 'ਪਹਿਲਾ ਹਾਫ਼' ਨਿੱਕੀ ਕਹਾਣੀ ਵਰਗ ਵਿੱਚ ਤਾਂ ਰੱਖੀਆਂ ਜਾ ਸਕਦੀਆਂ ਹਨ, ਮਿੰਨੀ ਕਹਾਣੀ ਵਰਗ ਵਿੱਚ ਨਹੀਂ। ਸੰਗ੍ਰਹਿ ਦੀ ਅਖੀਰਲੀ ਕ੍ਰਿਤ 'ਅਜੇ ਲਿਖਣੀ ਏ' ਨੂੰ ਵੀ ਇਸਦੇ ਪ੍ਰਯੋਜਨ ਦੀ ਸਾਰਥਕਤਾ ਤੇ ਸਪਸ਼ਟਤਾ ਦੀ ਅਣਹੋਂਦ ਕਾਰਨ ਮਿੰਨੀ ਕਹਾਣੀ ਨਹੀਂ ਮੰਨਿਆ ਜਾ ਸਕਦਾ। ਸੋ ਸਾਡੇ ਸਾਹਮਣੇ ਹੁਣ ਆਲੋਚਨਾਧੀਨ ਮਿੰਨੀ ਕਹਾਣੀ ਸੰਗ੍ਰਹਿ ਵਿੱਚ 94 ਮਿੰਨੀ ਕਹਾਣੀਆਂ ਮੌਜੂਦ ਹਨ ਜਿਨ੍ਹਾਂ ਦਾ ਮੁਲੰਕਣ ਕੀਤਾ ਜਾਣਾ ਬਣਦਾ ਹੈ।

ਭੂਪਿੰਦਰ ਸਿੰਘ ਮਿੰਨੀ ਕਹਾਣੀ ਨੂੰ ਇਕ ਲਤੀਫ਼ੇ ਵਾਂਗ ਮਾਣਨ ਦਾ ਸ਼ੌਕੀਨ ਹੈ। ਪਰ ਲਤੀਫਾ ਕਿਹੋ ਜਿਹਾ ? ਉਸ ਮੁਤਾਬਕ ਇਹੋ ਜਿਹਾ ਕਿ ਜਿਸ ਵਿੱਚ ਵਿਅੰਗ ਭਰੀ ਪੀੜ ਵੀ ਛੁਪੀ ਹੋਵੇ ਅਤੇ ਇੱਕ ਸੇਧ ਵੀ ਹੋਵੇ। ਇਸੇ ਕਥਨ ਦਾ ਪਿੱਛਾ ਹੀ ਉਸਦੀਆਂ ਮਿੰਨੀ ਕਹਾਣੀਆਂ ਕਰਦੀਆਂ ਹਨ। ਇਸ ਸੰਗ੍ਰਹਿ ਵਿੱਚ ਉਸਨੇ ਅੱਜ ਦੀ (ਅਜੋਕੇ ਸਮਾਜ ਦੀ) ਹੀ ਗੱਲ ਕਹਿਣ ਦਾ ਦਾਅਵਾ ਕੀਤਾ ਹੈ।

ਲੇਖਕ ਦੇ ਖ਼ੁਦ ਇੱਕ ਸਰਕਾਰੀ ਉੱਚ ਅਫ਼ਸਰ ਹੋਣ ਦੇ ਕਾਰਨ ਹੀ ਉਸਦੀਆਂ ਕਹਾਣੀਆਂ ਦੇ ਜ਼ਿਆਦਾ ਪਾਤਰ ਅਫ਼ਸਰ ਵਰਗ ਜਾਂ ਪ੍ਰਸ਼ਾਸਕ ਵਰਗ 'ਚੋਂ ਹੀ ਹਨ। ਇਨ੍ਹਾਂ ਪਾਤਰਾਂ ਦੀ ਮਾਨਸਿਕਤਾ ਨੂੰ ਸੂਖਮਤਾ ਸਹਿਤ ਪਕੜਨ ਵਿੱਚ ਉਹ ਸਫ਼ਲ ਵੀ ਹੋਇਆ ਹੈ। ਇਸੇ ਲਈ ਇਸ ਸੰਗ੍ਰਹਿ ਵਿੱਚ ਉਹ ਉੱਚੀ ਸ਼ਹਿਰੀ ਮੱਧ-ਸ਼੍ਰੇਣੀ ਦਾ ਬੁਲਾਰਾ ਹੋ ਨਿਬੜਿਆ ਹੈ। ਪਰੰਤੂ ਜਦ ਉਹ

ਆਪਣੇ ਇਸ ਅਨੁਭਵ ਖੇਤਰ ਤੋਂ ਬਾਹਰਾ ਕੋਈ ਪਾਤਰ ਸਿਰਜਣ ਦੀ ਚੇਸ਼ਟਾ ਕਰਦਾ ਹੈ ਤਾਂ ਬਿਆਨ ਕੁੱਝ ਓਪਰਾ ਜਾਪਣ ਲੱਗ ਪੈਂਦਾ ਹੈ । ਅਜਿਹੇ ਪਾਤਰ ਵੇਖ ਕੇ ਪ੍ਰਤੱਖ ਨਜ਼ਰੀਂ ਪੈਂਦਾ ਹੈ ਕਿ ਇਹ ਚਰਿੱਤਰ ਉਸਨੇ ਖ਼ੁਦ ਨਹੀਂ ਹੰਢਾਏ । ਅਜਿਹੀ ਹਾਲਤ ਵਿੱਚ ਚਾਹੇ ਉਹ ਪਰਿਸਥਿਤੀਆਂ ਵਿਚ ਆਪ ਨਹੀਂ ਵਿਚਰਦਾ ਪਰ ਫਿਰ ਵੀ ਜੋ ਵਿਸ਼ਲੇਸ਼ਣ ਉਹ ਉਨ੍ਹਾਂ ਪਰਿਸਥਿਤੀਆਂ ਦਾ ਕਰਦਾ ਹੈ, ਉਹ ਕਾਫ਼ੀ ਹੱਦ ਤੱਕ ਵਿਗਿਆਨਕ ਤੇ ਜਾਂਚਿਆ ਪਰਖਿਆ ਹੁੰਦਾ ਹੈ । ਇਸ ਪ੍ਰਕਿਰਿਆ ਦੌਰਾਨ ਕਈ ਵਾਰ ਉਸਦੀ ਪੇਸ਼ਕਾਰੀ ਫ਼ੋਟੋਗ੍ਰਾਫ਼ੀ ਦਾ ਪਰਿਆਇ ਹੋ ਨਿੱਬੜੀ ਹੈ ਪਰੰਤੂ ਇਸ ਸਥਿਤੀ ਵਿੱਚ ਵੀ ਉਸਦੇ ਕੈਮਰੇ ਦੀ ਅੱਖ ਦੇ ਐਂਗਲ ਦੀ ਸਾਰਥਕਤਾ ਦੇਖਣੀ ਬਣਦੀ ਹੈ—ਅਕਸਰ ਉਹ ਆਪਣਾ ਕੈਮਰਾ ਪਰਿਸਥਿਤੀ ਦੇ ਸਨਮੁੱਖ ਅਜਿਹੀ ਜਗ੍ਹਾ 'ਤੇ ਰੱਖਦਾ ਹੈ ਕਿ ਉਹ ਕੁੱਝ ਨਾ ਕਹਿੰਦਾ ਹੋਇਆ ਵੀ ਸਭ ਕੁੱਝ ਕਹਿ ਜਾਂਦਾ ਹੈ ।

ਪਰਦੇ ਪਿਛਲਾ ਪਾਜ ਵਿਅੰਗਾਤਮਕ ਸੁਰ ਵਿਚ ਉਘਾੜਨ ਵਿੱਚ ਉਹ ਸਦਾ ਸਫ਼ਲ ਰਹਿੰਦਾ ਹੈ । ਪਰਦਾ ਚਾਹੇ ਸਿਲਕ ਦਾ (ਅਫ਼ਸਰ ਵਰਗ) ਹੋਵੇ, ਭਾਵੇਂ ਰੇਸ਼ਮ ਦਾ (ਪੂੰਜੀਪਤੀ ਵਰਗ), ਉਸਨੂੰ ਇਨ੍ਹਾਂ ਅਖੌਤੀ ਕੀਮਤੀ ਪਰਦਿਆਂ 'ਤੇ ਵਿਅੰਗ ਦਾ ਤੇਜ਼ ਨਸ਼ਤਰ ਆਪਣੀਆਂ ਮਿੰਨੀ ਕਹਾਣੀਆਂ ਦੀ ਸਹਾਇਤਾ ਨਾਲ਼ ਚਲਾਉਣ ਤੋਂ ਕੋਈ ਗ਼ੁਰੇਜ਼ ਨਹੀਂ । 'ਮੋਹਰੀ ਅਖ਼ਬਾਰ' 'ਦਮਾਗ਼ ਸੱਖਣੇ-ਸੱਖਣੇ', 'ਸਥਾਪਨਾ ਦਿਵਸ', 'ਬੁਰਸ਼ ਤੇ ਪੇਸਟ', 'ਕਲਾਸ ਵਨ ਅਫ਼ਸਰ,' 'ਦਾਜ', 'ਕੈਦੀ ਰੱਬ', 'ਚੋਰੀ ਯਾਰੀ', 'ਕੁੱਤਿਆਂ ਦੇ ਗ਼ੁਲਾਮ', 'ਰਾਜਨੀਤੀ' 'ਫ਼ੋਕੀਆਂ ਸਲਾਮੀਆਂ', 'ਮਨ ਹੋਰ ਮੁਖ ਹੋਰ' 'ਲਾਠੀਚਾਰਜ', 'ਸਤੀ ਦੀ ਰਸਮ', 'ਪਿੱਠ ਤੇ ਹੱਥ', 'ਨਰਸ', 'ਰਾਸ਼ਨ ਤੇ ਭਾਸ਼ਨ', 'ਉੱਚੇ ਅੰਗੂਰ', 'ਧਰਮਰਾਜ', 'ਆਮ ਲੋਕ', 'ਨਾਹਰੇਬਾਜ਼ੀ' ਆਦਿ ਮਿੰਨੀ ਕਹਾਣੀਆਂ ਵਿੱਚ ਉਸਦੀ ਉਪਰੋਕਤ ਸੁਰ ਹੀ ਪ੍ਰਧਾਨ ਹੈ ।

ਭੂਪਿੰਦਰ ਸਿੰਘ ਦੀਆਂ ਕਈ ਕਹਾਣੀਆਂ ਜਿਵੇਂ 'ਅਦਬ ਦੀ ਗੱਲ', 'ਧਨਹੀਣ', 'ਬੈਲੇਂਸ ਆਫ਼ ਪਾਵਰ', 'ਨਸ਼ਾਬੰਦੀ', 'ਵੀ. ਆ ਈ. ਪੀ. ਟਰੀਟਮੈਂਟ', 'ਧਰਮ', 'ਆਲੋਚਨਾ', 'ਬੇਹਯਾਈ' 'ਵਡੱਤਣ ਨਹੀਂ', 'ਸਮਰਪਣ', 'ਪੰਜਾਬੀ ਪ੍ਰੈਸ', 'ਪੂਰਬਲੇ ਸੰਸਕਾਰ', 'ਨੇਤਾ' ਆਦਿ ਪਹਿਲੀ ਨਜ਼ਰੇ ਲਤੀਫ਼ੇ ਜਾਪਦੀਆਂ ਹਨ ਪਰ ਉਨ੍ਹਾਂ ਦੇ ਪ੍ਰਯੋਜਨ ਦੀ ਸਾਰਥਕਤਾ ਨੂੰ ਅਸੀਂ ਅੱਖੋਂ ਪ੍ਰੋਖੇ ਨਹੀਂ ਕਰ ਸਕਦੇ । ਇਹ ਵੀ ਕਿਹਾ ਜਾ ਸਕਦਾ ਹੈ ਕਿ ਇਹ ਕਹਾਣੀਆਂ ਲਤੀਫ਼ੇ ਤਾਂ ਹਨ ਪਰ ਚਾਲੂ, ਘਟੀਆ ਤੇ ਬਾਜ਼ਾਰੂ ਕਿਸਮ ਦੇ ਨਹੀਂ । ਇਨ੍ਹਾਂ ਵਿੱਚ, ਉਸ ਮੁਤਾਬਕ, ਵਿਅੰਗਮਈ ਸੁਰ ਵਿੱਚ ਕਿਸੇ ਅਣਜਾਣੇ ਡੰਗ ਦੀ ਪੀੜ ਹੈ । ਇਨ੍ਹਾਂ ਦਾ ਸਮੁੱਚਾ ਪ੍ਰਭਾਵ ਬੱਝਵਾਂ ਹੈ । ਆਮੂਮਨ ਉਪਰੋਕਤ ਕਹਾਣੀਆਂ ਦੇ ਆਖਰੀ ਵਾਕ ਨੇ ਇਨ੍ਹਾਂ ਨੂੰ ਲਤੀਫੇ ਦੀ ਪਹੁੰਚ ਤੋਂ ਪਰ੍ਹੇ ਦੀ ਵਸਤੂ ਬਣਾ ਕੇ ਸਾਹਿਤਕ ਰੰਗਣ ਦੇ ਦਿੱਤੀ ਹੈ । ਮਿੰਨੀ ਕਹਾਣੀ ਲੇਖਕ ਦਾ ਇਹੀ ਤਾਂ ਕਮਾਲ ਹੁੰਦਾ ਹੈ ।

ਲੇਖਕ ਨੇ ਆਪਣੀਆਂ ਕਹਾਣੀਆਂ ਵਿੱਚ ਅਜੋਕੇ ਮਿਸ਼ਰਤ ਜਾਗੀਰਦਾਰੀ ਪੂੰਜੀਵਾਦੀ ਨਿਜ਼ਾਮ ਵਿਚਲੇ ਮਨੁੱਖ ਦੀ ਮਾਨਸਿਕਤਾ ਨੂੰ ਪਕੜਨ ਦਾ ਵੀ ਸਫ਼ਲ ਯਤਨ ਕੀਤਾ ਹੈ । ਜਿਵੇਂ ਉਹ 'ਪਹੁੰਚਿਆ ਫ਼ਕੀਰ' ਵਿੱਚ ਔਰਤ ਦੀ ਬੀਮਾਰੀ ਦਾ ਕਾਰਨ ਉਸਦੀ ਕਾਮ-ਭੁੱਖ ਤੋਂ ਉਤਪੰਨ ਮਾਨਸਿਕ ਅਤ੍ਰਿਪਤੀ ਵਿੱਚ ਲੱਭਦਾ ਹੈ । ਇਸੇ ਤਰ੍ਹਾਂ 'ਸ਼ਰਾਧ' ਕਹਾਣੀ ਵਿੱਚ ਔਰਤ ਰਾਸ਼ਿਆਂ ਨੂੰ ਤਦ ਪਿਆਰ ਨਾਲ਼ ਰੋਟੀ ਖੁਆਉਣਾ ਸ਼ੁਰੂ ਕਰਦੀ ਹੈ ਜਦ ਉਸਨੂੰ ਉਸਦੇ ਭਰਾ ਦੀ ਚਿੱਠੀ ਮਿਲ਼ਦੀ ਹੈ ਕਿ ਪ੍ਰਦੇਸ਼ ਵਿੱਚ ਉਹ ਵੀ ਰਾਸ਼ਿਆਂ ਵਾਂਗ ਹੀ ਜੀਵਨ-ਨਿਰਬਾਹ ਕਰ ਰਿਹਾ ਹੈ । ਜੱਟ ਦੀ ਇਹ

ਮਾਨਸਿਕਤਾ, ਕਿ ਤਕੜੇ ਦੇ ਮੁਕਾਬਲੇ ਹਮੇਸ਼ਾ ਮਾੜੇ ਬੰਦੇ ਦਾ ਹੀ ਪੱਖ ਪੂਰਨਾ ਹੈ—ਭਾਵੇਂ ਇਸ ਕੰਮ 'ਚ ਉਸਦੀ ਜਾਨ ਹੀ ਕਿਉਂ ਨਾ ਚਲੀ ਜਾਵੇ, ਨੂੰ ਭਾਵੇਂ ਉਸਨੇ 'ਬੈਲੇਂਸ ਆਫ਼ ਪਾਵਰ' ਵਿੱਚ ਹਸਾਉਣੇ ਢੰਗ ਨਾਲ਼ ਹੀ ਪੇਸ਼ ਕਰਨ ਦਾ ਯਤਨ ਕੀਤਾ ਹੈ ਪਰੰਤੂ ਜੱਟ ਦੀ ਮਾਨਸਿਕਤਾ ਦੇ ਇਸ ਦ੍ਰਿਸ਼ਟੀਕੋਣ ਨੂੰ ਉਹ ਪ੍ਰਭਾਵਸ਼ਾਲੀ ਢੰਗ ਨਾਲ਼ ਬਿਆਨ ਕਰ ਗਿਆ ਹੈ। ਇਸੇ ਵਿਸ਼ੇ ਨੂੰ ਪੇਸ਼ ਕਰਨ ਦੀ ਉਸਦੀ ਇਕ ਕੋਸ਼ਿਸ਼ 'ਮਿੱਟੀ ਦਾ ਮੋਹ' ਨਾਂ ਦੀ ਕਹਾਣੀ ਵਿੱਚ ਵੀ ਹੈ।

'ਸਿੱਧ ਪੱਧਰੀ ਗੱਲ' ਨਾਂ ਦੀ ਮਿੰਨੀ ਕਹਾਣੀ ਵਿਚ ਭਾਵੇਂ ਲੇਖਕ ਨੇ ਗੱਲ ਸਿੱਧੇ ਪੱਧਰੇ ਢੰਗ ਨਾਲ਼ ਹੀ ਕੀਤੀ ਹੈ ਪਰ ਉਹ ਸਾਡੇ ਮੰਤਰੀਆਂ ਅਤੇ ਫ਼ਿਲਮੀ ਦੁਨੀਆਂ ਦੇ ਨਾਲ਼-ਨਾਲ਼ ਸਾਰੇ ਨਿਜ਼ਾਮ 'ਤੇ ਹੀ ਚੋਟ ਕਰ ਗਿਆ ਹੈ। ਕਹਾਣੀ ਵਿੱਚ ਵਿਆਹਾਂ 'ਤੇ ਹਲਕੇ ਫੁਲਕੇ ਤੇ ਮਸਾਲੇਦਾਰ ਗੀਤ ਲਿਖਣ ਵਾਲ਼ਾ ਇਕ ਗਾਇਕ/ਗੀਤਕਾਰ ਕਿਸੇ ਫ਼ਿਲਮ ਦਾ ਮਿਊਜ਼ਿਕ ਡਾਇਰੈਕਟਰ ਬਣ ਕੇ ਮੁਹੰਮਦ ਰਫ਼ੀ ਅਤੇ ਲਤਾ ਮੰਗੇਸ਼ਕਰ ਜਿਹੇ ਸੰਸਾਰ ਪ੍ਰਸਿੱਧ ਤੇ ਪ੍ਰਤਿਭਾਸ਼ਾਲੀ ਕਲਾਕਾਰਾਂ ਨੂੰ ਡਾਇਰੈਕਸ਼ਨ ਦਿੰਦਾ ਹੈ। ਕੀ ਸਾਨੂੰ ਸੋਧ ਦੇਣ ਵਾਲੇ ਅਜੋਕੇ ਨਿਜ਼ਾਮ ਦੇ ਅਸੂਲ ਉਪਰੋਕਤ ਮਿਊਜ਼ਿਕ ਡਾਇਰੈਕਟਰ ਵਾਂਗ ਬੌਦੇ ਤੇ ਥੋਥੇ ਨਹੀਂ ? ਇਕ ਅੱਠ ਫ਼ੇਲ੍ਹ ਮੰਤ੍ਰੀ ਹੇਠ ਕਈ ਐਮ. ਏ. ਤੇ ਬੀ. ਏ. ਪਾਸ ਵਿਅਕਤੀ ਕੰਮ ਕਰਦੇ ਹਨ, ਕੀ ਇਹ ਸਾਡੀ ਬੇਬਸੀ ਨਹੀਂ ? ਕੀ ਇਹ ਸਾਡੀ ਆਰਥਿਕ ਲਾਚਾਰੀ ਦਾ ਮਖ਼ੌਲ ਨਹੀਂ ?

ਕਈ ਵਾਰ ਉਹ ਇਤਿਹਾਸ ਦੀ ਕਿਸੇ ਘਟਨਾ ਦੇ ਇਕ ਨਿੱਕੇ ਜਿਹੇ ਛਿਣ ਨੂੰ ਬਿਆਨ ਕਰਦਾ ਹੋਇਆ ਅੱਜ ਦੇ ਸਦਰਭ ਵਿੱਚ ਬੜੀ ਤਿੱਖੀ ਤੇ ਕਾਟਵੀਂ ਗੱਲ ਕਰ ਜਾਂਦਾ ਹੈ, ਜਿਵੇਂ 'ਘਨੱਈਏ ਦੇ ਵਾਰਸ', 'ਨੂਰ', 'ਭੀਸ਼ਮ ਪਿਤਾਮਾ' ਆਦਿ ਮਿੰਨੀ ਕਹਾਣੀਆਂ ਵਿਚ। ਨਿਸਚਿਤ ਰੂਪ ਵਿੱਚ ਇਹ ਵਿਸ਼ਾ ਵਿਸਥਾਰ ਦੀ ਮੰਗ ਕਰਦਾ ਹੈ ਪਰੰਤੂ ਇਹ ਭੁਪਿੰਦਰ ਸਿੰਘ ਦੀ ਕਲਮ ਤੇ ਕਲਾ-ਕੌਸ਼ਲਤਾ ਦਾ ਹੀ ਕਮਾਲ ਹੈ ਕਿ ਉਹ ਅਜਿਹੇ ਔਖੇ ਕਾਰਜ ਨੂੰ ਵੀ ਸਫ਼ਲਤਾ ਪੂਰਬਕ ਨਿਭਾਉਂਦਾ ਹੈ। ਉਦਾਹਰਣ ਵਜੋਂ 'ਨੂਰ' ਦਾ ''ਉਹ'' ਪਾਤਰ ਨਿਰਵਾਣ ਪ੍ਰਾਪਤੀ ਲਈ ਘਰੋਂ ਨਿਕਲਣ ਲੱਗਿਆਂ ਆਪਣੀਆਂ ਸਮਕਾਲੀ ਸਮਾਜਕ, ਆਰਥਿਕ ਪਰਿਸਥਿਤੀਆਂ ਦੇ ਅਨੁਕੂਲ ਆਪਣੇ ਪੁੱਤਰ ਦੇ ਚਿਹਰੇ ਦੇ ਨੂਰ ਤੋਂ ਹੀ ਨਿਰਵਾਣ ਪ੍ਰਾਪਤ ਕਰ ਲੈਂਦਾ ਹੈ। ਇੱਥੇ ਲੇਖਕ ਇੱਕ ਪ੍ਰਸਿੱਧ ਇਤਿਹਾਸਕ ਘਟਨਾ ਦੇ ਸੱਚ ਤੋਂ ਅੱਗੇ ਦੀ ਗੱਲ ਕਰ ਗਿਆ ਹੈ।

ਸਾਡੇ ਸਮਾਜ ਵਿਚ ਕਲਾ ਦਾ ਮੁੱਲ ਤਾਂ ਅਗੇਤ ਪਿਛੇਤ ਪੈ ਜਾਂਦਾ ਹੈ ਪਰ ਕਲਾ ਦੇ ਸਿਰਜਕ ਕਲਾਕਾਰ ਦਾ ਹਾਲਚਾਲ ਪੁੱਛਣ ਦਾ ਰਿਵਾਜ ਸਾਡੇ ਨਹੀਂ ਹੈ। ਇਸ ਕਠੋਰ ਯਥਾਰਥ ਦਾ ਵਿਸ਼ਲੇਸ਼ਣ ਉਸਨੇ 'ਵੇਚੀ ਕਲਾ' ਅਤੇ 'ਅਭਾਗਾ ਫ਼ੁਰਨਾ' ਵਿੱਚ ਸਫ਼ਲਤਾਪੂਰਬਕ ਕੀਤਾ ਹੈ। ਲੇਖਕ ਆਪਣੇ ਵਿਸ਼ੇ ਦੀ ਪੇਸ਼ਕਾਰੀ ਵਿੱਚ ਕਈ ਵਾਰ ਜਜ਼ਬਾਤੀ ਵੀ ਹੋ ਜਾਂਦਾ ਹੈ। 'ਦਰਵੇਸ਼ ਦੀ ਕੂਕ' ਨਾਂ ਦੀ ਮਿੰਨੀ ਕਹਾਣੀ ਵਿੱਚ ਇੱਕ ਲੜਕੀ ਦਾ ਉਸਦੀ ਮਰਜ਼ੀ ਦੇ ਉਲਟ ਮਾਪਿਆਂ ਵਲੋਂ ਜ਼ਬਰਦਸਤੀ ਵਿਆਹ ਕਰਨ ਦਾ ਬਿਆਨ ਉਸਨੇ ਬੜੇ ਮਾਰਮਿਕ, ਹਿਰਦੇ-ਸਪਰਸ਼ੀ ਢੰਗ ਨਾਲ਼ ਅਤੇ ਭਾਵਨਾਵਾਂ ਵਿੱਚ ਵਹਿਕੇ ਕੀਤਾ ਹੈ।

ਲੇਖਕ ਸੰਗ੍ਰਹਿ ਦੀ ਇੱਕ ਮਿੰਨੀ ਕਹਾਣੀ 'ਭਵਿੱਖਬਾਣੀ' ਵਿੱਚ ਇੱਕ ਸਿਧਾਂਤਕ ਉਕਾਈ ਵੀ ਕਰ ਗਿਆ ਹੈ। ਉਹ ਇਸ ਵਿੱਚ ਸਮਾਜਵਾਦੀ ਇਨਕਲਾਬ ਆਉਣ ਦੀ ਭਵਿੱਖਬਾਣੀ ਮਜ਼ਦੂਰਾਂ

ਨੂੰ ਕੀੜੀਆਂ ਵਾਂਗ ਚੁਪਚਾਪ (ਜਦਕਿ ਕਹਾਣੀ ਵਿੱਚ ਕੀੜੀਆਂ ਚੁੱਪਚਾਪ ਨਹੀਂ ਜਾ ਰਹੀਆਂ, ਉਨ੍ਹਾਂ ਵਿੱਚ ਤਾਂ ਇਕ ਜੋਸ਼ ਹੈ ਆਪਣੇ ਆਂਡੇ ਮੀਂਹ ਤੋਂ ਪਹਿਲਾਂ ਪਹਿਲਾਂ ਇੱਕ ਤੋਂ ਦੂਜੀ ਥਾਂ ਲੈ ਜਾਣ ਦਾ) ਕਾਰਖ਼ਾਨਿਆਂ ਵੱਲ ਜਾਂਦਿਆਂ ਵੇਖ ਕੇ ਕਰਨਾ ਚਾਹੁੰਦਾ ਹੈ। ਕਹਾਣੀ ਵਿੱਚ ਵਿਦਿਆਰਥੀ ਤੇ ਮਜ਼ਦੂਰ ਚੁੱਪਚਾਪ ਸਕੂਲਾਂ ਤੇ ਕਾਰਖ਼ਾਨਿਆਂ ਵੱਲ ਜਾ ਰਹੇ ਹਨ—ਇਸ ਹਾਲਤ ਵਿੱਚ ਤਾਂ ਲੇਖਕ ਨੇ ਮਜ਼ਦੂਰਾਂ ਅਤੇ ਵਿਦਿਆਰਥੀਆਂ ਨੂੰ ਪੂੰਜੀਵਾਦ ਦੇ ਹੱਕ ਵਿੱਚ ਭੁਗਤਾ ਛੱਡਿਆ ਹੈ। ਇਨਕਲਾਬ ਲਿਆਉਣ ਵਾਲ਼ੀਆਂ ਸ਼ਕਤੀਆਂ (ਮਜ਼ਦੂਰ ਤੇ ਵਿਦਿਆਰਥੀ) ਇੰਝ ਚੁੱਪਚਾਪ ਨਹੀਂ ਜਾ ਸਕਦੀਆਂ। ਚਲੋ, ਜੇ ਮਜ਼ਦੂਰ ਚੁੱਪਚਾਪ ਕਾਰਖ਼ਾਨਿਆਂ ਵੱਲ ਜਾ ਵੀ ਰਹੇ ਹਨ ਤਾਂ ਅਸੀਂ ਉਦਯੋਗਿਕ ਜਾਂ ਸਨਅਤੀ ਇਨਕਲਾਬ ਦੀ ਆਮਦ ਬਾਰੇ ਤਾਂ ਸੋਚ ਸਕਦੇ ਹਾਂ, ਜਿਸ ਨਾਲ਼ ਸਾਰਾ ਮੁਨਾਫ਼ਾ ਤਾਂ ਪੂੰਜੀਪਤੀਆਂ ਦੀਆਂ ਗੋਗੜਾਂ ਵਿੱਚ ਜਾਣਾ ਹੁੰਦਾ ਹੈ, ਪਰੰਤੂ ਸਮਾਜਵਾਦੀ ਇਨਕਲਾਬ ਬਾਰੇ ਨਹੀਂ। ਇਸੇ ਤਰ੍ਹਾਂ ਚੁੱਪਚਾਪ ਸਕੂਲਾਂ ਨੂੰ ਜਾਂਦੇ ਵਿਦਿਆਰਥੀ ਅੰਗ੍ਰੇਜ਼ਾਂ ਦੁਆਰਾ ਚਲਾਈ ਨਿਰੋਲ ਕਲਰਕ ਪੈਦਾ ਕਰਨ ਵਾਲ਼ੀ ਵਿਦਿਆ ਪ੍ਰਣਾਲੀ ਨੂੰ ਚੁੱਪਚਾਪ ਅਪਣਾ ਕੇ ਪੂੰਜੀਵਾਦ ਦਾ ਹੀ ਪੱਖ ਪੂਰ ਰਹੇ ਹਨ। ਲੇਖਕ ਜੇ ਵਿਦਿਆਰਥੀਆਂ ਤੇ ਮਜ਼ਦੂਰਾਂ ਵਿੱਚ ਕੁੱਝ ਹਲਚਲ ਤੇ ਸੰਘਰਸ਼ ਦੀ ਭਾਵਨਾ ਵਗੈਰਾ ਦਿਖਾਉਂਦਾ (ਕੀੜੀਆਂ ਵਾਂਗ) ਤਾਂ ਤੇ ਕਿਸੇ ਹਾਂ-ਪੱਖੀ ਇਨਕਲਾਬ ਦੀ ਗੱਲ ਸੋਚੀ ਜਾ ਸਕਦੀ ਸੀ। ਇਸ ਕਹਾਣੀ ਤ੍ਰਿੱਚ ਸ਼ਕਤੀਸ਼ਾਲੀ ਗਲਪੀ-ਬਿੰਬ ਸਿਰਜੇ ਜਾਣ ਦੀਆਂ ਭਰਪੂਰ ਸੰਭਾਵਨਾਵਾਂ ਸਨ ਪਰ ਸਿਧਾਂਤਕ ਉਕਾਈ ਕਾਰਨ ਇਹ ਸੰਭਵ ਨਹੀਂ ਹੋ ਸਕਿਆ।

ਇਸ ਮਿੰਨੀ ਕਹਾਣੀ ਸੰਗ੍ਰਹਿ ਵਿੱਚ ਭੁਪਿੰਦਰ ਸਿੰਘ ਦੀ ਕਹਾਣੀ ਕਹਿਣ ਦੀ ਸ਼ੈਲੀ ਜ਼ਿਆਦਾਤਰ ਕਾਵਿਕ ਹੈ। ਉਹ ਮਲਵਈ ਉਪਭਾਸ਼ਾ ਨੂੰ ਸੁਚੱਜੇ ਢੰਗ ਨਾਲ਼ ਵਰਤਦਾ ਹੈ। ਉਸਦੇ ਸ਼ਬਦਾਂ ਦੀ ਚੋਣ ਬਹੁਤ ਹੀ ਢੁਕਵੀਂ ਤੇ ਖ਼ੂਬਸੂਰਤ ਹੁੰਦੀ ਹੈ। ਉਸਦੇ ਚੁਣੇ ਹੋਏ ਸ਼ਬਦਾਂ ਦੀ ਉਸ ਦੁਆਰਾ ਕੀਤੀ ਪੇਸ਼ਕਾਰੀ ਅਤੇ ਵਾਕ-ਬਣਤਰ ਦਾ ਤਾਂ ਕਹਿਣਾ ਹੀ ਕੀ ਹੈ। ਲਫ਼ਜ਼ਾਂ ਦੀ ਚੋਣ ਅਤੇ ਉਨ੍ਹਾਂ ਦੀ ਪੇਸ਼ਕਾਰੀ ਦੇ ਕਮਾਲ ਦਾ ਅੰਦਾਜ਼ਾ ਤਾਂ ਪਾਠਕ ਅਤੇ ਆਲੋਚਕ ਖ਼ੁਦ ਪੜ੍ਹ ਕੇ ਹੀ ਲਾ ਸਕਦੇ ਹਨ। ਹਾਂ, ਉਸਦੀਆਂ ਕੁੱਝ ਕੁ ਮਿੰਨੀ ਕਹਾਣੀਆਂ ਦੇ ਸਿਰਲੇਖ ਢੁਕਵੇਂ ਨਹੀਂ ਜਾਪਦੇ ਜਿਵੇਂ 'ਦਾਜ', 'ਵੇਚੀ ਕਲਾ', 'ਚੋਰੀ ਯਾਰੀ', 'ਕੁੱਤਿਆਂ ਦੇ ਗ਼ੁਲਾਮ', 'ਫ਼ੋਕੀਆਂ ਸਲਾਮੀਆਂ' ਆਦਿ ਕਹਾਣੀਆਂ। ਜੇ ਇਹ ਸਿਰਲੇਖ ਪ੍ਰਤੀਕਾਤਮਕ ਹੁੰਦੇ ਤਾਂ ਇਨ੍ਹਾਂ ਕਹਾਣੀਆਂ ਦੇ ਪ੍ਰਭਾਵ ਦੇ ਜ਼ਿਆਦਾ ਬੱਝਵੇਂ ਹੋਣ ਦੀਆ ਸੰਭਾਵਨਾਵਾਂ ਵਧ ਜਾਣੀਆਂ ਸਨ ਅਤੇ ਨਾਲ਼ ਹੀ ਸੁਝਾਊ ਅੰਸ਼ ਇਨ੍ਹਾਂ ਵਿੱਚ ਪ੍ਰਧਾਨ ਰਹਿਣਾ ਸੀ ਜ਼ੋ ਕਿ ਇੱਕ ਸਫ਼ਲ ਮਿੰਨੀ ਕਹਾਣੀ ਦੀ ਲਾਜ਼ਮੀ ਜਿਹੀ ਸ਼ਰਤ ਹੁੰਦੀ ਹੈ ਤਾਂ ਜੋ ਛੋਟੇ ਆਕਾਰ ਦੀ ਕਹਾਣੀ ਪੜ੍ਹਨ ਤੋਂ ਬਾਅਦ ਵੀ ਪਾਠਕ ਕੁੱਝ ਸੋਚਣ 'ਤੇ ਮਜਬੂਰ ਹੋ ਜਾਵੇ ਪਰੰਤੂ ਉਪਰੋਕਤ ਸਿਰਲੇਖ ਢੁਕਵੇਂ ਅਤੇ ਸੁਝਾਊ ਨਾ ਹੋਣ ਕਰਕੇ ਸਾਰਾ ਰਾਜ਼ ਇਨ੍ਹਾਂ ਕਹਾਣੀਆਂ ਵਿੱਚ ਪਹਿਲਾਂ ਹੀ ਖੁੱਲ੍ਹ ਜਾਂਦਾ ਹੈ।

ਖੇਦ ਹੈ ਕਿ ਭਾਸ਼ਾ ਵਿਭਾਗ ਦੇ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ, ਜਿਸਦਾ ਸੰਪਾਦਨ ਪ੍ਰੋ: ਕਿਰਪਾਲ ਸਿੰਘ ਕਸੇਲ ਨੇ ਕੀਤਾ ਹੈ, ਭੁਪਿੰਦਰ ਸਿੰਘ ਪੀ. ਸੀ. ਐਸ. ਨੂੰ ਮਿੰਨੀ ਕਹਾਣੀ ਨੂੰ ਸਮੇਂ ਦੀ ਤੰਗੀ ਕਾਰਨ ਅਪਨਾਉਣ ਲਈ ਮਜਬੂਰ ਹੋਇਆ ਦੱਸਿਆ ਗਿਆ ਹੈ। ਜਦਕਿ ਮਿਨੀ ਕਹਾਣੀ ਕੋਈ ਗਲ਼ ਪਿਆ ਢੋਲ ਨਹੀਂ, ਇਹ ਕੋਈ ਅਜਿਹੀ ਸਿਨਫ਼ ਨਹੀਂ ਜਿਸਨੂੰ ਮਜ਼ਬੂਰੀ

ਕਾਰਨ ਕਿਸੇ ਲੇਖਕ ਨੂੰ ਅਪਨਾਉਣਾ ਪਵੇ ਸਗੋਂ ਇਹ ਤਾਂ ਸਮੇਂ ਦੀ ਜ਼ਰੂਰਤ ਦੇ ਨਾਲ਼ ਆਪਣੇ ਆਪ ਉੱਭਰ ਕੇ ਸਾਹਮਣੇ ਆਈ ਹੈ ।

ਉਪਰੋਕਤ ਵਿਸ਼ਲੇਸ਼ਣ ਉਪਰੰਤ ਇਹ ਸਿੱਟਾ ਕੱਢਣਾ ਜਾਇਜ਼ ਹੀ ਬਣਦਾ ਹੈ ਕਿ ਵਿਸ਼ੇ ਅਤੇ ਰੂਪ ਦੋਹਾਂ ਪੱਖਾਂ ਤੋਂ ਮੁਕੰਮਲ ਪੰਜਾਬੀ ਸਾਹਿਤ ਦਾ ਪਹਿਲਾ ਸਭ ਤੋਂ ਵੱਡਾ ਮਿੰਨੀ ਕਹਾਣੀ ਸੰਗ੍ਰਹਿ ਭੁਪਿੰਦਰ ਸਿੰਘ ਦੁਆਰਾ ਰਚਿਤ 'ਸੌ ਪੱਤ ਮਛਲੀ ਦੇ' ਹੀ ਹੈ ।

ਦਰਸ਼ਨ ਮਿਤਵਾ

ਦਰਸ਼ਨ ਮਿਤਵਾ ਦਾ ਮਿੰਨੀ ਕਹਾਣੀ ਸੰਗ੍ਰਹਿ 'ਸੰਵਿਧਾਨ ਰੋਂਦਾ ਹੈ' 1980 ਵਿੱਚ ਛਪਿਆ ਜਿਸ ਵਿੱਚ ਲੇਖਕ ਨੇ 28 ਮਿੰਨੀ ਕਹਾਣੀਆਂ ਦਰਜ ਕੀਤੀਆਂ ਹਨ । ਮਿਤਵਾ ਅਨੁਸਾਰ ਮਿੰਨੀ ਕਹਾਣੀ ਕਿਸੇ ਸੁਤੇ ਸੁਭਾਅ ਤੁਰੇ ਜਾਂਦੇ ਬੰਦੇ ਦੇ ਚੂੰਢੀ ਵੱਢ ਕੇ ਸੁਚੇਤ ਕਰਨ ਵਾਲ਼ੀ ਗੱਲ ਹੈ। ਉਸਦੀਆਂ ਮਿੰਨੀ ਕਹਾਣੀਆਂ ਏਸੇ ਤੱਥ ਨੂੰ ਸਪੱਸ਼ਟ ਨਿਭਾਉਂਦੀਆਂ ਨਜ਼ਰ ਆਉਂਦੀਆਂ ਹਨ ।

ਮਿਤਵਾ ਦੇ ਮਿੰਨੀ ਕਹਾਣੀ ਸੰਗ੍ਰਹਿ ਵਿੱਚ ਵਿਸ਼ਿਆਂ ਦੀ ਵੰਨ-ਸੁਵੰਨਤਾ ਹੈ। ਇੰਨੇ ਜ਼ਿਆਦਾ ਵਿਸ਼ਿਆਂ ਦੇ ਬਾਵਜੂਦ ਉਹ ਕਿਧਰੇ ਉਲਝਿਆ ਪ੍ਰਤੀਤ ਨਹੀਂ ਹੁੰਦਾ। ਉਸਦੇ ਸੰਗ੍ਰਹਿ ਨੂੰ ਓਪਰੀ ਨਜ਼ਰੇ ਪੜ੍ਹਨ ਨਾਲ ਵੀ ਉਸਦੇ ਦ੍ਰਿਸ਼ਟੀਕੋਣ ਦੇ ਦਰਸ਼ਨ ਸਹਿਜੇ ਹੀ ਹੋ ਜਾਂਦੇ ਹਨ। ਕਿਸੇ ਵੀ ਗਲਤ ਠੀਕ ਪ੍ਰਚਲਿਤ ਕੀਮਤ ਨੂੰ ਮਾਪਣ ਦਾ ਉਸਦਾ ਆਪਣਾ ਹੀ ਮਾਪਦੰਡ ਹੈ। ਉਸਨੇ ਹਰ ਪ੍ਰਕਾਰ ਦੇ ਵਿਸ਼ੇ ਨਾਲ਼ ਇਨਸਾਫ਼ ਵੀ ਕੀਤਾ ਹੈ। ਵੰਨ-ਸੁਵੰਨੇ ਵਿਸ਼ਿਆਂ ਨੂੰ ਸਫ਼ਲਤਾ ਸਹਿਤ ਨਿਭਾਉਣ ਲਈ ਉਹ ਵਧਾਈ ਦਾ ਪਾਤਰ ਹੈ। ਉਹ ਅੰਤਰਬੋਧ ਤੋਂ ਅਭਿਵਿਅਕਤੀ ਕਰਨ ਵਿੱਚ ਕੋਈ ਕਾਹਲ਼ੀ ਕਰਦਾ ਨਹੀਂ ਜਾਪਦਾ। ਚਲੋ, ਜੇ ਇਹ ਮੰਨ ਵੀ ਲਿਆ ਜਾਵੇ ਕਿ ਉਹ ਕਾਹਲ਼ੀ ਕਰਦਾ ਹੈ (ਜਿਵੇਂ ਪਹਿਲਾਂ ਆਮ ਆਲੋਚਕ ਉਸ ਬਾਰੇ ਧਾਰਨਾ ਰਖਦੇ ਸਨ) ਤਾਂ ਜਦ ਉਹ ਅੰਤਰਬੋਧ ਤੋਂ ਅਭਿਵਿਅਕਤੀ ਤੱਕ ਦੇ ਸਫ਼ਰ ਦੇ ਸਮਵਿੱਥ ਹੀ ਆਪਣੀਆਂ ਕਹਾਣੀਆਂ ਵਿੱਚ ਆਤਮ ਤੋਂ ਅਨਾਤਮ ਦਾ ਸਫ਼ਰ ਵੀ ਸੁਚੇਤ ਤੌਰ 'ਤੇ ਤੈਅ ਕਰ ਜਾਂਦਾ ਹੈ ਤਦ ਉਸਦੀ ਇਹ ਕਾਹਲ਼ ਆਪਣੇ ਆਪ ਇੱਕ ਵੱਖਰੀ ਪ੍ਰਕਾਰ ਦੇ ਮੌਲਿਕ ਕਲਾ-ਕੌਸ਼ਲ ਵਿੱਚ ਰੂਪਾਂਤ੍ਰਿਤ ਹੋ ਜਾਂਦੀ ਹੈ ।

ਮਿਤਵਾ ਮੁੱਖ ਤੌਰ 'ਤੇ ਅਜੋਕੇ ਯੁੱਗ ਦੇ ਮਨੁੱਖ ਦੀ ਮਾਨਸਿਕਤਾ ਨੂੰ ਸੂਖਮਤਾ ਸਹਿਤ ਪਕੜਨ ਅਤੇ ਪੇਸ਼ ਕਰਨ ਵਾਲ਼ਾ ਲੇਖਕ ਹੈ । ਕਿਸੇ ਵੀ ਵਿਸ਼ੇ ਨੂੰ ਮਨੋਵਿਗਿਆਨਕ ਢੰਗ ਨਾਲ਼ ਨਜਿੱਠਣ ਵਾਲ਼ੀਆਂ ਉਸਦੀਆਂ ਕਹਾਣੀਆਂ ਦੀ ਹਥਲੇ ਸੰਗਹਿ ਵਿੱਚ ਪ੍ਰਧਾਨਤਾ ਹੈ, ਜਿਵੇਂ 'ਲੋਕ', 'ਛਾਹੇ ਟੰਗੇ ਗੀਤ', 'ਬਗ਼ਾਵਤ', 'ਮਾਇਆਜਾਲ', 'ਢਿੱਡਾਂ ਦਾ ਅਰਥ', 'ਨਜ਼ਰੀਆ', 'ਕੁਛ ਚਿਤਰ', 'ਡਰਪੋਕ', 'ਆਸਤਕ ਨਾਸਤਕ', 'ਆਪੋ ਆਪਣੀ ਔਕਾਤ', 'ਹਾਰ ਜਿੱਤ', 'ਕਲਾਕਾਰ', 'ਮਨੁੱਖਤਾ', 'ਬੱਚਾ', 'ਮਨੁੱਖ', 'ਪਾਤਰਾਂ ਦੀ ਭਾਲ ਵਿੱਚ', 'ਧਰਮ', 'ਈਰਖਾ', 'ਇਕ ਟੋਟਾ ਚਾਕਲੇਟ' ਆਦਿ ਮਿੰਨੀ ਕਹਾਣੀਆਂ ।

ਪਰੰਤੂ ਇਹ ਗੱਲ ਵੀ ਨਹੀਂ ਕਿ ਮਿਤਵਾ ਸਿਰਫ਼ ਮਾਨਸਿਕਤਾ ਦਾ ਹੀ ਚਿਤੇਰਾ ਹੈ ਸਗੋਂ ਉਹ ਆਲ਼ੇ ਦੁਆਲ਼ੇ ਤੋਂ ਵੀ ਪੂਰੀ ਤਰ੍ਹਾਂ ਚੌਕਸ ਹੈ। ਉਹ ਜਿੰਨੀ ਸੂਖਮਤਾ ਸਹਿਤ ਅਪ੍ਰਤੱਖ ਨੂੰ ਚਿਤਰਦਾ ਹੈ ਉਸ ਤੋਂ ਕਿਤੇ ਵੱਧ ਕਲਾਤਮਕਤਾ ਸਹਿਤ ਉਹ ਪ੍ਰਤੱਖ ਦੇ ਕਿਸੇ ਛਿਣ ਨੂੰ ਫੜ ਕੇ ਪਰਿਸਥਿਤੀ ਦਾ ਵਿਸ਼ਲੇਸ਼ਣ ਸਫ਼ਲਤਾਪੂਰਬਕ ਕਰਦਾ ਹੈ। ਸਮਾਜ ਦੀ ਦਿਸਦੀ ਅਸਲੀਅਤ ਨੂੰ

ਚਿਤ੍ਰਣ ਲੱਗਿਆਂ ਉਸਦੀ ਤੇਜ਼ ਤੱਰਾਰ ਅੱਖ ਸਮਾਜ ਵਿੱਚ ਵਿਚਰਦੇ ਮਨੁੱਖ ਦੀਆਂ ਸਮਾਜਕ, ਆਰਥਿਕ, ਰਾਜਨੀਤਿਕ, ਸਭਿਆਚਾਰਕ ਗਤੀਵਿਧੀਆਂ ਦੇ ਕਿਸੇ ਕਮਜ਼ੋਰ ਪੱਖ ਨੂੰ ਤਲਾਸ਼ ਕਰਨ ਵਿੱਚ ਮਸਰੂਫ਼ ਰਹਿੰਦੀ ਹੈ ਤਾਂ ਜੋ ਉਹ ਜਨ-ਸਾਧਾਰਨ ਤੱਕ ਆਪਣਾ ਸੋਧ-ਮੂਲਕ ਸੁਨੇਹਾ ਪੁਚਾ ਸਕੇ ਅਤੇ ਕੁੱਝ ਹਾਂ-ਪੱਖੀ ਯੋਗਦਾਨ ਦੇ ਸਕੇ।

ਦਰਸ਼ਨ ਮਿਤਵਾ ਆਪਣੀਆਂ ਮਿੰਨੀ ਕਹਾਣੀਆਂ ਵਿੱਚ ਪੂਰਨ ਤੌਰ 'ਤੇ ਬੌਧਿਕ ਨਹੀਂ ਹੈ ਲੇਕਿਨ ਬੌਧਿਕਤਾ ਦਾ ਅੰਸ਼ ਕਾਫ਼ੀ ਮਾਤਰਾ ਵਿੱਚ ਮੌਜੂਦ ਹੈ ਪਰੰਤੂ ਸਿਰਫ਼ ਉਸ ਹੱਦ ਤੱਕ ਜਿੱਥੇ ਤੱਕ ਪਾਠਕ ਇਸ ਨੂੰ ਗ੍ਰਹਿਣ ਕਰ ਸਕੇ। ਉਹ ਪ੍ਰਤੀਕਾਂ ਦੀ ਸਹਾਇਤਾ ਨਾਲ਼ ਆਪਣੀ ਗੱਲ ਕਹਿਣ ਦੀ ਵਿਸ਼ੇਸ਼ਤਾ ਰੱਖਦਾ ਹੈ। ਉਸ ਦੁਆਰਾ ਵਰਤੇ ਪ੍ਰਤੀਕ ਧੁੰਦਲੇ ਜਾਂ ਅਸਪੱਸ਼ਟ ਨਹੀਂ ਹੁੰਦੇ। 'ਤੀਵੀਂ ਤੇ ਮੋਮਬੱਤੀ', 'ਢਿੱਡਾਂ ਦਾ ਅਰਥ', 'ਨਜ਼ਰੀਆ', 'ਕੁਛ ਚਿੱਤਰ' ਆਦਿ ਮਿੰਨੀ ਕਹਾਣੀਆਂ ਉਸ ਦੀ ਇਸ ਵਿਸ਼ੇਸ਼ਤਾ ਦੀ ਸਾਖੀ ਹਨ। ਇਸ ਤੋਂ ਇਲਾਵਾ ਦਿਖਾਵੇ ਦਾ ਤਾਂ ਉਹ ਸਖ਼ਤ ਵਿਰੋਧੀ ਹੈ। ਉਹ ਦਿਖਾਵੇ ਦੀ ਸਿੱਧੇ ਸਪਾਟ ਕਥਨਾਂ ਵਿੱਚ ਆਲੋਚਨਾ ਨਹੀਂ ਕਰਦਾ ਪਰ ਉਸ ਦੀ ਆਪਣੀ ਸ਼ੈਲੀ ਹੈ ਜਿਸ ਨਾਲ਼ ਪੂਰੀ ਪਰਿਸਥਿਤੀ ਦਾ ਵਿਸ਼ਲੇਸ਼ਣ ਉਹ ਪਾਠਕਾਂ ਸਾਹਵੇਂ ਰੱਖ ਦਿੰਦਾ ਹੈ। ਇਸ ਪ੍ਰਕਾਰ ਉਸ ਦੀਆਂ ਰਚਨਾਵਾਂ ਵਿਚ ਸੁਝਾਊ ਅੰਸ਼ ਪ੍ਰਵੇਸ਼ ਕਰਦਾ ਹੈ।

'ਔਰਤ ਮਰਦ ਦੀ ਦਾਸੀ ਹੈ, ਔਰਤ ਪੈਰ ਦੀ ਜੁੱਤੀ ਹੈ, ਔਰਤ ਸ਼ਿੰਗਾਰ ਦੀ ਵਸਤ ਤੋਂ ਬਿਨਾ ਕੁੱਝ ਨਹੀਂ' ਵਰਗੇ ਪਿਛਾਂਹ-ਖਿੱਚੂ ਜਾਗੀਰਦਾਰੀ ਸੰਕਲਪਾਂ ਨੂੰ ਮੁੱਢੋਂ ਸੁੱਢੋਂ ਹੀ ਨਕਾਰਦਾ ਹੋਇਆ ਮਿਤਵਾ ਔਰਤ ਨੂੰ ਪੁਰਖ ਵਾਂਗ ਆਜ਼ਾਦ ਵਿਚਰਨ ਦੇਣ ਦਾ ਹਾਮੀ ਹੈ। 'ਤੀਵੀਂ ਤੇ ਮੋਮਬੱਤੀ' ਨਾਂ ਦੀ ਮਿੰਨੀ ਕਹਾਣੀ ਵਿੱਚ ਉਹ ਇਹ ਸਿੱਧ ਕਰਨ ਦਾ ਸਫ਼ਲ ਜਤਨ ਕਰਦਾ ਹੈ ਕਿ ਤੀਵੀਂ ਕੋਈ ਮੋਮਬੱਤੀ ਨਹੀਂ ਜਿਸਨੂੰ ਮਰਦ ਨੇ ਜਦ ਜੀਅ ਚਾਹਿਆ ਜਲ਼ਾ ਲਿਆ ਤੇ ਜਦ ਚਾਹਿਆ ਬੁਝਾ ਦਿੱਤਾ।

'ਵਾੜ ਖੇਤ ਨੂੰ ਖਾਂਦੀ ਹੈ' ਦਾ ਮੁਹਾਵਰਾ ਅਜੋਕੇ ਯੁੱਗ ਵਿੱਚ ਕੁੱਝ ਜ਼ਿਆਦਾ ਹੀ ਪ੍ਰਚਲਿਤ ਹੋ ਗਿਆ ਹੈ। 'ਜੇਬਕਤਰੇ' ਨਾਂ ਦੀ ਮਿੰਨੀ ਕਹਾਣੀ ਵਿੱਚ ਪੁਲਿਸ ਵਾਲੇ. ਖ਼ੁਦ ਡਾਕੂਆਂ ਦਾ ਰੋਲ ਅਦਾ ਕਰਦੇ ਹਨ। 'ਫ਼ਾਹੇ ਟੰਗੇ ਗੀਤ' ਵਿੱਚ ਲੇਖਕ ਨੇ ਮਹਿਲਾਂ ਵਿੱਚ ਰਹਿਣ ਵਾਲੇ. ਇੱਕ ਗੀਤਕਾਰ ਨੂੰ ਜਨ-ਸਾਧਾਰਨ ਦੇ ਨੇੜੇ ਰਹਿਣ ਦੀ ਸਲਾਹ ਦਿੱਤੀ ਹੈ ਤਾਂ ਜੋ ਉਹ ਫ਼ਾਹੇ ਟੰਗੇ ਅਤੇ ਮਰ ਚੁੱਕੇ ਗੀਤਾਂ ਦੀ ਥਾਂ ਜਿਉਂਦੇ ਜਾਗਦੇ ਅਤੇ ਹੱਸਦੇ ਗੀਤਾਂ ਦੀ ਸਿਰਜਣਾ ਕਰ ਸਕੇ। ਸਾਹਿਤ ਸਿਰਜਣਾ ਕਰਨਾ ਹੋਰ ਗੱਲ ਹੈ ਅਤੇ ਕੁੱਝ ਹੰਢਾ ਕੇ ਸਿਰਜਣਾ ਕਰਨਾ ਹੋਰ ਗੱਲ ਹੈ। ਸੋਫ਼ਿਆਂ 'ਤੇ ਬੈਠ ਕੇ ਰੇਡਿਓ, ਟੈਲੀਵਿਯਨ 'ਤੇ ਗ਼ਰੀਬ ਜਨਤਾ ਦਾ ਦੁਖ ਦਰਦ ਸੁਣ ਦੇਖ ਕੇ ਆਪਣੀਆ ਰਚਨਾਵਾਂ ਵਿੱਚ ਉਸਦਾ ਬਿਆਨ ਕਰ ਦੇਣ ਨਾਲ਼ ਸਿਰਜਣਾ ਵਿੱਚ ਉਹ ਸ਼ਿੱਦਤ ਪ੍ਰਵੇਸ਼ ਨਹੀਂ ਕਰ ਸਕਦੀ ਜੋ ਪਰਿਸਥਿਤੀਆਂ ਵਿੱਚ ਖ਼ੁਦ ਵਿਚਰ ਕੇ, ਸੰਘਰਸ਼ ਕਰਕੇ ਮਹਿਸੂਸ ਹੁੰਦੀ ਹੈ। ਸਾਹਿਤ ਸਿਰਜਣਾ ਤਾਂ ਕੰਡਿਆਂ 'ਤੇ ਚੱਲਣ ਵਾਂਗ ਹੈ।

ਅਜੋਕੇ ਲਾਚਾਰੀ, ਬੇਬਸੀ ਤੇ ਮਜਬੂਰੀਆਂ ਭਰੇ ਇਸ ਨਿਜ਼ਾਮ ਵਿੱਚ ਵਿਅਕਤੀ ਦੀ ਹੋਰ-ਹੋਰ ਪ੍ਰਾਪਤ ਕਰਨ ਦੀ ਭੁੱਖ ਵਧਦੀ ਹੀ ਜਾਂਦੀ ਹੈ। ਸਬਰ ਖ਼ਤਮ ਹੋ ਚੁੱਕਿਆ ਹੈ। ਲੋੜਾਂ/ਇੱਛਾਵਾਂ ਅਸੀਮਤ ਹਨ ਜਦਕਿ ਇਨ੍ਹਾਂ ਨੂੰ ਪੂਰਿਆਂ ਕਰਨ ਵਾਲ਼ੇ ਸਾਧਨ ਬੇਹਦ ਸੀਮਤ। ਸਿੱਟੇ ਵਜੋਂ

ਮਾਯੂਸੀ ਤੇ ਨਿਰਾਸ਼ਾ ਫੈਲਦੀ ਹੈ। ਇਸ ਵਿਸ਼ੇ ਨੂੰ ਲੈ ਕੇ ਹੀ 'ਮਾਇਆ ਜਾਲ਼' ਕਹਾਣੀ ਤੁਰਦੀ ਹੈ—ਨਿਭਾਅ ਖ਼ੂਬ ਹੈ।

ਬੋਦੇ ਥੋਥੇ ਅਸੂਲਾਂ ਅਤੇ ਸਰਮਾਏਦਾਰ—ਪੱਖੀ ਸੰਵਿਧਾਨ 'ਤੇ ਮਿਤਵਾ ਖ਼ੂਬ ਵਿਅੰਗ ਕਸਦਾ ਹੈ। ਪੁਸਤਕ ਦਾ ਟਾਈਟਲ ਵੀ ਇਸ ਗੱਲ ਦਾ ਗਵਾਹ ਹੈ ਕਿ ਜਨ-ਸਾਧਾਰਨ ਦੀ ਝੂਠੀ ਅਗਵਾਈ ਕਰ ਰਹੇ ਤੇ ਦਿਖਾਵੇ ਦੀ ਸੇਵਾ ਕਰ ਰਹੇ ਅਖੌਤੀ ਲੀਡਰਾਂ ਨੂੰ ਲੇਖਕ ਗਧੇ ਦੇ ਬਰਾਬਰ ਮੰਨਦਾ ਹੈ ਜੋ ਸਪੀਕਰਾਂ ਵਿੱਚ ਸੰਵਿਧਾਨ ਦੀ ਪਿੱਠ 'ਤੇ ਚੜ੍ਹ ਕੇ ਫ਼ੋਕੀਆਂ ਫੜਾਂ ਮਾਰਦੇ ਹਨ, ਝੂਠੇ ਵਾਅਦੇ ਕਰਦੇ ਹਨ ਅਤੇ ਫਿਰ ਸੰਵਿਧਾਨ ਦੀ ਸ਼ੈਅ 'ਤੇ ਹੀ ਗ਼ਰੀਬ ਜਨਤਾ ਦਾ ਸ਼ੋਸ਼ਣ ਕਰਦੇ ਹਨ ਪਰ ਸੰਵਿਧਾਨ ਬੇਬਸ ਜਾਪਦਾ ਹੈ। 'ਸੰਵਿਧਾਨ ਰੋਂਦਾ ਹੈ', 'ਨੌਂ ਸਾਲ ਪਿਛੋਂ', 'ਕੌਣ ਭਲੇ ਕੌਣ ਮੰਦੇ' ਆਦਿ ਮਿੰਨੀ ਕਹਾਣੀਆਂ ਉਪਰੋਕਤ ਵਿਚਾਰਾਂ ਦਾ ਕਲਾਮਈ ਰੂਪਾਂਤਰਣ ਹਨ।

ਉਸ ਦੀਆਂ ਇੱਕ ਦੋ ਮਿੰਨੀ ਕਹਾਣੀਆਂ ਜਿਵੇਂ 'ਧਰਮ' ਅਤੇ 'ਇਕ ਟੋਟਾ ਚਾਕਲੇਟ' ਸਮੁੱਚੇ ਤੌਰ 'ਤੇ ਲਤੀਫ਼ੇ ਦਾ ਹੀ ਪ੍ਰਭਾਵ ਸਿਰਜਦੀਆਂ ਹਨ ਪਰੰਤੂ ਭੁਪਿੰਦਰ ਸਿੰਘ ਪੀ. ਸੀ. ਐੱਸ. ਦੀਆਂ ਕਹਾਣੀਆਂ ਵਾਂਗ ਹੀ ਇਨ੍ਹਾਂ ਵਿਚ ਤਿੱਖਾ ਵਿਅੰਗ ਵੀ ਹੈ ਅਤੇ ਸਾਹਿਤਕ ਰੰਗਣ ਵੀ।

ਦਰਸ਼ਨ ਮਿਤਵਾ ਦੀ ਬੋਲੀ ਸ਼ੁੱਧ ਮਲਵਈ ਉਪਭਾਸ਼ਾ ਹੈ, ਇਸਨੂੰ ਉਹ ਬਖ਼ੂਬੀ ਵਰਤਦਾ ਹੈ। ਸਿਰਲੇਖ ਕਹਾਣੀਆਂ ਦੇ ਢੁਕਵੇਂ ਅਤੇ ਕਾਵਿਕ ਹਨ। ਉਸਦੀ ਵਾਕ ਬਣਤਰ ਭਾਵੇਂ ਸਾਧਾਰਨ ਹੈ ਪਰ ਜਦ ਦੋ ਪਾਤਰ ਆਪਸ ਵਿੱਚ ਸੰਵਾਦ ਰਚਦੇ ਹਨ, ਖ਼ਾਸ ਕਰਕੇ ਪੇਂਡੂ ਪਾਤਰ, ਤਾਂ ਉਹ ਆਪਣੀ ਪੇਸ਼ਕਾਰੀ ਦੀ ਸਿਖ਼ਰ ਦੇ ਜੌਹਰ ਦਿਖਾ ਰਿਹਾ ਹੁੰਦਾ ਹੈ।

ਡਾ: ਅਮਰ ਕੋਮਲ

ਅਕਤੂਬਰ 1983 ਵਿਚ ਪ੍ਰਕਾਸ਼ਿਤ ਹੋਏ ਡਾ: ਅਮਰ ਕੋਮਲ ਦੇ ਕਹਾਣੀ ਸੰਗ੍ਰਹਿ 'ਚਿਣਗਾਂ' ਵਿਚ 24 ਮਿੰਨੀ ਕਹਾਣੀਆਂ ਅਤੇ 9 ਨਿੱਕੀਆਂ ਕਹਾਣੀਆਂ ਸੰਕਲਿਤ ਹਨ। ਇਥੇ ਮੈਂ ਸਿਰਫ਼ ਮਿੰਨੀ ਕਹਾਣੀਆਂ ਦੇ ਸਮੁੱਚੇ ਪ੍ਰਭਾਵ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕਰਾਂਗਾ।

ਅਮਰ ਕੋਮਲ ਸੰਖੇਪਤਾ ਦਾ ਆਸ਼ਕ ਜ਼ਰੂਰ ਹੈ ਪਰ ਇੰਨੀ ਸੰਖੇਪਤਾ ਉਸ 'ਚ ਨਹੀਂ ਜਿੰਨੀ ਕਿਸੇ ਸਫ਼ਲ ਮਿੰਨੀ ਕਹਾਣੀ ਲਈ ਲੋੜੀਂਦੀ ਹੈ। ਪਰ ਮਿੰਨੀ ਕਹਾਣੀ ਦੀ ਆਲੋਚਨਾ ਵਿੱਚ ਉਹ ਇਕੋ ਇੱਕ ਆਲੋਚਕ ਹੈ ਜੋ ਮਿੰਨੀ ਕਹਾਣੀ ਦੀ ਵਕਾਲਤ ਪੱਕੇ ਪੈਰੀਂ ਦਲੀਲਾਂ ਸਹਿਤ ਕਰਦਾ ਹੈ।

ਅਮਰ ਕੋਮਲ ਨਿਰੋਲ-ਆਧੁਨਿਕ ਮਿੰਨੀ ਕਹਾਣੀ ਦਾ ਲੇਖਕ ਹੈ। ਉਸ ਦੀ ਅੱਖ ਸੂਖਮਤਾ ਸਹਿਤ ਆਪਣੇ ਆਲ਼ੇ-ਦੁਆਲ਼ੇ 'ਚੋਂ ਉਨ੍ਹਾਂ ਸਥਿਤੀਆਂ/ਪਰਿਸਥਿਤੀਆਂ ਦੀ ਭਾਲ਼ 'ਚ ਰਹਿੰਦੀ ਹੈ ਜੋ ਪੀੜ੍ਹੀ ਪਾੜੇ (Generation Gap) ਨੂੰ, ਜਾਗੀਰਦਾਰੀ ਕਦਰਾਂ ਕੀਮਤਾਂ ਅਤੇ ਪੂੰਜੀਵਾਦੀ ਮੁੱਲਾਂ ਦੀ ਤੁਲਨਾ ਨੂੰ, ਆਧੁਨਿਕਤਾ ਦੇ ਪਰਦੇ ਪਿਛਲੇ ਪਾਜ ਨੂੰ ਉਘੇੜਨ ਵਿੱਚ ਸਫ਼ਲ ਹੁੰਦੀਆਂ ਹਨ। ਕਿਸੇ ਵੀ ਪਰਿਸਥਿਤੀ ਦਾ ਵਿਸ਼ਲੇਸ਼ਣ ਉਹ ਯਥਾਰਥਵਾਦੀ ਨਜ਼ਰੀਏ ਨਾਲ਼ ਬਖ਼ੂਬੀ ਕਰਦਾ ਹੈ, ਇਸੇ ਲਈ ਉਸਦੀਆਂ ਮਿੰਨੀ ਕਹਾਣੀਆਂ ਗਲਪੀ-ਬਿੰਬ ਸਿਰਜਣ ਵਿੱਚ ਵੀ ਸਫ਼ਲ ਹੁੰਦੀਆਂ ਹਨ। ਇਸ ਤੋਂ ਇਲਾਵਾ ਸਮੁੱਚੇ ਵਿਸ਼ਲੇਸ਼ਣ ਦੀ ਕਲਾਤਮਕ ਪੇਸ਼ਕਾਰੀ ਉਸ ਦੀ ਲਿਖਤ ਨੂੰ ਚਾਰ ਚੰਨ ਲਾ ਦਿੰਦੀ ਹੈ। ਉਸ ਦੀਆਂ ਕਹਾਣੀਆਂ ਬੌਧਿਕ ਪਾਠਕਾਂ ਦੀ ਮਾਨਸਿਕ ਤ੍ਰਿਪਤੀ ਕਰਦੀਆਂ ਹੋਈਆਂ ਵੀ ਜਨ-ਸਾਧਾਰਨ ਦੇ ਨੇੜੇ ਰਹਿੰਦੀਆਂ ਹਨ। ਉਸ ਦੀ ਕਿਸੇ ਕਹਾਣੀ 'ਚ

ਪੇਸ਼ ਕਿਸੇ ਵਿਚਾਰ/ਧਾਰਨਾ ਨਾਲ਼, ਹੋ ਸਕਦਾ ਹੈ ਕੋਈ ਪਾਠਕ/ਆਲੋਚਕ ਸਹਿਮਤ ਨਾ ਹੋਵੇ ਪਰ ਉਸਦੇ ਇਸ ਸੰਗ੍ਰਹਿ ਵਿਚਲੀ ਕਿਸੇ ਵੀ ਕਹਾਣੀ ਦੀ ਪੇਸ਼ਕਾਰੀ ਉੱਪਰ ਕੋਈ ਕਿੰਤੂ ਨਹੀਂ ਕੀਤਾ ਜਾ ਸਕਦਾ। ਰੂਪ ਪੱਖੋਂ ਇਹ ਕਹਾਣੀਆਂ ਬੜੀਆਂ ਜਾਨਦਾਰ ਹਨ। ਅਮਰ ਕੋਮਲ ਕਿਸੇ ਵੀ ਪਾਤਰ ਦੀ ਮਾਨਸਿਕਤਾ ਵਿੱਚ ਡੂੰਘਾ ਲੱਥ ਜਾਂਦਾ ਹੈ ਅਤੇ ਉਸਦੀ ਕਾਮਯਾਬ ਪੇਸ਼ਕਾਰੀ ਉਸ ਦੇ ਪੂਰੇ ਵਿਅਕਤੀਤਵ ਨੂੰ ਸੂਖਮਤਾ ਸਹਿਤ ਹੋਰ ਨਿਖਾਰ ਕੇ ਪਾਠਕਾਂ ਸਾਹਵੇਂ ਲਿਆਉਣ ਦਾ ਕਾਰਨ ਬਣਦੀ ਹੈ।

ਲੇਖਕ ਦੇ ਬਹੁਤੇ ਪਾਤਰ ਭਾਵੇਂ ਮੱਧ ਵਰਗ 'ਚੋਂ ਹਨ ਪਰੰਤੂ ਉਸਨੇ ਉੱਚੀ ਸ਼੍ਰੇਣੀ ਤੇ ਕਿਰਤੀ ਵਰਗ ਦੇ ਚਰਿੱਤਰ ਨੂੰ ਵੀ ਸ਼ਿੱਦਤ ਨਾਲ਼ ਸੰਵਾਰ ਕੇ ਪੇਸ਼ ਕੀਤਾ ਹੈ। ਉਸਦੀ ਵਿਲੱਖਣਤਾ ਤਾਂ ਉਦੋਂ ਉੱਭਰ ਕੇ ਪ੍ਰਤੱਖ ਸਾਹਮਣੇ ਆਉਂਦੀ ਹੈ ਜਦ ਉਹ ਕਿਸੇ ਬਿਲਕੁਲ ਅਨੋਖੇ ਆਕਰਸ਼ਕ ਤੇ ਵਿਲੱਖਣ ਵਿਅਕਤੀਤਵ ਦਾ ਚਰਿੱਤਰ ਚਿਤ੍ਰਣ 'ਸਿਆਸਤ', 'ਆਖ਼ਰੀ ਖ਼ਾਹਿਸ਼' ਅਤੇ 'ਅੱਤਾ ਮੁਹੰਮਦ' ਨਾਂ ਦੀਆਂ ਮਿੰਨੀ ਕਹਾਣੀਆਂ ਵਿੱਚ ਪੇਸ਼ ਕਰਦਾ ਹੈ। ਇਸ ਤਰ੍ਹਾਂ ਉਹ ਬਹੁਤੇ ਆਲੋਚਕਾਂ ਦੇ ਇਨ੍ਹਾਂ ਕਥਨਾਂ ''ਮਿੰਨੀ ਕਹਾਣੀ ਵਿੱਚ ਕਹੇ ਜਾਣ ਵਾਲ਼ੀ ਗੱਲ ਦੀ ਸਾਰਥਕਤਾ ਨੂੰ ਉਜਾਗਰ ਕਰਨ ਲਈ ਉਸਦਾ ਪਰੀਪੂਰਨ ਚਿਤ੍ਰਣ ਨਹੀਂ ਹੋ ਸਕਦਾ'' ਜਾਂ ''ਮਿੰਨੀ ਕਹਾਣੀ ਕੋਈ ਗਲਪੀ-ਬਿੰਬ ਸਿਰਜਣ ਦੇ ਬਿਲਕੁਲ ਸਮਰੱਥ ਨਹੀਂ'' ਨੂੰ ਬਿਲਕੁਲ ਨਕਾਰ ਦਿੰਦਾ ਹੈ। ਇਸ ਤਰ੍ਹਾਂ ਜਿੱਥੇ ਉਹ ਮਿੰਨੀ ਕਹਾਣੀ ਪ੍ਰਤਿ ਨਾਂਹ-ਪੱਖੀ ਰਵੱਈਆ ਰੱਖਣ ਵਾਲ਼ੇ ਆਲੋਚਕਾਂ ਲਈ ਵੰਗਾਰ ਬਣ ਖਲੋਂਦਾ ਹੈ ਉੱਥੇ ਆਪਣਾ ਵਿਲੱਖਣ ਹਸਤਾਖਰ ਪ੍ਰਮਾਣ ਵਜੋਂ ਪਾਠਕਾਂ ਦੇ ਸਨਮੁੱਖ ਪੇਸ਼ ਕਰਕੇ ਇਸ ਸੂਖਮ ਸਿਨਫ਼ ਦੇ ਭਵਿੱਖ ਦੇ ਉੱਜਵਲ ਹੋਣ ਦਾ ਕਾਰਨ ਵੀ ਬਣਦਾ ਹੈ।

ਜੇ 'ਸਖ਼ਤ ਤਾੜਨਾ' ਅਜੱਕੇ ਅਫ਼ਰਾ ਤਫ਼ਰੀ ਅਤੇ ਅੱਤਵਾਦ ਦੀ ਘਿਨਾਉਣੀ ਖੇਡ ਦੇ ਮਾਹੌਲ ਵਿੱਚ ਸਰਕਾਰ ਦੀ ਕਾਰਗੁਜ਼ਾਰੀ 'ਤੇ ਤਕੜਾ ਵਿਅੰਗ ਹੈ, ਤਾਂ 'ਤਸੱਲੀ ਦੇ ਅਰਥ' ਵਿੱਚ ਉਹ ਬਜ਼ੁਰਗਾਂ ਅਤੇ ਨੌਜਵਾਨਾਂ ਵਿੱਚ ਧਰਮ ਅਤੇ ਸਿਆਸਤ ਜਿਹੇ ਵਿਸ਼ੇ 'ਤੇ ਬਹਿਸ ਕਰਵਾ ਕੇ ਸਿੱਟਾ ਵੀ ਕਢਦਾ ਹੈ। ਸਾਡੇ ਸਮਾਜ ਵਿੱਚ ਜੜ ਫੜ ਚੁੱਕੇ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਹਿਤ ਵੀ ਉਸਦੀ ਸਾਹਿਤਕ ਤਲਵਾਰ 'ਦਸਵਾਂ ਦਸੌਂਧ', 'ਆਪਣਾ ਆਪਣਾ ਹਿੱਸਾ', 'ਈਮਾਨਦਾਰੀ', 'ਮੌਸਮੀ ਤੋਹਫ਼ਾ' ਆਦਿ ਕਹਾਣੀਆਂ ਵਿੱਚ ਉੱਠਦੀ ਹੈ।

ਸੁਲੱਖਣ ਮੀਤ

ਸੁਲੱਖਣ ਮੀਤ ਦਾ ਮਿੰਨੀ ਕਹਾਣੀ ਸੰਗ੍ਰਹਿ 'ਸੁਲਗਦੀ ਬਰਫ਼' ਮਾਰਚ 1985 ਵਿੱਚ ਛਪਿਆ, ਇਸ ਵਿੱਚ 92 ਮਿੰਨੀ ਕਹਾਣੀਆਂ ਦਰਜ ਹਨ। ਇਹ ਕਹਾਣੀਆਂ ਦਿਲਚਸਪ ਵੀ ਹਨ ਅਤੇ ਮਨੋਰੰਜਨ ਦਾ ਚੰਗਾ ਸਾਧਨ ਵੀ ਪਰੰਤੂ ਬਹੁਤ ਵਾਰ ਸਪਾਟ ਬਿਆਨ ਕਾਰਨ ਇਨ੍ਹਾਂ ਵਿਚ ਸਾਹਿਤਕਤਾ ਦੀ ਘਾਟ ਹੈ ਇਸ ਲਈ ਪ੍ਰਭਾਵ ਚਿਰਸਥਾਈ ਨਹੀਂ ਰਹਿੰਦਾ। ਸੁਲੱਖਣ ਮੀਤ ਕੋਲ਼ ਕਹਿਣ ਨੂੰ ਬਹੁਤ ਕੁੱਝ ਹੈ ਪਰ ਪਤਾ ਨਹੀਂ ਉਸਦਾ ਵਿਚਾਰ ਪ੍ਰਗਟਾਉਣ ਦਾ ਅੰਦਾਜ਼ ਆਪਣਾ ਹੀ ਅਲੱਗ ਹੈ ਕਿ ਪ੍ਰਭਾਵ ਬੱਝਵਾਂ ਨਹੀਂ ਪੈਂਦਾ ਇਸੇ ਲਈ ਉਹ ਕੋਈ ਗਲਪੀ ਬਿੰਬ ਨਹੀਂ ਸਿਰਜ ਸਕਿਆ।

ਨਿਰੋਲ ਘਟਨਾ ਜਾਂ ਸਥਿਤੀ ਦਾ ਬਿਆਨ ਕਦੇ ਵੀ ਕਲਾਮਈ ਕ੍ਰਿਤ ਨਹੀਂ ਬਣ ਸਕਦੀ। ਪਰੰਤੂ ਮੀਤ ਪਰਿਸਥਿਤੀ ਦਾ ਵਿਸ਼ਲੇਸ਼ਣ ਕਰਨ ਦੀ ਥਾਂ ਜ਼ਿਆਦਾਤਰ ਘਟਨਾ ਜਾਂ ਸਥਿਤੀ ਦੀ

ਪੇਸ਼ਕਾਰੀ ਕਰਨਾ ਹੀ ਵਾਜਬ ਸਮਝਦਾ ਹੈ। ਇਸ ਹਾਲਤ ਵਿੱਚ ਲੇਖਕ ਤਾਂ ਹਥਲਾ ਮਿੰਨੀ ਕਹਾਣੀ ਸੰਗ੍ਰਹਿ ਛਪਵਾ ਕੇ ਆਪਣੀਆਂ ਜ਼ਿੰਮੇਵਾਰੀਆਂ ਤੋਂ ਸੁਰਖ਼ਰੂ ਹੋ ਗਿਆ ਹੈ ਪਰ ਇਸ ਨਾਲ਼ ਮਿੰਨੀ ਕਹਾਣੀ ਜਿਹੀ ਸੂਖਮ ਸਿਨਫ਼ ਦੀਆਂ ਭਵਿੱਖ ਦੀਆਂ ਸੰਭਾਵਨਾਵਾਂ ਕਾਫ਼ੀ ਮੱਧਮ ਪੈ ਜਾਂਦੀਆਂ ਹਨ। ਇਹ ਸੰਗ੍ਰਹਿ ਪੜ੍ਹਨ ਉਪਰੰਤ ਇਹ ਅੰਦਾਜ਼ਾ ਵੀ ਸਹਿਜੇ ਹੀ ਲਗਾਇਆ ਜਾ ਸਕਦਾ ਹੈ ਕਿ ਸ਼ਾਇਦ ਲੇਖਕ ਨੂੰ ਮਿੰਨੀ ਕਹਾਣੀਆਂ ਦੀ ਸੋਧ ਸੁਧਾਈ ਕਰਨ ਦਾ ਮੌਕਾ ਨਹੀਂ ਮਿਲ਼ਿਆ। ਇਸੇ ਲਈ ਭਾਵੇਂ ਉਸਨੇ ਇਸ ਸੰਗ੍ਰਹਿ ਵਿੱਚ ਵਿਭਿੰਨ ਵਿਸ਼ਿਆਂ ਨੂੰ ਸਮੋਣ ਦਾ ਜਤਨ ਕੀਤਾ ਹੈ ਪਰੰਤੂ ਸਿਰਫ਼ ਕਾਹਲ਼ ਦੇ ਕਾਰਨ ਉਸਦੇ ਅਹਿਸਾਸ ਦੀ ਪੇਸ਼ਕਾਰੀ ਵਿੱਚ ਉਹ ਸ਼ਿੱਦਤ ਨਹੀਂ ਜੋ ਹੋਣੀ ਚਾਹੀਦੀ ਸੀ। ਇਹ ਘਾਟ ਉਸਦੀਆਂ ਕਹਾਣੀਆਂ ਦੇ ਕਲਾ ਪੱਖ 'ਤੇ ਸੱਟ ਮਾਰਦੀ ਹੈ।

ਉਪਰੋਕਤ ਸਿੱਟੇ ਨੂੰ ਸਮੁੱਚੇ ਮਿੰਨੀ ਕਹਾਣੀ ਸੰਗ੍ਰਹਿ 'ਤੇ ਹੀ ਅੱਖਾਂ ਮੀਟ ਕੇ ਲਾਗੂ ਕਰ ਦੇਣਾ ਕੋਈ ਇਨਸਾਫ਼ ਨਹੀਂ ਹੋਵੇਗਾ। ਮੀਤ ਨੇ ਸਮਾਜ ਵਿੱਚ ਵਿਆਪਕ ਪਸ਼ਰੇ ਅਤੇ ਪ੍ਰਚਲਿਤ ਹੋ ਚੁੱਕੇ ਭ੍ਰਿਸ਼ਟਾਚਾਰ ਪ੍ਰਤਿ 'ਘਾਲ਼ੇ ਮਾਲ਼ੇ', 'ਡਰ', 'ਚੋਰ', 'ਛੁਰਲੀ', 'ਵਿਚੋਲਗੀ', 'ਜੈਸੇ ਆਲੇ ਤੈਸੇ ਕੁੱਜੇ' 'ਅੰਨ੍ਹੇ ਦੀ ਵੰਡ' ਜਿਹੀਆਂ ਮਿੰਨੀ ਕਹਾਣੀਆਂ ਵਿੱਚ ਪਾਠਕਾਂ ਨੂੰ ਨਾ ਸਿਰਫ਼ ਸੁਚੇਤ ਕਰਨ ਦਾ ਸਫ਼ਲ ਯਤਨ ਕੀਤਾ ਹੈ ਸਗੋਂ ਇਸ ਬੁਰਾਈਆਂ ਦੀ ਜੜ ਨੂੰ ਖ਼ਤਮ ਕਰਨ ਲਈ ਵੀ ਪ੍ਰੇਰਿਤ ਕੀਤਾ ਹੈ। ਉਸਨੇ ਮਨੁੱਖ ਦੀਆਂ ਵੱਖੋ-ਵੱਖ ਮਾਨਸਿਕ ਤਹਿਆਂ ਨੂੰ ਫ਼ਰੋਲਣ ਦਾ ਜਤਨ ਕੀਤਾ ਹੈ ਜਿਵੇਂ 'ਆਸਰਾ', 'ਮਿਸ ਇੰਦੂ ਦਾ ਦੁਖਾਂਤ' ਆਦਿ ਕਹਾਣੀਆਂ। 'ਮਿਸ ਇੰਦੂ ਦਾ ਦੁਖਾਂਤ' ਵਿੱਚ ਮਿਸ ਇੰਦੂ ਸੋਹਣੀ ਨਹੀਂ ਹੈ ਭਾਵੇਂ ਉਹ ਸੋਹਣੀ ਬਣਨ ਦੀ ਕੋਸ਼ਿਸ਼ ਬਥੇਰੀ ਕਰਦੀ ਹੈ। ਇੱਕ ਕਵੀ ਦਰਬਾਰ ਵਿੱਚ ਹਰ ਸ਼ਾਇਰ ਦੇ ਕਲਾਮ 'ਤੇ ਉਹ ਉੱਚੀ-ਉੱਚੀ ਤਾੜੀਆਂ ਮਾਰ ਕੇ ਸਭ ਤੋਂ ਵੱਧ ਦਾਦ ਦਿੰਦੀ ਹੈ ਪਰ ਜਦ ਇੱਕ ਕਵੀ ਕਿਸੇ ਸੋਹਣੀ ਦੇ ਹੁਸਨ ਦੀ ਤਾਰੀਫ਼ ਵਿੱਚ ਕੋਈ ਨਜ਼ਮ/ਗ਼ਜ਼ਲ ਪੜ੍ਹਦਾ ਹੈ ਤਦ ਉਹ ਕੋਈ ਉਤਸਾਹ ਨਹੀਂ ਦਿਖਾਉਂਦੀ, ਦਾਦ ਤਾਂ ਉਸ ਕੀ ਦੇਣੀ ਸੀ ਉਹ ਤਾੜੀ ਵੀ ਨਹੀਂ ਮਾਰਦੀ।

ਸਾਡੇ ਸਮਾਜ ਵਿੱਚ ਲੇਖਕਾਂ ਨੂੰ ਬਣਦਾ ਸਤਿਕਾਰ ਮਿਲਣ ਦੀ ਥਾਂ ਤਿਰਸਕਾਰ ਹੀ ਮਿਲ਼ਦਾ ਹੈ ਜਿਸ ਕਾਰਨ ਲੇਖਕਾਂ ਦੀ ਸਥਿਤੀ (ਕੁੱਝ ਕੁ ਸਰਕਾਰੀ ਧੁਤੂਆਂ ਨੂੰ ਛੱਡ ਕੇ) ਤਰਸਯੋਗ ਹੀ ਹੈ। ਲੇਖਕਾਂ ਦੀ ਇਸ ਪਰਿਸਥਿਤੀ ਨੂੰ ਵਿਅੰਗਮਈ ਅੰਦਾਜ਼ ਨਾਲ਼ ਸਫ਼ਲਤਾ ਸਹਿਤ ਪੇਸ਼ ਕਰਦੀ ਮੀਤ ਦੀ ਕਹਾਣੀ 'ਜੀਣ ਜੋਗਾ' ਹੈ। ਇਸੇ ਤਰ੍ਹਾਂ ਪੰਜਾਬ ਦੇ ਸਭਿਆਚਾਰ ਨੂੰ ਉਸਨੇ ਆਪਣੀਆਂ ਮਿੰਨੀ ਕਹਾਣੀਆਂ 'ਰਿਸ਼ਤਾ', 'ਟੋਟੇ ਟੋਟੇ ਧਰਵਾਸ' ਵਿੱਚ ਛੋਹਣ ਦੀ ਸਫ਼ਲ ਕੋਸ਼ਿਸ਼ ਕੀਤੀ ਹੈ।

ਜਾਤਪਾਤ ਦਾ ਮਸਲਾ ਭਾਵੇਂ ਅਜੋਕੇ ਯੁੱਗ ਵਿੱਚ ਕਾਫ਼ੀ ਨਾਜ਼ੁਕ ਸਥਿਤੀ ਅਖ਼ਤਿਆਰ ਕਰਦਾ ਜਾਪਦਾ ਹੈ ਪਰੰਤੂ ਉੱਚ-ਨੀਚ ਦਾ ਭੇਦ-ਭਾਵ ਪੁਰਾਣੇ ਸਮਿਆਂ ਦੇ ਮੁਕਾਬਲੇ ਬਿਲਕੁਲ ਖ਼ਤਮ ਹੀ ਹੋ ਚੁੱਕਿਆ ਹੈ। ਮਨੂੰ ਦੇ ਬਣਾਏ ਚਾਰ ਵਰਣਾਂ ਦੀ ਹੁਣ ਕੋਈ ਅਹਿਮੀਅਤ ਨਹੀਂ ਰਹਿ ਗਈ ਹੈ। ਇਸੇ ਵਿਸ਼ੇ ਨੂੰ ਪ੍ਰਗਟਾਉਂਦੀਆਂ ਸੁਲੱਖਣ ਮੀਤ ਦੀਆਂ 'ਪ੍ਰਭਾਵਹੀਣ', 'ਦੋ ਸਿਰ', 'ਹਰੀਜਨ', 'ਸਵੈ-ਮਾਣ' ਆਦਿ ਕਹਾਣੀਆਂ ਹਨ ਪਰੰਤੂ ਇਨ੍ਹਾਂ ਦੇ ਨਿਭਾਅ ਵਿੱਚ ਉਸਦੇ ਜਜ਼ਬਾਤੀ ਹੋ ਜਾਣ ਕਾਰਨ ਉਹ ਸਿੱਟਾ ਪ੍ਰਤੱਖ ਉੱਭਰ ਕੇ ਸਾਹਮਣੇ ਨਹੀਂ ਆ ਸਕਿਆ ਜੋ ਆਉਣਾ ਚਾਹੀਦਾ ਸੀ।

ਆਪਣੇ ਵਿਸ਼ੇ ਦੀ ਪੇਸ਼ਕਾਰੀ ਜਦ ਮੀਤ ਪ੍ਰਤੀਕਾਤਮਕ ਢੰਗ ਨਾਲ਼ ਕਰ ਰਿਹਾ ਹੁੰਦਾ ਹੈ ਤਦ ਉਸਦੀ ਪ੍ਰਤਿਭਾ ਅਤੇ ਉਸਦਾ ਕਲਾ-ਕੌਸ਼ਲ ਆਪਣੇ ਨੁਕਤਾ-ਏ-ਅਰੂਜ਼ 'ਤੇ ਹੋਣ ਦਾ ਸਪੱਸ਼ਟ ਪ੍ਰਮਾਣ ਦੇ ਰਹੇ ਹੁੰਦੇ ਹਨ। 'ਸਪੋਲੀਏ', 'ਸ਼ਿਕਾਰ', 'ਰੁੱਖ', 'ਚਪੇੜ', 'ਮੁਕਤੀ' ਆਦਿ ਮਿੰਨੀ ਕਹਾਣੀਆਂ ਪ੍ਰਤੀਕਾਤਮਕ ਸ਼ੈਲੀ ਵਿੱਚ ਲਿਖੀਆਂ ਹੋਣ ਕਾਰਨ ਹੀ ਸੰਗ੍ਰਹਿ ਦੀਆਂ ਪ੍ਰਤਿਨਿਧ ਕਹਾਣੀਆਂ ਹੋ ਨਿੱਬੜੀਆਂ ਹਨ। ਮਿਸਾਲ ਵਜੋਂ 'ਮੁਕਤੀ' ਕਹਾਣੀ ਵਿੱਚ ''ਮੈਂ'' ਪਾਤਰ ਕਬੀਲਦਾਰੀ ਦੇ ਬੋਝ ਹੇਠ ਦਬਿਆ ਹੋਇਆ ਆਪਣੇ ਘਰੇਲੂ ਝੰਜਟਾਂ ਬਾਰੇ ਸੋਚ ਰਿਹਾ ਹੈ ਤਦ ਉਸਦੀ ਬਿਰਤੀ ਤੋਤੇ ਤੋੜ ਦਿੰਦੇ ਹਨ। ਇੱਥੇ ਭਾਵੇਂ ਲੇਖਕ ਨੇ ਆਪਣੇ ਵੱਲੋਂ ਕੁੱਝ ਵੀ ਸਪੱਸ਼ਟ ਨਹੀਂ ਕੀਤਾ ਪਰੰਤੂ ਫਿਰ ਵੀ ਤੋਤਿਆਂ ਦਾ ਇਸ ਤਰ੍ਹਾਂ ਬਿਰਤੀ ਤੋੜਨਾ ''ਮੈਂ'' ਦੇ ਅੰਤਰੀਵ ਦੀ ਇਸ ਇੱਛਾ ਦਾ ਲਖਾਇਕ ਹੈ ਕਿ ਉਹ ਸਾਰੇ ਝੰਜਟਾਂ ਤੋਂ ਮੁਕਤੀ ਪਾ ਕੇ ਤੋਤੇ ਵਾਂਗ ਉੱਡਦਾ ਫਿਰੇ। ਇੱਥੇ ਲੇਖਕ ਪਾਤਰ ਦੇ ਮਨ ਦੀਆਂ ਡੂੰਘਾਣਾਂ ਦੀ ਥਾਹ ਪਾਉਣ ਵਿੱਚ ਪੂਰੀ ਤਰ੍ਹਾਂ ਸਫ਼ਲ ਹੋਇਆ ਹੈ। ਇਸੇ ਤਰ੍ਹਾਂ 'ਚਪੇੜ' ਕਹਾਣੀ ਵਿੱਚ ਇੱਕ ਕਬੂਤਰ ਦੇ ਦੋ ਦੇਸਾਂ ਵਿਚਲੀ ਸਰਹੱਦ ਨੂੰ ਬੇਝਿਜਕ ਪਾਰ ਕਰ ਜਾਣਾ ਨਿਸਚਿਤ ਰੂਪ ਵਿੱਚ ਮਨੁੱਖ ਦੇ ਹਉਂ 'ਤੇ ਇੱਕ ਚਪੇੜ ਹੈ। ਲੇਖਕ ਨੂੰ ਭਵਿੱਖ ਵਿੱਚ ਪ੍ਰਤੀਕਾਤਮਕ ਕਹਾਣੀਆਂ ਜ਼ਿਆਦਾ ਤੋਂ ਜ਼ਿਆਦਾ ਲਿਖਦੇ ਰਹਿਣਾ ਚਾਹੀਦਾ ਹੈ। ਤਾਂਹੀਓਂ ਉਹ ਕੇਵਲ ਘਟਨਾ/ਸਥਿਤੀ ਦੇ ਸ਼ਾਬਦਿਕ ਰੂਪਾਂਤ੍ਰਣ ਦੀ ਥਾਂ ਪਰਿਸਥਿਤੀ ਦਾ ਵਿਸ਼ਲੇਸ਼ਣ ਕਰਕੇ ਕੋਈ ਗਲਪੀ-ਬਿੰਬ ਸਿਰਜਣ ਵਿੱਚ ਸਫ਼ਲ ਹੋ ਸਕੇਗਾ।

'ਸੁਲਗਦੀ ਬਰਫ਼' ਨਾਂ ਦੀ ਮਿੰਨੀ ਕਹਾਣੀ ਵਿੱਚ ਇੱਕ ਨੌਜਵਾਨ ਲੜਕੀ ਸੁਖਮਿੰਦਰ ਅਤੇ ''ਮੈਂ'' ਦੀ ਮਾਨਸਿਕਤਾ ਨੂੰ ਦਰਸਾਉਣ ਲਈ ਮਨੋਵਿਗਿਆਨਕ ਸ਼ੈਲੀ ਦੀ ਹੀ ਵਰਤੋਂ ਕੀਤੀ ਗਈ ਹੈ। ਇਸ ਵਿੱਚ ਸੁਖਮਿੰਦਰ ''ਮੈਂ'' ਪਾਤਰ ਦੇ ਸਮਝਾਉਣ ਤੋਂ ਬਾਅਦ ਬਾਹਰੋਂ ਤਾਂ ਬਰਫ਼ ਵਾਂਗ ਠੰਢੀ ਅਤੇ ਸ਼ਾਂਤ ਜਾਪਣ ਲੱਗ ਪੈਂਦੀ ਹੈ ਜਦਕਿ ਅੰਦਰੋਂ ਉਹ ਪਹਿਲਾਂ ਵਾਂਗ ਹੀ ਸੁਲਘ ਰਹੀ ਹੁੰਦੀ ਹੈ। ਬਾਅਦ ਵਿੱਚ ''ਮੈਂ'' ਖ਼ੁਦ ਉਸਦੀ ਨੇੜਤਾ ਭਾਲ਼ਦਾ ਹੈ ਪਰ ਤਦ ਉਹ ਆਪਣੀ ਹੀ ਸਿੱਖਿਆ ਦੁਆਰਾ ਬੁਣੇ ਜਾਲ਼ ਨੂੰ ਕੱਟਣ ਵਿੱਚ ਅਸਫ਼ਲ ਰਹਿੰਦਾ ਹੈ।

'ਸੁਲਗਦੀ ਬਰਫ਼' ਮਿੰਨੀ ਕਹਾਣੀ ਸੰਗ੍ਰਹਿ ਦੇ ਅਧਿਐਨ ਦੌਰਾਨ ਕਈ ਵਾਰ ਇੰਝ ਜਾਪਦਾ ਹੈ ਜਿਵੇਂ ਮੀਤ ਆਪਣੇ ਪਾਤਰਾਂ ਨੂੰ ਆਪਣੀ ਮਰਜ਼ੀ ਨਾਲ਼ ਚਲਾ ਰਿਹਾ ਹੋਵੇ ਅਤੇ ਉਹ ਖ਼ੁਦ ਸੁਤੰਤਰ ਨਾ ਵਿਚਰ ਰਹੇ ਹੋਣ ਜਿਵੇਂ ਇਨ੍ਹਾਂ ਮਿੰਨੀ ਕਹਾਣੀਆਂ ਦੇ ਕੁੱਝ ਪਾਤਰ—'ਮੁਫ਼ਤਖੋਰ' ਵਿੱਚ ਅੱਧਖੜ੍ਹ ਉਮਰ ਦਾ ਸੱਜਣ, 'ਪਾਗਲ' ਵਿੱਚ ਨੌਜਵਾਨ ਮੰਤਰੀ ਆਦਿ। ਇਸੇ ਤਰ੍ਹਾਂ ਦੀਆਂ ਕੁੱਝ ਹੋਰ ਕਹਾਣੀਆਂ ਵਿੱਚ ਲੇਖਕ ਪਾਠਕ ਨੂੰ ਜਦ ਵਿਆਖਿਆ ਸਹਿਤ ਸਮਝਾਉਣ ਦੀ ਕੋਸ਼ਿਸ਼ ਕਰਨ ਲੱਗ ਪੈਂਦਾ ਹੈ ਤਾਂ ਉਸਦੀ ਕਲਾ ਉੱਥੇ ਕੁੱਝ ਥਿੜਕ ਜਾਂਦੀ ਹੈ।

ਦੋ ਪਾਤਰਾਂ ਦੇ ਵਾਰਤਾਲਾਪ ਵਿੱਚ ਆਂਚਲਿਕ ਰੰਗਣ ਆਉਣੀ ਸੁਭਾਵਕ ਹੈ ਪਰੰਤੂ ਜਦ ਲੇਖਕ ਹੀ ਆਂਚਲਿਕ ਸ਼ਬਦਾਂ ਨੂੰ ਹੂਬਹੂ ਵਰਤਣ ਲੱਗ ਜਾਵੇ ਤਦ ਸਾਧਾਰਣ ਪਾਠਕ ਸਾਹਮਣੇ ਸੰਚਾਰ ਦੀ ਸਮੱਸਿਆ ਪੈਦਾ ਹੋ ਸਕਦੀ ਹੈ। ਇਸ ਮਿੰਨੀ ਕਹਾਣੀ ਸੰਗ੍ਰਹਿ ਵਿਚ ਮੀਤ ਖ਼ੁਦ ਅਜਿਹੇ ਸ਼ਬਦ ਵਰਤ ਗਿਆ ਹੈ, ਜਿਵੇਂ ''ਨਾਨਕ ਸ਼ੱਕ'' ਦੀ ਥਾਂ ਨਾਨਕ ਛੱਕ ਚਾਹੀਦਾ ਸੀ ਅਤੇ ''ਛਛੋਪੰਜ'' ਦੀ ਥਾਂ ਸ਼ਸ਼ੋਪੰਜ ਚਾਹੀਦਾ ਸੀ।

ਆਰ. ਐਸ. ਆਜ਼ਾਦ

ਆਰ. ਐਸ. ਆਜ਼ਾਦ ਦੇ ਮਿੰਨੀ ਕਹਾਣੀ ਸੰਗ੍ਰਹਿ 'ਸੋਚਾਂ ਦਾ ਸਾਗਰ' ਵਿੱਚ 40 ਕਹਾਣੀਆਂ

ਸੰਕਲਿਤ ਹਨ। ਇਸ ਸੰਗ੍ਰਹਿ ਦਾ ਪ੍ਰਕਾਸ਼ਨ ਭਾਸ਼ਾ ਵਿਭਾਗ ਦੇ ਸਹਿਯੋਗ ਨਾਲ਼ ਪੰਜਾਬੀ ਸਾਹਿਤ ਸਭਾ ਬਾਰਾਮੂਲਾ, ਕਸ਼ਮੀਰ ਨੇ ਜੂਨ 1985 ਵਿੱਚ ਕੀਤਾ।

ਇਸ ਮਿੰਨੀ ਕਹਾਣੀ ਸੰਗ੍ਰਹਿ ਦਾ ਨਾਂ 'ਸੋਚਾਂ ਦਾ ਸਾਗਰ' ਬਹੁਤ ਹੀ ਖ਼ੂਬਸੂਰਤ ਅਤੇ ਪ੍ਰਭਾਵ-ਸ਼ਾਲੀ ਹੈ ਪਰੰਤੂ ਇਸ ਦੀਆਂ ਬਹੁਤੀਆਂ ਕਹਾਣੀਆਂ ਕਮਜ਼ੋਰ ਰਹਿ ਗਈਆਂ ਹਨ। ਕਈ ਕਹਾਣੀਆਂ ਤੱਥਾਂ 'ਤੇ ਤਾਂ ਕੀ ਆਧਾਰਿਤ ਹੋਣੀਆਂ ਸਨ ਸਗੋਂ ਉਨ੍ਹਾਂ ਰਾਹੀਂ ਲੇਖਕ ਫ਼ੋਟੋਗ੍ਰਾਫ਼ੀ ਵੀ ਸਹੀ ਢੰਗ ਨਾਲ਼ ਨਹੀਂ ਕਰ ਸਕਿਆ। ਆਜ਼ਾਦ ਦੀਆਂ ਬਹੁਤੀਆਂ ਕਹਾਣੀਆਂ ਨੂੰ ਵਿਸ਼ੇ-ਵਸਤੂ ਦੇ ਆਧਾਰ 'ਤੇ ਜਾਸੂਸੀ, ਮਨੋਹਰ ਅਤੇ ਸੱਚੀਆਂ ਕਹਾਣੀਆਂ ਦੇ ਵਰਗ ਵਿੱਚ ਹੀ ਰੱਖਿਆ ਜਾ ਸਕਦਾ ਹੈ। ਬਾਕੀ ਰਹਿੰਦੀਆਂ ਮਿੰਨੀ ਕਹਾਣੀਆਂ 'ਤੇ ਉਪਭਾਵੁਕਤਾ ਦੀ ਰੰਗਣ ਇੰਨੀ ਜ਼ਿਆਦਾ ਚਾੜ੍ਹ ਦਿੱਤੀ ਗਈ ਹੈ ਕਿ ਉਹ ਵੀ ਕੋਈ ਕਾਮਯਾਬ ਸਾਹਿਤਕ ਵੰਨਗੀ ਕਹਾਉਣ ਦੇ ਯੋਗ ਨਹੀਂ ਰਹੀਆਂ।

ਆਰ. ਐੱਸ. ਆਜ਼ਾਦ ਦਾ ਪੇਸ਼ਕਾਰੀ ਦਾ ਢੰਗ ਰਵਾਇਤੀ ਤੋਂ ਵੀ ਨਿਮਨ ਪੱਧਰ ਦਾ ਹੋਣ ਕਾਰਨ ਇਹ ਸੰਗ੍ਰਹਿ ਸੋਚਾਂ ਦਾ ਸਾਗਰ ਹੋਣ ਦੇ ਬਾਵਜੂਦ ਪਾਠਕਾਂ/ਆਲੋਚਕਾਂ ਦੀ ਸਾਹਿਤਕ ਪਿਆਸ ਦੀ ਤ੍ਰਿਪਤੀ ਕਰਨ ਤੋਂ ਅਸਮਰੱਥ ਰਹਿ ਜਾਂਦਾ ਹੈ। ਕਈ ਵਾਰ ਇੰਝ ਵੀ ਜਾਪਦਾ ਹੈ ਜਿਵੇਂ ਲੇਖਕ ਕੋਲ਼ ਕਹਿਣ ਨੂੰ ਕੁੱਝ ਹੈ ਪਰ ਕੁੱਝ ਤਾਂ ਡੂੰਘੇ ਚਿੰਤਨ ਦੀ ਘਾਟ ਕਾਰਨ ਅਤੇ ਕੁੱਝ ਕਮਜ਼ੋਰ ਪੇਸ਼ਕਾਰੀ ਕਾਰਨ ਪਾਠਕ ਦੀਆਂ ਸਾਰੀਆਂ ਆਸਾਂ 'ਤੇ ਪਾਣੀ ਫਿਰ ਜਾਂਦਾ ਹੈ। ਉਦਾਹਰਨ ਵਜੋਂ 'ਇੱਕ ਸਿਰਜਣਾ' ਨਾਂ ਦੀ ਕਹਾਣੀ (ਜਿਸ ਵਿੱਚ ਇਸ ਸੰਗ੍ਰਹਿ ਦੀ ਪ੍ਰਤੀਨਿਧ ਕਹਾਣੀ ਬਣਨ ਦੀਆਂ ਸੰਭਾਵਨਾਵਾਂ ਸਨ) ਵਿੱਚ ਇੱਕ ਪਾਤਰ ਰੱਬ ਨੂੰ ਇਹ ਪੁੱਛਣ ਲਈ ਖ਼ਤ ਪਾਉਂਦਾ ਹੈ ਕਿ ਉਸ ਨੇ ਧਰਤੀ 'ਤੇ ਨਾਸਮਝ ਅਤੇ ਸਮਝਦਾਰ ਇਹ ਦੋ ਕੌਮਾਂ ਕਿਉਂ ਬਣਾਈਆਂ? ਜਦ ਕਿ ਮੇਰੀ ਨਿਮਾਣੀ ਸਮਝ ਮੁਤਾਬਕ ਜੇ ਲੇਖਕ ਇੱਥੇ ਰੱਬ ਨੂੰ ਇਹ ਪੁੱਛਦਾ ਕਿ ਉਸ ਨੇ ਧਰਤੀ 'ਤੇ ਅਮੀਰ ਅਤੇ ਗ਼ਰੀਬ ਇਹ ਦੋ ਕੌਮਾਂ ਕਿਉਂ ਬਣਾਈਆਂ ਤਦ ਗੱਲ ਕੁੱਝ ਸਾਰਥਕ ਜਾਪਣੀ ਸੀ। ਕਿਉਂਕਿ ਸਾਡੇ ਸਮਾਜ ਵਿੱਚ ਅਮੀਰ ਨੂੰ (ਚਾਹੇ ਉਹ ਕਿੰਨਾ ਵੀ ਮੂਰਖ ਹੋਵੇ) ਸਮਝਦਾਰੀ ਦਾ ਤਮਗ਼ਾ ਲੋਕ ਦੇ ਹੀ ਦਿੰਦੇ ਹਨ, ਉਸ ਦੀ ਇੱਜ਼ਤ ਵੀ ਵਾਹਵਾ ਹੁੰਦੀ ਹੈ ਜਦਕਿ ਗ਼ਰੀਬ ਨੂੰ (ਚਾਹੇ ਉਹ ਕਿੰਨਾ ਵੀ ਅਕਲਮੰਦ ਕਿਉਂ ਨਾ ਹੋਵੇ) ਹਮੇਸ਼ਾਂ ਨਾਸਮਝ ਹੀ ਸਮਝਿਆ ਜਾਂਦਾ ਹੈ।

ਪ੍ਰੋ: ਅਵਤਾਰ ਜੌੜਾ ਨੇ ਮਹਿੰਦਰ ਸਿੰਘ ਰਿਖੀ ਦੇ ਕਹਾਣੀ ਸੰਗ੍ਰਹਿ 'ਦੋ ਰੰਗ' ਦਾ ਰੀਵਿਊ ਕਰਦਿਆਂ 11 ਜਨਵਰੀ 1987 ਦੇ ਪੰਜਾਬੀ ਟ੍ਰਿਬਿਊਨ ਵਿੱਚ ਲਿਖਿਆ ਸੀ, ''ਪੰਜਾਬੀ ਸਾਹਿਤ ਸਿਰਜਣਾ ਰਿਆਸਤ ਜੰਮੂ ਕਸ਼ਮੀਰ ਵਿੱਚ ਤੇਜ਼ੀ ਨਾਲ਼ ਪ੍ਰਚੱਲਿਤ ਹੋ ਰਹੀ ਹੈ ਜਿਸ ਕਰ ਕੇ ਕਿਤਾਬਾਂ ਵੀ ਬੜੀਆਂ ਆ ਰਹੀਆਂ ਨੇ। ਪਰ ਇਹ ਸਾਹਿਤ ਕ੍ਰਿਤੀਆਂ ਮਿਆਰੀ ਘੱਟ ਤੇ ਚਲੰਤ, ਸਤਹੀ ਬਹੁਤੀਆਂ ਹੁੰਦੀਆਂ ਹਨ ਜਦ ਕਿ ਉਨ੍ਹਾਂ ਬਾਰੇ ਦਾਅਵੇ ਵੱਡੇ-ਵੱਡੇ ਹੁੰਦੇ ਹਨ।'' ਰਿਖੀ ਦੀ ਪੁਸਤਕ ਦਾ ਪ੍ਰਕਾਸ਼ਨ ਵੀ ਪੰਜਾਬੀ ਸਾਹਿਤ ਸਭਾ ਬਾਰਾਮੂਲਾ, ਕਸ਼ਮੀਰ ਵੱਲੋਂ ਕੀਤਾ ਗਿਆ ਹੈ। ਉਮੀਦ ਹੈ ਭਵਿੱਖ ਵਿੱਚ ਸਾਹਿਤ ਸਭਾ ਬਾਰਾਮੂਲਾ ਪੰਜਾਬੀ ਸਾਹਿਤ ਨੂੰ ਗੰਭੀਰਤਾ ਸਹਿਤ ਯੋਗਦਾਨ ਦਿੰਦੀ ਰਹੇਗੀ।

ਮੋਹਨ ਸ਼ਰਮਾ

ਮੋਹਨ ਸ਼ਰਮਾ ਦਾ ਮਿੰਨੀ ਕਹਾਣੀ ਸੰਗ੍ਰਹਿ 'ਪੂਜਾ' 1986 ਵਿੱਚ ਛਪਿਆ ਜਿਸ ਵਿੱਚ ਉਸ ਦੀਆਂ 64 ਮਿੰਨੀ ਕਹਾਣੀਆਂ ਹਨ। ਮੋਹਨ ਸ਼ਰਮਾ ਭੂਪਵਾਦੀ ਸੰਸਕਾਰਾਂ ਤੋਂ ਟੁੱਟ ਕੇ ਪੂੰਜੀਵਾਦੀ ਕੀਮਤਾਂ ਨਾਲ਼ ਜੁੜ ਰਿਹਾ ਅਤੇ ਮੱਧ-ਸ਼੍ਰੇਣੀ ਦੀ ਪ੍ਰਤੀਨਿਧਤਾ ਕਰਨ ਵਾਲ਼ਾ ਪ੍ਰਮੁੱਖ ਮਿੰਨੀ ਕਹਾਣੀਕਾਰ

ਹੈ। ਉਹ ਔਰਤ ਦੀ ਮਰਦ ਪ੍ਰਤੀ ਅਤੇ ਮਰਦ ਦੀ ਔਰਤ ਦੇ ਪ੍ਰਤੀ ਇਕ ਵਿਸ਼ੇਸ਼ ਪ੍ਰਕਾਰ ਦੀ ਆਧੁਨਿਕਤਾ ਵਿੱਚ ਗ੍ਰਸੀ ਹੋਈ ਬੇਵਫ਼ਾਈ ਅਤੇ ਬੇਰੁਖੀ ਚਿਤਰ ਕੇ ਬੜਾ ਖ਼ੁਸ਼ ਹੁੰਦਾ ਹੈ, ਇਹ ਉਸ ਦਾ ਮਨਭਾਉਂਦਾ ਵਿਸ਼ਾ ਜਾਪਦਾ ਹੈ। 'ਤਿਲਕਵੀਂ ਸੋਚ', 'ਵਿਧਵਾ ਮੁਹੱਬਤ', 'ਦੀਵਾਰ', 'ਸ਼ਾਇਰ ਅਤੇ ਕਵਿਤਾਵਾਂ', 'ਗੁੱਡੀ', 'ਪਰਖ', 'ਸੁਪਨਾ', 'ਧੁੱਪ ਦਾ ਅਸਰ', 'ਕੋਈ', 'ਉਡੀਕ', 'ਆਲ੍ਹਣਾ', 'ਫ਼ਿਫਟੀ ਪਰਸੈਂਟ', 'ਮਨ ਦੀ ਭੁੱਖ', 'ਅਹਿਮੀਅਤ', 'ਬਦਲਾ', 'ਇਨਕਾਰ', 'ਸ਼ਰਧਾ', 'ਆਸ' ਆਦਿ ਕਹਾਣੀਆਂ ਇਸ ਦਾ ਪ੍ਰਮਾਣ ਹਨ। ਸ਼ਰਮਾ ਅਚੇਤ ਤੌਰ 'ਤੇ ਇੱਕ ਚੁੱਪ ਕੀਤੇ ਪ੍ਰੇਮੀ ਜਾਂ ਪ੍ਰੇਮਿਕਾ ਦਾ ਮੁਹਾਂਦਰਾ ਉਘਾੜਦਾ ਹੈ ਜੋ ਵਿਰੋਧੀ ਪਰਿਸਥਿਤੀਆਂ ਨਾਲ਼ ਲੜਦਾ/ਲੜਦੀ ਨਹੀਂ, ਬਗ਼ਾਵਤ ਨਹੀਂ ਕਰਦਾ/ਕਰਦੀ ਸਗੋਂ ਸਮਝੌਤੇ ਦੀ ਲੀਹੇ ਪੈਂਦਾ/ਪੈਂਦੀ ਹੈ। ਪਿਆਰ ਜਿਹੇ ਵਿਸ਼ੇ ਨੂੰ ਕਲਮੀ ਜ਼ੁਬਾਨ ਦੇਣ ਲੱਗਿਆਂ ਉਹ ਬਹੁਤ ਵਾਰ ਭਾਵੁਕ ਹੋਣ ਦੇ ਨਾਲ਼-ਨਾਲ਼ ਕਿਤੇ-ਕਿਤੇ ਉਪਭਾਵੁਕ ਰੰਗਣ ਵਿੱਚ ਵੀ ਰੰਗਿਆ ਜਾਂਦਾ ਹੈ।

ਮੋਹਨ ਸ਼ਰਮਾ ਦੇ ਮਨ ਵਿੱਚ ਔਰਤ ਪ੍ਰਤੀ ਇੱਕ ਵਿਸ਼ੇਸ਼ ਪ੍ਰਕਾਰ ਦੀ ਇੱਜ਼ਤ ਤੇ ਮੋਹ ਹੈ। ਇਸੇ ਲਈ ਉਹ ਰਵਾਇਤੀ ਲੀਹਾਂ ਤੋਂ ਹਟ ਕੇ ਇਸਤਰੀ ਪ੍ਰਤੀ ਉਸਾਰੂ ਦ੍ਰਿਸ਼ਟੀਕੋਣ ਦਾ ਸਫਲਤਾ ਸਹਿਤ ਪ੍ਰਦਰਸ਼ਨ 'ਮਹਿਕ', 'ਅਨੁਭਵ', 'ਭੁੱਖ ਤੇ ਉਡੀਕ' 'ਵਿਚਾਰੇ ਬਦਨਸੀਬ' ਆਦਿ ਮਿੰਨੀ ਕਹਾਣੀਆਂ ਜ਼ਰੀਏ ਕਰਦਾ ਹੈ। ਪਰ ਜਦ ਉਹ ਚਾਹੁੰਦਾ ਹੈ ਕਿ ਔਰਤ ਮਰਦ ਦੀ ਡਟ ਕੇ ਪੂਜਾ ਕਰੇ (ਪੂਜਾ), ਉਸ ਦੀ ਦਾਸੀ ਬਣ ਕੇ ਰਹੇ ਅਤੇ ਸਿਰਫ਼ ਉਸ ਦੇ ਬੱਚਿਆਂ ਨੂੰ ਪਾਲ਼ੇ ਤਦ ਇਹ ਉਸ ਦੀ ਮਾਨਸਿਕਤਾ ਵਿੱਚ ਭੂਪਵਾਦੀ ਸੰਸਕਾਰਾਂ ਦੀ ਰਹਿੰਦ ਖੂਹੰਦ ਦੇ ਕਾਰਨ ਹੈ। ਉਸ ਦਾ ਇਹ ਵੀ ਵਿਚਾਰ ਹੈ ਕਿ ਜੇ ਵਿਆਹੁਤਾ ਜੀਵਨ ਸੁਖੀ ਹੈ ਤਾਂ ਮਨੁੱਖ ਅਸਲੀ ਖੁਸ਼ੀ ਪ੍ਰਾਪਤ ਕਰ ਸਕਦਾ ਹੈ (ਅਸਲੀ ਖ਼ੁਸ਼ੀ, ਆਖ਼ਰੀ ਖ਼ਾਹਿਸ਼)।

ਮੋਹਨ ਸ਼ਰਮਾ ਸਮਕਾਲੀ ਸਮਾਜਿਕ ਆਰਥਿਕ ਪਰਿਸਥਿਤੀਆਂ ਤੋਂ ਭਲੀ-ਭਾਂਤ ਸੁਚੇਤ ਹੈ। ਉਸ ਨੂੰ ਉੱਚ-ਨੀਚ ਦਾ ਅਹਿਸਾਸ ਹੈ, ਉਸ ਦੇ ਅਹਿਸਾਸ ਵਿੱਚ ਸ਼ਿੱਦਤ ਹੈ। ਉਸ ਦੀ ਸ਼ਿੱਦਤ ਜਦ ਸੂਖਮਤਾ ਸਹਿਤ ਕਲਾਤਮਕ ਪੇਸ਼ਕਾਰੀ ਦਾ ਆਧੁਨਿਕ ਰੂਪ ਅਖ਼ਤਿਆਰ ਕਰਦੀ ਹੈ ਤਾਂ ਉਹ ਇੱਕ ਵਧੀਆ ਮਿੰਨੀ ਕਹਾਣੀ ਹੋ ਨਿੱਬੜਦੀ ਹੈ। ਭਾਵੇਂ ਲੇਖਕ ਦੁਆਰਾ ਲਏ ਗਏ ਵਿਸ਼ਿਆਂ ਨੂੰ ਕਿਸੇ ਹੱਦ ਤੱਕ ਰਵਾਇਤੀ ਹੀ ਕਿਹਾ ਜਾ ਸਕਦਾ ਹੈ ਪਰੰਤੂ ਉਨ੍ਹਾਂ ਦਾ ਨਿਭਾਅ ਇੰਨੇ ਖ਼ੂਬਸੂਰਤ ਢੰਗ ਨਾਲ਼ ਕੀਤਾ ਗਿਆ ਹੈ ਕਿ ਉਹ ਬਿਲਕੁਲ ਨਿਵੇਕਲੇ ਅਤੇ ਮੌਲਿਕ ਜਾਪਦੇ ਹਨ।

ਪੰਜਾਬ ਦੇ ਅਜੋਕੇ ਹਾਲਾਤਾਂ ਨੇ ਸਿਆਣੇ ਤੋਂ ਸਿਆਣੇ ਪੁਰਖ ਦੀ ਮਾਨਸਿਕਤਾ ਨੂੰ ਵੀ ਕਿਤੇ ਦਾ ਕਿਤੇ ਪੁਚਾ ਦਿੱਤਾ ਹੈ। ਦਿਲਾਂ ਵਿੱਚ ਫ਼ਰਕ ਪੈ ਗਏ ਹਨ। ਮਜ਼ਹਬਾਂ ਦੇ ਠੇਕੇਦਾਰਾਂ ਨੇ ਸਮਾਜ ਵਿਚ ਵਿਚਰ ਰਹੇ ਕਠਪੁਤਲੀਆਂ ਵਰਗੇ ਮਨੁੱਖਾਂ ਦੀਆਂ ਕੁੰਡੀਆਂ ਆਪਣੇ ਹੱਥਾਂ ਵਿੱਚ ਘੁੱਟ ਲਈਆਂ ਹਨ ਜਦਕਿ ਇਨ੍ਹਾਂ ਠੇਕੇਦਾਰਾਂ ਵਿੱਚ ਜਾਨ ਪੂੰਜੀਪਤੀਆਂ ਜਾਂ ਅਖੌਤੀ ਲੀਡਰਾਂ ਦੇ ਬਟਨ ਦੱਬਣ ਨਾਲ਼ ਹੀ ਪੈਂਦੀ ਹੈ। ਉਪਰੋਕਤ ਤ੍ਰਾਸਦਿਕ ਪਰਿਸਥਿਤੀ ਨੂੰ ਮੋਹਨ ਸ਼ਰਮਾ ਨੇ ਆਪਣੀ ਕਹਾਣੀ 'ਨਦੀਆਂ ਅਤੇ ਮਨੁੱਖ' ਵਿੱਚ ਭੂਗੋਲਿਕ ਸਥਿਤੀ ਨਾਲ਼ ਤੁਲਨਾ ਕਰ ਕੇ ਜਿਸ ਸੂਖਮਤਾ ਅਤੇ ਸ਼ਿੱਦਤ ਨਾਲ਼ ਪੇਸ਼ ਕੀਤਾ ਹੈ ਉਸ ਦੀ ਮਿਸਾਲ ਘੱਟੋ-ਘੱਟ ਸਮੁੱਚੇ ਪੰਜਾਬੀ ਮਿੰਨੀ ਕਹਾਣੀ ਸਾਹਿਤ ਵਿੱਚ ਘੱਟ ਹੀ ਮਿਲਦੀ ਹੈ।

ਹਰ ਚੇਤੰਨ ਲੇਖਕ ਵਾਂਗ ਸ਼ਰਮਾ ਵੀ ਸਮਾਜ ਦੇ ਬੋਦੇ ਥੋਥੇ ਅਸੂਲਾਂ ਦੀਆਂ ਧੱਜੀਆਂ ਉਡਾਉਣ ਲਈ ਯਤਨਸ਼ੀਲ ਹੈ। ਗ਼ਰੀਬ ਦਾ ਹੋ ਰਿਹਾ ਸ਼ੋਸ਼ਣ, ਪੂੰਜੀਪਤੀਆਂ ਹੱਥੋਂ ਕਿਰਤੀ ਵਰਗ ਦੀ ਹੋ

ਰਹੀ ਅੰਨ੍ਹੀਂ ਲੁੱਟ ਉਸ ਨੂੰ ਸਾਹਿਤਕ ਤਲਵਾਰ (ਕਲਮ) ਚੁੱਕਣ ਲਈ ਮਜਬੂਰ ਕਰਦੀ ਜਾਪਦੀ ਹੈ। 'ਧਰਮ ਭ੍ਰਿਸ਼ਟ', 'ਨਾਂ', ਭੁੱਖ', 'ਚੋਰੀ' ਆਦਿ ਕਹਾਣੀਆਂ ਇਸ ਦਾ ਸਪੱਸ਼ਟ ਪ੍ਰਮਾਣ ਹਨ। ਗ਼ਰੀਬ ਸ੍ਰੇਣੀ ਦੀ ਤਰੱਕੀ ਨੂੰ ਅਮੀਰ ਸ਼੍ਰੇਣੀ ਹਰਗਿਜ਼ ਜਰ ਨਹੀਂ ਸਕਦੀ ਕਿਉਂਕਿ ਅਜਿਹੀ ਪਰਿਸਥਿਤੀ ਵਿੱਚ ਉਸ ਦੀ ਸਰਦਾਰੀ ਕਿੰਵ ਕਾਇਮ ਰਹਿ ਸਕੇਗੀ। ਉਸ ਨੂੰ ਤਾਂ ਗ਼ਰੀਬ ਤਰਲੇ ਲੈਂਦਾ, ਬੇਬਸੀ ਅਤੇ ਮਜਬੂਰੀ ਵਿੱਚ ਫ਼ਸਿਆ ਹੀ ਚੰਗਾ ਲਗਦਾ ਹੈ। ਪੂੰਜੀਪਤੀ ਵਰਗ ਜਾਂ ਉੱਚੀ ਮੱਧ-ਸ਼੍ਰੇਣੀ (ਅਫ਼ਸਰ) ਦੀ ਇਸੇ ਮਾਨਸਿਕਤਾ ਨੂੰ 'ਹੁਕਮਅਦੂਲੀ' ਕਹਾਣੀ ਵਿੱਚ ਚਿਤ੍ਰਣ ਦੀ ਲੇਖਕ ਦੀ ਸਫ਼ਲ ਕੋਸ਼ਿਸ਼ ਹੈ। 'ਦ੍ਰਿਸ਼ਟੀਕੋਣ' ਕਹਾਣੀ ਵਿੱਚ ਚਾਹੇ ਇੱਕ ਮਾਸੂਮ ਬੱਚੇ ਦੀ ਮਾਸੂਮੀਅਤ ਦਾ ਹੀ ਜ਼ਿਕਰ ਹੈ ਲੇਕਿਨ ਕਹਾਣੀ ਦੀ ਅਖੀਰਲੀ ਲਾਈਨ ਜੋ ਕਿ ਬੱਚੇ ਦੇ ਮੂੰਹੋਂ ਹੀ ਕਹਾਈ ਗਈ ਹੈ, ਸਾਡੇ ਸਮਾਜ ਵਿਚ ਹੋ ਰਹੀ ਕਾਣੀ ਵੰਡ 'ਤੇ ਕਰਾਰੀ ਚਪੇੜ ਹੋ ਨਿੱਬੜੀ ਹੈ। ਇਹ ਬੱਚਾ ਸਮੁੱਚੇ ਪ੍ਰੋਲਤਾਰੀ ਵਰਗ ਦੀ ਪ੍ਰਤੀਨਿਧਤਾ ਕਰਦਾ ਜਾਪਦਾ ਹੈ ਜਦ ਉਹ ਸੋਚਦਾ ਹੈ, ''ਜੇ ਘਰ 'ਚ ਕਿਸੇ ਦੇ ਮਰਨ ਨਾਲ਼ ਹੀ ਰੱਜ ਕੇ ਰੋਟੀ ਮਿਲ਼ਦੀ ਹੈ, ਫਿਰ ਭਾਮੇਂ ਰੋਜ਼ ਕੋਈ ਨਾ ਕੋਈ ਮਰ ਜਾਇਆ ਕਰੇ।''

ਮਨੁੱਖੀ ਮਨ ਵਿੱਚ ਵੱਖੋ-ਵੱਖ ਸੋਚਾਂ ਦੀ ਲੜੀ ਦਾ ਪ੍ਰਵਾਹ ਨਿਰੰਤਰ ਜਾਰੀ ਰਹਿੰਦਾ ਹੈ। ਜਦ ਲੇਖਕ ਇਸ ਲੜੀ ਦੇ ਪ੍ਰਵਾਹ ਨੂੰ ਹੂਬਹੂ ਆਪਣੀ ਕਲਮ ਰਾਹੀਂ ਜ਼ੁਬਾਨ ਦਿੰਦਾ ਹੈ ਤਦ ਇਸ ਨੂੰ ਸਾਹਿਤ ਵਿੱਚ ਚੇਤਨਤਾ ਪ੍ਰਵਾਹ ਤਕਨੀਕ (Stream of Consciousness) ਕਿਹਾ ਜਾਂਦਾ ਹੈ। ਚਾਹੇ ਇਸ ਤਕਨੀਕ ਦਾ ਪ੍ਰਯੋਗ ਅੰਤਰਮੁਖੀ ਲੇਖਕ ਵਧੇਰੇ ਕਰਦੇ ਹਨ ਅਤੇ ਕਈ ਵਾਰ ਇਸ ਤਕਨੀਕ ਵਿੱਚ ਲਿਖੀ ਕਿਸੇ ਵੀ ਸਿਨਫ਼ ਦੇ ਵਿਸ਼ੇ-ਵਸਤੂ ਦਾ ਸੰਬੰਧ ਲੇਖਕ ਦੀ ਸਵੈ-ਜੀਵਨੀ ਨਾਲ਼ ਜਾ ਜੁੜਦਾ ਹੈ ਪਰੰਤੂ ਜਦ ਲੇਖਕ ਨਿਰਪੱਖ ਹੋ ਕੇ ਆਪਣੇ ਵਿਚਾਰ ਇੱਕ ਪ੍ਰਵਾਹ ਦੇ ਰੂਪ ਵਿੱਚ ਪੇਸ਼ ਕਰੀ ਜਾਂਦਾ ਹੈ ਤਦ ਉਹ ਸਰਬ-ਗਿਆਤਾ ਹੋਣ ਦਾ ਦੰਭ ਤਿਆਗ ਦਿੰਦਾ ਹੈ ਜੋ ਕਿ ਕਿਸੇ ਵੀ ਆਧੁਨਿਕ ਯੁੱਗ ਦੇ ਲੇਖਕ ਲਈ ਮੈਂ ਇੱਕ ਚੰਗਾ ਗੁਣ ਸਮਝਦਾ ਹਾਂ। ਇੱਥੇ ਲੇਖਕ ਆਪਣੇ ਵਿਚਾਰਾਂ ਨੂੰ ਪਾਠਕਾਂ 'ਤੇ ਨਹੀਂ ਠੋਸਦਾ ਸਗੋਂ ਸੂਝਵਾਨ ਪਾਠਕ ਖ਼ੁਦ ਬਖ਼ੁਦ ਆਪੋ ਆਪਣੀ ਸੂਝ ਮੁਤਾਬਕ ਲੇਖਕ ਦੁਆਰਾ ਪੇਸ਼ ਕੀਤੇ ਅਲੱਗ-ਅਲੱਗ ਬਿੱਖਰੇ ਹੋਏ ਵਿਚਾਰਾਂ ਨੂੰ ਮਤਲਬ ਦੇ ਲੈਂਦਾ ਹੈ। ਉਂਵ ਵੀ ਅਜੋਕੀ ਜ਼ਿੰਦਗੀ ਅਤੇ ਅਜੋਕਾ ਨਿਜ਼ਾਮ ਇਤਨਾ ਗੁੰਝਲ਼ਦਾਰ ਹੋ ਗਿਆ ਹੈ ਕਿ ਕੋਈ ਮਨੁੱਖ ਸਾਰੇ ਰਹੱਸ ਜਾਣਨ ਦਾ ਦਾਅਵਾ ਕਰ ਹੀ ਨਹੀਂ ਸਕਦਾ। ਹਥਲੇ ਮਿੰਨੀ ਕਹਾਣੀ ਸੰਗ੍ਰਹਿ ਵਿੱਚ ਚੇਤਨਤਾ ਪ੍ਰਵਾਹ ਤਕਨੀਕ ਦੀ ਸਫ਼ਲ ਵਰਤੋਂ ਕਰਦਿਆਂ 'ਸੁਨੇਹਾ', ਪਸਚਾਤਾਪ' ਨਾਂ ਦੀਆਂ ਦੋ ਮਿੰਨੀ ਕਹਾਣੀਆਂ ਲਿਖ ਕੇ ਮੋਹਨ ਸ਼ਰਮਾ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਨਾਵਲ ਜਿਹੀ ਸਿਨਫ਼ ਵਿੱਚ ਵਰਤੀ ਜਾਣ ਵਾਲ਼ੀ ਤਕਨੀਕ ਮਿੰਨੀ ਕਹਾਣੀ ਵਿੱਚ ਵੀ ਸਫ਼ਲਤਾ ਸਹਿਤ ਨਿਭਾਈ ਜਾ ਸਕਦੀ ਹੈ। ਲੇਖਕ ਇਸ ਲਈ ਵਧਾਈ ਦਾ ਪਾਤਰ ਹੈ।

'ਪੂਜਾ' ਮਿੰਨੀ ਕਹਾਣੀ ਸੰਗ੍ਰਹਿ ਵਿੱਚ ਜੇ ਕਿਤੇ ਕੋਈ ਘਾਟ ਰੜਕਦੀ ਹੈ ਤਾਂ ਇਹ ਸਿਰਫ਼ ਲੇਖਕ ਦੀ ਕਾਹਲ਼ ਦਾ ਨਤੀਜਾ ਹੈ। ਜਿਵੇਂ 'ਉਮਰ ਕੈਦ' ਕਹਾਣੀ ਵਿੱਚ ਜਦ ਇੱਕ ਜੱਜ ਦੇ ਸਾਹਮਣੇ ਉਸ ਦੀ ਸਾਬਕਾ ਪ੍ਰੇਮਿਕਾ ਮੁਜਰਿਮ ਦੇ ਰੂਪ ਵਿੱਚ ਕਟਹਿਰੇ ਵਿੱਚ ਖੜ੍ਹੀ ਹੁੰਦੀ ਹੈ ਤਾਂ ਉਹ ਆਪਣੇ ਪੈੱਨ ਦੇ ਪਿਛਲੇ ਪਾਸੇ ਨੂੰ ਮੂੰਹ ਵਿੱਚ ਪਾ ਕੇ ਕੁਝ ਸੋਚਦਾ ਹੈ। ਜਦ ਕਿ ਜੱਜ ਕਦੇ ਵੀ ਬੱਚੇ ਵਾਂਗ ਪੈੱਨ ਮੂੰਹ 'ਚ ਪਾ ਕੇ ਨਹੀਂ ਸੋਚੇਗਾ ਚਾਹੇ ਕਟਹਿਰੇ 'ਚ ਉਸ ਦੇ ਸਾਹਮਣੇ ਕੋਈ ਵੀ ਖੜ੍ਹਾ ਹੋਵੇ। ਅਸਲ ਵਿਚ ਲੇਖਕ ਤੋਂ ਅਚੇਤ ਹੀ ਉਪਭਾਵੁਕਤਾ ਅਧੀਨ ਅਜਿਹਾ ਲਿਖਿਆ ਗਿਆ, ਸ਼ਾਇਦ ਇੱਥੇ ਉਹ ਆਪਣੇ ਮਨ ਵਿੱਚ ਜੱਜ ਦੀ ਥਾਂ 'ਤੇ ਆਪਣੇ ਆਪ ਨੂੰ ਅਤੇ ਕਟਹਿਰੇ ਵਿੱਚ ਆਪਣੀ ਪ੍ਰੇਮਿਕਾ ਨੂੰ

ਫ਼ਿੱਟ ਕਰ ਬੈਠਾ। ਇਸੇ ਤਰ੍ਹਾਂ 'ਰਿਸ਼ਵਤ' ਕਹਾਣੀ ਦਾ ਸਿਰਲੇਖ ਪਹਿਲਾਂ ਹੀ ਸਾਰਾ ਭੇਦ ਖੋਲ੍ਹ ਦਿੰਦਾ ਹੈ ਅਤੇ ਕਹਾਣੀ ਦਾ ਪ੍ਰਭਾਵ ਬੱਝਵਾਂ ਨਹੀਂ ਪੈਂਦਾ। ਜੇ ਕਹਾਣੀ ਦਾ ਸਿਰਲੇਖ 'ਉਪਾਧੀ' ਜਾਂ 'ਭਗਤ' ਜਾਂ ਫਿਰ ਕੁੱਝ ਹੋਰ ਹੁੰਦਾ ਤਾਂ ਇਸ ਦਾ ਰਹੱਸ ਕਾਇਮ ਰਹਿ ਸਕਣ ਦੀ ਸੰਭਾਵਨਾ ਜ਼ਿਆਦਾ ਸੀ। 'ਅਹਿਮੀਅਤ' ਨਾਂ ਦੀ ਕਹਾਣੀ ਵਿੱਚ ਇੱਕ ਵਾਕ ਹੈ, ''ਪਿਆਰ ਦੀ ਮਹਿਕ ਅਤੇ ਫੁੱਲ ਦੀ ਮਹਿਕ ਰਲ਼ ਗੱਡ ਹੋ ਜਾਣਗੀਆਂ ਤੇ ਤੈਨੂੰ ਇਹਦਾ ਸਰੂਰ ਚੜ੍ਹਿਆ ਰਹੇਗਾ।'' ਜੇ ਇਸ ਵਾਕ ਨੂੰ ਇੰਝ ਲਿਖ ਦਿੱਤਾ ਜਾਂਦਾ ''ਪਿਆਰ ਦੀ ਮਹਿਕ ਅਤੇ ਫੁੱਲ ਦੀ ਸੁਗੰਧੀ ਰਲ਼ ਗੱਡ ਹੋ ਜਾਣਗੀਆਂ.....'' ਤਾਂ ਇਸ ਫ਼ਿਕਰੇ ਦੀ ਖ਼ੂਬਸੂਰਤੀ ਦੁੱਗਣੀ ਹੋ ਜਾਣੀ ਸੀ। ਉਪਰੋਕਤ ਛੋਟੀਆਂ-ਛੋਟੀਆਂ ਗ਼ਲਤੀਆਂ ਦੂਰ ਹੋ ਸਕਦੀਆਂ ਸਨ ਜੇ ਕਾਹਲ਼ੀ ਤੋਂ ਕੰਮ ਨਾ ਲਿਆ ਜਾਂਦਾ।

ਸਤਵੰਤ ਕੌਂਥ

'ਕੀੜੀਆਂ ਦਾ ਭੌਣ' ਸਤਵੰਤ ਕੌਂਥ ਦਾ ਦੂਜਾ ਮਿੰਨੀ ਕਹਾਣੀ ਸੰਗ੍ਰਹਿ ਹੈ ਜੋ ਕਿ 1986 ਵਿੱਚ ਪ੍ਰਕਾਸ਼ਿਤ ਹੋਇਆ। ਇਸ ਵਿੱਚ 56 ਮਿੰਨੀ ਕਹਾਣੀਆਂ ਦਰਜ ਹਨ। ਇਸ ਤੋਂ ਪਹਿਲਾਂ ਇਸੇ ਲੇਖਕ ਦੀ ਪੁਸਤਕ 'ਬਰਫ਼ੀ ਦਾ ਟੁਕੜਾ' (1972) ਨੂੰ ਪਜਾਬੀ ਸਾਹਿਤ ਵਿੱਚ ਪਹਿਲਾ ਮਿੰਨੀ ਕਹਾਣੀ ਸੰਗ੍ਰਹਿ ਹੋਣ ਦਾ ਸਤਿਕਾਰਯੋਗ ਦਰਜਾ ਪ੍ਰਾਪਤ ਹੈ।

'ਬਰਫ਼ੀ ਦਾ ਟੁਕੜਾ' ਜ਼ਿਆਦਾ ਘਟਨਾ-ਪ੍ਰਧਾਨ ਕਹਾਣੀਆਂ ਨਾਲ਼ ਭਰਪੂਰ ਹੈ ਪਰੰਤੂ ਉਮਰ ਦੇ ਲਿਹਾਜ਼ ਨਾਲ਼ ਲੇਖਕ ਦੀ ਬੌਧਿਕ ਸ਼ਕਤੀ 'ਚ ਵੀ ਵਾਧਾ ਹੋਣ ਨਾਲ਼ ਚੌਦਾਂ ਸਾਲਾਂ ਦੇ ਵੱਡੇ ਖੱਪੇ (1972 ਤੋਂ 1986) ਵਿੱਚ ਉਸ ਦੇ ਵਿਚਾਰਾਂ ਦਾ ਜ਼ਿਆਦਾ ਸੁਦ੍ਰਿੜ ਹੋਣਾ ਸੁਭਾਵਿਕ ਹੈ, ਉਸ ਦੀਆਂ ਰਚਨਾਵਾਂ ਵਿੱਚ ਭਾਵੁਕਤਾ ਅਤੇ ਅਸੁਭਾਵਕ ਅੰਸ਼ਾਂ ਦੀ ਹੋਂਦ ਅਲੋਪ ਹੋ ਗਈ ਹੈ, ਇੱਕ-ਪੱਖੀ ਵਿਚਾਰ ਕਾਫ਼ੀ ਹੱਦ ਤੱਕ ਸੰਤੁਲਿਤ ਹੋ ਗਏ ਹਨ, ਪਰਿਸਥਿਤੀਆਂ ਦਾ ਵਿਸ਼ਲੇਸ਼ਣ ਕਰਨ ਵਾਲ਼ੀ ਉਸ ਦੀ ਨਜ਼ਰ ਹੋਰ ਸੂਖਮ ਹੋਈ ਹੈ, ਦੋਹਰੇ ਵਿਅਕਤੀਤਵ ਦੀ ਸਿਆਸਤ ਹੁਣ ਉਸ ਨੂੰ ਜ਼ਿਆਦਾ ਧੂਹ ਨਹੀਂ ਪਾਉਂਦੀ—ਉਹ ਸ਼ਾਇਦ ਇਸ ਨੂੰ ਪੂੰਜੀਵਾਦੀ ਯੁੱਗ ਵਿਚਲੇ ਮਨੁੱਖ ਲਈ ਸਮਾਜ ਵਿੱਚ ਵਿਚਰਨ ਵਾਸਤੇ ਜ਼ਰੂਰੀ ਮੰਨਣ ਲੱਗ ਪਿਆ ਹੈ, ਮਰਦ ਔਰਤ ਦੇ ਸਿਰਫ਼ ਜਿਨਸੀ ਸੰਬੰਧਾਂ ਦੇ ਬਾਰੇ ਹੀ ਵਿਚਾਰ ਪ੍ਰਗਟ ਕਰਨ ਦੀ ਥਾਂ ਉਹ ਇਸ ਰਿਸ਼ਤੇ ਨੂੰ ਹੋਰ ਦ੍ਰਿਸ਼ਟੀਕੋਣਾਂ ਤੋਂ ਵੀ ਵਾਚਣ ਲਗ ਪਿਆ ਹੈ, ਘਟਨਾ-ਪ੍ਰਧਾਨ ਕਹਾਣੀਆਂ ਦੀ ਥਾਂ ਉਹ ਵਿਚਾਰ-ਪ੍ਰਧਾਨ ਕਹਾਣੀਆਂ ਵੱਲ ਰੁਚਿਤ ਹੋਇਆ ਹੈ, ਵਾਰਤਕ ਵਿੱਚ ਉਸ ਨੇ ਕਾਵਿਕ-ਸ਼ੈਲੀ ਨੂੰ ਅਪਨਾਉਣ ਦੀ ਵੀ ਸਫ਼ਲ ਕੋਸ਼ਿਸ਼ ਕੀਤੀ ਹੈ (ਸੰਗ੍ਰਹਿ ਦੀਆਂ ਪਹਿਲੀਆਂ ਸਿਰਲੇਖਹੀਣ ਅਠਾਈ ਮਿੰਨੀ ਕਹਾਣੀਆਂ ਲੇਖਕ ਦੇ ਵਿਚਾਰਾਂ ਦਾ ਕਾਵਿਮਈ ਬਿਆਨ ਹਨ)।

ਵਰਤਮਾਨ ਪੂੰਜੀਵਾਦੀ ਯੁੱਗ ਵਿੱਚ ਮਨੁੱਖ ਅੰਤਰਮੁਖੀ (Introvert) ਹੁੰਦਾ ਜਾ ਰਿਹਾ ਹੈ। ਸਤਵੰਤ ਕੌਂਥ ਵੀ ਅੰਤਰਮੁਖੀ ਦ੍ਰਿਸ਼ਟੀ ਧਾਰਨ ਕਰਦਾ ਜਾਪਦਾ ਹੈ। ਹਥਲੇ ਮਿੰਨੀ ਕਹਾਣੀ ਸੰਗ੍ਰਹਿ ਵਿੱਚ ਦੁਬਿਧਾ 'ਚ ਫ਼ਸੇ ਮਨੁੱਖ ਦੀ 'ਚੁੱਪ' ਅਤੇ 'ਸੋਚ' ਨੂੰ ਵਿਸ਼ਾ ਬਣਾ ਕੇ ਲਿਖੀਆਂ ਗਈਆਂ ਕਹਾਣੀਆਂ ਦੀ ਭਰਮਾਰ ਹੈ ਜਿਨ੍ਹਾਂ ਵਿੱਚ ਲੇਖਕ ਦਾ ਅੰਤਰਬੋਧ ਤਾਂ ਅੰਤਰਮੁਖੀ ਹੈ ਹੀ ਸਗੋਂ ਉਸ ਦੇ ਵਿਚਾਰਾਂ ਦੀ ਅਭਿਵਿਅਕਤੀ ਵੀ ਅੰਤਰਮੁਖੀ ਹੋ ਨਿੱਬੜੀ ਹੈ। ਮਿਸਾਲ ਵਜੋਂ ਕਹਾਣੀ ਨੰਬਰ—ਇੱਕ, ਤਿੰਨ, ਸੋਲਾਂ, ਸਤਾਰਾਂ, ਅਠਾਰਾਂ, ਅਠਾਈ, 'ਗਿਲਾ', 'ਤੂੰ ਗੁੱਸਾ ਤਾਂ ਨਹੀਂ ਕਰੇਂਗੀ' (ਚੁੱਪ ਬਾਬਤ) ਅਤੇ ਕਹਾਣੀ ਨੰਬਰ—ਦੋ, ਪੰਜ, ਸੱਤ, ਅੱਠ, ਨੌਂ, ਦਸ, ਬਾਰਾਂ, ਪੰਦਰਾਂ, ਛੱਬੀ, 'ਜੀ ਆਇਆਂ ਨੂੰ', 'ਜ਼ਹਿਰ', 'ਇੱਜ਼ਤ ਵਾਲੇ', 'ਝੂਠੇ ਪ੍ਰਛਾਵੇਂ', 'ਕੀ ਬਹਾਨਾ

ਕਰਾਂ', 'ਅਮਾਨਤ', 'ਜਵਾਨ ਸੋਚ' (ਸੋਚ ਬਾਬਤ) ਆਦਿ ਕਹਾਣੀਆਂ ਵਾਚੀਆਂ ਜਾ ਸਕਦੀਆਂ ਹਨ।

''ਸਿਰਫ਼ ਔਰਤ ਹੀ ਬੇਵਫ਼ਾ'' ਜਾਂ ਕਸੂਰਵਾਰ ਜਿਹੀ ਜੰਗੀਰੂ ਸੋਚ ਤੋਂ ਲੇਖਕ ਪੂਰੀ ਤਰ੍ਹਾਂ ਮੁਕਤ ਤਾਂ ਨਹੀਂ ਹੋ ਸਕਿਆ, ਉਸ ਦੀ ਇਸ ਸੋਚ ਦੀ ਸ਼ਿੱਦਤ ਕਾਫ਼ੀ ਘੱਟ ਜ਼ਰੂਰ ਹੋਈ ਹੈ। ਕਹਾਣੀਆਂ ਨੰਬਰ—ਛੇ, ਅੱਠ, ਬਾਰਾਂ, ਵੀਹ, 'ਝੂਠੇ ਪ੍ਰਛਾਵੇਂ'' ਉਸ ਦੀ ਇਸ ਉਪਰੋਕਤ ਸੋਚ ਦਾ ਹੀ ਸਿੱਟਾ ਹਨ।

ਸੰਗ੍ਰਹਿ ਵਿਚਲੀ ਮਿੰਨੀ ਕਹਾਣੀ 'ਆਜ਼ਾਦੀ ਦਿਵਸ' ਦਾ ਜ਼ਿਕਰ ਵਿਸ਼ੇਸ਼ ਤੌਰ 'ਤੇ ਕਰਨਾ ਬਣਦਾ ਹੈ ਜਿਸ ਵਿੱਚ ਔਰਤ ਦੀ ਸ਼ਾਦੀ ਤੋਂ ਸ਼ਾਅਦ ਦੀ ਸਥਿਤੀ (ਉਸ 'ਤੇ ਆਜ਼ਾਦ ਵਿਚਰਨ ਉੱਤੇ ਬੰਧਨ ਆਦਿ) ਨੂੰ ਆਜ਼ਾਦੀ ਦਿਵਸ ਨਾਲ਼ ਤੁਲਨਾ ਕੇ ਦਰਸਾਇਆ ਗਿਆ ਹੈ। ਇਸ ਵਿੱਚ ਲੇਖਕ ਦੇ ਵਿਚਾਰ ਦੀ ਪੇਸ਼ਕਾਰੀ ਇੰਨੇ ਸ਼ਕਤੀਸ਼ਾਲੀ ਢੰਗ ਨਾਲ਼ ਹੋਈ ਹੈ ਕਿ ਇਹ ਇੱਕ ਬਹੁਤ ਹੀ ਵਧੀਆ ਅਤੇ ਸਫ਼ਲ ਕਹਾਣੀ ਹੋ ਨਿੱਬੜੀ ਹੈ। ਇਸੇ ਤਰ੍ਹਾਂ ਇੱਕੀ ਨੰਬਰ ਕਹਾਣੀ ਵਿੱਚ ਲੇਖਕ ਨੇ ਕਾਲੇ. ਰੰਗ ਨੂੰ ਪ੍ਰੇਮ ਵਿੱਚ ਅਸਫ਼ਲਤਾ ਦੇ ਚਿੰਨ੍ਹ ਵਜੋਂ ਇੰਨੇ ਸਾਦੇ ਪਰ ਖ਼ੂਬਸੂਰਤ ਸ਼ਬਦਾਂ ਵਿੱਚ ਬੰਨ੍ਹਿਆ ਹੈ ਕਿ ਉਸ ਦੀ ਰੂਪਕ ਤਕਨੀਕ ਨੂੰ ਵਰਤਣ ਦੀ ਪ੍ਰਤਿਭਾ ਦੀ ਦਾਦ ਦੇਣੀ ਬਣਦੀ ਹੈ।

ਕੁੱਝ ਕਹਾਣੀਆਂ ਨੂੰ ਲੇਖਕ ਨਿਰੋਲ ਲਤੀਫ਼ੇ ਬਣਾ ਗਿਆ ਹੈ ਜਦਕਿ ਇਸ ਗੱਲ ਤੋਂ ਬਚਣ ਦੀਆਂ ਸੰਭਾਵਨਾਵਾਂ ਮੌਜੂਦ ਸਨ। ਇਸੇ ਲਈ ਲਤੀਫ਼ੇ ਦਾ ਪ੍ਰਭਾਵ ਸਿਰਜਣ ਵਾਲੀਆਂ ਕਹਾਣੀਆਂ ਸੰਗ੍ਰਹਿ ਦੀਆਂ ਕਮਜ਼ੋਰ ਕਹਾਣੀਆਂ ਸਿੱਧ ਹੋਈਆਂ ਹਨ, ਜਿਵੇਂ ਕਹਾਣੀ ਨੰਬਰ—ਤੇਰਾਂ, 'ਡਰ', 'ਤੜਕਾ,' 'ਭੇਦ ਭਰੀ ਗੱਲ', 'ਜਵਾਨ ਸੋਚ', 'ਡਿਗਰੀ' ਆਦਿ। ਪਰ ਸਮੁੱਚੇ ਅਧਿਐਨ ਤੋਂ ਬਾਅਦ ਅਸੀਂ ਇਹ ਕਹਿ ਸਕਦੇ ਹਾਂ ਕਿ ਸਤਵੰਤ ਕੌਂਥ ਨਿਰਸੰਦੇਹ ਮਿੰਨੀ ਕਹਾਣੀ ਲੇਖਕਾਂ ਦੇ ਮੋਢੀਆਂ ਦੀ ਮੁਢਲੀ ਕਤਾਰ ਵਿੱਚ ਖੜ੍ਹਨ ਦਾ ਹੱਕਦਾਰ ਹੈ।

ਕਰਮਵੀਰ ਸਿੰਘ

ਕਰਮਵੀਰ ਸਿੰਘ ਦਾ ਮਿੰਨੀ ਕਹਾਣੀ ਸੰਗ੍ਰਹਿ 'ਨਿੱਕੀਆਂ ਗੱਲਾਂ ਵੱਡੀਆਂ ਗੱਲਾਂ' 1986 ਵਿੱਚ ਛਪਿਆ। ਇਸ ਵਿੱਚ 27 ਮਿੰਨੀ ਕਹਾਣੀਆਂ ਦਰਜ ਹਨ। ਲੇਖਕ ਪੂੰਜੀਵਾਦੀ ਯੁੱਗ ਵਿਚਲੀਆਂ ਸੰਗਤੀਆਂ ਵਿਸੰਗਤੀਆਂ ਦਾ ਸੰਤਾਪ ਭੋਗਦਾ ਹੋਇਆ ਆਪਣੇ ਕੌੜੇ ਕਸੈਲੇ., ਤਜਰਬਿਆਂ ਦਾ ਵਰਨਣ ਮਹਾਂਨਗਰੀ ਚੇਤਨਤਾ ਦੀ ਸਹਾਇਤਾ ਨਾਲ਼ ਇਸ ਤਰ੍ਹਾਂ ਕਰਦਾ ਹੈ ਕਿ ਉਸਦੀਆਂ ਮਿੰਨੀ ਕਹਾਣੀਆਂ ਕਠੋਰ ਯਥਾਰਥ ਦੀ ਸਫ਼ਲ ਤਸਵੀਰਕਸ਼ੀ ਹੋ ਨਿੱਬੜਦੀਆਂ ਹਨ। ਉਸ ਦੇ ਚਿਤ੍ਰਾਂ ਵਿੱਚ ਵੰਨ-ਸੁਵੰਨਤਾ ਹੈ। ਉਹ ਅੰਤਰਮੁਖੀ ਵੀ ਨਹੀਂ ਹੈ ਸਗੋਂ ਸਮਾਜ ਨਾਲ਼ ਪੂਰੀ ਤਰ੍ਹਾਂ ਜੁੜਿਆ ਹੋਇਆ ਹੈ। ਉਸ ਦੇ ਸਥਿਤੀਆਂ/ਪਰਿਸਥਿਤਆਂ ਵਿੱਚ ਵਿਚਰਦੇ ਪਾਤਰ ਵਿਭਿੰਨਤਾ ਰੱਖਦੇ ਹਨ ਪਰੰਤੂ ਉਹ ਆਪਣੇ ਪਾਤਰ ਦੀ ਮਾਨਸਿਕਤਾ ਦਾ ਸੂਖਮਤਾ ਸਹਿਤ ਵਿਸ਼ਲੇਸ਼ਣ ਕਰਨ ਤੋਂ ਜ਼ਰਾ ਕੁ ਉਰੇ ਰਹਿ ਜਾਂਦਾ ਹੈ।

ਉਤਪਾਦਨ ਸਾਧਨਾਂ ਦੁਆਰਾ ਕੀਤੀ ਜਾਦੀ ਪੈਦਾਵਾਰ ਦੀ ਕਾਣੀ ਵੰਡ ਕਾਰਨ ਹੀ ਸਾਡੇ ਦੇਸ਼ 'ਚ ਲੱਖਾਂ ਕਰੋੜਾਂ ਲੋਕ ਗ਼ਰੀਬੀ ਰੇਖਾ ਤੋਂ ਕਿਤੇ ਥੱਲੇ ਹਨ। ਬੱਚਿਆਂ ਨੂੰ ਦਿਨ ਵਿੱਚ ਸਿਰਫ਼

ਇੱਕ ਡੰਗ ਰੁੱਖਾ ਟੁੱਕਰ ਜੁੜ ਦਾ ਹੈ। ਇਨਸਾਨ ਦੀ ਕੀਮਤ ਰੋਟੀ ਦੇ ਇਕ ਸੁੱਕੇ ਟੁਕੜੇ ਨਾਲੋਂ ਵੀ ਨਿਗੂਣੀ ਰਹਿ ਗਈ ਹੈ। ਪੰਜ-ਪੰਜ ਰੁਪਏ ਪਿਛੇ ਕਤਲ ਹੋ ਜਾਂਦੇ ਹਨ। ਇਸੇ ਪਰਿਸਥਿਤੀ ਦਾ ਵਿਅੰਗਮਈ ਵਰਨਣ ਜੇ ਮੋਹਨ ਸ਼ਰਮਾ ਦੀ ਮਿੰਨੀ ਕਹਾਣੀ 'ਦ੍ਰਿਸ਼ਟੀਕੋਣ' ਵਿੱਚ ਇੱਕ ਬੱਚਾ ਕਰਦਾ ਹੈ ਤਾਂ ਕਰਮਵੀਰ ਸਿੰਘ ਦੀ ਮਿੰਨੀ ਕਹਾਣੀ 'ਵਰਦਾਨ' ਵਿੱਚ ਇਕ ਔਰਤ ਕਹਿੰਦੀ ਹੈ, ''ਮੈਂ ਤਾਂ ਕਹਿੰਦੀ ਆਂ ਹਮੇਸ਼ਾ ਹੀ ਹੜ੍ਹ ਆਏ ਰਹਿਣ! ਇੰਝ ਸਾਡੀ ਪੁੱਛ ਪ੍ਰਤੀਤ ਤਾਂ ਹੁੰਦੀ ਆ। ਉਂਜ ਕੌਣ ਪੁੱਛਦਾ ਸੀ ਸਾਨੂੰ। ਕੌਣ ਰਹਿਮ ਖਾਂਦਾ ਸੀ ਸਾਡੇ 'ਤੇ। ਬੜੇ ਸੁਖੀ ਆਂ ਹੁਣ।''

ਹਰ ਇਨਸਾਨ ਅੰਦਰ ਇੱਕ ਹੈਵਾਨ ਜ਼ਰੂਰ ਹੁੰਦਾ ਹੈ ਜੋ ਮੌਕਾ ਪੈਣ 'ਤੇ ਹੀ ਬਾਹਰ ਆਉਂਦਾ ਹੈ। ਜੇ ਕਿਸੇ ਮਨੁੱਖ ਦਾ ਹੈਵਾਨ ਜ਼ਿਆਦਾ ਦੇਰ ਪ੍ਰਤੱਖ ਰਹਿੰਦਾ ਹੈ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਉਸ ਵਿਚਲਾ ਇਨਸਾਨ ਕਦੇ ਮੁੜ ਜਾਗ ਨਹੀਂ ਸਕਦਾ। ਇਸੇ ਤਰ੍ਹਾਂ ਜਿਸ ਪੁਰਖ ਵਿਚਲਾ ਇਨਸਾਨ ਜ਼ਿਆਦਾ ਦੇਰ ਪ੍ਰਤੱਖ ਰਹਿੰਦਾ ਹੈ ਤਾਂ ਇਸ ਦਾ ਅਰਥ ਇਹ ਨਹੀਂ ਕੱਢ ਲਿਆ ਜਾਣਾ ਚਾਹੀਦਾ ਕਿ ਉਸ ਵਿਚਲਾ ਹੈਵਾਨ ਮਰ ਚੁੱਕਿਆ ਹੈ। ਇਸੇ ਵਿਸ਼ੇ ਨੂੰ ਸਫਲਤਾ ਸਹਿਤ ਪ੍ਰਗਟਾਉਂਦੀ ਲੇਖਕ ਦੀ ਕਹਾਣੀ 'ਮਨ ਆਉਣ 'ਤੇ' ਹੈ।

ਭਾਰਤੀ ਸਭਿਆਚਾਰ ਵਿੱਚ ਵਿਆਹ ਦਾ ਰਿਸ਼ਤਾ ਬੜਾ ਪਵਿੱਤਰ ਮੰਨਿਆ ਗਿਆ ਹੈ। ਇਸ ਰਿਸ਼ਤੇ ਨੂੰ ਸਵਰਗ ਵਿੱਚ ਜੋੜਿਆ ਅਤੇ ਦੋ ਪਾਕ ਰੂਹਾਂ ਦਾ ਮਿਲਨ ਸਮਝ ਕੇ ਸਤਿਕਾਰਿਆ ਜਾਂਦਾ ਹੈ। ਪਰੰਤੂ ਆਧੁਨਿਕਤਾ ਦੇ ਪਰਦੇ ਹੇਠ ਅਮੀਰ ਸ਼੍ਰੇਣੀ ਆਪਣੀਆਂ ਸਭਿਆਚਾਰਕ ਕਦਰਾਂ ਕੀਮਤਾਂ ਨੂੰ ਭੁੱਲਦੀ ਜਾ ਰਹੀ ਹੈ। ਕਹਾਣੀ 'ਕੁੱਤਾ-ਰਿਸ਼ਤਾ' ਵਿੱਚ ਕੁੜੀ ਵਾਲੇ ਮੁੰਡੇ ਵਾਲਿਆਂ ਦੀ ਵਿਦੇਸ਼ੀ ਕੁੱਤਾ ਭੇਜਣ ਦੀ ਮੰਗ ਨੂੰ ਜਲਦੀ ਪੂਰਾ ਨਹੀਂ ਕਰ ਸਕਦੇ ਤਾਂ ਇਸੇ ਗੱਲ ਨੂੰ ਆਧਾਰ ਬਣਾ ਕੇ ਮੁੰਡੇ ਵਾਲੇ ਰਿਸ਼ਤਾ ਤੋੜ ਦਿੰਦੇ ਹਨ। ਲੇਖਕ ਉਪਰੋਕਤ ਕਹਾਣੀ ਵਿੱਚ ਥੋਦੀਆਂ ਥੋਥੀਆਂ ਕਥਿਤ ਆਧੁਨਿਕ ਯੁੱਗ ਦੀਆਂ ਕਦਰ ਕੀਮਤਾਂ 'ਤੇ ਸੁਚੇਤ ਜਾਂ ਅਚੇਤ ਤਿੱਖਾ ਵਿਅੰਗ ਕਸ ਗਿਆ ਹੈ।

''ਵਾੜ ਖੇਤ ਨੂੰ ਖਾਂਦੀ ਹੈ'' ਦਾ ਮੁਹਾਵਰਾ ਸਾਡੇ ਦੇਸ ਦੇ ਪੁਲਿਸ ਮਹਿਕਮੇ 'ਤੇ ਖ਼ੂਬ ਢੁਕਦਾ ਹੈ। ਉਹ 'ਪੈਸਾ ਕੀ ਕੁਝ ਕਰਾਂਦਾ ਹੈ', 'ਪੁਲ਼ ਦੇ ਹੇਠਾਂ-ਉੱਤੇ', 'ਅੱਡੇ ਹੋਏ ਮੂੰਹ' ਆਦਿ ਕਹਾਣੀਆਂ ਰਾਹੀਂ ਪਾਠਕਾਂ ਨੂੰ ਪੁਲਿਸ ਦੁਆਰਾ ਕੀਤੇ ਜਾਂਦੇ ਅਣਉਚਿਤ ਵਿਹਾਰ ਅਤੇ ਰਿਸ਼ਵਤ-ਖ਼ੋਰੀ ਵਿਰੁੱਧ ਜੂਝਣ ਲਈ ਅਸਿੱਧੇ ਢੰਗ ਨਾਲ਼ ਸਲਾਹ ਵੀ ਦਿੰਦਾ ਅਤੇ ਪ੍ਰੇਰਦਾ ਵੀ ਹੈ। ਪੰਜਾਬ ਦੇ ਮੌਜੂਦਾ ਹਾਲਾਤਾਂ ਦੇ ਸਿੱਟੇ ਵਜੋਂ ਦਿਲਾਂ ਵਿੱਚ ਜੋ ਫ਼ਰਕ ਪੈ ਗਏ ਹਨ ਉਨ੍ਹਾਂ ਦੀ ਕਲਾਤਮਕ ਪੇਸ਼ਕਾਰੀ ਦੀ ਕੋਸ਼ਿਸ਼ 'ਵਿੱਥਾਂ' ਕਹਾਣੀ ਵਿੱਚ ਹੈ।

ਕਰਮਵੀਰ ਸਿੰਘ ਭਾਵੇਂ ਨਿੱਜ ਤੋਂ ਪੂਰੀ ਤਰ੍ਹਾਂ ਟੁੱਟ ਕੇ ਪਰ ਦੀ ਹੀ ਗੱਲ ਕਰਦਾ ਹੈ ਪਰੰਤੂ ਕਲਾਤਮਕਤਾ ਦੀ ਘਾਟ ਕਾਰਨ ਉਸਦੀਆਂ ਜ਼ਿਆਦਾ ਕਹਾਣੀਆਂ ਨਿਰੋਲ ਘਟਨਾ—ਵਰਨਣ ਬਣ ਕੇ ਰਹਿ ਗਈਆਂ ਹਨ। ਜੇ ਨਿਭਾਅ ਵਿੱਚ ਥੋੜ੍ਹੀ ਜਿੰਨੀ ਵੀ ਸਾਵਧਾਨੀ ਹੋਰ ਵਰਤੀ ਜਾਂਦੀ ਤਾਂ ਨਿਸਚਿਤ ਰੂਪ ਵਿੱਚ ਇਸ ਸੰਗ੍ਰਹਿ ਦੀਆਂ ਕਹਾਣੀਆਂ ਉੱਚ-ਪਾਏ ਦੀਆਂ ਹੋ ਨਿੱਬੜਨੀਆਂ ਸਨ।

ਮਿੰਨੀ ਕਹਾਣੀ ਵਿੱਚ ਕਿਸੇ ਪਾਤਰ ਦੇ ਚਰਿੱਤ੍ਰ-ਚਿਤ੍ਰਣ ਲਈ ਵਿਸਥਾਰ ਵਿੱਚ ਨਾ ਜਾ ਕੇ ਸਿਰਫ਼ ਇਸ਼ਾਰਾ ਹੀ ਕਾਫ਼ੀ ਹੁੰਦਾ ਹੈ। ਕਰਮਵੀਰ ਸਿੰਘ ਦਾ ਪਾਤਰ ਦੇ ਚਰਿੱਤਰ ਵੱਲ ਇਸ਼ਾਰਾ ਕਰਨ ਦਾ ਢੰਗ ਬਹੁਤ ਖ਼ੂਬਸੂਰਤ ਹੈ। ਉਹ ਅਵੱਲ ਤਾਂ ਆਪਣੇ ਪਾਤਰਾਂ ਦਾ ਵਾਹ ਲਗਦੇ ਕੋਈ ਨਾਮ ਨਹੀਂ ਰੱਖਦਾ ਅਤੇ ਜੇ ਕਿਤੇ ਰੱਖਣਾ ਵੀ ਪੈ ਜਾਂਦਾ ਹੈ ਤਾਂ ਉਹ ਨਾਮ ਪ੍ਰਤੀਕਾਤਮਕ ਹੁੰਦਾ ਹੈ ਜਿਵੇਂ ਨਹਿਲਾ ਜਾਂ ਦਹਿਲਾ, ਓ ਜਾਂ ਅ ਆਦਿ।

ਜਿੰਦਰ

ਜਿੰਦਰ ਅਤੇ ਨਿਰੰਜਣ ਬੋਹਾ ਦੁਆਰਾ ਸਾਂਝੇ ਰੂਪ ਵਿੱਚ ਸੰਪਾਦਿਤ ਮਿੰਨੀ ਕਹਾਣੀ ਸੰਗ੍ਰਹਿ 'ਹੜਤਾਲ ਜਾਰੀ ਹੈ' 1987 ਈ: ਦੇ ਆਰੰਭ ਵਿੱਚ ਪਾਠਕਾਂ ਦੇ ਹੱਥਾਂ ਵਿੱਚ ਪਹੁੰਚਿਆ ਸੀ। ਉਹ ਕੋਈ ਨਿਵੇਕਲਾ ਪ੍ਰਭਾਵ ਸਿਰਜਣੋਂ ਤਾਂ ਅਸਮਰੱਥ ਰਿਹਾ ਸੀ ਪਰ ਉਹ ਪੰਜਾਬੀ ਮਿੰਨੀ ਕਹਾਣੀ ਦੇ ਇਤਿਹਾਸ ਵਿੱਚ ਗਿਣਾਤਮਕ ਵਾਧਾ ਜ਼ਰੂਰ ਸੀ। ਹੁਣ ਸਾਲ 1987 ਦੇ ਅੰਤ (ਨਵੰਬਰ) ਵਿੱਚ ਜਿੰਦਰ ਦਾ ਮੌਲਿਕ ਮਿੰਨੀ ਕਹਾਣੀ ਸੰਗ੍ਰਹਿ 'ਨਾਅਰਾ' ਪ੍ਰਕਾਸ਼ਿਤ ਹੋਇਆ ਹੈ ਜਿਸ ਵਿੱਚ ਲੇਖਕ ਨੇ 43 ਮਿੰਨੀ ਕਹਾਣੀਆਂ ਦਰਜ ਕੀਤੀਆਂ ਹਨ।

'ਅਰਾਜਕਤਾ' ਜਿੰਦਰ ਦੀਆਂ ਲਗਭਗ ਸਾਰੀਆਂ ਮਿੰਨੀ ਕਹਾਣੀਆਂ ਦਾ ਕੇਂਦਰੀ ਭਾਵ ਹੈ—ਇਹ ਅਰਾਜਕਤਾ ਕੇਵਲ ਰਾਜਨੀਤਿਕ ਹੀ ਨਹੀਂ ਇਹ ਸਮਾਜਕ, ਆਰਥਿਕ, ਧਾਰਮਿਕ ਤੇ ਸਭ ਤੋਂ ਵੱਧ ਮਾਨਸਿਕ ਹੈ। ਇਸ ਸਭ ਪ੍ਰਕਾਰ ਦੀ ਅਰਾਜਕਤਾ ਨੂੰ ਉਹ ਆਪਣੀ ਕਲਮ ਦੁਆਰਾ ਮੂਰਤੀਮਾਨ ਕਰਨ ਵਿੱਚ ਪੂਰੀ ਤਰ੍ਹਾਂ ਕਾਮਯਾਬ ਹੋਇਆ ਹੈ। ਹਰ ਚੇਤੰਨ ਲੇਖਕ ਵਾਂਗ ਉਸ ਦੀ ਨਜ਼ਰ ਵੀ ਪਰਿਸਥਿਤੀ ਪਿਛਲੇ ਸੱਚ ਨੂੰ ਤਲਾਸ਼ ਕਰਨ ਵੱਲ ਰੁਚਿਤ ਰਹਿੰਦੀ ਹੈ—ਉਸ ਸੱਚ ਨੂੰ ਉਹ ਵਫ਼ਾਦਾਰੀ ਨਾਲ਼ ਬਿਨਾ ਕਿਸੇ ਡਰ ਦੇ, ਸ਼ਿੱਦਤ ਨਾਲ਼ ਵਿਅੰਗਾਤਮਕ ਸੁਰ ਵਿੱਚ ਪੇਸ਼ ਵੀ ਕਰ ਦਿੰਦਾ ਹੈ। ਉਸ ਦੀ ਇਹੀ ਪਰਦੇ ਪਿਛਲੇ ਸੱਚ ਨੂੰ ਬੇਲਾਗ ਹੋ ਕੇ ਚਿਤ੍ਰਣ ਦੀ ਵਫ਼ਾਦਾਰੀ ਜਨ-ਸਾਧਾਰਨ ਨੂੰ ਆਪਣੇ ਵੱਲ ਖਿੱਚ ਪਾਉਂਦੀ ਹੈ। ਉਸ ਦੀਆਂ ਮਿੰਨੀ ਕਹਾਣੀਆਂ ਵਿੱਚ ਮਹਾ-ਨਗਰੀ ਚੇਤਨਾ ਨਾਲ਼ ਓਤਪੋਤ ਆਧੁਨਿਕਤਾ ਦਾ ਸਾਗਰ ਵੀ ਠਾਠਾਂ ਮਾਰਦਾ ਦਿਸਦਾ ਹੈ ਅਤੇ ਆਪਣੇ ਪਾਠਕਾਂ ਨੂੰ ਉਹ ਪੰਜਾਬੀ ਪੇਂਡੂ ਜੀਵਨ ਦੇ ਝਲਕਾਰਿਆਂ ਦਾ ਦੀਦਾਰ ਵੀ ਬਖ਼ੂਬੀ ਕਰਵਾ-ਉਂਦਾ ਹੈ। ਇਸ ਸੰਗ੍ਰਹਿ ਵਿੱਚ ਜਿੰਦਰ ਨੇ ਸਮੁੱਚੇ ਤੌਰ 'ਤੇ ਪ੍ਰਤੀਨਿਧਤਾ ਤਾਂ ਪ੍ਰੋਲੇਤਾਰੀ ਵਰਗ ਦੀ ਹੀ ਕੀਤੀ ਹੈ ਲੇਕਿਨ ਨੀਵੇਂ ਮੱਧ ਵਰਗ ਅਤੇ ਉੱਚੀ ਮੱਧ ਸ਼੍ਰੇਣੀ ਦੇ ਵਿਅਕਤੀ ਵੀ ਉਸਦੀਆਂ ਮਿੰਨੀ ਕਹਾਣੀਆਂ ਦੇ ਪਾਤਰ ਹਨ। ਉਸ ਦੀ ਖ਼ੂਬੀ ਏਸੇ ਵਿੱਚ ਹੈ ਕਿ ਉਸ ਦੇ ਹਰ ਪਾਤਰ ਨੂੰ ਮਹਿਸੂਸ ਕਰਕੇ ਇੰਝ ਲਗਦਾ ਹੈ ਜਿਵੇਂ ਲੇਖਕ ਨੇ ਖ਼ੁਦ ਉਹ ਪਾਤਰ ਜੀਵਿਆ ਹੈ ਜਾਂ ਉਸ ਦਾ ਬੜੀ ਨੇੜਿਓਂ ਨਿਰੀਖਣ ਕੀਤਾ ਹੈ। ਜ਼ਿਆਦਾਤਰ ਉਸ ਨੇ ਆਪਣੇ ਪਾਤਰਾਂ ਜ਼ਰੀਏ ਹੀ ਆਪਣੇ ਸੰਦੇਸ਼ ਨੂੰ ਪਾਠਕਾਂ ਤੱਕ ਪਹੁੰਚਾਇਆ ਹੈ। ਉਸਦੀਆਂ ਮਿੰਨੀ ਕਹਾਣੀਆਂ ਵਿੱਚ ਪਾਤਰ ਤਾਂ ਕਦੇ ਕਦਾਈਂ ਜੋਸ਼ ਵਿੱਚ ਆ ਕੇ ਨਾਅਰਾ ਮਾਰ ਬਹਿੰਦੇ ਹਨ ਲੇਕਿਨ ਉਸ ਨੇ ਖ਼ੁਦ ਕਿਤੇ ਵੀ ਉੱਚੀ ਸੁਰ ਵਿੱਚ ਨਾਅਰੇਬਾਜ਼ੀ ਨਹੀਂ ਕੀਤੀ। ਉਂਝ ਵੀ ਇਸ਼ਾਰਿਆਂ ਵਿੱਚ ਗੱਲ ਕਹਿਣੀ ਉਸ ਨੂੰ ਚੰਗੀ ਲਗਦੀ ਹੈ। ਇਸੇ ਲਈ ਸੁਝਾਊ ਅੰਸ਼ ਉਸ ਦੀਆਂ ਰਚਨਾਵਾਂ ਵਿੱਚ ਬਹੁਤਿਆਤ ਵਿੱਚ ਹੈ, ਸਪਾਟ ਨਾਅਰੇਬਾਜ਼ੀ ਦਾ ਤਾਂ ਸੁਆਲ ਹੀ ਨਹੀਂ।

ਪਿਛਲੇ ਕੁੱਝ ਵਰ੍ਹਿਆਂ ਤੋਂ ਪੰਜਾਬ ਦੀ ਸਮਾਜਿਕ ਤੇ ਰਾਜਨੀਤਿਕ ਸਥਿਤੀ ਵਿੱਚ ਜੋ ਵਰਨਣ-ਯੋਗ ਤਬਦੀਲੀਆਂ ਆਈਆਂ ਹਨ ਉਨ੍ਹਾਂ ਤੋਂ ਜਿੰਦਰ ਅਣਭਿੱਜ ਨਹੀਂ ਹੈ। ਪੰਜਾਬ ਦੀ ਇਸ ਤ੍ਰਾਸਦਿਕ ਸਥਿਤੀ ਨਾਲ਼ ਪੰਜਾਬੀਆਂ ਦੀ ਜੋ ਮਾਨਸਿਕ ਟੁੱਟ ਭੱਜ ਹੋਈ ਹੈ ਉਸ ਦਾ ਕਾਫ਼ੀ ਹੱਦ ਤੱਕ ਯਥਾਰਥ-ਭਰਪੂਰ ਚਿਤ੍ਰਣ ਕਰਨ ਦੀ ਕੋਸ਼ਿਸ਼ ਲੇਖਕ ਨੇ ਕੀਤੀ ਹੈ। ਪਰੰਤੂ ਇਥੇ ਉਸ ਦੀ ਆਪਣਾ ਪ੍ਰਤੀਕਰਮ ਕਿਸੇ ਕਰਮ ਪ੍ਰਤੀ ਵਿਅਕਤ ਕਰਨ ਦੀ ਕਾਹਲ਼ੀ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ। ਕਿਸੇ ਘਟਨਾ/ਪਰਿਸਥਿਤੀ ਦਾ ਗਲਪੀ-ਬਿੰਬ ਸਿਰਜਣ ਲਈ ਤਾਂ ਸਮੇਂ ਦੀ ਵਿੱਥ ਦਰਕਾਰ ਹੁੰਦੀ ਹੈ। ਪੰਜਾਬ ਸਮੱਸਿਆ ਦਾ ਸਹੀ ਪੋਸਟ-ਮਾਰਟਮ ਲੇਖਕ ਉਦੋਂ ਹੀ ਆਪਣੀਆਂ ਰਚਨਾਵਾਂ

ਵਿੱਚ ਪੇਸ਼ ਕਰ ਸਕਣ ਦੇ ਸਮਰੱਥ ਹੋਣਗੇ ਜਦ ਸਮਾਜਕ, ਆਰਥਿਕ, ਰਾਜਨੀਤਿਕ, ਸਭਿਆਚਾਰਕ, ਧਾਰਮਿਕ ਆਦਿ ਪੱਖਾਂ ਨੂੰ ਜਾਂਚ ਪਰਖ ਕੇ ਇਸ ਸਮੱਸਿਆ ਦਾ ਹੱਲ ਕੱਢ ਲਿਆ ਜਾਵੇਗਾ। ਫਿਲਹਾਲ ਤਾਂ ਬਹੁਤੇ ਲੇਖਕ ਕ੍ਰੋਧ ਦੀ ਅਗਨੀ ਅਤੇ ਉਪਭਾਵੁਕਤਾ ਦੇ ਜਾਲ਼ ਵਿੱਚ ਫਸ ਕੇ ਰਹਿ ਗਏ ਹਨ। ਸ਼ਾਇਦ ਇਹੀ ਕਾਰਨ ਹੈ ਕਿ ਉਸ ਦੀਆਂ ਮਿੰਨੀ ਕਹਾਣੀਆਂ 'ਕੋਈ ਬੰਦਾ ਨਹੀਂ ਰਿਹਾ', 'ਰਣਨੀਤੀ', 'ਨਿਆਣੀ ਮੌਤ', 'ਖਾਲੀ ਕਮਰਾ', 'ਕੀ ਪਤਾ', 'ਹਮਦਰਦ', 'ਖ਼ਬਰ', 'ਲੜਾਈ', 'ਨਾਮਰਾਦ', ਆਦਿ ਵਿੱਚ ਪੰਜਾਬ ਸਮੱਸਿਆ ਅਤੇ ਭੋਪਾਲ ਗੈਸ ਕਾਂਡ (ਝਾਂਸਾ) ਜਿਹੀਆਂ ਸਮਕਾਲੀ ਘਟਨਾਵਾਂ ਦਾ ਸਤਹੀ ਤੇ ਅਖ਼ਬਾਰੀ ਚਿਤ੍ਰਣ ਹੋ ਕੇ ਰਹਿ ਗਿਆ ਹੈ।

ਰਿਸ਼ਵਤਖ਼ੋਰੀ ਦਾ ਬਾਜ਼ਾਰ ਅਜੋਕੇ ਨਿਜ਼ਾਮ ਵਿੱਚ ਬੇਹੱਦ ਗਰਮ ਹੈ। ਰਿਸ਼ਤਖ਼ੋਰ ਜਿੰਦਰ ਨੂੰ ਵੀ ਬੇਹੱਦ ਚੁਭਦੇ ਹਨ। 'ਲਿਹਾਜ', 'ਕਲੀਰਿੰਗ ਸਰਟੀਫ਼ਿਕੇਟ', 'ਛੋਟ', 'ਸਾਧ', ਇਸ਼ਤਿਹਾਰ, 'ਖੜਕਾ-ਦੜਕਾ' ਆਦਿ ਮਿੰਨੀ ਕਹਾਣੀਆਂ ਵਿੱਚ ਉਸ ਨੇ ਰਿਸ਼ਵਤ ਲੈਣ ਦੇ ਢੰਗਾਂ ਤੇ ਰਿਸ਼ਵਤ ਖ਼ੋਰਾਂ ਦੇ ਨਕਾਬਾਂ ਨੂੰ ਲਾਹ ਕੇ ਉਨ੍ਹਾਂ ਦੇ ਚਿਹਰਿਆਂ ਨੂੰ ਪੂਰੇ ਜਲੌ ਵਿੱਚ ਸ਼ਿੱਦਤ ਨਾਲ਼ ਚੌਰਾਹੇ ਵਿੱਚ ਨੰਗਿਆਂ ਕੀਤਾ ਹੈ। ਅਜਿਹੇ ਹੇਰਾਫੇਰੀ ਅਤੇ ਓਪਰੇਪਣ ਜਿਹੇ ਨਿਜ਼ਾਮ ਪ੍ਰਤੀ ਉਹ ਬੇਹੱਦ ਕ੍ਰੋਧਿਤ ਹੈ। ਉਸ ਦਾ ਇਹ ਗੁੱਸਾ ਸੰਗ੍ਰਹਿ ਦੀ ਪਹਿਲੀ ਕਹਾਣੀ 'ਉਡੀਕ' ਤੋਂ ਹੀ ਝਲਕਦਾ ਹੈ ਤਾਂਹੀਓਂ ਉਹ ਅਜਿਹੇ ਨਿਜ਼ਾਮ ਨੂੰ ਇੱਕਦਮ ਬਦਲ ਦੇਣ ਦੀ ਗੱਲ ਕਰਦਾ ਹੈ। 'ਨਾਅਰਾ' ਅਤੇ 'ਧਰਤੀ ਖੜ੍ਹੀ ਹੈ' ਵੀ ਇਸੇ ਵਰਗ ਵਿੱਚ ਰੱਖੀਆਂ ਜਾਣ ਵਾਲ਼ੀਆਂ ਮਿੰਨੀ ਕਹਾਣੀਆਂ ਹਨ।

ਜਿੰਦਰ ਦੀਆਂ 'ਧਰਮ ਕਰਮ', 'ਝਲਕ' ਤੇ 'ਲਾਜ' ਵਰਗੀਆਂ ਮਿੰਨੀ ਕਹਾਣੀਆਂ ਦਾ ਜ਼ਿਕਰ ਖ਼ਾਸ ਤੌਰ 'ਤੇ ਵਰਨਣਯੋਗ ਹੈ। 'ਧਰਮ ਕਰਮ' ਵਿੱਚ ਉਹ ਅਜੋਕੇ ਸਰਮਾਏਦਾਰਾਂ ਦੇ ਦਿਖਾਵੇ ਅਤੇ ਉਨ੍ਹਾਂ ਦੀਆਂ ਘਟੀਆ ਨੀਤੀਆਂ ਦਾ ਪਰਦਾ-ਫ਼ਾਸ਼ ਉਦੋਂ ਕਰਦਾ ਹੈ ਜਦ ਇੱਕ ਕਰੋੜਪਤੀ ਸੇਠ ਆਪਣੇ ਪਾਪਾਂ ਦੇ ਪ੍ਰਾਸਚਿਤ ਲਈ ਦਿਖਾਵੇ ਵਜੋਂ ਆਪਣੇ ਕਾਰਖਾਨੇ ਦੇ ਮਜ਼ਦੂਰਾਂ ਦੇ ਹਿੱਸੇ 'ਚੋਂ ਕੱਟੇ ਹੋਏ ਪੈਸਿਆਂ ਦਾ ਮੰਦਿਰ ਬਣਵਾਉਂਦਾ ਹੈ। ਮਿੰਨੀ ਕਹਾਣੀ 'ਝਲਕ' ਵਿੱਚ ਇਕੋ ਨਾਂ ਦੇ ਦੋ ਪਾਤਰਾਂ ਨੂੰ ਉਸ ਨੇ ਤਿੰਨ ਵੱਖੋ-ਵੱਖ ਸ਼੍ਰੇਣੀਆਂ (ਦੂਜਿਆਂ ਲਈ ਜੀਣ ਵਾਲ਼ੇ ਜਾਂ ਦੇਸ ਭਗਤਾਂ ਦਾ ਵਰਗ, ਉੱਚੀ ਮੱਧ-ਸ਼੍ਰੇਣੀ ਜੋ ਕਿ ਬੇਹੱਦ ਸੁਆਰਥੀ, ਨੀਚ ਤੇ ਰਿਸ਼ਵਤਖ਼ੋਰ ਹੈ ਅਤੇ ਪ੍ਰੋਲੇਤਾਰੀ ਵਰਗ) ਦੇ ਪ੍ਰਤੀਨਿਧਾਂ ਦੇ ਰੂਪ ਵਿੱਚ ਵੱਖੋ-ਵੱਖਰੀਆਂ ਪਰਿਸਥਿਤੀਆਂ ਵਿੱਚ ਵਿਚਰਦੇ ਦਿਖਾਇਆ ਹੈ। ਉਸ ਨੇ ਇਸ ਕਹਾਣੀ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਹੈ—ਇਨ੍ਹਾਂ ਤਿੰਨਾਂ ਝਲਕਾਂ ਵਿੱਚ ਹੀ ਉਸ ਨੇ ਪੂਰੇ ਦੇਸ ਦਾ ਨਕਸ਼ਾ ਖਿੱਚ ਛੱਡਿਆ ਹੈ। ਮਿੰਨੀ ਕਹਾਣੀ ਖੇਤਰ ਵਿੱਚ ਨਿਸਚਿਤ ਰੂਪ ਵਿੱਚ ਇਹ ਇੱਕ ਵਧੀਆ ਤੇ ਸਫ਼ਲ ਪ੍ਰਯੋਗ ਹੈ। ਇਸ ਤੋਂ ਇਲਾਵਾ 'ਵਾਹ ਵਾਹ ਬਹੁਤ ਖ਼ੂਬ' ਮਿਥਿਹਾਸ ਨੂੰ ਅਜੋਕੇ ਯੁੱਗ ਵਿੱਚ ਬਦਲ ਕੇ ਵਿਅੰਗਾਤਮਕ ਸੁਰ ਵਿੱਚ ਪੇਸ਼ ਕਰਨ ਦੀ ਸਫ਼ਲ ਕੋਸ਼ਿਸ਼ ਹੈ। 'ਫ਼ਾਰਮਿਲਟੀ' ਤੇ 'ਪਾਰਟੀ ਸਟੈਂਡ' ਮਿੰਨੀ ਕਹਾਣੀਆਂ ਅਣਗਿਣਤ ਰਾਜਨੀਤਿਕ ਪਾਰਟੀਆਂ ਦੇ ਦਿਖਾਵੇ 'ਤੇ ਤਿੱਖਾਂ ਵਿਅੰਗਮਈ ਬਾਣ ਛੱਡਦੀਆਂ ਹਨ।

'ਕੰਡਕਟਰ ਵਾਲੀ ਸੀਟ' ਤੇ 'ਸਾਧ' ਮਿੰਨੀ ਕਹਾਣੀਆਂ ਨਾ ਹੋ ਕੇ ਲਤੀਫ਼ੇ ਬਣ ਗਏ ਹਨ ਇਸ ਲਈ ਸੰਗ੍ਰਹਿ ਦੀਆਂ ਕਮਜ਼ੋਰ ਰਚਨਾਵਾਂ ਹੀ ਕਹੀਆਂ ਜਾ ਸਕਦੀਆਂ ਹਨ। 'ਪਹਿਲ' ਨਾਂ ਦੀ ਮਿੰਨੀ ਕਹਾਣੀ ਵਿੱਚ 'ਉਹ' ਪਾਤਰ ਦੀ ਮਾਨਸਿਕਤਾ ਨੂੰ ਲੇਖਕ ਵਿਗਿਆਨਕ ਢੰਗ ਨਾਲ਼ ਨਹੀਂ ਚਿਤਰ ਸਕਿਆ ਕਿਉਂਕਿ ਜੇ ਕੋਈ ਵਿਅਕਤੀ ਇੱਕ ਫ਼ਿਲਮ ਅਭਿਨੇਤਰੀ ਨੂੰ ਇਕ ਦੇਸ ਭਗਤ ਸ਼ਹੀਦ ਨਾਲ਼ੋਂ ਤਰਜੀਹ ਦਿੰਦਾ ਹੈ ਤਾਂ ਉਹ ਕਦੇ ਵੀ ਕਿਸੇ ਦੇਸ਼ ਭਗਤ ਦੀ ਫ਼ੋਟੋ ਨੂੰ ਫ਼ਰੇਮ ਵਿੱਚ

ਜੜਨ ਬਾਰੇ ਨਹੀਂ ਸੋਚ ਸਕਦਾ। ਇੱਥੇ ਲੇਖਕ ਕਲਪਨਾ 'ਤੇ ਵੱਧ ਭਰੋਸਾ ਕਰ ਗਿਆ ਹੈ। ਇਸ ਸੰਗ੍ਰਹਿ ਵਿੱਚ ਲੇਖਕ ਦੀ ਬੋਲੀ ਮਾਝੀ ਤੇ ਮਲਵਈ ਰਲਵੀਂ ਮਿਲਵੀਂ ਅਤੇ ਸਾਧਾਰਨ ਪਾਠਕ ਦੇ ਸਮਝ ਆਉਣ ਵਾਲ਼ੀ ਹੈ। ਲਗਭਗ ਸਾਰੀਆਂ ਮਿੰਨੀ ਕਹਾਣੀਆਂ ਦੇ ਸਿਰਲੇਖ ਵੀ ਢੁਕਵੇਂ ਹਨ ਅਤੇ ਉਨ੍ਹਾਂ ਦਾ ਸਮੁੱਚਾ ਪ੍ਰਭਾਵ ਵੀ ਬੱਝਵਾਂ ਹੀ ਪੈਂਦਾ ਹੈ।

ਕੱਝ ਸੰਪਾਦਿਤ ਤੇ ਅਨੁਵਾਦਿਤ ਮਿੰਨੀ ਕਹਾਣੀ ਸੰਗ੍ਰਹਿ

ਤਰਕਸ਼

ਪੰਜਾਬੀ ਸਾਹਿਤ ਸਭਾ ਮਾਨਸਾ ਦੁਆਰਾ 1973 ਵਿੱਚ ਪ੍ਰਕਾਸ਼ਿਤ ਅੰਤੇ ਰੌਸ਼ਨ ਲਾਲ ਫ਼ੂਲਵੀ ਦੁਆਰਾ ਸੰਪਾਦਿਤ ਮਿੰਨੀ ਕਹਾਣੀ ਸੰਗ੍ਰਹਿ 'ਤਰਕਸ਼' ਵਿਚ 48 ਲੇਖਕਾਂ ਦੇ 76 ਤੀ० (ਮਿੰਨੀ ਕਹਾਣੀਆਂ) ਸ਼ਾਮਿਲ ਹਨ। (ਸੁਖਜੀਤ ਭੱਠਲ ਦੀ ਕਹਾਣੀ ਨੂੰ ਨਿੱਕੀ ਕਹਾਣੀ ਦੀਆਂ ਰੂਪਗਤ ਵਿਸ਼ੇਸ਼ਤਾਵਾਂ ਰੱਖਣ ਕਾਰਨ ਮਿੰਨੀ ਕਹਾਣੀ ਵਰਗ ਵਿੱਚ ਨਹੀਂ ਰੱਖਿਆ ਜਾ ਸਕਦਾ)। ਕਹਾਣੀਆਂ ਦੀ ਚੋਣ ਓਮ ਪ੍ਰਕਾਸ਼ ਗਾਸੋ ਨੇ ਕੀਤੀ ਹੈ। ਪੰਜਾਬੀ ਸਾਹਿਤ ਵਿੱਚ ਮਿੰਨੀ ਕਹਾਣੀ ਦੇ ਖੇਤਰ ਵਿੱਚ ਇਹ ਪਹਿਲਾ ਸਮੂਹਕ ਤੇ ਕਾਮਯਾਬ ਯਤਨ ਹੈ। ਕ੍ਰਿਤਾਂ ਦੇ ਕਰਤਿਆਂ ਦੀ ਵਿਭਿੰਨਤਾ ਦੇ ਬਾਵਜੂਦ ਸਮੁੱਚੇ ਸੰਗ੍ਰਹਿ ਦਾ ਪ੍ਰਭਾਵ ਬੱਝਵਾਂ ਪੈਂਦਾ ਹੈ। ਕੋਈ ਵੀ ਲੇਖਕ ਸਮਾਜ ਤੋਂ ਟੁੱਟਿਆ ਹੋਇਆ ਨਹੀਂ ਹੈ। ਇਹ ਸੰਗ੍ਰਹਿ ਪੜ੍ਹਨ ਉਪਰੰਤ 70ਵਿਆਂ ਦੇ ਦਹਾਕੇ ਦੇ ਸਮਾਜਕ, ਆਰਥਿਕ, ਰਾਜਨੀਤਿਕ, ਸਭਿਆਚਾਰਕ ਆਦਿ ਸਭ ਪਹਿਲੂ ਪਾਠਕਾਂ ਸਾਹਮਣੇ ਉਜਾਗਰ ਹੋ ਜਾਂਦੇ ਹਨ। ਸਮਾਜ ਵਿੱਚ ਤੇਜ਼ੀ ਨਾਲ਼ ਫ਼ੈਲ ਰਿਹਾ ਭ੍ਰਿਸ਼ਟਾਚਾਰ ਅਤੇ ਸਰਕਾਰ ਦੀ ਬੇਹੱਦ ਨਾਕਾਮ ਕਾਰਗੁਜ਼ਾਰੀ ਇਸ ਸੰਗ੍ਰਹਿ ਦਾ ਮੁੱਖ ਵਿਸ਼ਾ ਹੈ।

ਦਰਸ਼ਨ ਮਿਤਵਾ (ਪੰਨਾ 21), ਅਜਮੇਰ ਸਿੰਘ ਔਲਖ (23), ਰੌਸ਼ਨ ਫ਼ੂਲਵੀ (25), ਯੋਗਰਾਜ ਪ੍ਰੇਮੀ (26), ਕ੍ਰਿਸ਼ਨ ਕੁਮਾਰ ਸ਼ਰਮਾ (39), ਪ੍ਰੋ: ਹਮਦਰਦਵੀਰ (52), ਰਾਮਸਰੂਪ ਗੁਰਨੇ (54), ਤੇਜਵੰਤ ਮਾਨ (59), ਪ੍ਰੀਤਮ ਸਿੰਘ ਰਾਹੀ (63), ਹਰਦਿੱਤ ਸਿੰਘ ਜੋਗਾ (78), ਕੰਵਲ ਵਿਦਰੋਹੀ (82), ਅਮਰ ਯਾਦਵ (85), ਗੁਰਚਰਨ ਚਾਹਲ ਭੀਖੀ (87), ਜਗਦੀਸ਼ ਅਰਮਾਨੀ (112) ਆਦਿ ਲੇਖਕਾਂ ਦੀਆਂ ਮਿੰਨੀ ਕਹਾਣੀਆਂ ਤਾਂ ਸੰਗ੍ਰਹਿ ਦੀਆਂ ਪ੍ਰਤੀਨਿਧ ਕਹਾਣੀਆਂ ਹੋ ਹੀ ਨਿਬੜੀਆਂ ਹਨ ਪਰ ਬਸੰਤ ਕੁਮਾਰ ਰਤਨ, ਗੁਰਮੇਲ ਮਡਾਹੜ, ਓਮਪ੍ਰਕਾਸ਼ ਦਰਸ਼ਕ, ਸ. ਤਰਸੇਮ, ਅਵਤਾਰ, ਮੁਖਤਾਰ ਗਿੱਲ, ਸ਼ਮਸ਼ੇਰ ਸਿੰਘ ਸੰਧੂ, ਬਾਬੂ ਰਾਮ ਸਿੰਗਲਾ, ਮਹਿੰਦਰ ਰਾਮਪੁਰੀ, ਪ੍ਰੀਤਮ ਸਿੰਘ ਸੀਤ, ਮੇਘ ਰਾਜ ਸਿੰਗਲਾ, ਮਲਕੀਤ ਸਿੰਘ ਪ੍ਰੀਤ, ਨਿਰੰਜਨ ਸ਼ਰਮਾ ਸੇਖਾ, ਗੁਰਬਚਨ ਸਿੰਘ ਭੁੱਲਰ, ਹਰਦਿੱਤ ਸਿੰਘ ਜੋਰਮ, ਭਰਪੂਰ ਰਾਹੀ, ਪ੍ਰੀਤਮ ਪ੍ਰਵਾਨਾ, ਗੁਰਕੀਰਤ ਸਿੰਘ ਰੰਗੀਲਾ, ਗੁਰਦਰਸ਼ਨ ਬੱਲ, ਬਲਰਾਜ ਸਿੰਘ ਸੰਧੂ, ਰਾਜਵੰਤ ਸਿੰਘ ਰਾਣਾ, ਇਕਬਾਲਦੀਪ, ਸੁਲੱਖਣ ਮੀਤ, ਦਲੀਪ ਸਿੰਘ ਭੂਪਾਲ, ਅਵਤਾਰ ਸਿੰਘ ਅਵਤਾਰ, ਟੇਕ ਰਤਨ, ਸੁਭਾਸ਼ ਜਿੰਦਲ, ਪੂਰਨ ਸਿੰਘ ਪੂਰਨ, ਰਾਮਸਰੂਪ ਅਣਖੀ, ਸੀ. ਮਾਰਕੰਡਾ, ਜੋਗਿੰਦਰ ਸਿੰਘ ਨਿਰਾਲਾ, ਦੇਵ ਭਾਰਦਵਾਜ, ਮਿੱਤਰਸੈਨ ਮੀਤ, ਓਮਪ੍ਰਕਾਸ਼ ਗਾਸੋ ਆਦਿ ਲੇਖਕਾਂ ਦੀਆਂ ਕਹਾਣੀਆਂ ਵੀ ਵਧੀਆ ਪ੍ਰਭਾਵ ਸਿਰਜਦੀਆਂ ਹੋਈਆਂ ਪੰਜਾਬੀ ਪਾਠਕਾਂ ਨੂੰ ਮਿੰਨੀ ਕਹਾਣੀ ਦੀਆਂ ਵਿਸ਼ੇਗਤ ਅਤੇ ਰੂਪਗਤ ਵਿਸ਼ੇਸ਼ਤਾਈਆਂ ਤੋਂ ਜਾਣੂ ਕਰਾਉਂਦੀਆਂ ਹਨ।

ਅਬ ਜੂਝਨ ਕੋ ਦਾਓ

ਅਪ੍ਰੈਲ 1975 ਵਿੱਚ ਮਾਸਿਕ ਪੱਤਰ 'ਕੰਵਲ' ਦਾ ਮਿੰਨੀ ਕਹਾਣੀ ਵਿਸ਼ੇਸ਼ ਅੰਕ ਅਨਵੰਤ ਕੌਰ ਅਤੇ ਸ਼ਰਨ ਮੱਕੜ ਦੀ ਸੰਪਾਦਨਾ ਹੇਠ ਪ੍ਰਕਾਸ਼ਿਤ ਹੋਇਆ। ਇਸੇ ਅੰਕ ਨੂੰ ਹੀ ਜਿਲਦ ਵਿੱਚ ਸਜਾ

ਕੇ 'ਅਬ ਜੂਝਨ ਕੋ ਦਾਓ' ਨਾਂ ਹੇਠ ਵੀ ਪਾਠਕਾਂ ਸਾਹਮਣੇ ਪੇਸ਼ ਕੀਤਾ ਗਿਆ ਸੀ, ਇਸ ਵਿਚ 63 ਲੇਖਕਾਂ ਦੀਆਂ 108 ਰਚਨਾਵਾਂ ਸ਼ਾਮਿਲ ਹਨ।

ਇਸ ਮਿੰਨੀ ਕਹਾਣੀ ਸੰਗ੍ਰਹਿ ਵਿੱਚ ਗੁਲਬੀਰ ਸਿੰਘ ਭਾਟੀਆ (ਪੰਨਾ 11), ਪ੍ਰੋ: ਸੁਲੱਖਣ ਮੀਤ (13), ਹਮਦਰਦਵੀਰ ਨੌਸ਼ਹਿਰਵੀ (17, 37), ਸ਼ਰਨ ਮੱਕੜ (17), ਸੁਸ਼ੀਲ ਗੋਇਲ (19), ਕੰਵਲ ਵਿਦਰੋਹੀ (28, 40, 41), ਗੁਰਪ੍ਰਤਾਪ (30), ਕੁਮਾਰੀ ਦਰਸ਼ਨਾ ਅਜ਼ੀਜ਼ (33), ਮੋਹਨ ਸ਼ਰਮਾ (35), ਫ਼ਕੀਰ ਚੰਦ ਤੁਲੀ (41), ਐੱਮ. ਐੱਸ. ਪਾਲ (52), ਅਨਵੰਤ ਕੌਰ (68), ਸੁਦੇਸ਼ ਸੋਨੀ (71) ਆਦਿ ਲੇਖਕਾਂ ਦੀਆਂ ਕਹਾਣੀਆਂ ਪੜ੍ਹਨ ਉਪਰੰਤ ਵੀ ਯਾਦ ਰੱਖਣ ਯੋਗ ਹਨ। ਇਸੇ ਸੰਗ੍ਰਹਿ ਵਿੱਚ ਅਮਰ ਯਾਦਵ, ਯਸ਼ਵੰਤ ਕੋਠਾਰੀ, ਹਰਵਿੰਦਰ ਕੌਰ ਦੀਪਕ, ਹਰਬੰਸ, ਅਵਤਾਰ ਸਿੰਘ ਦੀਪਕ, ਅਜੀਤ ਕਮਲ, ਕੁਮਾਰੀ ਸੁਰਿੰਦਰ, ਅਮਰੀਕ ਬੰਮਰਾਹ, ਮੋਹਨ ਧੰਜਲ, ਅਮਰਜੀਤ ਰਾਹੀ, ਬਲਬੀਰ ਸੈਣੀ, ਬਾਦਲ ਬਿੰਦਟਾ, ਗੁਰਬਚਨ ਸਿੰਘ ਚਰਨ, ਬਲਦੇਵ ਸੰਘਾ, ਗੁਰਚਰਨ ਸੰਘਾ, ਦਿਲਜੀਤਪਾਲ, ਦਵਿੰਦਰ ਸੇਠੀ, ਗੁਰਚਰਨ ਸਿੰਘ, ਕ੍ਰਿਸ਼ਨ ਕੁਮਾਰ ਰੱਤੂ, ਬਲਜੀਤ ਕੌਰ, ਰਵਿੰਦਰ ਰਾਜਨ, ਹਰਭਜਨ ਖੇਮਕਰਨੀ, ਹਰਕੁਲਦੀਪ, ਰਵੇਲ ਸਿੰਘ, ਵਿਜੇ ਸੋਨੀ, ਗੁਰਮੀਤ ਗਿੱਲ, ਗਿਆਨ ਗਰੇਵਾਲ, ਸ਼ਿਵਤਾਰ ਮਾਂਗਟ, ਜੀਲਾਸ, ਰਣਜੀਤ ਕੋਮਲ, ਜੇ. ਐਸ. ਸੇਖੋਂ, ਮੱਖਣ ਸਿੰਘ ਚਾਨਾ, ਅਸ਼ਵਨੀ ਜੇਤਲੀ ਅਸ਼ਕ, ਮਹਾਤਮਾ ਸਿੰਘ ਜਸਵੰਤ, ਚੰਦ ਸਿੰਘ ਚੰਨ, ਸੋਹਣ ਸਿੰਘ, ਇੰਦਰਜੀਤ ਕਾਲੜਾ, ਸਵਦੀਪ ਸਿੰਘ, ਅਰੁਣ ਮਿਸ਼ਰ, ਈਸ਼ਰ ਚੁਚਰਾ, ਸੁਖਦੇਵ ਪ੍ਰੀਤਮ, ਸੁਰਿੰਦਰ ਕਾਹਲੋਂ, ਹਰਵਿੰਦਰ ਮਾਨ, ਰਾਜਿਦਰ ਚਾਵਲਾ, ਸਰਬਜੀਤ ਖੁਰਾਣਾ, ਕੇਸ਼ਵ ਦੁੱਬੇ, ਮਾਨ ਸਿੰਘ ਹਕੀਰ, ਕੁਲਦੀਪ ਬੇਦੀ, ਰੈਕਟਰ ਕਥੂਰੀਆ, ਕੁਮਾਰੀ ਬਲਬੀਰ ਆਦਿ ਲੇਖਕਾਂ ਨੇ ਵੀ ਆਪਣੀ ਕਲਮ ਦੇ ਜੌਹਰ ਵਿਖਾਏ ਹਨ। ਇੱਥੇ ਇਹ ਵਰਣਨਯੋਗ ਹੈ ਕਿ ਇਸ ਸੰਗ੍ਰਹਿ ਦੇ 95% ਤੋਂ ਵੀ ਵੱਧ ਲੇਖਕ ਹੁਣ ਜਾਂ ਤਾਂ ਲਿਖਣਾ ਹੀ ਛੱਡ ਗਏ ਹਨ ਜਾਂ ਉਨ੍ਹਾਂ ਸਾਹਿਤ ਸਿਰਜਣਾ ਬਹੁਤ ਹੀ ਘੱਟ ਕਰ ਦਿੱਤੀ ਹੈ। ਉਂਝ ਸਮੁੱਚੇ ਤੌਰ 'ਤੇ ਇਹ ਸੰਗ੍ਰਹਿ ਮਿੰਨੀ ਕਹਾਣੀ ਖੇਤਰ ਵਿੱਚ ਇੱਕ ਸਫ਼ਲ ਕੋਸ਼ਿਸ਼ ਕਹੀ ਜਾ ਸਕਦੀ ਹੈ।

'ਜਨ ਸਾਹਿਤ' ਦਾ ਮਿੰਨੀ ਕਹਾਣੀ ਅੰਕ (ਜੁਲਾਈ 1980)

ਇਸ ਅੰਕ ਵਿਚ 20 ਲੇਖਕਾਂ ਦੀਆਂ 67 ਮਿੰਨੀ ਕਹਾਣੀਆਂ ਤੋਂ ਇਲਾਵਾ ਗਗਨ ਪਾਕਿਸਤਾਨੀ ਦੇ ਦੋ ਜਿਗਰਪਾਰੇ ਵੀ ਸ਼ਾਮਿਲ ਹਨ।

ਖ਼ਾਲਿਦ ਹੁਸੈਨ (ਪੰਨਾ 6,7,8), ਜਸਵੰਤ ਸਿੰਘ ਵਿਰਦੀ (15), ਚੰਦਨ ਨੇਗੀ (18), ਅਜੀਤ ਸੈਣੀ (22), ਪ੍ਰੋ: ਹਮਦਰਦਵੀਰ ਨੌਸ਼ਹਿਰਵੀ (27), ਹਰਭਜਨ ਸਿੰਘ ਖੇਮਕਰਨੀ (35), ਦਰਸ਼ਨ ਮਿਤਵਾ (39, 41), ਬਚਿੰਤ ਕੌਰ (52), ਗੁਰਮੇਲ ਮਡਾਹੜ (53, 54) ਆਦਿ ਲੇਖਕ ਆਪਣੀ ਸਮਾਜਕ, ਆਰਥਿਕ, ਰਾਜਨੀਤਿਕ ਚੇਤਨਤਾ ਮਿੰਨੀ ਕਹਾਣੀ ਰਾਹੀਂ ਪੇਸ਼ ਕਰਕੇ ਗਲਪੀ ਬਿੰਬ ਸਿਰਜਣ ਵਿੱਚ ਪੂਰਨ ਤੌਰ 'ਤੇ ਕਾਮਯਾਬ ਰਹੇ ਹਨ। ਇਨ੍ਹਾਂ ਦੀਆਂ ਕਹਾਣੀਆਂ ਵਿਸ਼ੇ ਅਤੇ ਰੂਪ ਦੋਹਾਂ ਪੱਖਾਂ ਤੋਂ ਸਸ਼ੱਕਤ ਹਨ। ਮ. ਕ. ਮਹਿਤਾਬ, ਜਸਮੇਰ ਸਿੰਘ ਤੇ ਰਾਜਿੰਦਰ ਕੌਰ ਦੀਆਂ ਕਹਾਣੀਆਂ ਜਾਂ ਤਾਂ ਸਿਰਫ਼ ਲਤੀਫ਼ੇ ਦਾ ਪ੍ਰਭਾਵ ਦਿੰਦੀਆਂ ਹਨ ਅਤੇ ਜਾਂ ਤਕਨੀਕੀ ਪੱਖੋਂ ਕਮਜ਼ੋਰ ਰਹਿ ਗਈਆਂ ਹਨ।

ਇਸੇ ਅੰਕ ਵਿੱਚ ਕਰਤਾਰ ਸਿੰਘ ਦੁੱਗਲ, ਮਹਿੰਦਰ ਸਿੰਘ ਜੋਸ਼ੀ, ਦਲੀਪ ਕੌਰ ਟਿਵਾਣਾ, ਸੁਰਜੀਤ ਸਿੰਘ ਕੰਵਲ, ਬਲਬੀਰ ਸਿੰਘ ਮੋਮੀ, ਸੁਰਜੀਤ ਸਰਨਾ, ਰਾਮਸਰੂਪ ਅਣਖੀ ਅਤੇ

ਬਲਜੀਤ ਕੌਰ ਬੱਲੀ ਜਿਹੇ ਸਥਾਪਿਤ ਲੇਖਕਾ/ਲੇਖਿਕਾਵਾਂ ਦੀਆਂ ਮਿੰਨੀ ਕਹਾਣੀਆਂ ਵੀ ਮੌਜੂਦ ਹਨ। ਸ਼ਾਇਦ ਹੁਣ ਤੱਕ ਇਨ੍ਹਾਂ ਨੇ ਇੰਨੀਆਂ ਕੁ ਹੀ ਮਿੰਨੀ ਕਹਾਣੀਆਂ ਲਿਖੀਆਂ ਹੋਣਗੀਆਂ ਜਿੰਨੀਆਂ ਹਥਲੇ ਅੰਕ ਵਿੱਚ ਮੌਜੂਦ ਹਨ। ਇਨ੍ਹਾਂ ਲੇਖਕਾਂ ਦੀਆਂ ਕਹਾਣੀਆਂ ਪੜ੍ਹ ਕੇ ਮਿੰਨੀ ਕਹਾਣੀ ਦੀ ਧੀਮੀ ਪ੍ਰਗਤੀ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ। ਅਸਲ ਵਿੱਚ ਇਹ ਲੇਖਕ ਮਿੰਨੀ ਕਹਾਣੀ ਜਿਹੀ ਸੂਖਮ ਸਿਨਫ਼ ਨੂੰ ਨਿਰੋਲ ਲਤੀਫ਼ਾ ਜਾਂ ਨਿਰੋਲ ਸਥਿਤੀ ਵਰਨਣ ਸਮਝਣ ਦੀ ਭੁੱਲ ਦਾ ਸ਼ਿਕਾਰ ਹਨ। ਜੇ ਸਥਾਪਿਤ ਲੇਖਕ ਅਜਿਹਾ ਨਾ ਸਮਝਣ ਅਤੇ ਇਸ ਸਿਨਫ਼ ਨੂੰ ਮਜ਼ਬੂਤ ਹਾਂ-ਪੱਖੀ ਹੁੰਗਾਰਾ ਦੇਣ ਤਾਂ ਨਿਸ਼ਚਿਤ ਰੂਪ ਵਿੱਚ ਭਾਰਤ ਦੀਆਂ ਦੂਜੀਆਂ ਭਾਸ਼ਾਵਾਂ ਵਾਂਗ ਪੰਜਾਬੀ ਵਿੱਚ ਵੀ ਮਿੰਨੀ ਕਹਾਣੀ ਗਲਪ ਦਾ ਇੱਕ ਅਟੁੱਟ ਅੰਗ ਬਣ ਜਾਵੇ।

ਹੜਤਾਲ਼ ਜਾਰੀ ਹੈ

ਦੋ ਨਵੀਂ ਪੀੜ੍ਹੀ ਦੇ ਲੇਖਕਾਂ ਜਿੰਦਰ ਅਤੇ ਨਿਰੰਜਣ ਬੋਹਾ ਦੁਆਰਾ ਸੰਪਾਦਿਤ ਮਿੰਨੀ ਕਹਾਣੀ ਸੰਗ੍ਰਹਿ 'ਹੜਤਾਲ਼ ਜਾਰੀ ਹੈ' (1987) ਵਿਚ 29 ਲੇਖਕਾਂ ਦੀਆਂ ਮਿੰਨੀ ਕਹਾਣੀਆਂ ਦਰਜ ਕੀਤੀਆਂ ਗਈਆਂ ਹਨ।

ਗੁਰਮੇਲ ਮਡਾਹੜ, ਗੁਰਦਿਆਲ ਦਲਾਲ, ਦਰਸ਼ਨ ਮਿਤਵਾ, ਕਮਲੇਸ਼ ਭਾਰਤੀ, ਇਕਬਾਲਦੀਪ, ਜੋਗਿੰਦਰ ਸਿੰਘ ਨਿਰਾਲਾ, ਤਰਲੋਚਨ ਸਮਾਧਵੀ, ਗੁਲਵੰਤ ਮਲੌਦਵੀ, ਪ੍ਰੋ: ਹਮਦਰਦਵੀਰ ਨੌਸ਼ਹਿਰਵੀ, ਭੁਪਿੰਦਰ ਸਿੰਘ ਆਸ਼ਟ, ਡਾ: ਆਰ. ਐੱਸ. ਆਜ਼ਾਦ, ਗੁਰਚਰਨ ਸਿੰਘ ਗੁਲਸ਼ਨ ਆਦਿ ਲੇਖਕਾਂ ਦੀਆਂ ਕਹਾਣੀਆਂ ਆਲੇ-ਦੁਆਲੇ ਪਸਰੇ ਕਠੋਰ ਯਥਾਰਥ ਦੇ ਪ੍ਰਤਿਕਰਮ ਵਜੋਂ ਉਪਜੇ ਪ੍ਰਭਾਵ ਨੂੰ ਬਿਆਨਦੀਆਂ ਅਤੇ ਪਾਠਕਾਂ/ਆਲੋਚਕਾਂ ਨੂੰ ਆਪਣੇ ਪ੍ਰਭਾਵ ਦੀ ਪਕੜ ਵਿੱਚ ਜਕੜਦੀਆਂ ਹੋਈਆਂ ਮਿੰਨੀ ਕਹਾਣੀ ਜਿਹੀ ਸੂਖਮ ਸਿਨਫ਼ ਨੂੰ ਪੰਜਾਬੀ ਸਾਹਿਤ ਵਿੱਚ ਸਥਾਪਿਤ ਕਰਨ ਵੱਲ ਇੱਕ ਮਜ਼ਬੂਤ ਕਦਮ ਹਨ। ਕ੍ਰਿਸ਼ਨ ਬੇਤਾਬ, ਰਾਮਸਰੂਪ ਅਣਖੀ, ਜਿੰਦਰ, ਪ੍ਰੋ: ਸੁਲੱਖਣ ਮੀਤ, ਮਹਿਤਾਬ-ਉਦ-ਦੀਨ, ਨਿਰੰਜਣ ਬੋਹਾ, ਬਿਪਨ ਗੋਇਲ, ਦਰਬਾਰਾ ਸਿੰਘ ਦਰਸ਼ਕ, ਤੇਜਵੰਤ ਮਾਨ, ਸ. ਤਰਸੇਮ, ਭੁਪਿੰਦਰ ਸਿੰਘ ਪੀ. ਸੀ. ਐਸ., ਮੋਹਨ ਸ਼ਰਮਾ, ਵਿਜੈ ਕੱਕੜ, ਅਜਮੇਰ ਸਿੰਘ ਮੀਤ, ਅਸ਼ੋਕ ਕੱਕੜ ਬੋਹਾ, ਸੰਦੀਪ ਦਾਖਾ ਅਤੇ ਨਾਇਬ ਲੰਢੇਕੇ ਜਿਹੇ ਲੇਖਕਾਂ ਦੀਆਂ ਕਹਾਣੀਆਂ ਵੀ ਇਸ ਸੰਗ੍ਰਹਿ ਦੀ ਸ਼ਾਨ ਹਨ। ਇਹ ਖ਼ੁਸ਼ੀ ਦੀ ਗੱਲ ਹੈ ਕਿ ਇਸ ਸੰਗ੍ਰਹਿ ਵਿੱਚ ਇਕ ਦੋ ਲੇਖਕਾਂ ਤੋਂ ਇਲਾਵਾ ਕਿਸੇ ਨੇ ਮਿੰਨੀ ਕਹਾਣੀ ਨੂੰ ਲਤੀਫ਼ੇ ਦਾ ਪਰਿਆਇ ਨਹੀਂ ਸਮਝਿਆ। ਪਰੰਤੂ ਇਸ ਸਗ੍ਰਹਿ ਵਿੱਚ ਲਗਭਗ ਸਭ ਲੇਖਕਾਂ ਦੀਆਂ ਰਚਨਾਵਾਂ ਪੂਰਵ-ਪ੍ਰਕਾਸ਼ਿਤ ਹਨ। ਪਾਠਕ ਇਨ੍ਹਾਂ ਨੂੰ ਪਹਿਲਾਂ ਕਿਤੇ ਨਾ ਕਿਤੇ ਮਿੰਨੀ ਕਹਾਣੀ ਸੰਗ੍ਰਹਿਾਂ ਜਾਂ ਅਖ਼ਬਾਰਾਂ ਰਿਸਾਲਿਆਂ ਵਿੱਚ ਪੜ੍ਹ ਚੁੱਕੇ ਹਨ—ਇਸ ਲਈ ਇਹ ਸੰਗ੍ਰਹਿ ਕੋਈ ਨਿਵੇਕਲਾ ਪ੍ਰਭਾਵ ਪਾਉਣ ਦੇ ਅਸਮਰੱਥ ਰਿਹਾ ਹੈ।

'ਅ' ਨਾਉਂ ਦਾ ਇਨਸਾਨ

'ਅ' ਨਾਉਂ ਦਾ ਇਨਸਾਨ' (1987) ਪੰਜਾਬੀ ਦੇ ਸਥਾਪਿਤ ਕਹਾਣੀਕਾਰ ਅਤੇ ਨਾਵਲਕਾਰ ਰਾਮਸਰੂਪ ਅਣਖੀ ਦੁਆਰਾ ਅਨੁਵਾਦਿਤ ਜਯੰਤੀ ਮਕਵਾਣਾ ਦੀਆਂ 30 ਗੁਜਰਾਤੀ ਮਿੰਨੀ ਕਹਾਣੀਆਂ ਦਾ ਸੰਗ੍ਰਹਿ ਹੈ। ਨਿਸ਼ਚਿਤ ਰੂਪ ਵਿੱਚ ਮਿੰਨੀ ਕਹਾਣੀ ਖੇਤਰ ਵਿੱਚ ਇਹ ਸੰਗ੍ਰਹਿ ਬੜੀ ਮਹੱਤਤਾ ਰੱਖਦਾ ਹੈ। ਦੂਜੀਆਂ ਭਾਸ਼ਾਵਾਂ ਦੇ ਸਾਹਿਤ ਵਿੱਚ ਮਿੰਨੀ ਕਹਾਣੀ ਦਾ ਕੀ ਸਥਾਨ ਹੈ ਅਤੇ ਕੀ ਕੀ ਪ੍ਰਾਪਤੀਆਂ ਹਨ, ਇਸ ਸਭ ਕੁੱਝ ਦੀ ਜਾਣਕਾਰੀ ਪੰਜਾਬੀ ਪਾਠਕ/ਆਲੋਚਕ

ਅਨੁਵਾਦਿਤ ਰਚਨਾਵਾਂ ਅਤੇ ਪੰਜਾਬੀ ਮਿੰਨੀ ਕਹਾਣੀਆਂ ਦੇ ਤੁਲਨਾਤਮਕ ਅਧਿਐਨ ਤੋਂ ਹੀ ਕੱਢ ਸਕਦੇ ਹਨ।

'ਅ' ਨਾਉਂ ਦਾ ਇਨਸਾਨ', 'ਸ਼ੱਕ', 'ਸੀਤਾਬਾਈ ਦੀਆਂ ਅੱਖਾਂ ਵਿੱਚ ਤੈਰ ਰਹੇ ਚਿਹਰੇ', 'ਸਰਾਪ' ਆਦਿ ਇਸ ਸੰਗ੍ਰਹਿ ਦੀਆਂ ਪ੍ਰਤਿਨਿਧ ਕਹਾਣੀਆਂ ਹਨ। ਇੱਕ ਮਿੰਨੀ ਕਹਾਣੀ 'ਸੀਤਾਬਾਈ ਦੀਆਂ ਅੱਖਾਂ ਵਿੱਚ ਤੈਰ ਰਹੇ ਚਿਹਰੇ' ਨਮੂਨੇ ਵਜੋਂ ਪੇਸ਼ ਹੈ। ਇਸ ਵਿੱਚ ਲੇਖਕ ਨੇ ਬੇਹੱਦ ਸੰਖੇਪਤਾ ਦੀ ਵਰਤੋਂ ਕਰਦਿਆਂ ਮਨੁੱਖ ਦੀ ਮਰ ਚੁੱਕੀ ਜ਼ਮੀਰ ਦਾ ਵਰਨਣ ਜਿੰਨੇ ਖ਼ੂਬਸੂਰਤ ਢੰਗ ਨਾਲ਼ ਕੀਤਾ ਹੈ, ਪਾਠਕ ਇਸਨੂੰ ਖ਼ੁਦ ਪੜ੍ਹ ਕੇ ਹੀ ਮਾਣ ਸਕਣਗੇ—

''ਰਾਤ ਕਰੀਬ ਤਿੰਨ ਵੱਜਣ ਵੇਲ਼ੇ ਸੀਤਾਬਾਈ ਨੂੰ ਖ਼ਬਰ ਮਿਲ਼ੀ ਕਿ ਡੌਲੀ ਦੀ ਤਬੀਅਤ ਚੰਗੀ ਨਹੀਂ ਹੈ। ਇਕ ਹੋਰ ਬਾਈ ਦੀ ਮਦਦ ਨਾਲ਼ ਸੀਤਾਬਾਈ ਨੇ ਡੌਲੀ ਨੂੰ ਹਸਪਤਾਲ ਵਿੱਚ ਦਾਖ਼ਲ ਕੀਤਾ, ਉਦੋਂ ਡੌਲੀ ਬਿਲਕੁਲ ਨਿਰਜਿੰਦ ਸੀ।

ਡਾਕਟਰ ਨੇ ਚੈੱਕ ਕਰਕੇ ਕਿਹਾ ਕਿ ਡੌਲੀ ਦੀ ਮੌਤ ਰਾਤ ਦੇ ਸਾਢੇ ਨੌਂ ਵਜੇ ਹੋਈ ਹੈ ਤੇ ਮੌਤ ਦਾ ਕਾਰਨ ਹੈ ਦਿਲ ਦਾ ਰੁਕ ਜਾਣਾ।

ਡਾਕਟਰ ਦੀ ਗੱਲ ਸੁਣਕੇ ਸੀਤਾਬਾਈ ਦੀਆਂ ਅੱਖਾਂ ਵਿੱਚ ਸੱਤ ਗਾਹਕਾਂ ਦੇ ਚਿਹਰੇ ਤੈਰ ਗਏ, ਜਿਹੜੇ ਰਾਤ ਨੂੰ ਨੌਂ ਵਜੇ ਪਿਛੋਂ ਡੌਲੀ ਕੋਲ਼ ਗਏ ਸਨ।''

ਇਸ ਸੰਗ੍ਰਹਿ ਵਿਚਲੀਆਂ ਕਾਫ਼ੀ ਮਿੰਨੀ ਕਹਾਣੀਆਂ ਸਾਹਿਤਕ ਦਸਤਾਵੇਜ਼ ਬਣਨ ਦੀ ਹੈਸੀਅਤ ਰਖਦੀਆਂ ਹਨ।

ਅਨੁਵਾਦ ਕਰਨਾ ਵੀ ਇਕ ਕਲਾ ਹੈ। ਕੋਈ ਕਵੀ ਹੀ ਕਵਿਤਾ ਦੀ ਰਮਜ਼ ਨੂੰ ਪਛਾਣ ਸਕਦਾ ਹੈ ਇਸ ਲਈ ਜੇ ਕੋਈ ਕਿਸੇ ਦੂਜੀ ਭਾਸ਼ਾ ਦੀ ਕਵਿਤਾ ਦਾ ਅਨੁਵਾਦ ਕਰਨਾ ਚਾਹੁੰਦਾ ਹੈ ਤਾਂ ਇਹ ਜ਼ਰੂਰੀ ਹੈ ਕਿ ਉਸਨੂੰ ਕਵਿਤਾ ਦੀ ਸਮਝ ਹੋਵੇ ਤਦ ਹੀ ਉਹ ਦੂਜੀ ਭਾਸ਼ਾ ਦੀ ਕ੍ਰਿਤ ਨਾਲ਼ ਨਿਆਂ ਕਰ ਸਕੇਗਾ। ਇਹੀ ਹਾਲ ਸਾਹਿਤ ਦੇ ਦੂਜੇ ਰੂਪਾਂ ਦਾ ਅਨੁਵਾਦ ਕਰਨ ਲੱਗੇ ਹੁੰਦਾ ਹੈ ਗੁਜਰਾਤੀ ਲੇਖਕ ਜਯੰਤੀ ਮਕਵਾਣਾ ਦੇ ਮਿੰਨੀ ਕਹਾਣੀ ਸੰਗ੍ਰਹਿ 'ਅ ਨਾਉਂ ਦਾ ਆਦਮੀ' ਦਾ ਹਿੰਦੀ ਤੋਂ ਪੰਜਾਬੀ ਵਿੱਚ ਅਨੁਵਾਦ ਰਾਮਸਰੂਪ ਅਣਖੀ ਸਿਰਫ਼ ਏਸੇ ਲਈ ਵਧੀਆ ਢੰਗ ਨਾਲ਼ ਕਰ ਸਕਿਆ ਹੈ ਕਿਉਂਕਿ ਉਹ ਖ਼ੁਦ ਗਲਪਕਾਰ ਹੈ ਅਤੇ ਉਸਨੇ ਆਪ ਵੀ ਕਈ ਮਿੰਨੀ ਕਹਾਣੀਆਂ ਲਿਖੀਆਂ ਹਨ।

ਤ੍ਰੈਮਾਸਿਕ ਪੱਤਰ 'ਲਘੂ ਆਘਾਤ' (ਹਿੰਦੀ) ਦਾ ਮਾਰਚ 1987 ਅੰਕ

'ਲਘੂ ਆਘਾਤ' (ਹਿੰਦੀ) ਦੇ ਮਾਰਚ 1987 ਦੇ ਅੰਕ ਵਿਚ ਹਿੰਦੀ ਦੀਆਂ ਲਘੂ-ਕਥਾਵਾਂ ਤੋਂ ਇਲਾਵਾ 22 ਪੰਜਾਬੀ ਲੇਖਕਾਂ ਦੀਆਂ 28 ਅਨੁਵਾਦਿਤ ਮਿੰਨੀ ਕਹਾਣੀਆਂ ਵੀ ਸ਼ਾਮਿਲ ਹਨ। ਇਨ੍ਹਾਂ ਕਹਾਣੀਆਂ ਵਿਚੋਂ 19 ਦਾ ਅਨੁਵਾਦ ਪ੍ਰੋ: ਅਸ਼ੋਕ ਭਾਟੀਆ ਨੇ ਕੀਤਾ ਹੈ। ਇਸ ਸੰਗ੍ਰਹਿ ਵਿਚ ਪੰਜਾਬੀ ਦੇ ਇਨ੍ਹਾਂ ਲੇਖਕਾਂ ਦੀਆਂ ਕ੍ਰਿਤਾਂ ਦਰਜ ਹਨ—ਕਮਲੇਸ਼ ਭਾਰਤੀ, ਡਾ: ਸੁਰਿੰਦਰ ਮੰਥਨ, ਪ੍ਰੋ: ਹਮਦਰਦਵੀਰ ਨੌਸ਼ਹਿਰਵੀ, ਪਾਂਧੀ ਨਨਕਾਣਵੀ, ਸੁਲੱਖਣ ਮੀਤ, ਕਰਮਵੀਰ ਸਿੰਘ, ਵਿਜੇ, ਸ਼ਰਨ ਮੱਕੜ, ਜਗਦੀਸ਼ ਅਰਮਾਨੀ, ਮਹਿਤਾਬ-ਉਦ-ਦੀਨ, ਡਾ: ਰਾਮ ਸਿੰਘ ਆਜ਼ਾਦ, ਸ਼ਿਆਮ ਸੁੰਦਰ ਅੱਗਰਵਾਲ, ਅਜੀਤ ਸੈਣੀ, ਮੋਹਨ ਸ਼ਰਮਾ, ਅਸ਼ੋਕ ਭਾਟੀਆ, ਗੁਲਵੰਤ ਮਲੌਦਵੀ, ਮੋਹਨ ਸਿੰਘ ਪ੍ਰੀਤ, ਭੁਪਿੰਦਰ ਸਿੰਘ ਪੀ. ਸੀ. ਐੱਸ., ਦਰਸ਼ਨ ਸਿੰਘ ਆਸ਼ਟ, ਭੁਪਿੰਦਰ ਸਿੰਘ ਆਸ਼ਟ, ਯਸ਼ ਖੰਨਾ ਨੀਰ ਅਤੇ ਪ੍ਰੇਮ ਵਿਜ।

ਪ੍ਰੋ: ਅਸ਼ੋਕ ਭਾਟੀਆ ਦਾ ਇਹ ਉੱਦਮ ਵਾਕਈ ਸਲਾਹੁਣਯੋਗ ਹੈ। ਉਸਦੀ ਇਹ ਕੋਸ਼ਿਸ਼ ਜਿੱਥੇ ਸਾਹਿਤ ਰਸੀਆਂ ਦੇ ਸੁਹਜ ਸੁਆਦ ਦੀ ਤ੍ਰਿਪਤੀ ਕਰੇਗੀ ਉੱਥੇ ਪੰਜਾਬੀ ਸਾਹਿਤ ਦੇ ਨਾਲ਼ ਨਾਲ਼ ਪੰਜਾਬੀ ਸਭਿਆਚਾਰ ਨੂੰ ਪੂਰੇ ਭਾਰਤੀਆਂ ਦੇ ਮਨਾਂ ਵਿੱਚ ਫ਼ੈਲਾਉਣ 'ਚ ਵੀ ਸਹਾਈ ਹੋਵੇਗੀ। ਸੰਗ੍ਰਹਿ ਵਿਚਲੀਆਂ ਅਨੁਵਾਦਿਤ ਪੰਜਾਬੀ ਮਿੰਨੀ ਕਹਾਣੀਆਂ ਨੂੰ ਹਿੰਦੀ ਸਾਹਿਤ ਪ੍ਰੇਮੀਆਂ ਵੱਲੋਂ ਹਾਂ-ਪੱਖੀ ਹੁੰਗਾਰਾ ਮਿਲਣ ਦੀ ਸੂਰਤ ਵਿੱਚ ਪੰਜਾਬੀ ਦੇ ਕਈ ਉਹ ਲੇਖਕ ਵੀ ਇਸ ਸਿਨਫ਼ ਦੀ ਸਿਰਜਣਾ ਵੱਲ ਰੁਚਿਤ ਹੋ ਸਕਦੇ ਹਨ ਜੋ ਹਾਲ ਦੀ ਘੜੀ ਇਸ ਦੀ ਕੋਈ ਬਹੁਤੀ ਅਹਿਮੀਅਤ ਨਹੀਂ ਸਮਝਦੇ। ਵੱਖੋ ਵੱਖ ਭਾਸ਼ਾਵਾਂ ਦੇ ਸਾਹਿਤਕ ਆਦਾਨ-ਪ੍ਰਦਾਨ ਦਾ ਇਹ ਸਿਲਸਿਲਾ ਜਾਰੀ ਰਹਿਣਾ ਚਾਹੀਦਾ ਹੈ।

✠✠✠✠

ਹੁਣ ਤੱਕ ਪ੍ਰਕਾਸ਼ਿਤ ਉਪਰੋਕਤ ਗਿਣਤੀ ਦੇ ਮਿੰਨੀ ਕਹਾਣੀ ਸੰਗ੍ਰਹਿਾਂ ਤੋਂ ਇਲਾਵਾ ਮਤਵੰਤ ਕੈਂਥ ਦੇ 'ਫੇਰ ਕੀ ਹੋਇਆ' ਤੇ 'ਯਾਦਾਂ', ਡਾ: ਅਮਰ ਕੋਮਲ ਦਾ 'ਵੇਦਨ ਕਹੀਐ ਕਿਸ', ਡਾ: ਆਰ. ਐੱਸ. ਆਜ਼ਾਦ ਦਾ 'ਗਵਾਚੀਆਂ ਯਾਦਾਂ', ਯਾਦਵਿੰਦਰ ਸਿੱਧੂ ਦਾ 'ਛਿਲਤਰਾਂ', ਸੁਲੱਖਣ ਮੀਤ ਦਾ ਸੰਗ੍ਰਹਿ ਅਤੇ ਨਿਰੰਜਣ ਬੋਹਾ ਦੁਆਰਾ ਸੰਪਾਦਿਤ ਮਿੰਨੀ ਕਹਾਣੀ ਸੰਗ੍ਰਹਿ ਜਲਦੀ ਤੋਂ ਜਲਦੀ ਪ੍ਰਕਾਸ਼ਿਤ ਰੂਪ ਵਿੱਚ ਪਾਠਕਾਂ ਦੇ ਹੱਥਾਂ ਵਿੱਚ ਪਹੁੰਚਣ ਲਈ ਬੇਤਾਬ ਹਨ।

ਮਿੰਨੀ ਕਹਾਣੀਆਂ ਕਈ ਵਾਰ ਟੁੱਟਵੇਂ ਰੂਪ ਵਿੱਚ ਵੱਡੀਆਂ ਕਹਾਣੀਆਂ ਦੇ ਸੰਗ੍ਰਹਿਾਂ ਵਿੱਚ ਵੀ ਮਿਲ਼ ਜਾਂਦੀਆਂ ਹਨ—ਅਮਰ ਸਿੰਘ ਕਰਤਾ 'ਸਿੱਪ ਤੇ ਸਾਗਰ' (1958), ਪ੍ਰੋ: ਹਮਦਰਦਵੀਰ ਨੌਸ਼ਹਿਰਵੀ ਕਰਤਾ 'ਸਲੀਬ ਉੱਤੇ ਟੰਗਿਆ ਮਨੁੱਖ', 'ਖੰਡਿਤ ਮਨੁੱਖ ਦੀ ਕਥਾ', 'ਬਰਫ਼ ਦੇ ਆਦਮੀ ਤੇ ਸੂਰਜ', 'ਨੀਰੋ ਬੰਸਰੀ ਵਜਾ ਰਿਹਾ ਸੀ', 'ਕਹਾਣੀ ਅਜੇ ਮੁੱਕੀ ਨਹੀਂ' (ਹਮਦਰਦਵੀਰ ਨੌਸ਼ਹਿਰਵੀ ਦਾ ਚਾਹੇ ਕੋਈ ਮਿੰਨੀ ਕਹਾਣੀ ਸੰਗ੍ਰਹਿ ਨਹੀਂ ਛਪਿਆ ਪਰ ਸ਼ਾਇਦ ਉਹ ਹੁਣ ਤੱਕ ਸਭ ਤੋਂ ਵੱਧ ਮਿੰਨੀ ਕਹਾਣੀਆਂ ਲਿਖਣ ਵਾਲ਼ਾ ਲੇਖਕ ਹੈ। ਉਸਦੀਆਂ ਇਹ ਕਹਾਣੀਆਂ ਪੰਜਾਬੀ ਦੇ ਪ੍ਰਸਿੱਧ ਅਖ਼ਬਾਰਾਂ ਅਤੇ ਰਿਸਾਲਿਆਂ ਵਿੱਚ ਪ੍ਰਕਾਸ਼ਿਤ ਹੋਣ ਤੋਂ ਇਲਾਵਾ ਭਾਰਤ ਦੀਆਂ ਦੂਜੀਆਂ ਭਾਸ਼ਾਵਾਂ ਵਿੱਚ ਅਨੁਵਾਦ ਹੋ ਚੁੱਕੀਆਂ ਹਨ), ਮਹਿੰਦਰ ਰੰਜੂਰ ਕਰਤਾ 'ਸ਼ੀਸ਼ ਮਹਲ', ਸ. ਤਰਸੇਮ ਕਰਤਾ 'ਅੱਜ ਦੇ ਮਸੀਹੇ' ਆਦਿ ਲੇਖਕਾਂ ਦੇ ਇਨ੍ਹਾਂ ਕਹਾਣੀ ਸੰਗ੍ਰਹਿਾਂ ਵਿੱਚ ਕੁੱਝ ਮਿੰਨੀ ਕਹਾਣੀਆਂ ਵੀ ਮੌਜੂਦ ਹਨ। ਮੂਲ ਚੰਦ ਸ਼ਰਮਾ ਦੁਆਰਾ ਸੰਪਾਦਿਤ ਕਹਾਣੀ ਸੰਗ੍ਰਹਿ 'ਨਵੀਂਆਂ ਗੁੱਡੀਆਂ ਨਵੇਂ ਪਟੋਲੇ' ਵਿੱਚ ਵੀ ਕੁੱਝ ਰਚਨਾਵਾਂ ਮਿੰਨੀ ਕਹਾਣੀ ਵਰਗ ਵਿੱਚ ਰੱਖਣ ਯੋਗ ਹਨ। ਡਾ: ਅਮਰ ਕੋਮਲ[7] ਤਾਂ ਡਾ: ਵਣਜਾਰਾ ਬੇਦੀ ਵਲੋਂ ਸੰਪਾਦਿਤ ਪੁਸਤਕ 'ਇਕ ਘੁੱਟ ਰਸ ਦਾ' ਦੀਆਂ ਲੋਕ ਕਹਾਣੀਆਂ ਵਿੱਚ ਵੀ ਮਿੰਨੀ ਕਹਾਣੀਆਂ ਵਾਲ਼ਾ ਰਸ ਹੀ ਮੰਨਦਾ ਹੈ। ਜਿਹੜੇ ਮਿੰਨੀ ਕਹਾਣੀ ਲੇਖਕਾਂ, ਚਾਹੇ ਮਿੰਨੀ ਕਹਾਣੀ ਸੰਗ੍ਰਹਿ ਦੇ ਕਰਤਿਆਂ ਦੇ ਰੂਪ ਵਿੱਚ ਅਤੇ ਚਾਹੇ ਸੰਯੁਕਤ ਰੂਪ 'ਚ ਛਪੇ ਸੰਪਾਦਿਤ ਮਿੰਨੀ ਕਹਾਣੀ ਸੰਗ੍ਰਹਿਾਂ ਨੂੰ ਆਪਣਾ ਸਾਹਿਤਕ ਯੋਗਦਾਨ ਦੇਣ ਵਿੱਚ, ਦੇ ਨਾਂ ਪਹਿਲਾਂ ਆ ਚੁੱਕੇ ਹਨ; ਉਨ੍ਹਾਂ ਤੋਂ ਇਲਾਵਾ ਕੁੱਝ ਹੋਰ ਲੇਖਕ ਵੀ ਹਨ ਜੋ ਅਕਸਰ ਮਿੰਨੀ ਕਹਾਣੀਆਂ ਲਿਖਦੇ ਅਤੇ ਰੋਜ਼ਾਨਾ ਅਖ਼ਬਾਰਾਂ ਜਾਂ ਮਾਸਿਕ ਪੱਤਰਾਂ ਵਿੱਚ ਮਿੰਨੀ ਕਹਾਣੀ ਲੇਖਕ ਵਜੋਂ ਆਪਣੀ ਪਛਾਣ ਬਣਾਉ"ਦੇ ਹੋਏ ਪਾਠਕਾਂ ਦੇ ਰੂਬਰੂ ਹੁੰਦੇ ਹਨ, ਜਿਵੇਂ ਪ੍ਰੀਤਮ ਬਰਾੜ ਲੰਡੇ, ਭੁਪਿੰਦਰ ਸਿੰਘ ਆਸ਼ਟ, ਬਲਵਿੰਦਰ ਬਾਲਮ, ਰਾਜਕੁਮਾਰ ਸਕੋਲੀਆ,

ਸੁਰਿੰਦਰ ਕੈਲੇ, ਗੁਰਮੀਤ ਹੇਅਰ, ਖ਼ਾਲਿਦ ਕਿਛਾਇਤ, ਰਮਜ਼ਾਨ ਸਈਅਦ, ਅਖ਼ਤਰ ਭੱਟੀ, ਸਾਜਿਦ ਇਸਹਾਕ, ਅਨਵਰ ਚਿਰਾਗ਼, ਤੇਜਿੰਦਰ ਚੰਡਿਹੋਕ, ਰਮੇਸ ਤਾਂਗੜੀ, ਪ੍ਰਕਾਸ਼ ਸਰਵੇਅਰ, ਜੈਪਾਲ ਖੁਰਾਨਾ, ਪ੍ਰਵੀਨ ਅਗਨੀਹੋਤਰੀ, ਮੂਲਚੰਦ ਸ਼ਰਮਾ, ਪਵਨ ਕੌਸ਼ਿਕ, ਰਵਿੰਦਰਜੀਤ ਸਿੰਘ ਬਸਰਾ, ਹਰਜਿੰਦਰ ਸੂਰੇਵਾਲੀਆ, ਹਰਦਮ ਸਿੰਘ ਮਾਨ, ਦਲਜੀਤ ਸਮਾਧਵੀ, ਬਲਦੇਵ ਸਿੰਘ ਕੱਰੋਟਾਣਵੀ, ਗੁਰਪਾਲ ਲਿੱਟ, ਬਲਜੀਤ ਤਖ਼ਤੂਪੁਰੀ, ਅਤਰ ਤਰਸਿੱਕਾ, ਰਣਜੀਤ ਮਾਧੋਪੁਰੀ, ਅਮਰਜੀਤ ਕੌਂਕੇ, ਰਣਜੀਤ ਸਿੰਘ ਭਸੀਨ, ਅਮਰ ਯਾਦਵ, ਐੱਸ. ਕੇ. ਅੱਗਰਵਾਲ, ਰਮੇਸ਼ ਢੰਡ, ਗੁਰਮੁਖ ਖ਼ੁਰਸ਼ੀਦ, ਜਗਦੀਪ ਗਿੱਲ, ਰਣਜੀਤ ਗਰੇਵਾਲ, ਅਸ਼ੋਕ ਚਾਵਲਾ, ਜਸਮੇਰ ਸਿੰਘ, ਜਸਨੀਤ ਚੰਡਿਹੋਕ, ਹਰਬੰਸ ਮਾਛੀਵਾੜਾ, ਮਲਵਿੰਦਰ, ਭੁਪਿੰਦਰ ਸਰਵੇਅਰ, ਕੁਲਵੰਤ ਕੌਰ, ਨਿਰਮਲ ਪ੍ਰੇਮੀ, ਜੋਗਿੰਦਰ ਪਾਲ, ਜਗਰੂਪ ਮਿੰਘ ਰੂਪ, ਮਲਕੀਤ ਸਿੰਘ ਮਛਾਣਾ, ਕੁਲਵੰਤ ਕੋਕਰੀ, ਬਲਦੇਵ ਸਿੰਘ ਰਾਏ ਆਦਿ।

ਮਿੰਨੀ ਰਚਨਾਵਾਂ ਦੀ ਲੜੀ ਵਿਚ ਹੀ ਮਿੰਨੀ ਕਹਾਣੀਆਂ ਦੇ ਨਾਲ਼-ਨਾਲ਼ ਮਿੰਨੀ ਨਾਵਲ (ਨਾਵਲਿਟ) ਵੀ ਕਦੀ ਕਦਾਈਂ ਪ੍ਰਕਾਸ਼ਿਤ ਹੁੰਦੇ ਰਹਿੰਦੇ ਹਨ। ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਪੰਜਾਬੀ ਸਾਹਿਤ ਨੂੰ ਸਭ ਤੋਂ ਪਹਿਲਾ ਮਿੰਨੀ ਨਾਵਲ 'ਅਣਵਿਆਹੀ ਮਾਂ' ਦਿੱਤਾ। ਹੁਣ ਤੱਕ ਅੰਮ੍ਰਿਤਾ ਪ੍ਰੀਤਮ, ਸੰਤੋਖ ਸਿੰਘ ਧੀਰ, ਦਲੀਪ ਕੌਰ ਟਿਵਾਣਾ, ਗੁਲਜ਼ਾਰ ਮੁਹੰਮਦ ਗੋਰੀਆ ਆਦਿ ਲੇਖਕ ਵੀ ਮਿੰਨੀ ਨਾਵਲ ਲਿਖ ਚੁੱਕੇ ਹਨ।

ਇਹ ਖ਼ੁਸ਼ੀ ਦੀ ਗੱਲ ਹੈ ਕਿ ਕਿਸੇ ਵੀ ਗੰਭੀਰ ਮਿੰਨੀ ਕਹਾਣੀ ਲੇਖਕ ਨੇ ਕਿਸੇ ਖ਼ਾਸ ਸਿਧਾਂਤ ਦਾ ਪੱਲਾ ਫੜ ਕੇ ਆਪਣੀਆਂ ਭਵਿੱਖ ਦੀਆਂ ਸੰਭਾਵਨਾਵਾਂ ਨੂੰ ਸੀਮਿਤ ਨਹੀਂ ਕੀਤਾ। ਹਾਂ, ਪੰਜਾਬੀ ਦੇ ਦੂਜੇ ਸਾਹਿਤ-ਰੂਪਾਂ ਵਾਂਗ ਇਸ ਸਿਨਫ਼ ਦੀ ਪ੍ਰਧਾਨ ਸੁਰ ਜਨ-ਮੁਖੀ ਹੀ ਰਹੀ ਹੈ— ਜਨਮੁਖੀ ਹੋਣਾ ਕੋਈ ਸਿਧਾਂਤ ਨਹੀਂ ਹੈ, ਇਹ ਤਾਂ ਪੰਜਾਬੀਆਂ ਦਾ ਖ਼ਾਸਾਅ ਹੈ ਜੋ ਲੱਗਭਗ ਆਦਿ ਕਾਲ ਤੋਂ ਹੀ ਪੰਜਾਬੀ ਮਨਾਂ ਵਿੱਚ ਰਚ ਮਿਚ ਕੇ ਇੱਕ ਵਿਰਸੇ ਦਾ ਰੂਪ ਧਾਰਨ ਕਰ ਗਿਆ ਹੈ। ਪਰੰਤੂ ਹੁਣ ਕੁੱਝ ਲੇਖਕ, ਵਿਸ਼ੇਸ਼ ਕਰ ਸ਼ਹਿਰੀ ਸਾਹਿਤਕਾਰ ਪੂੰਜੀਵਾਦ ਦੇ ਅਸਰ ਹੇਠ ਅਤੇ ਡੂੰਘੀ ਸਮਝ ਦੀ ਘਾਟ ਕਾਰਨ ਬੁਰਜੁਆਜ਼ੀ ਨੂੰ ਹੀ ਆਪਣੀਆਂ ਰਚਨਾਵਾਂ ਵਿੱਚ ਸਥਾਨ ਦੇ ਕੇ ਪਾਠਕਾਂ ਨੂੰ ਠੱਗਣ ਦੀ ਕੋਸ਼ਿਸ਼ ਵੀ ਕਰਨ ਲੱਗ ਪਏ ਹਨ, **ਇਹੀ ਕਾਰਨ** ਹੈ ਕਿ ਉਨ੍ਹਾਂ ਦੀਆਂ ਰਚਨਾਵਾਂ ਸਥਾਈ ਅਤੇ ਚਿਰਜੀਵੀ ਨਹੀਂ ਹੁੰਦੀਆਂ।

ਹਵਾਲੇ:

1. **ਮਾਰਕਸਵਾਦੀ ਸਮੀਖਿਆ ਸਿਧਾਂਤ** ਕ੍ਰਿਤ ਡਾ: ਸੁਰਜੀਤ ਸਿੰਘ ਭੱਟੀ, ਪੰਨਾ 110
2. **ਅਮਰੀਕਾ ਦੀ ਨਵੀਨ ਆਲੋਚਨਾ ਪ੍ਰਣਾਲੀ,** ਪੰਨਾ 11, 12
3. **ਸਾਹਿਤ ਸਮਾਚਾਰ**—ਕਹਾਣੀ ਅੰਕ, ਪੰਨਾ 119
4. **ਮਾਰਕਸਵਾਦੀ ਸਮੀਖਿਆ ਸਿਧਾਂਤ**, ਪੰਨਾ 94, 95
5. ਆਹੂਜਾ, ਰੌਸ਼ਨ ਲਾਲ (ਡਾ:) **ਆਲੋਚਨਾ ਦੇ ਸਿਧਾਂਤ**, ਪੰਨਾ 88
6. **ਲਘੂ ਆਘਾਤ**, ਜੁਲਾਈ 1986 ਤੋਂ ਮਾਰਚ 1987, ਪੰਨਾ 3—4
7. **ਖੋਜ ਪਤ੍ਰਿਕਾ,** ਮਾਰਚ 1982, ਪੰਨਾ 343

———

5 ਪੰਜਾਬੀ ਸਾਹਿਤ ਵਿਚ ਮਿੰਨੀ ਕਹਾਣੀ ਦਾ ਸਥਾਨ ਅਤੇ ਇਸਦਾ ਭਵਿੱਖ

ਹਰ ਲੇਖਕ ਸਾਹਿਤ ਵਿੱਚ ਵਿਸ਼ੇ ਅਤੇ ਰੂਪ ਸੰਬੰਧੀ ਨਵੇਂ-ਨਵੇਂ ਪ੍ਰਯੋਗ ਕਰਦਾ ਰਹਿੰਦਾ ਹੈ। ਉਸਦੀ ਹਰ ਨਵੀਂ ਰਚਨਾ ਸਾਹਿਤ ਦੇ ਇਤਿਹਾਸ ਵਿੱਚ ਇਕ ਨਵੀਂ ਧਾਰਨਾ ਲੈ ਕੇ ਆਉਂਦੀ ਹੈ, ਉਸਦੀ ਹਰ ਰਚਨਾ ਇਨਕਲਾਬ ਦਾ ਸੁਨੇਹਾ ਹੁੰਦੀ ਹੈ ਪਰੰਤੂ ਉਸ ਨਵੇਂ ਪ੍ਰਯੋਗ ਨੂੰ ਪ੍ਰਮਾਣਿਕਤਾ ਤਾਂ ਹੀ ਹਾਸਿਲ ਹੋ ਸਕਦੀ ਹੈ ਜੇ ਉਸ ਸਮਾਜ ਦੇ ਚੌਗਿਰਦੇ, ਰਹਿਣ ਸਹਿਣ ਅਤੇ ਸਭਿਆਚਾਰ ਆਦਿ ਅੰਤਰਮੁਖੀ ਤੇ ਬਾਹਰਮੁਖੀ ਤੱਤ, ਜਿਸ ਤੋਂ ਉਹ ਸ਼ਕਤੀ ਹਾਸਿਲ ਕਰਦਾ ਹੈ, ਇਸਨੂੰ ਆਪਣੇ ਸੁਭਾਅ ਮੁਤਾਬਕ ਮਨਜ਼ੂਰੀ ਦੇਣ। ਮਨਜ਼ੂਰੀ ਨਾ ਮਿਲਣ ਦੀ ਸੂਰਤ ਵਿੱਚ ਸਾਹਿਤ ਵਿਚ ਵਿਸ਼ੇ ਅਤੇ ਰੂਪ ਪੱਖੋਂ ਕੀਤਾ ਗਿਆ ਕੋਈ ਵੀ ਪ੍ਰਯੋਗ ਲੰਮੇ ਸਮੇਂ ਤੱਕ ਪ੍ਰਚਲਿਤ ਨਹੀਂ ਰਹਿ ਸਕਦਾ। ਹੁਣ ਆਲੋਚਕਾਂ ਵਲੋਂ ਮਿੰਨੀ ਕਹਾਣੀ ਦੇ ਇਤਨੇ ਕਰੜੇ ਵਿਰੋਧ ਦੇ ਬਾਵਜੂਦ ਇਸ ਦੀ ਦਿਨੋ ਦਿਨ ਵਧ ਰਹੀ ਲੋਕਪ੍ਰਿਯਤਾ ਤੋਂ ਇਹ ਅੰਦਾਜ਼ਾ ਭਲੀ ਭਾਂਤ ਲੱਗ ਜਾਂਦਾ ਹੈ ਕਿ ਪੰਜਾਬੀ ਪਾਠਕਾਂ ਦੇ ਮਨ ਨੇ ਇਸ ਨੂੰ ਸਵੀਕਾਰ ਕਰ ਲਿਆ ਹੈ – ਸ਼ਾਇਦ ਇਸ ਲਈ ਕਿਉਂਕਿ ਇਹ ਆਪਣੇ ਰੂਪ ਵਜੋਂ ਵਕਤ ਦੀ ਘਾਟ ਕਾਰਨ ਯੁੱਗ ਬੋਧ ਦੀ ਹਾਣੀ ਹੋਣ ਦੀ ਪ੍ਰਤੀਕ ਹੈ।

ਜਦ ਤਲਾਅ ਵਿੱਚ ਕੋਈ ਕੰਕਰ ਸੁੱਟਿਆ ਜਾਂਦਾ ਹੈ ਤਾਂ ਉਸਦੇ ਪ੍ਰਤਿਕਰਮ ਵਜੋਂ ਪੈਦਾ ਹੋਈ ਪਹਿਲੀ ਲਹਿਰ ਕਿਨਾਰੇ ਤੱਕ ਅੱਪੜਦੀ ਹੈ ਅਤੇ ਹੋਰ ਦਰਜਨਾਂ ਲਹਿਰਾਂ ਵਾਂਗ ਉਸੇ ਕੰਕਰ ਦੁਆਰਾ ਉੱਠੀ ਆਖ਼ਰੀ ਲਹਿਰ ਵੀ ਕਿਨਾਰੇ ਨਾਲ਼ ਜ਼ਰੂਰ ਟਕਰਾਉਂਦੀ ਹੈ। ਜੇ ਉੱਠੀਆਂ ਲਹਿਰਾਂ ਨੂੰ ਸਾਹਿਤ ਦੀਆਂ ਵੱਖੋ-ਵੱਖ ਵਿਧਾਵਾਂ ਦਾ ਪ੍ਰਤੀਕ ਮੰਨ ਲਈਏ ਤਾਂ ਇਹ ਅਨੁਮਾਨ ਸਹਿਜੇ ਹੀ ਲਾਇਆ ਜਾ ਸਕਦਾ ਹੈ ਕਿ ਹਰ ਸਿਨਫ਼ ਦਾ ਆਪੋ ਆਪਣਾ ਮਹੱਤਵ ਹੁੰਦਾ ਹੈ। ਇਸ ਲਈ ਇਹ ਕਹਿਣਾ ਕਿ ਮਿੰਨੀ ਕਹਾਣੀ ਗਲਪ ਦੀ ਕੋਈ ਮਹੱਤਵਪੂਰਨ ਸਿਨਫ਼ ਨਹੀਂ, ਠੀਕ ਨਹੀਂ ਜਾਪਦਾ। ਗ਼ਜ਼ਲ ਵਿੱਚ ਇੱਕ ਸ਼ਿਅਰ ਨੂੰ (ਜਿਸਦੇ ਸਿਰਫ਼ ਦੋ ਹੀ ਮਿਸਰੇ ਹੁੰਦੇ ਹਨ) ਸੰਪੂਰਨ ਇਕਾਈ ਮੰਨਿਆ ਜਾਂਦਾ ਹੈ ਕਿਉਂਕਿ ਹਰ ਸ਼ਿਅਰ ਆਪਣੇ ਆਪ ਵਿੱਚ ਸੁਤੰਤਰ ਹੁੰਦਾ ਹੈ ਅਤੇ ਇੱਕ ਇਕੱਲੇ ਸ਼ਿਅਰ ਨੂੰ ਨਜ਼ਮ ਦਾ ਸਿਰਲੇਖ ਵੀ ਦਿੱਤਾ ਜਾ ਸਕਦਾ ਹੈ। ਜੇ ਦੋ ਮਿਸਰਿਆਂ ਦੇ ਇੱਕ ਛੋਟੇ ਜਿਹੇ ਸ਼ਿਅਰ ਨੂੰ ਸਾਹਿਤ ਵਿੱਚ ਇੱਕ ਸੰਪੂਰਨ ਇਕਾਈ ਹੋਣ ਦੀ ਮਾਨਤਾ ਪ੍ਰਾਪਤ ਹੈ ਤਾਂ ਮਿੰਨੀ ਕਹਾਣੀ ਕਿਉਂ ਸਾਹਿਤ ਦੇ ਇੱਕ ਰੂਪ ਵਜੋਂ ਸਵੀਕਾਰੀ ਨਹੀਂ ਜਾ ਸਕਦੀ ? ਇਸ ਦੇ

ਜੁਆਬ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ ਨਵੀਂ ਚਲੀ ਕਿਸੇ ਵੀ ਰੀਤ ਨੂੰ ਕਦੇ ਇਕਦਮ ਹੁੰਗਾਰਾ ਨਹੀਂ ਮਿਲ਼ਦਾ। ਪਹਿਲਾਂ ਵਿਰੋਧ ਅਨਿਵਾਰੀ ਹੈ—ਨਵੀਆਂ ਪਗਡੰਡੀਆਂ ਨੂੰ ਆਮ ਰਸਤਾ ਬਣਨ ਵਿੱਚ ਕੁੱਝ ਚਿਰ ਤਾਂ ਲਗਦਾ ਹੀ ਹੈ।

ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਨਾਵਲ ਇਨਸਾਨੀ ਜੀਵਨ ਦੀ ਸਮੁੱਚਤਾ ਨੂੰ ਕਾਫ਼ੀ ਹੱਦ ਤੱਕ ਆਪਣੇ ਕਲਾਵੇ ਵਿੱਚ ਲੈਂਦਾ ਹੈ ਜਦਕਿ ਮਿੰਨੀ ਕਹਾਣੀ ਜੀਵਨ ਨੂੰ ਟੋਟਿਆਂ ਅਤੇ ਛਿਣਾਂ ਵਿੱਚ ਪ੍ਰਸਤੁਤ ਕਰਦੀ ਹੈ। ਪਰੰਤੂ ਇਹ ਵੀ ਇੱਕ ਅੰਤਿਮ ਸੱਚ ਸਿੱਧ ਹੋ ਚੁੱਕਿਆ ਹੈ ਕਿ ਕੋਈ ਵੀ ਸਾਹਿਤ ਰੂਪ ਇਕੱਲਾ ਕਦੇ ਵੀ ਜੀਵਨ ਦੀ ਸਮੁੱਚਤਾ ਨੂੰ ਆਪਣੇ ਆਪ ਵਿੱਚ ਸਮੋਅ ਨਹੀਂ ਸਕਦਾ। ਮਨੁੱਖੀ ਮਨ ਦੀਆਂ ਤਾਂ ਅਣਗਿਣਤ ਤਹਿਆਂ ਹਨ ; ਆਧੁਨਿਕ ਲੇਖਕ ਦਾ ਕੰਮ ਇਨ੍ਹਾਂ ਤਹਿਆਂ ਨੂੰ ਹੀ ਆਪਣੀਆਂ ਰਚਨਾਵਾਂ ਵਿੱਚ ਉਲੀਕਣਾ ਹੈ। ਮਨ ਦੀ ਕਿਸੇ ਤਹਿ ਨੂੰ ਕਵਿਤਾ ਵਿੱਚ, ਕਿਸੇ ਨੂੰ ਨਾਵਲ ਵਿੱਚ, ਕਿਸੇ ਨੂੰ ਕਹਾਣੀ ਵਿੱਚ, ਕਿਸੇ ਨੂੰ ਨਾਟਕ ਵਿੱਚ, ਕਿਸੇ ਨੂੰ ਸਵੈ-ਜੀਵਨੀ ਵਿੱਚ, ਕਿਸੇ ਨੂੰ ਸਫ਼ਰਨਾਮਿਆਂ ਜਾਂ ਸੰਸਮਰਨਾਂ ਆਦਿ ਸਾਹਿਤ ਰੂਪਾਂ ਵਿੱਚ ਵੱਖੋ-ਵੱਖਰੇ ਢੰਗ ਨਾਲ਼ ਪੇਸ਼ ਕੀਤਾ ਜਾ ਸਕਦਾ ਹੈ। ਹਰ ਇੱਕ ਮਨੁੱਖ ਲੇਖਕ ਬਣ ਸਕਦਾ ਹੈ, ਹਰ ਮਨੁੱਖ ਕੋਲ਼ ਆਪਣੀ ਜ਼ਿੰਦਗੀ ਦੇ ਤਜਰਬੇ ਹਨ, ਉਹ ਉਨ੍ਹਾਂ ਨੂੰ ਆਪਣੀਆਂ ਗੱਲਾਂ-ਬਾਤਾਂ ਰਾਹੀਂ ਪੇਸ਼ ਕਰਦਾ ਰਹਿੰਦਾ ਹੈ। ਆਮ ਇਨਸਾਨ ਅਤੇ ਲੇਖਕ ਵਿੱਚ ਇਹੀ ਫ਼ਰਕ ਹੈ ਕਿ ਲੇਖਕ ਆਪਣੇ ਤਜਰਬੇ ਦਾ ਬਾਰੀਕ ਨਜ਼ਰ ਨਾਲ਼ ਵਿਸ਼ਲੇਸ਼ਣ ਕਰਕੇ ਕਾਗਜ਼ ਦੇ ਕੈਨਵਸ 'ਤੇ ਆਪਣੀ ਕਲਮ ਨਾਲ਼ ਰੂਪਮਾਨ ਛੱਡਦਾ ਹੈ ਜਦਕਿ ਆਮ ਮਨੁੱਖ ਅਜਿਹਾ ਨਹੀਂ ਕਰਦਾ। ਇੱਕ ਇਹ ਗੱਲ ਵੀ ਆਮ ਵੇਖੀ ਗਈ ਹੈ ਕਿ ਜਦ ਕੋਈ ਲੇਖਕ ਇੱਕ ਵਾਰ ਲਿਖਣਾ ਸ਼ੁਰੂ ਕਰਦਾ ਹੈ ਤਾਂ ਉਸ ਕੋਲ਼ ਛੇਤੀ ਕਿਤੇ ਲਿਖਣ ਸਮੱਗਰੀ ਖ਼ਤਮ ਨਹੀਂ ਹੁੰਦੀ—ਇਸਦਾ ਕੀ ਕਾਰਨ ਹੈ ? ਜਿਵੇਂ ਕਿ ਉੱਪਰ ਕਿਹਾ ਗਿਆ ਹੈ ਕਿ ਮਨੁੱਖੀ ਜ਼ਿਹਨ ਦੀਆਂ ਤਹਿਆਂ ਅਸੰਖਯ ਹਨ, ਸੋ ਇੱਕ ਵਾਰੀ ਵਿੱਚ ਲੇਖਕ ਕਿਸੇ ਤਹਿ ਦਾ ਮਾਮੂਲੀ ਜਿਹਾ ਹਿੱਸਾ ਬਿਆਨ ਕਰ ਸਕਣ ਦੇ ਸਮਰੱਥ ਹੁੰਦਾ ਹੈ ਪਰ ਅਗਲੀ ਵਾਰ ਉਸਦੇ ਦਿਮਾਗ਼ ਵਿੱਚ ਆਉਂਦਾ ਹੈ ਕਿ ਉਸਨੂੰ ਫ਼ਲਾਂ ਪ੍ਰਕਾਰ ਦੀ ਮਨੋਸਥਿਤੀ ਨੂੰ ਚਿਤ੍ਰਣ ਦੇ ਨਾਲ਼-ਨਾਲ਼ ਫ਼ਲਾਂ ਕਿਸਮ ਦੀ ਮਨੋਸਥਿਤੀ ਨੂੰ ਵੀ ਪੇਸ਼ ਕਰਨਾ ਚਾਹੀਦਾ ਹੈ ਜਾਂ ਫ਼ਲਾਂ ਪ੍ਰਕਾਰ ਦੀ ਕਿਰਿਆ ਨੂੰ ਫ਼ਲਾਂ ਕਿਸਮ ਨਾਲ਼ ਵੀ ਪੇਸ਼ ਕੀਤਾ ਜਾ ਸਕਦਾ ਹੈ। ਇਸ ਪ੍ਰਕਾਰ ਲੇਖਕ ਆਪਣੇ ਮਨ ਦੀ ਤਸੱਲੀ ਲਈ ਹੀ ਵਾਰ-ਵਾਰ ਲਿਖਦਾ ਹੈ। ਹਰ ਵਾਰ ਉਸਨੂੰ ਇੰਝ ਮਹਿਸੂਸ ਹੁੰਦਾ ਹੈ ਕਿ ਉਸਦਾ ਲਿਖਿਆ ਹਾਲੇ ਅਧੂਰਾ ਹੈ। ਜਿਉਂ-ਜਿਉਂ ਤਜਰਬੇ ਨਾਲ਼ ਉਸਦਾ ਵਿਸ਼ਲੇਸ਼ਣ ਸੂਖਮ ਤੋਂ ਸੂਖਮ ਹੁੰਦਾ ਜਾਂਦਾ ਹੈ ਤਾਂ ਉਸਦੇ ਸਾਹਮਣੇ ਮਨੁੱਖੀ ਗੁੰਝਲ਼ਾਂ ਦੇ ਕਿਵਾੜ ਆਪਣੇ ਆਪ ਖੁੱਲ੍ਹਦੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਉਹ ਆਪਣੀਆਂ ਰਚਨਾਵਾਂ ਵਿੱਚ ਪੇਸ਼ ਕਰੀ ਜਾਂਦਾ ਹੈ—ਆਪਣੀਆਂ ਰਚਨਾਵਾਂ ਦੇ ਅਧੂਰੇ ਰਹਿਣ ਦੀ ਅਸੰਤੁਸ਼ਟੀ ਹੀ ਉਸ ਤੋਂ ਬਹੁਤ ਕੁੱਝ ਲਿਖਵਾ ਜਾਂਦੀ ਹੈ। ਉਪਰੋਕਤ ਵਾਰਤਾ ਦਾ ਭਾਵ ਸਿਰਫ਼ ਇੰਨਾ ਹੀ ਹੈ ਕਿ ਜਦ ਕੋਈ ਵੀ ਸਾਹਿਤ-ਰੂਪ ਸਮੁੱਚੇ ਜੀਵਨ ਨੂੰ ਆਪਣੇ ਆਪ ਵਿੱਚ ਸਮੋਣ ਦੇ ਕਾਬਿਲ ਨਹੀਂ ਤਾਂ ਅਸੀਂ ਕਿਵੇਂ ਮਿੰਨੀ ਕਹਾਣੀ ਨੂੰ ਸਿਰਫ਼ ਇਸ ਲਈ ਰੱਦ ਕਰ ਸਕਦੇ ਹਾਂ ਕਿ ਇਹ ਤਾਂ ਜੀਵਨ ਨੂੰ ਟੋਟਿਆਂ ਵਿੱਚ ਪੇਸ਼ ਕਰ਼ਦੀ ਹੈ। ਮੰਨ ਲਓ ਜੇ ਕੋਈ ਲੇਖਕ ਜੀਵਨ ਦੀ ਸਮੁੱਚਤਾ ਨੂੰ ਕਿਸੇ ਇੱਕ ਨਾਵਲ ਵਿੱਚ ਪੇਸ਼ ਕਰਨ ਦਾ ਦਾਅਵਾ ਕਰਦਾ ਹੈ ਤਾਂ ਨਿਸਚਿਤ ਰੂਪ ਵਿੱਚ ਉਹ ਦੋ ਚਾਰ ਨਾਵਲਾਂ ਤੋਂ ਵੱਧ ਸਿਰਜਣਾ ਕਰ ਹੀ ਨਹੀਂ ਸਕਦਾ। ਪਰ ਅਜਿਹਾ ਪੇਸ਼ ਕਰਨਾ ਅਸੰਭਵ ਤਾਂ ਹੈ ਹੀ, ਨਾਮੁਮਕਿਨ ਵੀ ਹੈ।

ਮਿੰਨੀ ਕਹਾਣੀ ਤਾਂ ਲੇਖਕ ਦੀ ਯੋਜਨਾ ਤੋਂ ਵੀ ਕਿਤੇ ਵੱਧ ਅਹਿਮੀਅਤ ਅਤੇ ਮਤਲਬ ਰੱਖਦੀ ਹੈ, ਇਹ ਹਰ ਪ੍ਰਕਾਰ ਦੇ ਮੁਖੌਟੇ ਨੂੰ ਲਾਹੁਣ ਅਤੇ ਪਾਜ ਉਘੇੜਨ ਦੇ ਸਮਰੱਥ ਹੈ। ਕਈ ਵਾਰ ਲੇਖਕ ਇਹ ਮਹਿਸੂਸ ਕਰਦਾ ਹੈ ਕਿ ਪਾਠਕ ਜਾਂ ਆਲੋਚਕ ਨੇ ਉਸਦੀ ਰਚਨਾ 'ਚੋਂ ਉਹ ਅਰਥ ਕੱਢ ਵਿਖਾਏ ਹਨ ਜੋ ਉਸਨੇ ਸੋਚੇ ਵੀ ਨਹੀਂ ਸਨ। ਉਸਨੇ ਉਸ ਕੋਣ ਤੋਂ ਖੜ੍ਹ ਕੇ ਆਪਣੀ ਸਿਰਜਣਾ ਨੂੰ ਵੇਖਿਆ ਹੀ ਨਹੀਂ ਹੁੰਦਾ ਜਿਸ ਕੋਣ ਤੋਂ ਖੜ੍ਹ ਕੇ ਪਾਠਕ ਉਸਦੀ ਰਚਨਾ ਦਾ ਮੁੱਲ ਪਾ ਦਿੰਦਾ ਹੈ। ਤਜਰਬੇਕਾਰ ਮਿੰਨੀ ਕਹਾਣੀ ਲੇਖਕ ਦਾ ਅਚੇਤ ਮਨ ਅਚੇਤ ਹੀ ਮਿੰਨੀ ਕਹਾਣੀ ਵਿੱਚ ਅਜਿਹੀਆਂ ਵਿਸ਼ੇਸ਼ਤਾਵਾਂ ਭਰ ਦਿੰਦਾ ਹੈ ਕਿ ਉਸਦੇ ਚੇਤੰਨ ਮਨ ਨੂੰ ਇਸ ਦੀ ਖ਼ਬਰ ਵੀ ਨਹੀਂ ਹੁੰਦੀ—ਤਾਂਹੀਉਂ ਅਸੀਂ ਪਹਿਲਾਂ ਕਲਾ-ਕੌਸ਼ਲਤਾ ਦੀ ਥਾਹ ਪਾਉਣ ਨੂੰ ਮੁਸ਼ਕਿਲ ਦੱਸਿਆ ਹੈ ਕਿਉਂਕਿ ਇਹ ਸਾਹਿਤਕਾਰ ਦੇ ਅਚੇਤਮਨ ਦੀ ਉਪਜ ਹੁੰਦੀ ਹੈ ਅਤੇ ਅਚੇਤਮਨ ਦੀ ਥਾਹ ਪਾਉਣੀ ਮੁਸ਼ਕਿਲ ਹੀ ਨਹੀਂ, ਇਕ ਅਸੰਭਵ ਜਿਹਾ ਕਾਰਜ ਹੈ। ਮੇਰੇ ਵਿਚਾਰ ਅਨੁਸਾਰ ਤਾਂ ਕੋਈ ਵੀ ਨਵਾਂ ਲੇਖਕ ਜੇ ਸਫ਼ਲ ਗਲਪਕਾਰ ਬਣਨਾ ਚਾਹੁੰਦਾ ਹੈ ਤਾਂ ਉਸਨੂੰ ਸ਼ੁਰੂਆਤ ਮਿੰਨੀ ਕਹਾਣੀ ਤੋਂ ਹੀ ਕਰਨੀ ਚਾਹੀਦੀ ਹੈ—ਇਸ ਨਾਲ਼ ਇੱਕ ਤਾਂ ਉਸਦੀ ਭਾਸ਼ਾ 'ਤੇ ਪਕੜ ਮਜ਼ਬੂਤ ਹੁੰਦੀ ਹੈ, ਦੂਜੇ ਉਸਦੀ ਸ਼ੈਲੀ ਵਿੱਚ ਨਿਖਾਰ ਵੀ ਆਉਂਦਾ ਹੈ। ਮੇਰੇ ਇਸ ਕਥਨ ਤੋਂ ਇਹ ਨਹੀਂ ਸਮਝ ਲਿਆ ਜਾਣਾ ਚਾਹੀਦਾ ਕਿ ਮਿੰਨੀ ਕਹਾਣੀ ਨੂੰ ਮੈਂ ਸਿਰਫ਼ ਸਿਖਾਂਦਰੂਆਂ ਤੱਕ ਹੀ ਸੀਮਿਤ ਕਰ ਰਿਹਾ ਹਾਂ, ਮੇਰੇ ਕਹਿਣ ਦਾ ਭਾਵ ਤਾਂ ਸਿਰਫ਼ ਇੰਨਾ ਹੈ ਕਿ ਲੇਖਕ ਦੇ ਮੋਢਿਆਂ 'ਤੇ ਬੜੀ ਵੱਡੀ ਜ਼ਿੰਮੇਵਾਰੀ ਹੁੰਦੀ ਹੈ ਇਸ ਲਈ ਉਸਨੂੰ ਸਾਹਿਤ ਨੂੰ ਇੱਕ ਮਜ਼ਾਕ ਨਹੀਂ ਸਮਝਣਾ ਚਾਹੀਦਾ ਸਗੋਂ ਉਸਨੂੰ ਪੂਰੀ ਤਰ੍ਹਾਂ ਲੈਸ ਹੋ ਕੇ ਸਾਹਿਤ ਦੇ ਪਿੜ ਵਿੱਚ ਕੁੱਦਣਾ ਚਾਹੀਦਾ ਹੈ। ਅਕਸਰ ਨਵੇਂ ਲੇਖਕਾਂ ਦੀਆਂ ਰਚਨਾਵਾਂ ਨੂੰ ਸ਼ੁਰੂ ਤੋਂ ਅਖੀਰ ਤੱਕ ਪੜ੍ਹਨ ਨਾਲ਼ ਵੀ ਪਾਠਕ ਦੇ ਪਿੜ ਪੱਲੇ ਕੁੱਝ ਨਹੀਂ ਪੈਂਦਾ ਕਿ ਆਖ਼ਿਰ ਲੇਖਕ ਕਹਿਣਾ ਕੀ ਚਾਹੁੰਦਾ ਹੈ। ਮੇਰੇ ਖ਼ਿਆਲ ਵਿੱਚ ਇਹ ਸਿਰਫ਼ ਉਨ੍ਹਾਂ ਦੀ ਛਪਣ ਦੀ ਕਾਹਲ਼ ਕਰਕੇ ਅਤੇ ਸਾਹਿਤ ਵਿੱਚ ਕਦਮ ਰੱਖਣ ਤੋਂ ਪਹਿਲਾਂ ਪੂਰੀ ਤਰ੍ਹਾਂ ਤਿਆਰ ਨਾ ਹੋਣਾ ਹੈ।

ਕਹਾਣੀ ਅਤੇ ਮਿੰਨੀ ਕਹਾਣੀ ਵਿੱਚ ਜੋ ਅੰਤਰ/ਸੰਬੰਧ ਹੈ ਬਿਲਕੁਲ ਉਹੀ ਅੰਤਰ/ਸੰਬੰਧ ਨਾਟਕ ਤੇ ਇਕਾਂਗੀ ਵਿੱਚ ਹੈ। ਇਕਾਂਗੀਕਾਰਾਂ ਲਈ ਵੀ ਇਹ ਸਮੱਸਿਆ ਦਰਪੇਸ਼ ਹੈ ਕਿ ਆਲੋਚਕ ਉਨ੍ਹਾਂ ਦੇ ਇਕਾਂਗੀਆਂ ਦਾ ਨੋਟਿਸ ਨਹੀਂ ਲੈਂਦੇ। ਇਸੇ ਪ੍ਰਕਾਰ ਮਿੰਨੀ ਕਹਾਣੀ ਲੇਖਕ ਪੰਜਾਬੀ ਦੇ ਆਲੋਚਕਾਂ ਤੋਂ ਖ਼ਫ਼ਾ ਹਨ ਕਿ ਉਹ ਉਨ੍ਹਾਂ ਦੀਆਂ ਸਿਰਜਣਾਵਾਂ ਨੂੰ ਗੌਲ਼ਦੇ ਕਿਉਂ ਨਹੀਂ ? ਇੱਕ ਗੱਲੋਂ ਆਲੋਚਕ ਕਿਸੇ ਹੱਦ ਤੱਕ ਮਜਬੂਰ ਵੀ ਹਨ ਕਿਉਂਕਿ ਪੰਜਾਬੀ ਮਿੰਨੀ ਕਹਾਣੀ ਨੇ ਮਨੁੱਖੀ ਸੁਭਾਅ ਦੀਆਂ ਤਹਿਆਂ ਨੂੰ ਫ਼ਰੋਲਣ ਵਿਚ ਹਾਲ਼ੇ ਬਹੁਤੀ ਸਫ਼ਲਤਾ ਹਾਸਿਲ ਨਹੀਂ ਕੀਤੀ, ਇਸ ਦੇ ਵਿੱਚ ਵੰਨ-ਸੁਵੰਨੇ ਵਿਸ਼ਿਆਂ ਦੀ ਝਲਕ ਵੀ ਹਾਲ਼ੀ ਨਹੀਂ ਮਿਲੀ, ਵਿਸ਼ੇ ਪੱਖੋਂ ਹੀ ਨਹੀਂ ਰੂਪ ਪੱਖੋਂ ਵੀ ਪੰਜਾਬੀ ਮਿੰਨੀ ਕਹਾਣੀ ਨੇ ਦੂਜੀਆਂ ਭਾਸ਼ਾਵਾਂ ਦੇ ਟਾਕਰੇ 'ਤੇ ਕਾਫ਼ੀ ਘੱਟ ਉੱਨਤੀ ਕੀਤੀ ਹੈ। ਪੰਜਾਬੀ ਸਾਹਿਤ ਵਿੱਚ ਮਿੰਨੀ ਕਹਾਣੀ ਦੀ ਅਪ੍ਰਵਾਨਗੀ ਦੀ ਹਾਲਤ ਇੱਕ ਲੇਖਕ/ਆਲੋਚਕ/ਪਾਠਕ ਨੂੰ ਦੂਜੀਆਂ ਭਾਸ਼ਾਵਾਂ ਵਿੱਚ ਲਿਖੀਆਂ ਮਿੰਨੀ ਕਹਾਣੀਆਂ ਨੂੰ ਪੜ੍ਹਨ ਤੇ ਘੋਖਣ ਵੱਲ ਪ੍ਰੇਰਦੀ ਹੈ। ਇਹ ਠੀਕ ਹੈ ਕਿ ਪੰਜਾਬੀ ਵਿੱਚ ਇਸ ਸਿਨਫ਼ ਨੂੰ ਪ੍ਰਪੱਕ ਬਣਾਉਣ ਲਈ ਇਹ ਅਧਿਐਨ ਅਵੱਸ਼ ਹੈ ਪਰੰਤੂ ਅਧਿਐਨ ਕਰਦੇ-ਕਰਦੇ ਦੂਜੀਆਂ ਭਾਸ਼ਾਵਾਂ ਦੀਆਂ ਮਿੰਨੀ ਕਹਾਣੀਆਂ ਨੂੰ ਆਦਰਸ਼ ਮੰਨ ਲੈਣਾ ਇੱਕ ਖ਼ਤਰਨਾਕ ਰੁਝਾਨ ਹੈ। ਖ਼ੈਰ, ਡਾ: ਬਾਲੇਂਦੂਸ਼ੇਖਰ ਤਿਵਾਰੀ*

ਅਨੁਸਾਰ ਹਿੰਦੀ ਵਿਚ ਸਭ ਤੋਂ ਪਹਿਲਾਂ ਲਘੂ ਕਥਾਵਾਂ (ਮਿੰਨੀ ਕਹਾਣੀਆਂ) ਭਾਰਤੇਂਦੂ ਹਰੀਸ਼ਚੰਦਰ ਨੇ ਲਿਖੀਆਂ। ਡਾ: ਤਿਵਾਰੀ ਨੇ ਆਪਣੀ ਇਸ ਧਾਰਨਾ ਦਾ ਆਧਾਰ ਹਰੀਸ਼ਚੰਦਰ ਦੀ 1876 'ਚ ਪ੍ਰਕਾਸ਼ਿਤ ਅਠੱਤੀ ਪੰਨਿਆਂ ਦੀ ਪੁਸਤਕ 'ਪਰਿਹਾਸਿਨੀ' ਵਿੱਚ ਮੌਜੂਦ ਕੁੱਝ ਮਿੰਨੀ ਕਹਾਣੀਆਂ ਨੂੰ ਬਣਾਇਆ ਹੈ। ਪਰੰਤੂ ਹਿੰਦੀ ਵਿੱਚ ਆਧੁਨਿਕ ਮਿੰਨੀ ਕਹਾਣੀ ਦਾ ਆਰੰਭ 1950 ਤੋਂ ਬਾਅਦ ਹੋਇਆ ਮੰਨਿਆ ਜਾਂਦਾ ਹੈ[2] ਜਦ ਬੈਜਨਾਥ ਮਿਸ਼ਰ ਨੇ 'ਆਧੁਨਿਕ ਗੱਦ ਸੰਗ੍ਰਹਿ' ਦੀ ਸੰਪਾਦਨਾ ਵਿੱਚ ਰਾਮਧਾਰੀ ਸਿੰਘ ਦਿਨਕਰ, ਗੰਗਾ ਪ੍ਰਸਾਦ ਪਾਂਡੇ ਅਤੇ ਸ਼ਾਂਤੀ ਜਿਹੇ ਲੇਖਕਾਂ ਦੀਆਂ ਅੱਠ ਲਘੂਕਥਾਵਾਂ ਵੀ ਸ਼ਾਮਿਲ ਕੀਤੀਆਂ। ਰਾਮ ਪ੍ਰਸ਼ਾਦ ਰਾਵੀ, ਡਾ: ਸ਼ੰਕਰਦੇਵ ਅਵਤਰੇ, ਡਾ: ਸ਼ਾਮ ਸੁੰਦਰ ਘੋਸ਼, ਆਦਿ ਹਿੰਦੀ ਦੇ ਕੁੱਝ ਪ੍ਰਸਿੱਧ ਲਘੂ ਕਥਾਕਾਰ ਹਨ। ਡਾਂ: ਸ਼ਮੀਮ ਸ਼ਰਮਾ, ਡਾ: ਸਵਰਨ ਕਿਰਨ ਅਤੇ ਡਾ: ਸ਼ਕੁੰਤਲਾ ਕਿਰਨ ਜਿਹੇ ਵਿਦਵਾਨ ਤਾਂ ਹਿੰਦੀ ਵਿੱਚ ਮਿੰਨੀ ਕਹਾਣੀ 'ਤੇ ਆਪਣੇ ਸ਼ੋਧ ਪ੍ਰਬੰਧ ਲਿਖਕੇ ਪੀ-ਐੱਚ. ਡੀ. ਅਤੇ ਐੱਮ. ਫਿਲ਼ ਦੀਆਂ ਡਿਗਰੀਆਂ ਵੀ ਹਾਸਿਲ ਕਰ ਚੁੱਕੇ ਹਨ। ਇਸ ਤੋਂ ਇਲਾਵਾ 'ਭਾਰਤ ਕੀ ਮਾਂ ਇੰਦਰਾ ਗਾਂਧੀ' (ਮਿੰਨੀ ਕਹਾਣੀ ਸੰਗ੍ਰਹਿ) ਅਤੇ 'ਲਘੂ ਕਥਾਕਾਰ ਭਾਰਤ ਸ਼ਰਮਾ-ਜੀਵਨ ਔਰ ਸਾਹਿਤਯ' ਇਨ੍ਹਾਂ ਦੋ ਪੁਸਤਕਾਂ ਨੂੰ ਵਿਕ੍ਰਮਸ਼ਿਲਾ ਹਿੰਦੀ ਵਿਦਿਆਪੀਠ ਭਾਗਲਪੁਰ ਨੇ ਸਾਹਿਤਯ-ਵਿਸ਼ਾਰਦ ਦੇ ਸਿਲੇਬਸ ਵਿੱਚ ਆਪਣੇ ਪੱਤਰ ਨੰਬਰ 213/24 ਮਿਤੀ 9/85 ਰਾਹੀਂ ਮਨਜ਼ੂਰ ਕਰ ਲਿਆ ਹੈ[3]। ਇਹ ਪਹਿਲਾ ਮੌਕਾ ਹੈ ਕਿ ਲਘੂਕਥਾਵਾਂ (ਮਿੰਨੀ ਕਹਾਣੀਆਂ) ਕਿਸੇ ਪਾਠਕ੍ਰਮ ਵਿੱਚ ਲੱਗੀਆਂ ਹੋਣ। 'ਭਾਰਤ ਕੀ ਮਾਂ ਇੰਦਰਾ ਗਾਂਧੀ' ਪੁਸਤਕ ਦੇ ਦੋ ਸੁਤੰਤਰ ਭਾਗ ਹਨ, ਦੋਹਾਂ ਦਾ ਨਾਂ ਇਕੋ ਹੀ ਹੈ। ਇਨ੍ਹਾਂ ਦੋਹਾਂ ਭਾਗਾਂ ਨੂੰ ਸ਼ਿਆਮ ਸੁੰਦਰ ਸੁਮਨ ਨੇ ਸੰਪਾਦਿਤ ਕੀਤਾ ਹੈ, ਪਹਿਲਾ ਭਾਗ ਕਵਿਤਾ ਦਾ ਤੇ ਦੂਜਾ ਮਿੰਨੀ ਕਹਾਣੀਆਂ ਦਾ ਹੈ। ਸਾਰੀਆਂ ਮਿੰਨੀ ਕਹਾਣੀਆਂ ਇੰਦਰਾ ਗਾਂਧੀ ਨਾਲ਼ ਸੰਬੰਧਿਤ ਹਨ, ਮਿੰਨੀ ਕਹਾਣੀ ਲੇਖਕ ਵੱਖ-ਵੱਖ ਪ੍ਰਾਂਤਾਂ ਦੇ ਇੰਦਰਾ ਭਗਤ ਹਨ। ਪੁਸਤਕ 'ਲਘੂ ਕਥਾਕਾਰ ਭਾਰਤ ਸ਼ਰਮਾ—ਜੀਵਨ ਔਰ ਸਾਹਿਤਯ' ਵਿੱਚ ਲੇਖਕ ਦੀਆਂ ਮਿੰਨੀ ਕਹਾਣੀਆਂ ਵੀ ਸ਼ਾਮਿਲ ਹਨ। ਇਸਦੇ ਨਾਲ਼-ਨਾਲ਼ ਹਿੰਦੀ ਦੇ ਇੱਕ ਦਰਜਨ ਦੇ ਕਰੀਬ ਅਜਿਹੇ ਰਿਸਾਲੇ ਹਨ ਜੋ ਨਿਰੋਲ ਮਿੰਨੀ ਕਹਾਣੀ ਨੂੰ ਸਮਰਪਿਤ ਹਨ, ਤਿੰਨ ਸੌ ਦੇ ਕਰੀਬ ਪੱਤਰ ਪੱਤ੍ਰਿਕਾਵਾਂ ਹਨ ਜੋ ਮਿੰਨੀ ਕਹਾਣੀ ਨੂੰ ਉਤਸਾਹਿਤ ਕਰਨ ਵਿੱਚ ਆਪਣਾ ਯੋਗਦਾਨ ਪਾ ਰਹੀਆਂ ਹਨ। ਉਪਰੋਕਤ ਤੱਥਾਂ ਦੇ ਅਧਿਐਨ ਉਪਰੰਤ ਇਹ ਅਨੁਮਾਨ ਲਗਾਉਣਾ ਕੋਈ ਔਖਾ ਕੰਮ ਨਹੀਂ ਕਿ ਮਿੰਨੀ ਕਹਾਣੀ ਦਾ ਹਿੰਦੀ ਸਾਹਿਤ ਵਿੱਚ ਕੀ ਸਥਾਨ ਹੈ ਅਤੇ ਇਸਦੇ ਮੁਕਾਬਲੇ ਪੰਜਾਬੀ ਸਾਹਿਤ ਵਿੱਚ ਇਸੇ ਸਿਨਫ਼ ਦਾ ਕੀ ਮੁਕਾਮ ਹੈ? ਪਰੰਤੂ ਕਰਤਾਰ ਸਿੰਘ ਦੁੱਗਲ[4] ਨੇ ਪਤਾ ਨਹੀਂ ਕਿਸ ਧੁਨ ਵਿੱਚ ਇਹ ਨਿਰਣਾ ਦਿੱਤਾ ਹੈ ਕਿ ਹਿੰਦੀ ਵਿੱਚ ਲਘੂ ਕਥਾ ਕਹਿਣ ਦੀ ਕੋਸਿਸ਼ ਕਾਮਯਾਬ ਨਹੀਂ ਹੋਈ। ਇਸ ਤੋਂ ਇਲਾਵਾ ਗੁਜਰਾਤੀ ਅਤੇ ਬੰਗਲਾ ਸਾਹਿਤ ਵਿੱਚ ਵੀ ਮਿੰਨੀ ਕਹਾਣੀ ਨੂੰ ਮਾਣਯੋਗ ਸਥਾਨ ਪ੍ਰਾਪਤ ਹੈ। ਉਰਦੂ-ਫ਼ਾਰਸੀ ਦੇ ਸਾਹਿਤ ਵਿੱਚ ਮਿੰਨੀ ਕਹਾਣੀ ਲਈ 'ਅਫ਼ਸਾਂਚਾ' ਸ਼ਬਦ ਵਰਤਿਆ ਜਾਂਦਾ ਹੈ। ਉਰਦੂ ਸਾਹਿਤ ਵਿੱਚ ਸਆਦਤ ਹਸਨ ਮੰਟੋ ਦਾ ਮਿੰਨੀ ਕਹਾਣੀ ਖੇਤਰ ਵਿੱਚ ਸਿਰਜਣਾਤਮਕ ਕਾਰਜ ਵਾਕਈ ਸ਼ਲਾਘਾਯੋਗ ਹੈ, ਉਸਦਾ ਮਿੰਨੀ ਕਹਾਣੀ ਸੰਗ੍ਰਹਿ 'ਸਿਆਹ ਹਾਸ਼ੀਏ' ਵੀ ਛਪਿਆ ਹੈ। ਇਸ ਤੋਂ ਇਲਾਵਾ ਰਾਜਿੰਦਰ ਸਿੰਘ ਬੇਦੀ ਅਤੇ ਜੋਗਿੰਦਰ ਪਾਲ ਨੇ ਵੀ ਇਸ ਸਿਨਫ਼ ਤੇ ਵਧੀਆ ਕਲਮ ਅਜ਼ਮਾਈ ਕੀਤੀ ਹੈ।

ਪੰਜਾਬੀ ਸਾਹਿਤ ਵਿੱਚ ਮਿੰਨੀ ਕਹਾਣੀ ਦੇ ਭਵਿੱਖ ਦੀਆਂ ਸੰਭਾਵਨਾਵਾਂ ਦਾ ਅੰਦਾਜ਼ਾ ਲਾਉਣ ਲਈ ਸਾਨੂੰ ਪਹਿਲਾਂ ਇਹ ਨਿਸਚਿਤ ਕਰਨਾ ਪਵੇਗਾ ਕਿ ਫ਼ਿਲਹਾਲ ਵਰਤਮਾਨ ਵਿੱਚ ਇਸ ਸਿਨਫ

ਦਾ ਪੰਜਾਬੀ ਸਾਹਿਤ ਵਿੱਚ ਕੀ ਮੁਕਾਮ ਹੈ। ਅਜੋਕੇ ਯੁੱਗ ਵਿੱਚ ਨਾਟਕਾਂ ਤੇ ਖ਼ਰਚਾ ਬੜਾ ਆਉਂਦਾ ਹੈ, ਨਾਟਕ-ਘਰਾਂ ਦੀ ਸਮੱਸਿਆ ਬਣੀ ਰਹਿੰਦੀ ਹੈ, ਇਸ ਤੋਂ ਇਲਾਵਾ ਫ਼ੀਚਰ ਫ਼ਿਲਮਾਂ ਅਤੇ ਦੂਰਦਰਸ਼ਨ ਨੇ ਨਾਟਕਾਂ ਦਾ ਭਵਿੱਖ ਧੁੰਦਲਾ ਕਰ ਛੱਡਿਆ ਹੈ, ਕਵਿਤਾ ਨਿਜੀ ਜਜ਼ਬਾਤਾਂ ਨੂੰ ਪਹਿਲ ਦੇ ਕੇ ਉਨ੍ਹਾਂ ਨੂੰ ਆਪਣੇ ਆਪ ਵਿੱਚ ਸਮੋਂਦੀ ਹੈ— ਅਜੋਕੇ ਬੌਧਿਕ ਯੁੱਗ ਵਿੱਚ ਭਾਵਾਂ ਦੀ ਥਾਂ ਬੁੱਧੀ ਦੀ ਪ੍ਰਧਾਨਤਾ ਹੈ ਇਸੇ ਲਈ ਪਾਠਕ ਕਵਿਤਾ ਵਲੋਂ ਅਵੇਸਲੇ ਹੁੰਦੇ ਜਾ ਰਹੇ ਹਨ। ਨਾਵਲ ਸਿਰਫ਼ ਮੱਧ-ਸ਼੍ਰੇਣੀ ਵਿੱਚ ਪ੍ਰਚਲਿਤ ਹੈ, ਉਂਵ ਵੀ ਹੁਣ ਕਿਸੇ ਕੋਲ਼ ਸੈਂਕੜੇ ਸਫ਼ੇ ਪੜ੍ਹਨ ਦੀ ਵਿਹਲ ਨਹੀਂ ਹੈ। ਹੁਣ ਤਾਂ ਵਕਤ ਦੀ ਘਾਟ ਕਾਰਨ ਸਾਧਾਰਨ ਪਾਠਕ ਕਹਾਣੀ ਜਾਂ ਨਿੱਕੀ ਕਹਾਣੀ ਨਾਲ਼ੋਂ ਵੀ ਮਿੰਨੀ ਕਹਾਣੀ ਨੂੰ ਪੜ੍ਹਨਾ ਪਸੰਦ ਕਰਦੇ ਹਨ। ਨਾਵਲ ਜੀਵਨ ਦੀ ਸਮੁੱਚਤਾ ਨੂੰ ਆਪਣੇ ਆਪ ਵਿੱਚ ਸਮੇਟਣ ਦਾ ਦਾਅਵਾ ਕਰਦਾ ਹੈ ਪਰੰਤੂ ਇਹ ਮਨੁੱਖ ਦੀ ਮਾਨਸਿਕਤਾ ਦੇ ਸਮੁੱਚ ਨੂੰ ਮਿੰਨੀ ਕਹਾਣੀ ਵਾਂਗ ਪੇਸ਼ ਕਰਨ ਦਾ ਦਮ ਹਰਗਿਜ਼ ਨਹੀਂ ਭਰ ਸਕਦਾ। (ਮਿੰਨੀ ਕਹਾਣੀ ਕਿੰਨ੍ਹਾਂ-ਕਿੰਨ੍ਹਾਂ ਗੱਲਾਂ ਦੇ ਸਮਰੱਥ ਹੈ ਅਸੀਂ ਪਹਿਲਾਂ ਉਸ 'ਤੇ ਗ਼ੌਰ ਕਰ ਹੀ ਚੁੱਕੇ ਹਾਂ)। ਸਾਡੀ ਮਨਸ਼ਾ ਇੱਥੇ ਮਿੰਨੀ ਕਹਾਣੀ ਨੂੰ ਸਾਹਿਤ ਦੇ ਹੋਰ ਰੂਪਾਂ ਨਾਲ਼ੋਂ ਉਚਿਆਉਣ ਦੀ ਨਹੀਂ, ਸਾਡੀ ਨਿਮਰਤਾ ਸਹਿਤ ਬੇਨਤੀ ਤਾਂ ਤਥਾਕਥਿਤ ਵੱਡੇ ਲੇਖਕਾਂ ਅਤੇ ਆਲੋਚਕਾਂ ਨੂੰ ਹੈ ਕਿ ਗਲਪ ਦੀ ਇਸ ਅਹਿਮ ਸਿਨਫ਼ ਨੂੰ ਸਰਬ-ਵਿਆਪੀ ਮਾਨਤਾ ਬਖਸ਼ੀ ਜਾਵੇ ਅਤੇ ਇਸਨੂੰ ਮਹਿਜ਼ ਆਕਾਰ ਵਿੱਚ ਛੋਟੀ ਹੋਣ ਕਾਰਨ ਛੁਟਿਆਇਆ ਨਾ ਜਾਵੇ। ਇੱਕ ਛੋਟੇ ਰਿਵਾਲਵਰ ਵਿੱਚ ਬੰਦੂਕ 'ਚ ਪੈਣ ਵਾਲੀ ਗੋਲ਼ੀ ਤੋਂ ਕਿਤੇ ਛੋਟੀ ਗੋਲ਼ੀ ਪੈਂਦੀ ਹੈ ਪਰ ਖ਼ਤਰਾ ਦੋਹਾਂ ਦਾ ਬਰਾਬਰ ਹੈ, ਦੋਵੇਂ ਜਾਨ-ਲੇਵਾ ਹਨ। ਇਸ ਲਈ ਇਹ ਨਹੀਂ ਸਮਝ ਲਿਆ ਜਾਣਾ ਚਾਹੀਦਾ ਕਿ ਜੇ ਸਾਹਿਤ ਦੇ ਕਿਸੇ ਰੂਪ ਦਾ ਆਕਾਰ ਛੋਟਾ ਹੈ ਤਾਂ ਉਸਦਾ ਪ੍ਰਭਾਵ ਵੀ ਘੱਟ ਹੈ। ਜਿਵੇਂ ਕਿ ਅਸੀਂ ਪਹਿਲਾਂ ਵੀ ਕਿਹਾ ਹੈ ਕਿ ਹਰ ਸਾਹਿਤ-ਰੂਪ ਦੀ ਮਨੁੱਖੀ ਜੀਵਨ ਦੇ ਕਿਸੇ ਖ਼ਾਸ ਪੱਖ ਨੂੰ ਦੂਜੇ ਰੂਪਾਂ ਨਾਲ਼ੋਂ ਵਿਲੱਖਣ ਅਤੇ ਵਧੀਆ ਢੰਗ ਨਾਲ਼ ਪੇਸ਼ ਕਰਨ ਦੀ ਵਿਸ਼ੇਸ਼ਤਾ ਹੁੰਦੀ ਹੈ। ਪੰਜਾਬੀ ਆਲੋਚਕਾਂ ਵਿਚੋਂ ਸਿਰਫ਼ ਡਾ: ਰਤਨ ਸਿੰਘ ਜੱਗੀ[5], ਪ੍ਰੋ: ਅਵਤਾਰ ਜੌੜਾ, ਡਾ: ਅਮਰ ਕੋਮਲ, ਡਾ: ਕੇਸਰ ਸਿੰਘ ਕੇਸਰ, ਪ੍ਰੋ: ਹਮਦਰਦ ਵੀਰ ਨੌਸ਼ਹਿਰਵੀ, ਡਾ: ਸ਼ਾਹਬਾਜ਼ ਮਲਿਕ[6] (ਪਾਕਿਸਤਾਨ) ਆਦਿ ਗਿਣਤੀ ਦੇ ਹੀ ਆਲੋਚਕ ਹਨ ਜੋ ਮਿੰਨੀ ਕਹਾਣੀ ਨੂੰ ਬਾਕਾਇਦਾ ਗਲਪ ਦੀ ਇੱਕ ਸੁਤੰਤਰ ਤੇ ਕਾਮਯਾਬ ਸਿਨਫ਼ ਮੰਨਦੇ ਹਨ। ਡਾ: ਕੇਸਰ ਸਿੰਘ ਕੇਸਰ ਨੇ ਪੰਜਾਬੀ ਕਹਾਣੀ ਰਾਜਪੱਧਰੀ ਕਾਨਫਰਸ ਵਿੱਚ ਪੜ੍ਹੇ ਆਪਣੇ ਖੋਜ ਪੱਤਰ[7] ਵਿੱਚ ਕਹਾਣੀ ਦੀ ਨਵੀਨ ਵੰਨਗੀ ਮਿੰਨੀ ਕਹਾਣੀ ਨੂੰ ਪਾਠਕਾਂ ਤੇ ਲੇਖਕਾਂ ਦੋਹਾਂ ਵਲੋਂ ਪ੍ਰਵਾਨਗੀ ਮਿਲ਼ੀ ਦੱਸਿਆ ਹੈ। ਪਰੰਤੂ ਬੜੇ ਅਫ਼ਸੋਸ ਦੀ ਗੱਲ ਹੈ ਕਿ ਡਾ: ਪਰਮਿੰਦਰ ਸਿੰਘ ਅਤੇ ਪ੍ਰੋ: ਕਿਰਪਾਲ ਸਿੰਘ ਕਸੇਲ[8] ਜਿਹੇ ਵਿਦਵਾਨ ਆਲੋਚਕ ਮਿੰਨੀ ਕਹਾਣੀ ਦੀ ਮਹੱਤਤਾ ਨੂੰ ਪਛਾਣ ਨਾ ਸਕੇ—ਇਹ ਦੋਵੇਂ ਮਿੰਨੀ ਕਹਾਣੀ ਨੂੰ ਮੱਧ ਕਾਲ ਦੇ ਟੋਟਕਿਆਂ ਅਤੇ ਆਧੁਨਿਕ ਕਾਲ ਦੇ ਚੁਟਕਲਿਆਂ ਤੋਂ ਵੱਧ ਨਹੀਂ ਸਮਝਦੇ। ਖ਼ੈਰ ਇਹ ਤਾਂ ਸੀ ਪੰਜਾਬੀ ਦੇ ਆਲੋਚਕਾਂ ਦੀ ਗੱਲ। ਹੁਣ ਇਹ ਵੇਖਿਆ ਜਾਣਾ ਬਣਦਾ ਹੈ ਕਿ ਪੰਜਾਬੀ ਪਾਠਕਾਂ ਦੇ ਮਨਾਂ ਵਿੱਚ ਮਿੰਨੀ ਕਹਾਣੀ ਦਾ ਕੀ ਮੁਕਾਮ ਹੈ? ਮਿੰਨੀ ਕਹਾਣੀ ਆਪਣੀਆਂ ਵਿਸ਼ੇਗਤ ਅਤੇ ਰੂਪਗਤ ਵਿਸ਼ੇਸ਼ਤਾਵਾਂ ਕਾਰਨ ਪਾਠਕਾਂ ਵਿੱਚ ਬੜੀ ਤੇਜ਼ੀ ਨਾਲ਼ ਹਰਮਨ-ਪਿਆਰੀ ਹੋ ਰਹੀ ਹੈ। ਅਖ਼ਬਾਰਾਂ ਰਿਸਾਲਿਆਂ ਦੇ ਸਾਹਿਤਕ ਭਾਗ ਵਿਚੋਂ ਮਿੰਨੀ ਕਹਾਣੀ ਦਾ ਨੰਬਰ ਸਭ ਤੋਂ ਪਹਿਲਾਂ ਆਉਂਦਾ ਹੈ ਜਿਸਨੂੰ ਪਾਠਕ ਉਚੇਚ ਨਾਲ਼, ਦਿਲ ਲਾ ਕੇ ਅਤੇ ਸੁਆਦ ਲੈ-ਲੈ ਪੜ੍ਹਦਾ ਹੈ। ਇਹੀ ਇਸਦੀ ਸਥਾਪਤੀ ਅਤੇ ਕਾਮਯਾਬੀ ਵੱਲ ਤੇਜ਼ੀ ਨਾਲ਼ ਵਧਦੇ ਰਹਿਣ ਦੀ ਨਿਸ਼ਾਨੀ ਹੈ। ਇਸ ਸਿਨਫ਼ ਦੀ ਦਿਨੋਂ ਦਿਨ ਵਧ ਰਹੀ ਲੋਕਪ੍ਰਿਯਤਾ

ਦਾ ਅੰਦਾਜ਼ਾ ਅਜੀਤ, ਪੰਜਾਬੀ ਟ੍ਰਿਬਿਊਨ, ਨਵਾਂ ਜ਼ਮਾਨਾ, ਜੱਗਬਾਣੀ, ਅਕਾਲੀ ਪੱਤ੍ਰਕਾ, ਰਣਜੀਤ, ਕੌਮੀ ਦੇਣ, ਖ਼ਬਰਨਾਮਾ ਜਿਹੇ ਪ੍ਰਸਿੱਧ ਰੋਜ਼ਾਨਾ ਅਖ਼ਬਾਰਾਂ ਅਤੇ ਕਈ ਨਵੇਂ ਚੱਲੇ ਮਾਸਿਕ ਪੱਤਰਾਂ ਜਿਵੇਂ ਸੋਚ (ਮੁਹਾਲ਼ੀ), ਗੁਲਚਮਨ (ਲੁਧਿਆਣਾ), ਪੰਜਾਬੀ ਸਾਹਿਤ (ਨਕੋਦਰ) ਸਾਂਝ ਦੀਆਂ ਤੰਦਾਂ (ਬਾਗੜੀਆਂ), ਸ਼ੀਰਾਜ਼ਾ ਅਤੇ ਨੀਲਸਰ (ਦੋਵੇਂ ਜੰਮੂ ਕਸ਼ਮੀਰ) ਆਦਿ ਵਿੱਚ ਸਾਧਾਰਨ ਪਾਠਕਾਂ ਦੀਆਂ ਮਿੰਨੀ ਕਹਾਣੀਆਂ ਨੂੰ ਵੱਧ ਤੋਂ ਵੱਧ ਛਾਪਣ ਦੀਆਂ ਫ਼ਰਮਾਇਸ਼ਾਂ ਅਤੇ ਸੁਝਾਵਾਂ ਤੋਂ ਸਹਿਜੇ ਹੀ ਲੱਗ ਜਾਂਦਾ ਹੈ। ਅਜੋਕਾ ਪਾਠਕ ਇਸ ਸਿਨਫ਼ ਨੂੰ ਦਿਲੋਂ ਪਿਆਰ ਕਰਦਾ ਹੈ, ਨਾ ਕੇਵਲ ਉਸ ਕੋਲ਼ ਵਕਤ ਦੀ ਘਾਟ ਕਾਰਨ ਸਗੋਂ ਲੇਖਕ ਦੁਆਰਾ ਕੁੱਜੇ ਵਿੱਚ ਸਮੁੰਦਰ ਬੰਦ ਕਰਨ ਕਰਕੇ ਅਤੇ ਉਸਦੇ ਨਿਤਪ੍ਰਤੀ ਦੇ ਜੀਵਨ ਦੇ ਕਈ ਛੋਟੇ ਸੂਖਮ ਪਰ ਹਿਰਦੇ ਸਪਰਸ਼ੀ ਛਿਣਾਂ ਨੂੰ ਇਸ ਵਿੱਚ ਪੇਸ਼ ਕਰਨ ਕਰਕੇ ਵੀ। ਨਵਾਂ ਪਾਠਕ ਇਸ ਨੂੰ ਇਸ ਲਈ ਵੀ ਅਪਣਾਉਂਦਾ ਜਾਪਦਾ ਹੈ ਕਿਉਂਕਿ ਇਸ ਵਿੱਚ ਪੇਸ਼ ਕੀਤੇ ਯਥਾਰਥ ਅਤੇ ਉਸ ਦੁਆਰਾ ਭੋਗੇ ਜਾ ਰਹੇ ਯਥਾਰਥ ਵਿੱਚ ਉਸਨੂੰ ਕੋਈ ਫ਼ਰਕ ਨਹੀਂ ਜਾਪਦਾ—ਅਜੋਕੇ ਯੁੱਗ ਦੇ ਮਨੁੱਖ ਦਾ ਵਿਅਕਤੀਤਵ ਵੀ ਤਾਂ ਮਿੰਨੀ ਭਾਗਾਂ ਵਿੱਚ ਵੰਡਿਆ ਹੋਇਆ ਹੈ। ਉਸ ਇਕੱਲੇ ਨੂੰ ਪਿਤਾ/ਮਾਤਾ, ਭਰਾ/ਭੈਣ, ਚਾਚਾ/ਚਾਚੀ, ਤਾਇਆ/ਤਾਈ, ਕਲਰਕ, ਦੋਸਤ, ਦੁਸ਼ਮਣ, ਹਮਦਰਦ ਆਦਿ ਜਿਹੇ ਸੈਂਕੜੇ ਨਾਟਕੀ ਕਾਰਜ ਆਪਣੀ ਜ਼ਿੰਦਗੀ ਵਿੱਚ ਅਦਾ ਕਰਨੇ ਪੈਂਦੇ ਹਨ। ਇਸੇ ਲਈ ਉਹ ਆਪਣੀ ਜ਼ਿੰਦਗੀ ਦੇ ਉਨ੍ਹਾਂ ਛਿਣਾਂ ਨੂੰ ਮਿੰਨੀ ਕਹਾਣੀ ਵਿੱਚ ਤਲਾਸ਼ ਕਰਦਾ/ਕਰਦੀ ਹੈ ਜਿਨ੍ਹਾਂ ਨੂੰ ਆਮ ਕਹਾਣੀ ਫਜ਼ੂਲ ਸਮਝ ਕੇ ਛੱਡ ਦਿੰਦੀ ਹੈ।

ਕਿਸੇ ਭਾਸ਼ਾ ਦੇ ਸਾਹਿਤ ਦੀ ਉੱਨਤੀ ਦਾ ਮਾਪ ਉਸ ਦੀਆਂ ਪ੍ਰਚਲਿਤ ਸਾਹਿਤ-ਵਿਧਾਵਾਂ ਵਿੱਚ ਸੂਖਮਤਾ ਦਾ ਪ੍ਰਵੇਸ਼ ਹੈ। ਮਿੰਨੀ ਕਹਾਣੀ ਸੂਖਮ ਤੋਂ ਸੂਖਮ ਵਿਚਾਰ ਜਾਂ ਭਾਵ ਨੂੰ ਆਪਣੇ ਆਪ ਵਿਚ ਸਮੋਣ ਦੀ ਸ਼ਕਤੀ ਰੱਖਦੀ ਹੈ ਪਰ ਜੇ ਮਿੰਨੀ ਕਹਾਣੀ ਲੇਖਕ ਇਸ ਨੂੰ ਯੋਗ ਸਮਝ ਕੇ ਵਰਤਣ। ਇਹ ਸਿਨਫ਼ ਤਾਂ ਮਨੁੱਖੀ ਚੇਤਨਾ ਦੀਆਂ ਅਜਿਹੀਆਂ ਅਕਾਂਖਿਆਵਾਂ ਦਾ ਕਲਾਤਮਕ ਪ੍ਰਗਟਾਅ ਹੈ ਜਿਨ੍ਹਾਂ ਨੂੰ ਪਹਿਲੋਂ ਸਾਹਿਤ ਵਿੱਚ ਘੱਟ ਵੱਧ ਹੀ ਛੋਹਣ ਦੀ ਹਿੰਮਤ ਕੀਤੀ ਗਈ ਹੈ। ਕਿਉਂਕਿ ਮਿੰਨੀ ਕਹਾਣੀ ਦੇ ਲੇਖਕ ਕੋਲ਼ ਸਮਾਂ ਘੱਟ ਹੁੰਦਾ ਹੈ, ਜੇ ਉਸਨੇ ਪਾਠਕਾਂ 'ਤੇ ਸਦੀਵੀ ਪ੍ਰਭਾਵ ਪਾਉਣਾ ਹੈ ਤਾਂ ਜ਼ਰੂਰ ਹੀ ਮਿੰਨੀ ਕਹਾਣੀ ਦਾ ਵਿਸ਼ਾ ਵੀ ਚਿਰਜੀਵੀ ਹੋਣਾ ਚਾਹੀਦਾ ਹੈ—ਇਸ ਵਿੱਚ ਪੇਸ਼ ਕੀਤੇ ਵਿਚਾਰ ਅਜਿਹੇ ਹੋਣ ਜਿਨ੍ਹਾਂ ਨੂੰ ਵਕਤ ਦਾ ਝੱਖੜ ਤਬਾਹ ਨਾ ਕਰ ਸਕੇ। ਕਈ ਵਾਰ ਮਿੰਨੀ ਕਹਾਣੀ ਵਿੱਚ ਕਿਸੇ ਘਟਨਾ ਦੇ ਛਿਣ ਨੂੰ ਪਕੜ ਕੇ ਬਿਆਨ ਤਾਂ ਕੀਤਾ ਗਿਆ ਹੁੰਦਾ ਹੈ ਪਰ ਉਹ ਛਿਣ ਉਦੇਸ਼ ਰਹਿਤ ਹੁੰਦਾ ਹੈ। ਮਿੰਨੀ ਕਹਾਣੀ ਨੂੰ ਜੇ ਇਸਦੇ ਲੇਖਕਾਂ ਨੇ ਪੰਜਾਬੀ ਸਾਹਿਤ ਵਿੱਚ ਕੋਈ ਸਥਾਨ ਦਿਲਾਉਣਾ ਹੈ ਤਾਂ ਕੋਈ ਮਿੰਨੀ ਕਹਾਣੀ ਮੰਤਵਹੀਣ ਨਾ ਹੋਵੇ। ਸਿਰਫ਼ ਮਿੰਨੀ ਕਹਾਣੀ ਹੀ ਨਹੀਂ ਸਗੋਂ ਸਮੁੱਚੇ ਸਾਹਿਤ ਦਾ ਭਵਿੱਖ ਖ਼ੁਦ ਲੇਖਕਾਂ ਦੇ ਆਪਣੇ ਹੱਥ ਹੁੰਦਾ ਹੈ। ਮਹਾਨ ਲੇਖਕ ਮਹਿਜ਼ ਪੰਨੇ ਕਾਲ਼ੇ ਕਰਨ ਲਈ, ਵੱਧ ਛਪਣ ਲਈ ਜਾਂ ਪੈਸਾ ਕਮਾਉਣ ਲਈ ਨਹੀਂ ਲਿਖਦੇ ਸਗੋਂ "……ਉਹ ਅਸਾਧਾਰਨ ਵਿਅਕਤੀ ਹੁੰਦੇ ਹਨ, ਜਿਹੜੇ ਉਸ ਸ਼੍ਰੇਣੀ ਜਾਂ ਸਮੂਹ, ਜਿਸ ਨਾਲ਼ ਉਹ ਸੰਬੰਧ ਰੱਖਦੇ ਹਨ, ਦੀ ਵਿਸ਼ਵ ਦ੍ਰਿਸ਼ਟੀ ਨੂੰ ਆਪਣੀ ਕਲਾ ਵਿੱਚ ਪੇਸ਼ ਕਰਦੇ ਹਨ……।"[9]

ਸਮਕਾਲੀ ਆਲੋਚਕਾਂ ਵੱਲੋਂ ਇੱਕ ਅਸਫ਼ਲ ਪ੍ਰਯੋਗ ਕਹੇ ਜਾਣ ਦੇ ਬਾਵਜੂਦ ਮਿੰਨੀ ਕਹਾਣੀ ਦੀਆਂ ਜੜ੍ਹਾਂ ਪ੍ਰਯੋਗਵਾਦ ਤੋਂ ਉਲਟ ਪਰੰਪਰਾ ਵਿੱਚ ਡੂੰਘੀਆਂ ਧਸੀਆਂ ਹੋਈਆਂ ਹਨ। ਇਹ ਸਿਨਫ਼ ਆਪਣੀ ਸੰਸਕ੍ਰਿਤੀ ਤੇ ਸਭਿਆਚਾਰ ਤੋਂ ਬਿਲਕੁਲ ਵੀ ਨਹੀਂ ਟੁੱਟੀ ਹੋਈ, ਇਸਨੇ ਤਾਂ ਕੇਵਲ

ਪ੍ਰਯੋਗਵਾਦੀ ਲਹਿਰ ਤੋਂ ਕੋਈ ਛਿਣ ਫੜਨ ਦਾ ਹੁਨਰ ਅਤੇ ਵਿਅੰਗ ਦਾ ਨਸ਼ਤਰ ਆਪਣੇ ਵਿਸ਼ੇ ਅਤੇ ਰੂਪ ਵਿੱਚ ਇਸ ਤਰ੍ਹਾਂ ਸਮੋਇਆ ਹੈ ਕਿ ਇਸ ਵਿੱਚ ਆਧੁਨਿਕ ਯੁੱਗ ਵਿਚਲੀਆਂ ਕਦਰਾਂ ਕੀਮਤਾਂ ਤੋਂ ਪ੍ਰੇਰਿਤ ਕੋਈ ਪਰੰਪਰਾ ਸਿਰਜਣ ਜਾਂ ਕੋਈ ਨਵਾਂ ਰਾਹ ਉਲੀਕਣ ਦੀ ਸਮਰੱਥਾ ਵੀ ਹੱਦੋਂ ਵੱਧ ਹੈ। ਇਹੀ ਕਾਰਨ ਹੈ ਕਿ ਪ੍ਰਯੋਗਵਾਦੀ ਲਹਿਰ ਦੇ ਆਪਣੀਆਂ ਸੰਭਾਵਨਾਵਾਂ ਖ਼ਤਮ ਕਰਨ ਉਪਰੰਤ ਵੀ ਮਿੰਨੀ ਕਹਾਣੀ ਦੀਆਂ ਆਪਣੀਆਂ ਸੰਭਾਵਨਾਵਾਂ ਆਪਣੇ ਪੂਰੇ ਜਲੌ ਵਿੱਚ ਪੂਰੀ ਤਰ੍ਹਾਂ ਬਰਕਰਾਰ ਹਨ। ਬਹੁਤ ਸਾਰੇ ਲੇਖਕ ਵਧੀਆ ਮਿੰਨੀ ਕਹਾਣੀਆਂ ਦੀ ਸਿਰਜਣਾ ਕਰ ਰਹੇ ਹਨ। ਉਹ ਦਿਨ ਦੂਰ ਨਹੀਂ ਜਦ ਗਲਪ ਦੀ ਚਰਚਾ ਕਰਦਿਆਂ ਮਿੰਨੀ ਕਹਾਣੀ ਦਾ ਨਾਮ ਵੀ ਸ਼ਾਨ ਨਾਲ਼ ਲਿਆ ਜਾਇਆ ਕਰੇਗਾ, ਕੋਈ ਵੀ ਇਸਨੂੰ ਪਿਆਰ ਕੀਤੇ ਬਿਨਾਂ ਨਹੀਂ ਰਹਿ ਸਕੇਗਾ—ਸਿਰਫ਼ ਲੇਖਕਾਂ ਨੂੰ ਦਿਮਾਗ਼ ਰੂਪੀ ਸਮੁੰਦਰ ਦੀਆਂ ਗਹਿਰਾਈਆਂ ਵਿੱਚ ਉੱਤਰ ਕੇ ਕਲਮ ਚਲਾਉਣ ਦੀ ਜ਼ਰੂਰਤ ਹੈ। ਇਸ ਤੋਂ ਇਲਾਵਾ ਇਸ ਵਿਚਲੇ ਗੁਣਾਂ ਜਿਵੇਂ ਸੂਖਮਤਾ, ਸੰਜਮਤਾ, ਨਿਆਇਕਤਾ, ਰਸ ਮੁਗਧਤਾ ਆਦਿ ਕਾਰਨ ਇਸ ਵਿੱਚ ਬੌਧਿਕ ਸਾਹਿਤ ਬਣਨ ਦੀਆਂ ਸੰਭਾਵਨਾਵਾਂ ਵੀ ਮੌਜੂਦ ਹਨ। ਮਿੰਨੀ ਕਹਾਣੀ ਲੰਮੀ ਕਹਾਣੀ ਦਾ ਸੰਖੇਪ ਰੂਪ ਵੀ ਨਹੀਂ ਅਤੇ ਨਾ ਹੀ ਮਿੰਨੀ ਕਹਾਣੀ ਨੂੰ ਵਧਾ ਕੇ ਲੰਮੀ ਕਹਾਣੀ ਬਣਾਇਆ ਜਾ ਸਕਦਾ ਹੈ। ਮਿੰਨੀ ਕਹਾਣੀ ਦੀ ਤਾਂ ਆਪਣੀ ਇੱਕ ਅਲੱਗ ਹੋਂਦ ਹੈ ਇਸ ਲਈ ਲੰਮੀ ਕਹਾਣੀ ਦੀ 'ਸੰਖੇਪ ਜਿਹੀ ਰੀਸ' ਵੀ ਨਹੀਂ ਕਹੀ ਜਾ ਸਕਦੀ—ਨਕਲ ਕੀਤੀ ਹੋਈ ਵਸਤੂ ਕਦੇ ਵੀ ਚਿਰਜੀਵੀ ਨਹੀਂ ਹੋ ਸਕਦੀ। ਤਾਂਹੀਓਂ ਮਿੰਨੀ ਕਹਾਣੀ ਬਾਰੇ ਮੇਰਾ ਦਾਅਵਾ ਹੈ ਕਿ ਜੇ ਪੰਜਾਬੀ ਦੇ ਕੁੱਝ ਲੇਖਕ ਅੱਜ ਇਸਨੂੰ ਮਜ਼ਾਕ ਜਾਂ ਚੁਟਕਲਾ ਸਮਝਣ ਦੀ ਭੁੱਲ ਕਰਨਾ ਛੱਡ ਦੇਣ ਤਾਂ ਨਿਸਚਿਤ ਰੂਪ ਵਿੱਚ ਕੱਲ੍ਹ ਇਸਨੂੰ ਪੰਜਾਬੀ ਸਾਹਿਤ ਵਿੱਚ ਮਾਨਤਾ ਮਿਲ਼ ਜਾਵੇਗੀ। ਹਾਂ, ਜੇ ਇਸਨੂੰ ਹਾਲ਼ੇ ਤੱਕ ਪ੍ਰਵਾਨਗੀ ਨਹੀਂ ਮਿਲ਼ੀ ਤਾਂ ਇਸ ਅਪ੍ਰਵਾਨਗੀ ਦਾ ਭਾਵ ਸਾਨੂੰ ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਇਸ ਸਿਨਫ਼ ਦਾ ਕੋਈ ਭਵਿੱਖ ਵੀ ਨਹੀਂ। ਕਈ ਵਾਰ ਖੇਤਾਂ ਵਿੱਚ ਇੱਕ ਵਿਸ਼ੇਸ਼ ਪ੍ਰਕਾਰ ਦੇ ਉੱਡਣ ਵਾਲ਼ੇ ਕੀੜਿਆਂ ਨੂੰ ਵੇਖ ਕੇ ਬੱਚੇ ਉਨ੍ਹਾਂ ਨੂੰ 'ਹੈਲੀਕਾਪਟਰ ਕਹਿ ਕੇ ਸੱਦਦੇ ਹਨ ਜਦਕਿ ਉਹ ਸਿਰਫ਼ ਭੂੰਡ ਹੁੰਦਾ ਹੈ ਹੈਲੀਕਾਪਟਰ ਨਹੀਂ। ਕਹਿਣ ਨੂੰ ਮਿੰਨੀ ਕਹਾਣੀ ਇੱਕ ਛੋਟਾ ਜਿਹਾ ਭੂੰਡ ਹੀ ਹੈ ਪਰ ਸਮਰੱਥਾ ਇਸਦੀ ਹੈਲੀਕਾਪਟਰ ਵਾਂਗ ਸਿਰਫ਼ ਆਕਾਸ਼ ਨੂੰ ਚੀਰ ਕੇ ਉੱਡਣ ਤੱਕ ਹੀ ਸੀਮਿਤ ਨਹੀ ਸਗੋਂ ਇਸ ਤੋਂ ਵੀ ਅਗੇਰੇ ਜਾਣ ਦੀ ਹੈ।

ਅਲੈਕਸੀ ਟਾਲਸਟਾਏ ਨੇ ਬਹੁਤ ਖ਼ੂਬ ਫ਼ਰਮਾਇਆ ਹੈ, "...ਮੈਂ ਨੌਜਵਾਨ ਲੇਖਕਾਂ ਨੂੰ ਆਖਾਂਗਾ ਕਿ ਉਹ ਆਪਣਾ ਕੰਮ ਮਿੰਨੀ ਕਹਾਣੀਆਂ ਤੋਂ ਆਰੰਭ ਕਰਨ। ਸਾਡੇ ਵਿੱਚ ਅਜਿਹੇ ਲੇਖਕ ਹਨ, ਜੋ ਇੱਕਦਮ ਹੀ ਵੱਡੇ ਕੰਮਾਂ ਨੂੰ ਹੱਥ ਪਾ ਲੈਂਦੇ ਹਨ...ਤੇ ਜਦ ਉਹ ਅੱਧ ਵਿਚਕਾਰ ਪਹੁੰਚਦੇ ਹਨ ਤਾਂ ਇਹ ਭੁੱਲ ਜਾਂਦੇ ਹਨ ਕਿ ਆਰੰਭ ਵਿੱਚ ਕੀ ਲਿਖਿਆ ਸੀ ਤੇ ਆਪਣਾ ਰਾਹ ਬਿਲਕੁਲ ਭੁੱਲ ਜਾਂਦੇ ਹਨ। ਜਦਕਿ ਹੋਣਾ ਇਉਂ ਚਾਹੀਦਾ ਹੈ ਕਿ ਜਿਸ ਘੜੀ ਤੁਹਾਨੂੰ ਲੋੜ ਪਵੇ, ਤੁਸੀਂ ਸਭ ਕੁੱਝ ਤੱਤ ਛਿਣ ਜਾਣ ਸਕੋ। ਹਰ ਚੀਜ਼ ਤੁਹਾਨੂੰ ਸਪੱਸ਼ਟ ਹੋਣੀ ਚਾਹੀਦੀ ਹੈ ਪਰ ਇਹ ਸਿੱਖਣ ਲਈ ਇਹ ਜ਼ਰੂਰੀ ਹੈ ਕਿ ਤੁਸੀਂ ਮਿੰਨੀ ਕਹਾਣੀਆਂ ਤੇ ਨਿੱਕੇ ਨਾਵਲਾਂ ਤੋਂ ਸ਼ੁਰੂ ਕਰੋ।"[10] ਕੌਸਤਾਂਤਿਨ ਫ਼ੇਦਿਨ[11] ਦਾ ਵੀ ਬਿਲਕੁਲ ਇਹੀ ਵਿਚਾਰ ਹੈ। ਪਰ ਨਵੇਂ ਲੇਖਕਾਂ ਨੂੰ ਇਹ ਗੱਲ ਪੱਲੇ ਬੰਨ੍ਹ ਲੈਣੀ ਚਾਹੀਦੀ ਹੈ ਕਿ ਉਹ ਪਾਠਕਾਂ ਦੀ ਮਾਨਸਿਕਤਾ ਦੀ ਤ੍ਰਿਪਤੀ ਤਦ ਹੀ ਕਰ ਸਕਣ ਦੇ ਸਮਰੱਥ ਹੋਣਗੇ ਜੇ ਉਹ ਇਸਨੂੰ ਇੰਵ ਕਾਹਲ਼ੀ-ਕਾਹਲ਼ੀ ਵਿੱਚ ਲਿਖਣਾ ਛੱਡ ਦੇਣਗੇ ਜਿਵੇਂ ਕਿ ਅੱਜ-ਕੱਲ੍ਹ ਦੇ ਬਹੁਤੇ ਲੇਖਕ (ਖ਼ਾਸ ਕਰਕੇ ਨਵੀਂ ਪੀੜ੍ਹੀ ਦੇ) ਕਰਦੇ ਹਨ। ਇਹ ਅਸੀਂ ਪਹਿਲਾਂ

ਹੀ ਮੰਨ ਚੁੱਕੇ ਹਾਂ ਕਿ ਤੇਜ਼ ਰਫ਼ਤਾਰ ਯੁੱਗ ਦਾ ਆਗਮਨ ਮਿੰਨੀ ਕਹਾਣੀ ਦੀ ਉਤਪਤੀ ਦੇ ਕਈ ਕਾਰਨਾਂ ਵਿਚ ਇੱਕ ਹੈ। ਕਾਹਲ਼ੀ ਕਾਰਨ ਪਾਠਕ ਆਪਣੀ ਮਾਨਸਿਕ ਸੰਤੁਸ਼ਟੀ ਮਿੰਨੀ ਕਹਾਣੀ ਪੜ੍ਹ ਕੇ ਹੀ ਕਰ ਲੈਣਾ ਚਾਹੁੰਦਾ ਹੈ ਪਰੰਤੂ ਲੇਖਕ ਦੀ ਕਾਹਲ਼ੀ ਨੂੰ ਮਿੰਨੀ ਕਹਾਣੀ ਦਾ ਛੋਟਾ ਜਿਹਾ ਨਾਜ਼ੁਕ ਲੇਕਿਨ ਸੂਖਮ ਜੁੱਸਾ ਹਰਗਿਜ਼ ਬਰਦਾਸ਼ਤ ਨਹੀਂ ਕਰ ਸਕਦਾ। ਇਸ ਘਾਟ ਨੂੰ ਦੂਰ ਨਾ ਕਰਨ ਦੀ ਸੂਰਤ ਵਿੱਚ ਇਸ ਸਿਨਫ਼ ਦਾ ਭਵਿੱਖ ਧੁੰਦਲਾ ਪੈ ਜਾਣ ਦੀਆਂ ਸੰਭਾਵਨਾਵਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਕਿਸੇ ਵੀ ਕਾਲ ਵਿਸ਼ੇਸ਼ ਵਿੱਚ ਸਾਹਿਤ ਦਾ ਕੋਈ ਅਜਿਹਾ ਵਿਸ਼ੇਸ਼ ਰੂਪ ਉੱਭਰ ਕੇ ਸਾਹਮਣੇ ਆਉਂਦਾ ਹੈ ਜਿਸ ਵਿੱਚ ਸਮਕਾਲੀ ਸਮਾਜਕ, ਆਰਥਿਕ, ਰਾਜਨੀਤਿਕ, ਸਭਿਆਚਾਰਕ, ਧਾਰਮਿਕ ਪਰਿਸਥਿਤੀਆਂ ਤੇ ਕਦਰਾਂ ਕੀਮਤਾਂ ਨੂੰ ਆਪਣੇ ਆਪ ਵਿੱਚ ਸਮੋਣ ਦੀ ਤਾਕਤ ਹੁੰਦੀ ਹੈ। ਉਦਾਹਰਨ ਵਜੋਂ ਭੂਪਵਾਦੀ ਯੁੱਗ ਵਿੱਚ ਚੁਕਵਾਂ ਸਾਹਿਤ-ਰੂਪ ਕਿੱਸਾ-ਕਾਵਿ ਸੀ। ਬਾਅਦ ਵਿੱਚ ਪੂੰਜੀਵਾਦੀ ਯੁੱਗ ਦੀ ਆਮਦ ਨਾਲ਼ ਮੱਧ-ਸ਼੍ਰੇਣੀ ਹੋਂਦ ਵਿੱਚ ਆਈ ਤੇ ਕਵਿਤਾ ਨਾਲ਼ੋਂ ਨਾਵਲ ਜਨ-ਸਾਧਾਰਨ ਵਿੱਚ ਪ੍ਰਚਲਿਤ ਹੋਇਆ। ਹੁਣ ਜਦ ਪੂੰਜੀਵਾਦੀ ਯੁੱਗ ਦੀ ਜਕੜ ਮਜ਼ਬੂਤ ਹੋ ਰਹੀ ਹੈ, ਹਰ ਕੰਮ ਵਿੱਚ ਮਸ਼ੀਨਾਂ ਦੀ ਸਹਾਇਤਾ ਲਈ ਜਾਣ ਲੱਗ ਪਈ ਹੈ। ਕੰਪਿਊਟਰੀਕਰਨ, ਮਸ਼ੀਨੀਕਰਣ ਨੇ ਜ਼ਿੰਦਗੀ ਦੀ ਭੱਜ ਨੱਸ ਵਿੱਚ ਬੇਇਨਤੇਹਾ ਇਜ਼ਾਫ਼ਾ ਕਰ ਦਿੱਤਾ ਹੈ, ਮਨੁੱਖ ਥੋੜ੍ਹੇ ਸਮੇਂ ਵਿੱਚ ਕਾਫੀ ਕੁੱਝ ਕਰਨਾ ਲੋਚਦਾ ਹੈ। ਉਹ ਵੱਡੀਆਂ-ਵੱਡੀਆਂ ਚੀਜ਼ਾਂ ਦੇ ਉਤਪਾਦਨ ਦੀ ਥਾਂ ਛੋਟੀਆਂ ਵਸਤਾਂ ਦੇ ਉਤਪਾਦਨ ਵੱਲ ਰੁਚਿਤ ਹੋਇਆ ਹੈ। ਸੋ ਸਪੱਸ਼ਟ ਹੈ ਕਿ ਆਉਣ ਵਾਲ਼ਾ ਯੁੱਗ ਸੰਜਮਤਾ ਦਾ, ਭੀੜ ਭੜੱਕੇ ਦਾ, ਵਿਹਲ ਦੀ ਘਾਟ ਦਾ ਭੱਜ ਦੌੜ, ਮਿੰਨੀ ਕਹਾਣੀ, ਮਿੰਨੀ ਕਵਿਤਾ ਤੇ ਮਿੰਨੀ ਨਿਬੰਧ ਦਾ ਯੁੱਗ ਹੋਵੇਗਾ। ਹਰ ਲੇਖਕ ਹਰ ਪਰਿਸਥਿਤੀ ਦਾ ਆਪੋ ਆਪਣੀ ਮਨੋਸਥਿਤੀ ਮੁਤਾਬਕ ਮੁਲਾਂਕਣ ਕਰਦਾ ਹੈ ਤੇ ਜੇ ਕੋਈ ਲੇਖਕ ਆਪਣੇ ਵਿਸ਼ਲੇਸ਼ਣ ਨੂੰ ਸਾਹਿਤ ਦੇ ਕਿਸੇ ਮਿੰਨੀ ਰੂਪ (ਮਿੰਨੀ ਕਵਿਤਾ, ਮਿੰਨੀ ਨਿਬੰਧ, ਮਿੰਨੀ ਕਹਾਣੀ, ਮਿੰਨੀ ਨਾਵਲ ਆਦਿ) ਵਿੱਚ ਬੰਨ੍ਹਦਾ ਹੈ ਤਾਂ ਮੈਨੂੰ ਹੈਰਾਨੀ ਇਸ ਗੱਲ ਵਿੱਚ ਹੈ ਕਿ ਕੁੱਝ ਵਿਦਵਾਨ ਪੰਜਾਬੀ ਦੇ ਆਲੋਚਕ ਆਪਣੇ ਹਿੰਡੀ ਸੁਭਾਅ ਕਾਰਨ ਉਸਨੂੰ ਲੇਖਕ ਮੰਨਣੋਂ ਹੀ ਕਿਉਂ ਇਨਕਾਰੀ ਹਨ ? ਖ਼ੈਰ, ਉਹ ਆਲੋਚਕ ਕਿਸੇ ਨੂੰ ਲੇਖਕ ਮੰਨਣ ਜਾਂ ਨਾ ਪਰੰਤੂ ਇੱਕ ਗੱਲ ਜ਼ਰੂਰ ਹੈ ਕਿ ਜੇ ਮਿੰਨੀ ਕਹਾਣੀ ਦੀ ਕੋਈ ਸਾਹਿਤਕ ਮਹੱਤਤਾ ਜਾਂ ਵਿਸ਼ੇਸ਼ਤਾ ਨਾ ਹੁੰਦੀ ਤਾਂ ਇਸ ਦੀ ਹੋਂਦ ਕਦੇ ਦੀ ਖ਼ਤਮ ਹੋ ਚੁੱਕੀ ਹੋਣੀ ਸੀ। ਇਸਦਾ ਅਸਤਿਤਵ ਇਸੇ ਗੁਣ ਕਰਕੇ ਕਾਇਮ ਹੈ ਕਿ ਜੋ ਕੁੱਝ ਗਲਪ ਦੇ ਦੂਜੇ ਰੂਪਾਂ ਵਿੱਚ ਬਾਰੀਕਬੀਨੀ ਨਾਲ਼ ਨਹੀਂ ਪਕੜਿਆ ਜਾ ਸਕਦਾ, ਉਹ ਇਸ ਰਾਹੀਂ ਪੇਸ਼ ਕੀਤਾ ਜਾ ਸਕਦਾ ਹੈ। ਇੱਥੋਂ ਹੀ ਇਸਦੇ ਉੱਜਵਲ ਭਵਿੱਖ ਦਾ ਅੰਦਾਜ਼ਾ ਸਹਿਜੇ ਹੀ ਲੱਗ ਜਾਂਦਾ ਹੈ ਕਿਉਂਕਿ ਜਦ ਤੱਕ ਕਿਸੇ ਸਾਹਿਤ-ਰੂਪ ਦੀ ਉਪਯੋਗਤਾ ਕਾਇਮ ਰਹਿੰਦੀ ਹੈ, ਕੋਈ ਵੀ ਤਾਕਤ ਉਸਨੂੰ ਬਿਲਕੁਲ ਖ਼ਤਮ ਜਾਂ ਨਜ਼ਰ ਅੰਦਾਜ਼ ਨਹੀਂ ਕਰ ਸਕਦੀ, ਫ਼ਿਰ ਮਿੰਨੀ ਕਹਾਣੀ ਦੀ ਉਪਯੋਗਤਾ ਤਾਂ, ਜਿਵੇਂ ਅਸੀਂ ਉੱਪਰ ਵੇਖਿਆ, ਵਧਣ ਦੀਆਂ ਹੀ ਜ਼ਿਆਦਾ ਸੰਭਾਵਨਾਵਾਂ ਹਨ। ਡਾ: ਅਮਰ ਕੋਮਲ ਅਨੁਸਾਰ, "ਸਾਹਿਤ ਦਾ ਉਹ ਰੂਪ ਹੀ ਲੋਕਪ੍ਰਿਯ ਹੁੰਦਾ ਹੈ ਜਿਸ ਨਾਲ਼ ਪਾਠਕਾਂ ਦੇ ਮਨੋਭਾਵ ਟੁੰਬੇ ਜਾਣ, ਉਨ੍ਹਾਂ ਦੇ ਭਾਵਾਂ ਵਿੱਚ ਉਤੇਜਨਾ ਪੈਦਾ ਹੋਵੇ। ਸੰਖੇਪ ਸ਼ਬਦਾਂ ਤੇ ਸੰਜਮਮਈ ਸ਼ੈਲੀ ਰਾਹੀਂ ਮਿੰਨੀ ਕਹਾਣੀ ਦਾ ਗਲਪ ਰੂਪ ਅਜਿਹਾ ਇੱਕ ਵਧੀਆ ਸਾਧਨ ਹੈ।"[12] ਨਿਸਚਿਤ ਰੂਪ ਵਿੱਚ ਡਾ: ਕੋਮਲ ਦੇ ਉਪਰੋਕਤ ਵਿਚਾਰ ਨਾਲ਼ ਹਰਗਿਜ਼ ਅਸਹਿਮਤ ਨਹੀਂ ਹੋਇਆ ਜਾ ਸਕਦਾ ਪਰੰਤੂ ਇਧਰ ਇਸਦੇ ਉਲਟ ਡਾ: ਗੁਰਬਖਸ਼ ਸਿੰਘ ਫ਼ਰੈਂਕ ਦਾ ਮੱਤ ਹੈ, "ਅੱਜ ਦੀ ਨਿੱਕੀ

ਕਹਾਣੀ ਲਈ ਪੁਰਾਣਾ ਰੂਪ ਵੀ ਕੁੱਝ ਜਕੜ ਬਣਦਾ ਜਾ ਰਿਹਾ ਹੈ, ਜਿਸ ਕਰਕੇ ਅੱਜ ਫਿਰ ਲੰਮੀ ਕਹਾਣੀ ਵਧੇਰੇ ਪ੍ਰਚਲਿਤ ਹੋ ਰਹੀ ਹੈ ।''[13] ਬੇਸ਼ਕ ਡਾ: ਫ਼ਰੈਂਕ ਨੇ ਲੰਮੀ ਕਹਾਣੀ ਦੇ ਵਧੇਰੇ ਪ੍ਰਚਲਿਤ ਹੋਣ ਦੀ ਗੱਲ ਨਿੱਕੀ ਕਹਾਣੀ ਦੇ ਮੁਕਾਬਲੇ ਵਿੱਚ ਕੀਤੀ ਹੈ ਪਰ ਨਿਸਚਿਤ ਰੂਪ ਵਿੱਚ ਉਪਰੋਕਤ ਸਿੱਟਾ ਕੱਢਦੇ ਹੋਏ ਉਹ ਮਿੰਨੀ ਕਹਾਣੀ ਦੇ ਰੂਪ ਨੂੰ ਭੁੱਲ ਗਿਆ ਹੈ । ਕੁੱਝ ਵੀ ਕਹਿ ਲਓ, ਥੋੜ੍ਹੇ ਜਿੰਨੇ ਸਮੇਂ ਵਿੱਚ ਮਿੰਨੀ ਕਹਾਣੀ ਨੇ ਜੋ ਉੱਨਤੀ ਕਰ ਲਈ ਹੈ ਅਤੇ ਜੋ ਕਲਾਤਮਕ ਵਿਕਾਸ ਕੀਤਾ ਹੈ ਉਹ ਵਾਕਈ ਕਾਬਿਲੇ ਤਾਰੀਫ਼ ਹੈ । ਸਾਨੂੰ ਉਮੀਦ ਰੱਖਣੀ ਚਾਹੀਦੀ ਹੈ ਕਿ ਪੰਜਾਬੀ ਮਿੰਨੀ ਕਹਾਣੀ ਦੂਜੀਆਂ ਭਾਸ਼ਾਵਾਂ ਦੀਆਂ ਮਿੰਨੀ ਕਹਾਣੀਆਂ ਦੇ ਬਰਾਬਰ ਦਾ ਮੁਕਾਮ ਜਲਦੀ ਹੀ ਬਣਾ ਲਵੇਗੀ । ਹਾਂ, ਜੇ ਇਹ ਆਪਣੀ ਦਿਨੋਂ-ਦਿਨ ਵਧਦੀ ਲੋਕਪ੍ਰਿਯਤਾ ਦੇ ਬਾਵਜੂਦ ਲੰਮੀ ਕਹਾਣੀ ਤੋਂ ਵੱਧ ਪ੍ਰਚਲਿਤ ਨਾ ਹੋ ਸਕੀ ਤਾਂ ਇਹ ਇਸਦੇ ਬਰਾਬਰ ਦਾ ਦਰਜਾ ਤਾਂ ਸੰਭਾਲ਼ ਹੀ ਲਵੇਗੀ ।

ਮਿੰਨੀ ਕਹਾਣੀ ਗਲਪ ਦਾ ਇੱਕ ਆਧੁਨਿਕਤਮ ਰੂਪ ਤਾਂ ਹੈ ਹੀ, ਹੁਣ ਇਹ ਛੰਦ-ਬੱਧ ਕਾਵਿ ਵਿੱਚ ਵੀ ਲਿਖੀ ਜਾਣ ਲੱਗ ਪਈ ਹੈ । ਚਾਹੇ ਕਿਸੇ ਲੰਮੀ ਕਹਾਣੀ ਨੂੰ ਕਾਵਿ ਵਿੱਚ ਬਿਆਨ ਕਰਨ ਦਾ ਰਿਵਾਜ ਸਦੀਆਂ ਪੁਰਾਣਾ ਹੈ ਪਰੰਤੂ 'ਨਜ਼ਮਾਨਿਆਂ' ਦੇ ਨਾਂ ਹੇਠ ਮਿੰਨੀ ਕਹਾਣੀ ਨੂੰ ਪੰਜਾਬੀ ਕਵਿਤਾ ਵਿੱਚ ਸ਼ੁਰੂ ਕਰਨ ਦਾ ਸਿਹਰਾ ਮੁਸ਼ਤਾਕ ਵਾਰਸੀ ਨੂੰ ਜਾਂਦਾ ਹੈ । ਲੇਖਕ ਨੇ ਸ਼ਬਦ 'ਨਜ਼ਮਾਨਾ' ਦੋ ਵੱਖੋ-ਵੱਖਰੇ ਸ਼ਬਦਾਂ 'ਨਜ਼ਮ' ਅਤੇ 'ਅਫ਼ਸਾਨਾ' ਦੇ ਸੁਮੇਲ ਤੋਂ ਬਣਾਇਆ ਹੈ ਜਿਸ ਵਿੱਚ ਉਹ ਤੋਲ-ਤੁਕਾਂਤ ਦੀਆਂ ਬੰਦਿਸ਼ਾਂ ਦਾ ਪੂਰਾ ਧਿਆਨ ਰੱਖਦਿਆਂ ਹੋਇਆਂ ਮਿੰਨੀ ਕਹਾਣੀ ਨੂੰ ਇੱਕ ਛੋਟੀ ਨਜ਼ਮ ਦੇ ਰੂਪ ਵਿੱਚ ਬਿਆਨ ਕਰਦਾ ਹੈ । ਮੁਸ਼ਤਾਕ ਵਾਰਸੀ ਨੇ ਆਪਣੇ ਸੱਜਰੇ ਕਾਵਿ-ਸੰਗ੍ਰਹਿ 'ਪਿਛਲੇ ਪਹਿਰ' ਵਿੱਚ 22 ਨਜ਼ਮਾਨੇ ਦਰਜ ਕੀਤੇ ਹਨ । ਇਸ ਪ੍ਰਕਾਰ ਕਵਿਤਾ ਵਿੱਚ ਪ੍ਰਚਲਨ ਨਾਲ਼ ਮਿੰਨੀ ਕਹਾਣੀ ਦੀ ਮਹੱਤਤਾ ਨੂੰ ਬਲ ਮਿਲੇਗਾ ਅਤੇ ਇਸ ਦਾ ਰੂਪ ਹੋਰ ਨਿੱਖਰਦਾ ਜਾਵੇਗਾ ।

ਕਿਉਂਕਿ ਮਿੰਨੀ ਕਹਾਣੀ ਮਨੱਖ ਦੀ ਮਾਨਸਿਕਤਾ ਦੇ ਸੂਖਮ ਤੱਤਾਂ 'ਤੇ ਨਿਭਭਰ ਕਰਦੀ ਹੈ ਅਤੇ ਜੀਵਨ ਦੀ ਸਥੂਲਤਾ ਦਾ ਬਿਆਨ ਇਸ ਸਿਨਫ਼ ਵਿੱਚ ਆਕਾਰ ਪੱਖੋਂ ਛੋਟੇ ਹੋਣ ਕਾਰਨ ਸੰਭਵ ਵੀ ਨਹੀਂ ਇਸੇ ਲਈ ਕਿਸੇ ਨੂੰ ਵੀ ਇਸ ਵਿੱਚ ਜਨ-ਸਾਧਾਰਨ ਦੀ ਆਵਾਜ਼ ਬਣਨ ਦੀ ਸਭਾਵਨਾ ਹਾਲੇ ਨਹੀਂ ਦਿਸਦੀ । ਪਰੰਤੂ ਜਿਉਂ-ਜਿਉਂ ਸਿੱਖਿਆ ਦਾ ਪਸਾਰ ਹੁੰਦਾ ਜਾਵੇਗਾ—ਆਮ ਲੋਕਾਂ ਦੀ ਮਾਨਸਿਕਤਾ ਦੀ ਸੂਖਮਤਾ 'ਚ ਵਾਧਾ ਹੁੰਦਾ ਜਾਵੇਗਾ ਤਿਉਂ-ਤਿਉਂ ਇਸ ਵਿੱਚ ਹੋਰ ਨਿਖਾਰ ਆਉਂਦਾ ਜਾਵੇਗਾ ਅਤੇ ਇਹ ਵੱਧ ਤੋਂ ਵੱਧ ਸਤਿਕਾਰੀ ਤੇ ਪਿਆਰੀ ਜਾਣ ਲੱਗੇਗੀ । ਉਹ ਦਿਨ ਦੂਰ ਨਹੀਂ ਜਦ ਮਿੰਨੀ ਕਹਾਣੀ ਲੇਖਕ ਨੂੰ ਵੀ ਕੁੱਜੇ ਵਿੱਚ ਸਮੁੰਦਰ ਬੰਦ ਕਰਨ ਬਦਲੇ ਪੰਜਾਬੀ ਸਾਹਿਤ ਵਿੱਚ ਸਤਿਕਾਰਿਆ ਜਾਇਆ ਕਰੇਗਾ । ਉਮੀਦ ਰੱਖਣੀ ਚਾਹੀਦੀ ਹੈ ਕਿ ਭਵਿੱਖ ਵਿੱਚ ਮਿੰਨੀ ਕਹਾਣੀ ਆਧੁਨਿਧਕਤਾ ਦੀ ਨਿਸ਼ਾਨੀ ਸਮਝੀ ਜਾਇਆ ਕਰੇਗੀ । ਕੋਈ ਵਿਦਵਾਨ ਇਸ ਨੂੰ ਇਸ ਲਈ ਨਹੀਂ ਨਕਾਰ ਸਕੇਗਾ ਕਿ ਇਸ ਵਿੱਚ ਸਦੀਵੀ ਅਤੇ ਠੋਸ ਵਿਸ਼ਾ ਨਹੀਂ ਸਮਾ ਸਕਦਾ ਜਾਂ ਕਿ ਇਹ ਨਿਰੋਲ ਲਤੀਫ਼ਾ ਹੈ ਜਾਂ ਫਿਰ ਇਸ ਦੇ ਲੇਖਕ ਕਾਹਲ਼ੀ ਕਰਦੇ ਹਨ ਜਾਂ ਇਸ ਦਾ ਆਕਾਰ ਛੋਟਾ ਹੋਣ ਕਾਰਨ ਮਨੁੱਖੀ ਜੀਵਨ ਦੀ ਸਮੁੱਚਤਾ ਨੂੰ ਇਸ ਵਿੱਚ ਸਮੋਇਆ ਨਹੀਂ ਜਾ ਸਕਦਾ ਆਦਿ ਆਦਿ । ਮੈਂ ਇਸ ਸੰਬੰਧੀ ਆਪ ਜ਼ਿਆਦਾ ਕੁਝ ਕਹਿਣ ਨਾਲ਼ੋਂ ਰਸੂਲ ਹਮਜ਼ਾਤੋਵ ਦੇ ਇਹ ਸ਼ਬਦ ਪਾਠਕਾਂ ਸਾਹਮਣੇ ਰੱਖਣਾ ਬਿਹਤਰ ਸਮਝਾਂਗਾ, ''ਵਰਖਾ ਦੀ ਇੱਕ ਕਣੀ ਵਿੱਚ ਹੜ੍ਹ ਲੁਕਿਆ ਹੁੰਦਾ ਹੈ । ਮਹਾਨ ਆਦਮੀ ਤੇ ਤੁੱਛ ਆਦਮੀ ਵਿੱਚ ਫ਼ਰਕ ਇਹ ਹੁੰਦਾ ਹੈ ਕਿ ਤੁੱਛ ਆਦਮੀ ਸਿਰਫ਼ ਵੱਡੀਆਂ-ਵੱਡੀਆਂ ਚੀਜ਼ਾਂ ਤੇ

ਵਰਤਾਰਿਆਂ ਨੂੰ ਪਛਾਣ ਸਕਦਾ ਹੈ, ਜਦ ਕਿ ਆਪਣੇ ਨੱਕ ਹੇਠਾਂ ਪਈ ਚੀਜ਼ ਵਲੋਂ ਬੇਧਿਆਨ ਰਹਿੰਦਾ ਹੈ, ਪਰ ਮਹਾਨ ਆਦਮੀ ਵੱਡੀਆਂ ਛੋਟੀਆਂ ਹਰ ਤਰਾਂ ਦੀਆਂ ਚੀਜ਼ਾਂ ਦੇਖਦਾ ਹੈ ਤੇ ਨਿਗੂਣੀ ਤੋਂ ਨਿਗੂਣੀ ਚੀਜ਼ ਵਿੱਚ ਵੀ ਮਹਾਨ ਤੋਂ ਮਹਾਨ ਕੁੱਝ ਦੇਖਣ ਦੇ ਤੇ ਦੂਜਿਆਂ ਨੂੰ ਦਿਖਾਉਣ ਦੇ ਸਮਰੱਥ ਹੁੰਦਾ ਹੈ।"[14] ਮੈਨੂੰ ਯਕੀਨ ਹੈ ਕਿ ਜਿਹੜੇ ਵਿਦਵਾਨ ਮਿੰਨੀ ਕਹਾਣੀ ਨੂੰ ਬਿਲਕੁਲ ਨਿਗੂਣੀ ਦੱਸਦੇ ਹਨ ਉਹ ਜੇ ਮੇਰੇ ਵਿਚਾਰਾਂ ਵੱਲ ਨਹੀਂ ਤਾਂ ਘੱਟੋ-ਘੱਟ ਰਸੂਲ ਹਮਜ਼ਾਤੋਵ ਦੀਆਂ ਉਪਰੋਕਤ ਸਤਰਾਂ 'ਤੇ ਕੰਨ ਜ਼ਰੂਰ ਧਰਨਗੇ। ਇਸ ਤੋਂ ਇਲਾਵਾ ਜਿਉਂ-ਜਿਉਂ ਮਸ਼ੀਨੀਕਰਨ ਤੇ ਕੰਪਿਊਟਰੀਕਰਨ ਵਧਦੇ ਜਾਣਗੇ, ਮਿੰਨੀ ਕਹਾਣੀ ਦੀ ਮਹੱਤਤਾ ਆਪਣੇ ਆਪ ਹੀ ਕਾਇਮ ਹੁੰਦੀ ਜਾਵੇਗੀ। ਅੱਜ ਕੱਲ੍ਹ ਅਕਸਰ ਕਿਹਾ ਜਾਂਦਾ ਹੈ ਕਿ ਸਿਰਫ਼ ਮਿੰਨੀ ਕਹਾਣੀ ਲਿਖਣ ਨਾਲ਼ ਕੋਈ ਲੇਖਕ 'ਵੱਡਾ ਲੇਖਕ' ਨਹੀਂ ਕਹਾ ਸਕਦਾ ਪਰ ਆਉਣ ਵਾਲ਼ੇ ਸਮੇਂ ਵਿੱਚ ਬਹੁਤ ਸਾਰੇ ਲੇਖਕ ਅਜਿਹੇ ਮਿਲ਼ ਜਾਇਆ ਕਰਨਗੇ ਜੋ ਸਿਰਫ਼ ਮਿੰਨੀ ਕਹਾਣੀ ਹੀ ਲਿਖਦੇ ਹੋਣਗੇ ਉਹ ਸਿਰਫ਼ ਇਸ ਲਈ ਕਿਉਂਕਿ ਉਸ ਵੇਲੇ ਤੱਕ ਇਹ ਸਿਨਫ਼ ਪੰਜਾਬੀ ਸਾਹਿਤ ਵਿੱਚ ਖ਼ੁਦ-ਬ-ਖ਼ੁਦ ਆਪਣਾ ਮੁਕਾਮ ਹਾਸਿਲ ਕਰ ਲਵੇਗੀ। ਪਾਠਕ ਵੀ ਸਮੇਂ ਦੀ ਲੋੜ ਮੁਤਾਬਕ ਇਸ ਨੂੰ ਅੱਖੋਂ ਓਹਲੇ ਨਹੀਂ ਕਰ ਸਕਣਗੇ ਤਦ ਪਾਠਕਾਂ ਦੀ ਮਿੰਨੀ ਕਹਾਣੀ ਪ੍ਰਤੀ ਇਸ ਖਿੱਚ ਨੂੰ ਦੇਖ ਕੇ ਵਿਦਵਾਨ ਆਲੋਚਕਾਂ ਨੂੰ ਵੀ ਇਸ ਨੂੰ ਗਲਪ ਦੀ ਇੱਕ ਮੁਕੰਮਲ ਸਿਨਫ਼ ਤਸਲੀਮ ਕਰਨਾ ਪਵੇਗਾ। ਮੈਂ ਤਾਂ ਸਾਹਿਤਕ ਰੁਚੀ ਰੱਖਣ ਵਾਲ਼ੇ ਪੰਜਾਬੀ ਦੋਸਤਾਂ ਤੇ ਵਿਦਵਾਨਾਂ ਨੂੰ ਸਲਾਹ ਦੇਵਾਂਗਾ ਕਿ ਉਹ ਗਲਪ ਦੇ ਖੇਤਰ ਵਿੱਚ ਆਉਣ ਵਾਲ਼ੇ ਵਕਤ ਨੂੰ 'ਮਿੰਨੀ ਕਹਾਣੀ ਯੁੱਗ' ਦਾ ਨਾਂ ਦੇ ਕੇ ਸਵਾਗਤ ਕਰਨ।

ਕਿਉਂਕਿ ਲੰਮੀ ਕਹਾਣੀ ਪੜ੍ਹਦੇ ਸਮੇਂ ਕਾਫ਼ੀ ਵਕਤ ਲੱਗ ਜਾਂਦਾ ਹੈ ਇਸੇ ਲਈ ਕਵੀ ਦਰਬਾਰ ਤਾਂ ਬਹੁਤ ਹੁੰਦੇ ਹਨ ਪਰੰਤੂ ਕਹਾਣੀ ਦਰਬਾਰ ਕਦੇ-ਕਦਾਈਂ ਹੀ ਸੁਣਨ ਵੇਖਣ ਨੂੰ ਮਿਲ਼ਦੇ ਹਨ। ਲੇਖਕਾਂ ਨੂੰ ਇਸ ਪਾਸੇ ਹੰਭਲ਼ਾ ਮਾਰ ਕੇ ਵੱਧ ਤੋਂ ਵੱਧ ਮਿੰਨੀ ਕਹਾਣੀ ਦਰਬਾਰ ਆਯੋਜਿਤ ਕਰਾਉਣੇ ਚਾਹੀਦੇ ਹਨ ਤਾਂ ਜੋ ਇਹ ਸਿਨਫ਼ ਹੋਰ ਪ੍ਰਫੁਲਿਤ ਤੇ ਵਧੇਰੇ ਪ੍ਰਚਲਿਤ ਹੋ ਸਕੇ (ਇਸ ਦੇ ਛੋਟੇ ਆਕਾਰ ਕਾਰਨ ਇਹੋ ਜਿਹੇ ਦਰਬਾਰ ਆਯੋਜਿਤ ਕਰਨਾ ਆਸਾਨ ਵੀ ਹੈ)। ਇਸ ਤੋਂ ਇਲਾਵਾ ਮਿੰਨੀ ਕਹਾਣੀ ਨੂੰ ਯੋਗ ਸਨਮਾਨ ਤਦ ਹੀ ਮਿਲ਼ੇਗਾ ਜਦ ਇਸ ਨੂੰ ਲਿਖਣ ਵਾਲ਼ੇ ਲੇਖਕ ਆਪਣੇ ਕਲਾਤਮਕ ਮਿਆਰ ਨੂੰ ਥੋੜ੍ਹਾ ਉਤਾਂਹ ਚੁੱਕਣਗੇ। ਮੇਰੀ ਵਿਦਵਾਨ ਆਲੋਚਕਾਂ ਨੂੰ ਵੀ ਗੁਜ਼ਾਰਿਸ਼ ਹੈ ਕਿ ਉਹ ਆਪਣੇ-ਆਪਣੇ ਢੰਗ ਨਾਲ਼ ਇਸ ਦੀ ਚੀਰ ਫਾੜ ਕਰਨ ਅਤੇ ਦੂਜੀਆਂ ਭਾਸ਼ਾਵਾਂ ਵਿੱਚ ਲਿਖੀ ਜਾਣ ਵਾਲ਼ੀ ਮਿੰਨੀ ਕਹਾਣੀ ਤੋਂ ਧਿਆਨ ਹਟਾ ਕੇ ਪੰਜਾਬੀ ਸਾਹਿਤ ਤੇ ਸਭਿਆਚਾਰ ਦੇ ਸੰਦਰਭ ਤੋਂ ਇਸ ਨੂੰ ਵਾਚਣ ਕਿਉਂਕਿ ਸਾਹਿਤ ਦਾ ਇਹ ਰੂਪ ਆਪਣੇ ਆਪ ਵਿੱਚ ਕਾਫ਼ੀ ਸੰਭਾਵਨਾਵਾਂ ਲੁਕਾਈ ਬੈਠਾ ਹੈ। ਜੇ ਵਿਦਵਾਨ ਲੇਖਕ ਤੇ ਆਲੋਚਕ ਦੋਵੇਂ ਭਵਿੱਖ ਵਿੱਚ ਵੀ ਆਧਾਰ ਰਹਿਤ ਕਾਰਨਾਂ ਕਰ ਕੇ ਇਸ ਨੂੰ ਨਜ਼ਰ ਅੰਦਾਜ਼ ਕਰਦੇ ਰਹੇ ਤਾਂ ਇਹ ਸਾਹਿਤ ਵਿਚੋਂ ਅਲੋਪ ਵੀ ਹੋ ਸਕਦੀ ਹੈ ਅਤੇ ਜੇ ਉਨ੍ਹਾਂ ਮਿੱਟੀ 'ਚ ਅੱਧੇ ਦੱਬੇ ਹੋਏ ਇਸ ਹੀਰੇ ਨੂੰ ਆਸ਼ਾਵਾਦੀ ਨਜ਼ਰੀਏ ਨਾਲ਼ ਬਾਹਰ ਕੱਢ ਲਿਆ ਤਾਂ ਇਸ ਦਾ ਰੂਪ ਹੋਰ ਨਿੱਖਰ ਕੇ ਸਾਡੇ ਸਾਹਮਣੇ ਆ ਸਕਦਾ ਹੈ ਅਤੇ ਇਹ ਵੀ ਸੰਭਵ ਹੈ ਕਿ ਇੱਕੀਵੀਂ ਸਦੀ ਵਿੱਚ ਪੰਜਾਬੀ ਸਾਹਿਤ ਦੀ ਇਹ ਇੱਕ ਪ੍ਰਧਾਨ ਵਿਧਾ ਦੇ ਨਾਤੇ ਉੱਭਰ ਕੇ ਸਾਡੇ ਸਾਹਮਣੇ ਆਏ।

ਹਵਾਲੇ ਅਤੇ ਟਿੱਪਣੀਆਂ :

1. **ਲਘੂ ਆਘਾਤ,** ਮਾਰਚ 1987, ਪੰਨਾ 71-72
2. ਵੇਦ ਪ੍ਰਕਾਸ਼ ਜੁਨੇਜਾ (ਡਾ:), **ਆਸ ਪਾਸ ਕਾ ਦਰਦ,** ਪਨਾ 26
3. ਨਿਰੰਜਣ ਬੋਹਾ ਦੁਆਰਾ ਇੱਕ ਪੱਤਰ ਰਾਹੀਂ ਦਿੱਤੀ ਜਾਣਕਾਰੀ 'ਤੇ ਆਧਾਰਿਤ।
4. **ਖੋਜ ਪਤ੍ਰਿਕਾ,** ਮਾਰਚ 1982, ਪੰਨਾ 317
5. ਉਹੀ, ਸੰਪਾਦਕੀ
6. **ਗਵੇਡ,** ਪੰਨਾ 215
7. ਅਕਾਲ ਡਿਗਰੀ ਕਾਲਜ ਮਸਤੂਆਣਾ [ਸੰਗਰੂਰ] ਵਿਖੇ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਦੇ ਸਹਿਯੋਗ ਨਾਲ਼ ਹੋਈ ਪੰਜਾਬੀ ਕਹਾਣੀ ਰਾਜ-ਪੱਧਰੀ ਕਾਨਫ਼ਰੰਸ ਵਿੱਚ ਦਿਨ ਐਤਵਾਰ ਮਿਤੀ 26 ਅਕਤੂਬਰ 1980 ਨੂੰ ਪੜ੍ਹਿਆ ਗਿਆ ਪ੍ਰਕਾਸ਼ਿਤ ਖੋਜ-ਪੱਤਰ, ਪੰਨਾ 2
8. **ਉਤਪਤੀ ਤੇ ਵਿਕਾਸ,** ਪੰਨਾ 725
9. ਈਗਲਟਨ, ਟੈਰੀ, **ਮਾਰਕਸਵਾਦੀ ਸਾਹਿਤਕ ਆਲੋਚਨਾ,** ਪਨਾ 48
10. **ਸਾਹਿਤ ਸਿਰਜਣਾ ਦੀ ਕਲਾ ਕੌਸ਼ਲਤਾ ਬਾਰੇ** ਕ੍ਰਿਤ ਮੈਕਸਿਮ ਗੋਰਕੀ ਤੇ ਹੋਰ, ਪੰਨਾ 212
11. ਉਹੀ, ਪੰਨਾ 246
12. **ਖੋਜ ਪੱਤ੍ਰਿਕਾ,** ਮਾਰਚ, ਪੰਨਾ 343
13. **ਪੰਜਾਬੀ ਸਾਹਿਤ ਰੂਪ ਰੁਝਾਨ** (ਸੰਪਾ.) ਡਾ: ਰਘਬੀਰ ਸਿੰਘ, ਪੰਨਾ 82
14. **ਮੇਰਾ ਦਾਗ਼ਿਸਤਾਨ,** ਪੰਨਾ 124

———

ਅੰਤਿਕਾ—I

ਸੋਚ-ਸਮੁੰਦਰ

ਮਿੰਨੀ ਕਹਾਣੀ ਸੰਬੰਧੀ ਮੈਂ ਪੰਜਾਬੀ ਲੇਖਕਾਂ ਅਤੇ ਆਲੋਚਕ ਵਿਦਵਾਨਾਂ ਤੋਂ ਵਿਚਾਰ ਮੰਗੇ ਸਨ, ਮੈਨੂੰ ਉਨ੍ਹਾਂ ਤੋਂ ਜਿੰਨਾ ਸਹਿਯੋਗ ਮਿਲਿਆ, ਮੈਨੂੰ ਉਸ ਦੀ ਉਮੀਦ ਸੱਚਮੁੱਚ ਨਹੀਂ ਸੀ। ਜਿਨ੍ਹਾਂ ਲੇਖਕ ਵੀਰਾਂ ਨੇ ਆਪੋ ਆਪਣੇ ਵਿਚਾਰ ਖ਼ਤਾਂ ਰਾਹੀਂ ਮੇਰੇ ਤੱਕ ਪੁੱਜਦੇ ਕੀਤੇ, ਉਨ੍ਹਾਂ ਦਾ ਮੈਂ ਤਹਿ ਦਿਲੋਂ ਸ਼ੁਕਰ ਗੁਜ਼ਾਰ ਹਾਂ। ਉਨ੍ਹਾਂ ਦੇ ਅਮੁੱਲੇ ਵਿਚਾਰ ਮੈਂ ਅਗਲੇ ਪੰਨਿਆਂ 'ਤੇ ਦੇ ਕੇ ਦਿਲੀ ਖ਼ੁਸ਼ੀ ਮਹਿਸੂਸ ਕਰ ਰਿਹਾ ਹਾਂ।

ਮੇਰੇ ਗਿਆਨ ਦੀਆਂ ਕੁੱਝ ਸੀਮਾਵਾਂ ਹਨ। ਇਸ ਲਈ ਹੋ ਸਕਦਾ ਹੈ ਕਿ ਮੈਂ ਗਲਪ ਦੇ ਨਵੀਨ ਰੂਪ ਮਿੰਨੀ ਕਹਾਣੀ 'ਚੋਂ ਉਹ ਤੱਥ ਨਾ ਕੱਢ ਸਕਿਆ ਹੋਵਾਂ ਜੋ ਪੇਸ਼ ਕਰਨੇ ਚਾਹੀਦੇ ਸਨ। ਭਵਿੱਖ ਵਿੱਚ ਜੇ ਕੋਈ ਵਿਦਵਾਨ ਲੇਖਕ/ਆਲੋਚਕ ਵਧੇਰੇ ਖੋਜ ਕਰਨਾ ਚਾਹੁੰਦਾ ਹੋਵੇ, ਉਸ ਲਈ ਇਹ ਸੋਚ-ਸਮੁੰਦਰ ਬੇਹਦ ਸਹਾਈ ਸਿੱਧ ਹੋ ਸਕਦਾ ਹੈ।

—ਮਹਿਤਾਬ-ਉਦ-ਦੀਨ

✠ ਅਣਖੀ, ਰਾਮ ਸਰੂਪ [ਬਰਨਾਲਾ, ਜ਼ਿਲ੍ਹਾ ਸੰਗਰੂਰ]

ਪੰਜਾਬੀ ਕਹਾਣੀ ਵਿੱਚ ਮਿੰਨੀ ਕਹਾਣੀ ਨਾਉਂ ਦੀ ਰਚਨਾ ਨਵੀਂ-ਨਵੀਂ ਹੀ ਪ੍ਰਚਲਿਤ ਹੋਈ ਹੈ—ਪੰਦਰਾਂ ਕੁ ਸਾਲਾਂ ਤੋਂ ਹੀ। ਅਸਲ ਵਿੱਚ ਤਾਂ ਇਹ ਚੀਜ਼ ਹਿੰਦੀ ਵਿਚੋਂ ਦੇਖਾ-ਦੇਖੀ ਸਾਡੇ ਕੋਲ਼ ਆਈ। ਹਿੰਦੀ ਵਾਲਿ਼ਆਂ ਕੋਲ਼ ਪਰ ਇਸ ਦਾ ਗੰਭੀਰ ਰੂਪ ਸੀ, ਜਦੋਂ ਕਿ ਪੰਜਾਬੀ ਵਾਲਿ਼ਆਂ ਨੇ ਇਹ ਨੂੰ ਲਤੀਫ਼ਾਬਾਜ਼ੀ ਤੋਂ ਅਗਾਂਹ ਨਹੀਂ ਜਾਣ ਦਿੱਤਾ। ਫੇਰ ਵੀ ਪੰਜਾਬੀ ਵਿੱਚ ਚੰਗੀਆਂ ਮਿੰਨੀ ਕਹਾਣੀਆਂ ਲਿਖੀਆਂ ਜਾ ਰਹੀਆਂ ਹਨ—ਕਿਧਰੇ-ਕਿਧਰੇ। ਮੈਂ ਸਮਝਦਾ ਹਾਂ, ਮਿੰਨੀ ਕਹਾਣੀ ਉੱਤੇ ਲੰਬੀ ਕਹਾਣੀ ਨਾਲ਼ੋਂ ਵੱਧ ਸੋਚ ਵਿਚਾਰ ਤੇ ਲਿਖਣ ਪ੍ਰਕ੍ਰਿਆ ਉੱਤੇ ਵੱਧ ਵੋਂ ਵੱਧ ਜ਼ੋਰ ਦੇਣਾ ਪੈਂਦਾ ਹੈ, ਭਾਵੇਂ ਕਿ ਮਿੰਨੀ ਕਹਾਣੀ ਅੰਦਰੋਂ ਫੁਰੀ ਹੀ ਇੱਕ ਰਚਨਾ ਹੁੰਦੀ ਹੈ। ਮਿੰਨੀ ਕਹਾਣੀ ਲਈ ਜ਼ਿੰਮੇਵਾਰੀ ਵੱਧ ਹੈ ਲੇਖਕ ਦੀ। ਪੰਜਾਬੀ ਵਿੱਚ ਢੇਰ ਸਾਰੀਆਂ ਮਿੰਨੀ ਕਹਾਣੀਆਂ ਲਿਖੀਆਂ ਜਾ ਚੁੱਕੀਆਂ ਹਨ, ਪਰ ਉਨ੍ਹਾਂ ਦਾ ਚੌਥਾ ਕੁ ਹਿੱਸਾ ਹੀ ਮਿੰਨੀ ਕਹਾਣੀ ਦੇ ਚੌਖਟੇ ਵਿੱਚ ਆਉਂਦਾ ਹੋਵੇਗਾ। ਪੰਜਾਬੀ ਵਿੱਚ ਮਿੰਨੀ ਕਹਾਣੀ ਨੇ ਆਪਣਾ ਭਵਿੱਖ ਸ਼ਾਇਦ ਅਜੇ ਉਲੀਕਣਾ ਹੈ। ਦੇਖੋ.....

✠ ਅਮਰ ਕੋਮਲ (ਡਾ:) [ਬਰਨਾਲਾ, ਜ਼ਿਲ੍ਹਾ ਸੰਗਰੂਰ]

ਪੰਜਾਬੀ ਵਿੱਚ ਮਿੰਨੀ ਕਹਾਣੀ ਇਸ ਸਦੀ ਦੇ ਅੱਠਵੇਂ ਦਹਾਕੇ ਵਿੱਚ ਪ੍ਰਵੇਸ਼ ਕਰਨ ਵਾਲ਼ਾ ਪੰਜਾਬੀ ਕਹਾਣੀ ਦਾ ਨਵਾਂ ਰੂਪ ਹੈ। ਪੰਜਾਬੀ ਵਿੱਚ ਮਿੰਨੀ ਕਹਾਣੀ ਅਜੇ ਮੁੱਢਲੇ ਪੜਾਅ ਵਿੱਚ ਹੈ। ਇਸ ਨੇ ਅਜੇ ਹੋਰ ਕਈ ਪੜਾਅ ਤੈਅ ਕਰਨੇ ਹਨ। ਭਾਰਤੀ ਬੋਲੀਆਂ ਦੀਆਂ ਮਿੰਨੀ ਕਹਾਣੀਆਂ ਦੇ ਨਾਲ਼-ਨਾਲ਼ ਕਦਮ ਮਿਲਾ ਕੇ ਜੇਕਰ ਪੰਜਾਬੀ ਦੀ ਮਿੰਨੀ ਕਹਾਣੀ ਚੱਲਣਾ ਚਾਹੁੰਦੀ ਹੈ ਤਾਂ ਜ਼ਰੂਰੀ ਹੈ ਕਿ ਇਸ ਰੂਪ ਦੇ ਲੇਖਕਾਂ ਨੂੰ ਵਧੇਰੇ ਮਿਹਨਤ ਕਰਨੀ ਪਵੇਗੀ, ਉਨ੍ਹਾਂ ਨੂੰ ਵਧੇਰੇ ਕਲਾਤਮਕ ਸੂਝ ਦੀ ਲੋੜ ਹੈ। ਫਿਰ ਕਿਧਰੇ ਪੰਜਾਬੀ ਮਿੰਨੀ ਕਹਾਣੀ ਦੀ ਸੁਰ ਪ੍ਰਤਿਭਾਸ਼ਾਲੀ ਬਣ ਸਕੇਗੀ।

✠ ਆਨੰਦ, ਜਗਜੀਤ ਸਿੰਘ, [ਜਲੰਧਰ]

ਮਿੰਨੀ ਕਹਾਣੀ ਜ਼ਮਾਨੇ ਦੀ ਤੋਰ ਤਿੱਖੀ ਹੋ ਜਾਣ ਤੇ ਜ਼ਿੰਦਗੀ ਵਿਚੋਂ ਵਿਹਲ ਘਟਦੀ ਜਾਣ ਦੀ ਉਪਜ ਹੈ। ਪਹਿਲਾਂ ਨਾਵਲ ਤੋਂ ਕਹਾਣੀ ਤੇ ਕਹਾਣੀ ਤੋਂ ਨਿੱਕੀ ਕਹਾਣੀ ਤੱਕ ਦਾ ਸਫ਼ਰ ਵੀ ਇਸੇ ਵਰਤਾਰੇ ਦੇ ਤਿੱਖੇ ਹੋਣ ਦਾ ਸੂਚਕ ਸੀ। ਮਿੰਨੀ ਕਹਾਣੀ ਗਿਣਵੀਆਂ-ਚੋਣਵੀਂਆਂ ਸਤਰਾਂ ਵਿੱਚ ਜ਼ਿੰਦਗੀ ਦੀ ਕਿਸੇ ਮੂਲ ਸਚਿਆਈ ਨੂੰ ਰੋਚਕ ਢੰਗ ਨਾਲ਼ ਸੂਤਰਬੰਦ ਕਰਨ ਦਾ ਗੁਰ ਹੈ। ਇਸੇ ਲਈ ਮਿੰਨੀ ਕਹਾਣੀ ਆਕਾਰ ਵਿੱਚ ਜਿੰਨੀ ਛੋਟੀ ਹੈ, ਉਸ ਦੀ ਰਚਨਾ ਓਨੀ ਹੀ ਵਧੇਰੇ ਸਾਹਿਤਕ ਕ੍ਰਿਤ-ਜਾਚ ਦੀ ਮੰਗ ਕਰਦੀ ਹੈ।

✠ ਅਰਸ਼ੀ, ਗੁਰਚਰਨ ਸਿੰਘ (ਡਾ:) [ਪੰਜਾਬੀ, ਯੂਨੀ. ਪਟਿਆਲਾ]

ਕਹਾਣੀ ਭਾਵੇਂ ਲਘੂ ਹੋਵੇ ਭਾਵੇਂ ਵਿਸ਼ਾਲ, ਉਸ ਵਿੱਚ ਲੇਖਕ ਦੀ ਸੁਹਜ-ਸੰਵੇਦਨਾ ਕਲਾਤਮਕ ਪੱਧਰ ਉੱਤੇ ਪੇਸ਼ ਹੋਣੀ ਲਾਜ਼ਮੀ ਹੈ। ਅਜਿਹੀ ਕਹਾਣੀ ਦਾ ਭਵਿੱਖ ਕਿਸੇ ਵੀ ਦੇਸ਼ ਦੀ ਭਾਸ਼ਾ ਅਤੇ ਸਾਹਿਤ ਵਿੱਚ ਗੌਰਵਮਈ ਹੈ।

✠ ਸੈਨੀ, ਪ੍ਰੀਤਮ (ਡਾ:) [ਸੰਗਰੂਰ]

ਮੇਰੇ ਵਿਚਾਰ ਵਿੱਚ ਮਿੰਨੀ ਕਹਾਣੀ ਦੀ ਆਪਣੀ ਹੀ ਟੈਕਨੀਕ ਜਾਂ ਸ਼ੈਲੀ ਹੁੰਦੀ ਹੈ। ਇਸ ਵਿੱਚ ਕੋਈ ਧਿਆਨ-ਖਿੱਚੂ ਸਥਿਤੀ, ਫਿਰ ਲਟਕਾ ਅਤੇ ਅਚਾਨਕ ਜਾਂ ਅਚੰਭਾ-ਜਨਕ ਤੇ ਪ੍ਰਭਾਵਸ਼ਾਲੀ ਅੰਤ ਵੀ ਹੁੰਦਾ ਹੈ। ਕਈ ਪੰਜਾਬੀ ਵਾਲੇ. ਲਤੀਫ਼ੇ ਅਤੇ ਮਿੰਨੀ ਕਹਾਣੀ ਵਿੱਚ ਕੋਈ ਅੰਤਰ ਨਹੀਂ ਸਮਝਦੇ ਅਤੇ ਮਿੰਨੀ ਕਹਾਣੀ ਦੇ ਨਾਮ ਤੇ ਲਤੀਫ਼ੇ ਹੀ ਲਿਖੀ ਜਾ ਰਹੇ ਹਨ। ਮਿੰਨੀ ਕਹਾਣੀ ਲਤੀਫੇ ਵਾਂਗ ਹਾਸਰਸੀ ਵੀ ਹੋ ਸਕਦੀ ਹੈ ਪਰੰਤੂ ਲਤੀਫ਼ਾ ਹੀ ਨਹੀਂ। ਮਿੰਨੀ ਕਹਾਣੀ ਵਿੱਚ ਕਰੁਣਾ ਰਸ, ਅਦਭੁਤ ਰਸ, ਵੀਰ ਰਸ ਤੇ ਹੋਰ ਰਸਾਂ ਵਿਚੋਂ ਕੋਈ ਵੀ ਰਸ ਪਾਇਆ ਜਾ ਸਕਦਾ ਹੈ. ਕੇਵਲ ਹਾਸ-ਰਸ ਹੀ ਨਹੀਂ।

✠ ਸੁਮੇਰ [ਕਰਨਾਲ]

ਮਨੁੱਖੀ ਸੰਘਰਸ਼ਾਂ ਦਾ ਇਤਿਹਾਸ ਵੀ ਤਾਂ ਸੰਖੇਪ ਨਹੀਂ ਹੁੰਦਾ ਪਰ ਇਸ ਜਾ ਰਹੇ ਯੁੱਗ ਦੇ ਸੁਨਹਿਰੀ ਸਫ਼ਿਆਂ ਉੱਤੇ "ਅਗਲੀ ਗੱਲ" ਹੁਣ ਮਿੰਨੀ ਕਹਾਣੀ ਦੀ ਤੂਰ ਪਈ ਹੈ—ਇਹ ਫ਼ੈਸ਼ਨ ਦੀ ਗੱਲ ਨਹੀਂ, ਸਗੋਂ ਜ਼ਿੰਦਗੀ ਦਾ ਆਪਣਾ ਸੁਆਦ, ਸੁਆਲ ਤੇ ਲੋੜ ਹੈ। ਵੇਰਵਾ ਆਪਣੀ ਥਾਂ ਹੈ, ਸੰਖਿਪਤੀ ਆਪਣੀ ਥਾਂ। ਮਿੰਨੀ ਕਹਾਣੀ ਇਸ ਗੁਆਚਣ ਤੇ ਮੁਰਛਤ ਜਿਹਾ ਹੋਣ

ਦੀ ਅਵਸਥਾ ਨੂੰ ਚੁੰਢੀ ਭਰਨ ਜਿਹਾ ਅਮਲ ਹੈ—ਅੱਜ ਦੀ ਭੱਜ/ਦੌੜ ਵਿੱਚ ਏਸ ਅਮਲ ਦੀ ਲੋੜ ਜ਼ਰੂਰੀ ਹੈ।

✠ ਸੁਰਜੀਤ ਗਿੱਲ [ਘੋਲੀਆ ਕਲਾਂ, ਜ਼ਿਲ੍ਹਾ ਫ਼ਰੀਦਕੋਟ]

ਪੰਜਾਬੀ ਵਿੱਚ ਸਾਹਿਤ ਦੀ ਇਹ ਸਿਨਫ਼ ਹਾਲੇ ਜੰਮ ਨਹੀਂ ਸਕੀ। ਇਹ ਮਿੰਨੀ ਤਾਂ ਹੈ ਪਰ ਕਹਾਣੀ ਨਹੀਂ ਹੈ। ਇਹ ਕੋਈ ਵੱਖਰੀ ਸਿਨਫ਼ ਵਜੋਂ ਸਥਾਪਤ ਨਹੀਂ ਹੁੰਦੀ। ਕਲਾ ਵਿੱਚ ਖ਼ਿਆਲ ਦਾ ਅਛੂਤਾਪਣ, ਬਿਆਨ ਦਾ ਵਖਰੇਵਾਂ ਅਵੱਸ਼ ਹੋਣਾ ਚਾਹੀਦਾ ਹੈ, ਪਰੰਤੂ ਮੈਨੂੰ ਇਹ ਪੰਜਾਬੀ ਮਿੰਨੀ ਕਹਾਣੀ ਵਿੱਚ ਕਿਤੇ ਨਹੀਂ ਮਿਲ਼ਿਆ। ਇਸ ਦਾ ਭਵਿਸ਼ ਹਾਲੇ ਅਨਿਸ਼ਚਿਤ ਹੈ। ਜੇਕਰ ਕਦੇ ਕਲਾ ਵਿੱਚ ਪਕਿਆਈ ਆ ਗਈ ਤਾਂ ਸ਼ਾਇਦ ਕੁਝ ਬਣ ਜਾਵੇ, ਹਾਲੇ ਇਹ ਕੁੱਝ ਨਹੀਂ ਹੈ। ਸੰਭਵ ਹੈ ਕਿ ਇਹ ਲਿਖੀ ਜਾਂਦੀ ਰਹੇ ਪਰ ਇਸ ਦਾ ਕਿਤੇ ਪੈਰ ਨਾ ਲਗਦਾ ਅੱਜ ਵੀ ਇਹੋ ਦਿਸਦਾ ਹੈ।

✠ ਹੁੰਦਲ, ਹਰਭਜਨ ਸਿੰਘ [ਫੱਤੂ ਚੱਕ, ਜ਼ਿਲ੍ਹਾ ਕਪੂਰਥਲਾ]

ਨਿੱਕੀ ਕਹਾਣੀ ਨੂੰ ਮੈਂ ਤਾਂ ਚੰਗੇ ਚੁਟਕਲੇ ਵਾਂਗ ਲਿਆ ਹੈ, ਇਸ ਤੋਂ ਵੱਧ ਨਹੀਂ। ਇਸ ਵਿਚਲੀ ਗੱਲ ਏਨਾ ਕੁ ਹੀ ਝਲਕਾਰਾ ਦਿੰਦੀ ਹੈ—ਵੱਧ ਨਹੀਂ। ਨਿੱਕੀਆਂ ਅਥਵਾ ਮਿੰਨੀ ਕਹਾਣੀਆਂ ਦਾ ਲੇਖਕ ਕਦੇ ਵੀ ਵੱਡਾ ਲੇਖਕ ਨਹੀਂ ਮੰਨਿਆ ਜਾ ਸਕਦਾ।

✠ ਹਮਦਰਦਵੀਰ ਨੌਸ਼ਹਿਰਵੀ [ਸਮਰਾਲਾ, ਜ਼ਿਲ੍ਹਾ ਲੁਧਿਆਣਾ]

ਮਿੰਨੀ ਕਹਾਣੀ ਜਿਸ ਨੂੰ ਮੈਂ ਬਿੰਦੂ-ਕਹਾਣੀ ਕਹਿਣਾ ਵਧੇਰੇ ਯੋਗ ਸਮਝਦਾ ਹਾਂ—1960 ਦੇ ਆਸ ਪਾਸ ਪੰਜਾਬੀ ਵਿੱਚ ਉਦੈਮਾਨ ਹੋਈ। ਵੈਸੇ ਤਾਂ ਮਿੰਨੀ ਕਹਾਣੀ ਦਾ ਜਨਮ ਅਸੀਂ ਸਾਖੀਆਂ ਵਿਚੋਂ ਵੀ ਲਭ ਸਕਦੇ ਹਾਂ। ਪਰ ਮਿੰਨੀ ਕਹਾਣੀ ਰਾਮਸਰੂਪ ਅਣਖੀ ਤੋਂ ਲਿਖੀ ਜਾਣੀ ਆਰੰਭ ਹੋਈ। ਹਿੰਦੀ ਵਿੱਚ ਮਿੰਨੀ ਕਹਾਣੀ ਨੂੰ ਮਾਣਤਾ ਪ੍ਰਾਪਤ ਹੈ—'ਸਾਰਿਕਾ' ਵਰਗੇ ਉੱਚ-ਪੱਧਰੀ ਰਿਸਾਲੇ ਕਈ ਵੱਡੇ-ਵੱਡੇ ਮਿੰਨੀ ਕਹਾਣੀ ਅੰਕ ਕੱਢ ਚੁੱਕੇ ਹਨ। ਪਰ ਪੰਜਾਬੀ ਵਿੱਚ ਮਿੰਨੀ ਕਹਾਣੀ ਨੂੰ ਆਲੋਚਕਾਂ ਅਤੇ ਅਖੌਤੀ ਪ੍ਰਸਿੱਧ ਕਹਾਣੀਕਾਰਾਂ ਨੇ ਸਾਜ਼ਸ਼ੀ ਤਰੀਕੇ ਨਾਲ਼ ਨਜ਼ਰ ਅੰਦਾਜ਼ ਕਰ ਰੱਖਿਆ ਹੈ। ਪੰਜਾਬੀ ਵਿੱਚ ਉਂਝ ਤਾਂ ਸਹੀ ਨਿਰਪੱਖ ਆਲੋਚਨਾ ਹੈ ਹੀ ਨਹੀਂ। ਗੁਰੂਆਂ ਵੱਲੋਂ ਸਿਰਫ ਸ਼ਿਸ਼-ਉਸਤਤ ਆਲੋਚਨਾ ਹੀ ਹੈ, ਜਾਂ ਗੁੱਟ ਆਲੋਚਨਾ ਹੈ, ਪਰ ਮਿੰਨੀ ਕਹਾਣੀ ਬਾਰੇ ਕਿਸੇ ਪੰਜਾਬੀ ਆਲੋਚਕ ਨੇ ਅੱਜ ਤੱਕ ਕੁੱਝ ਨਹੀਂ ਲਿਖਿਆ! ਸਿਵਾਏ ਜਨ-ਸਾਹਿਤ ਤੋਂ ਕਿਸੇ ਸਾਹਿਤਕ ਪਰਚੇ ਨੇ ਮਿੰਨੀ ਕਹਾਣੀ ਅੰਕ ਨਹੀਂ ਕੱਢਿਆ।

✠ ਕੇਸਰ ਸਿੰਘ ਕੇਸਰ (ਡਾ:) [ਪੰਜਾਬ ਯੂਨੀ. ਚੰਡੀਗੜ੍ਹ]

ਮਿੰਨੀ ਕਹਾਣੀ ਬਿਰਤਾਂਤ—ਸਾਹਿਤ ਦਾ ਇੱਕ ਅਜਿਹਾ ਰੂਪ ਹੈ ਜਿਸ ਦੀ ਰੂਪਗਤ ਨੇੜਤਾ ਸਭ ਤੋਂ ਵੱਧ ਚੁਟਕਲੇ ਨਾਲ਼ ਹੈ। ਮੌਖਿਕ ਕਥਾ-ਸਾਹਿਤ ਵਿੱਚ ਜੋ ਮਹੱਤਤਾ ਲਤੀਫ਼ੇ ਦੀ ਹੈ, ਉਹ ਹੀ ਲਿਖਤੀ ਗਲਪ—ਸਾਹਿਤ ਵਿੱਚ ਮਿੰਨੀ ਕਹਾਣੀ ਦੀ ਹੈ। ਪ੍ਰਚਲਤ ਗਲਪ-ਸ਼ਾਸਤਰ ਦੀ ਸ਼ਬਦਾਵਲੀ ਵਿੱਚ ਨਾਵਲ ਨੂੰ ਮਹਾਂਕਾਵਿ ਤੇ ਨਿੱਕੀ ਕਹਾਣੀ ਨੂੰ ਗੀਤ ਕਹਿਣ ਦੀ ਰੀਤ ਅਨੁਸਾਰ ਮਿੰਨੀ ਕਹਾਣੀ ਨੂੰ ਇੱਕ ਸ਼ਿਅਰ ਵਰਗੀ ਰੂਪ-ਰਚਨਾ ਕਿਹਾ ਜਾ ਸਕਦਾ ਹੈ। 'ਘਟਨਾ' ਨਿੱਕੀ ਕਹਾਣੀ ਦਾ ਤੰਤ ਹੈ ਤੇ 'ਗੱਲ' ਮਿੰਨੀ ਕਹਾਣੀ ਦਾ। ਮਿੰਨੀ ਕਹਾਣੀ ਬੱਸ ਇੱਕ ਗੱਲ ਹੁੰਦੀ ਹੈ; ਤੇ ਇਸ ਦੀ ਪ੍ਰਾਪਤੀ ਕੋਈ ਸਾਰਥਕ ਗੱਲ ਕਰਨ ਵਿੱਚ ਹੀ ਹੈ। ਪੰਜਾਬੀ ਵਿੱਚ ਇਸ ਕਥਾ—ਰੂਪ

ਦਾ ਵਾਧਾ ਦੈਨਿਕ ਅਖ਼ਬਾਰਾਂ ਤੇ ਮਿੰਨੀ ਪਰਚਿਆਂ ਦੇ ਵਾਧੇ ਨਾਲ਼ ਹੋਇਆ ਹੈ ਤੇ ਇਸ ਦੇ ਵਿਕਾਸ ਦੀਆਂ ਸੰਭਾਵਨਾਵਾਂ ਵੀ ਵਧੇਰੇ ਇਨ੍ਹਾਂ ਉੱਤੇ ਹੀ ਨਿਰਭਰ ਹਨ।

✠ ਕਾਂਗ, ਕੁਲਬੀਰ ਸਿੰਘ (ਡਾ:) [ਅੰਮ੍ਰਿਤਸਰ]

ਮਿੰਨੀ ਫ਼ਾਰਮ ਨਵੀਂ ਉਦਯੋਗੀ ਸਭਿਅਤਾ ਦੀ ਦੇਣ ਹੈ। ਇਸ ਦਾ ਤਿੱਖਾ ਪ੍ਰਭਾਵ ਪੈਂਦਾ ਹੈ, ਪਰ ਇਹ ਚੁਟਕਲਾ ਨਾ ਬਣੇ, ਇਹ ਖ਼ਿਆਲ ਰੱਖਣ ਦੀ ਲੋੜ ਹੈ। ਇਸ ਵਿੱਚ ਮੰਤਵ-ਪ੍ਰਧਾਨ ਹੈ, ਰੂਪ ਨਹੀਂ। ਕੋਈ ਸਟੈਂਡਰਡ ਸ਼ੈਲੀ ਨਿਰਧਾਰਿਤ ਕਰਨੀ ਮੁਸ਼ਕਿਲ ਹੈ। ਇੱਕ ਵੱਡਾ ਸਵਾਲ ਜਨਮ ਲਏ ਤਾਂ ਸਾਡੇ ਆਲੋਚਕ ਇਸ ਚੀ ਵਿਧਾ ਬਾਰੇ ਸੋਚਣਗੇ। ਇਸ ਦਾ ਭਵਿਸ਼ ਜ਼ਰੂਰ ਹੈ।

✠ ਕਾਬਲੀ ਅਨੰਤ ਸਿੰਘ [ਮੋਹਾਲੀ]

ਮਿੰਨੀ ਕਹਾਣੀ ਨੇ ਵੱਖ-ਵੱਖ ਭਾਸ਼ਾਵਾਂ ਵਿੱਚ ਚੱਕਰ ਕੱਟਣ ਮਗਰੋਂ ਹੁਣ ਥੋੜ੍ਹੇ ਸਮੇਂ ਤੋਂ ਹੀ ਪੰਜਾਬੀ ਸਾਹਿਤ ਵਿੱਚ ਪ੍ਰਵੇਸ਼ ਕੀਤਾ ਹੈ। ਮਿੰਨੀ ਕਹਾਣੀ ਵਿੱਚ ਵੀ ਨਿੱਕੀ ਕਹਾਣੀ ਵਾਂਗ ਹੀ ਪਾਤਰ ਉਸਾਰੀ ਤੇ ਭਾਵਾਂ ਦੇ ਪ੍ਰਗਟਾ ਲਈ ਵਧੀਆ ਸ਼ਬਦ-ਗੋਂਦ ਹੁੰਦੀ ਹੈ ਤੇ ਇਸ ਨੂੰ ਅੱਜ ਦੇ ਰੁਝੇਵਿਆਂ ਭਰੇ ਯੁਗ ਵਿੱਚ ਪ੍ਰਧਾਨਤਾ ਮਿਲ਼ ਰਹੀ ਹੈ। ਹੁਣ ਤਾਂ ਇਹ ਗੱਲ ਹੈ "ਛੇਤੀ ਗੱਲ ਮੁਕਾਈਂ ਤੇ ਚੱਲ ਮੇਰੇ ਭਾਈ।" ਹੁਣ ਲੰਮੀਆਂ-ਲੰਮੀਆਂ ਕਹਾਣੀਆਂ ਦਾ ਪੀਹਣ ਪਾ ਕੇ ਬੈਠਣ ਦਾ ਜ਼ਮਾਨਾ ਨਹੀਂ।

✠ ਕਜ਼ਾਕ, ਕਿਰਪਾਲ [ਫ਼ਤਿਹਪੁਰ, ਪਟਿਆਲਾ]

ਮਿੰਨੀ ਕਹਾਣੀ ਦਾ ਡੰਗ ਆਮ ਨਿੱਕੀ ਕਹਾਣੀ ਨਾਲ਼ੋਂ ਜ਼ਿਆਦਾ ਤਿੱਖਾ ਹੋਣਾ ਚਾਹੀਦਾ ਹੈ, ਜੋ ਫ਼ਿਲਹਾਲ ਮੇਰੀ ਜਾਚੇ, ਮਿੰਨੀ ਕਹਾਣੀਕਾਰਾਂ ਲਈ ਚੈਲੰਜ ਵਰਗੀ ਗੱਲ ਹੈ। ਮੇਰੀ ਸਮਝ ਮੁਤਾਬਕ, ਨਾਵਲ ਤੁਹਾਨੂੰ "ਕਲਾਵੇ" ਵਿੱਚ ਲੈਂਦਾ ਹੈ। ਨਿੱਕੀ ਕਹਾਣੀ "ਰੁੱਗ" ਭਰਦੀ ਹੈ, ਜਦ ਕਿ ਮਿੰਨੀ ਕਹਾਣੀ ਸਿਰਫ਼ "ਚੂੰਢੀ" ਭਰਦੀ ਹੈ। ਆਸ ਕਰਦਾ ਹਾਂ, ਸ਼ਾਲਾ! ਕਦੇ ਇਸ ਨਿੱਕੀ ਚੂੰਢੀ ਦੀ ਪੀੜ ਜ਼ਰੂਰ ਭਰਵੀਂ ਹੋ ਸਕੇਗੀ।

✠ ਕੰਵਲ, ਜਸਵੰਤ ਸਿੰਘ [ਢੁੱਡੀਕੇ, ਜ਼ਿਲ੍ਹਾ ਫ਼ਰੀਦਕੋਟ]

ਭਰਾਵਾ! ਕਦੇ ਨਿੱਕੀ ਕਹਾਣੀ ਲਿਖੀ ਹੀ ਨਹੀਂ। ਨਰੋਆ ਵਿਅੰਗ ਅਤੇ ਉਤਸ਼ਾਹਤ ਪ੍ਰਭਾਵ ਪਾਵੇ; ਤਾਂ ਹੀ ਸਾਹਿਤਕ ਗੱਲ ਬਣਦੀ ਹੈ। ਪਰ ਅੱਜ ਕੱਲ੍ਹ ਪੰਜਾਬੀ ਵਿੱਚ ਇਹ ਮਖ਼ੌਲ ਜਿਹਾ ਬਣ ਗਈ ਹੈ। ਸਾਹਿਤ ਦਾ ਹਰ ਉਹ ਪੱਖ ਸੋਨਾ ਹੈ, ਜਿਹੜਾ ਜ਼ਿੰਦਗੀ ਅਤੇ ਮਨੁੱਖਤਾ ਦੋਹਾਂ ਨੂੰ ਉਸਾਰਦਾ ਹੈ।

✠ ਖੀਵਾ, ਲਾਭ ਸਿੰਘ [ਬਠਿਡਾ]

ਮਿੰਨੀ ਕਹਾਣੀ ਮੋਟੇ ਤੌਰ 'ਤੇ ਆਧੁਨਿਕ ਨਿੱਕੀ ਕਹਾਣੀ ਦਾ ਲਘੂਤਮ ਰੂਪ ਹੈ। ਵਰਤਮਾਨ ਸਦੀ ਦੇ ਪਿਛਲੇ ਅੱਧ ਤੋਂ ਬਾਅਦ ਹੀ ਇਸ ਦੀ ਹੋਂਦ ਦਾ ਚਰਚਾ ਹੋਇਆ ਹੈ। ਜਿਹੜਾ ਸਾਹਿਤਕ ਰੂਪ ਆਪਣੇ ਸਮਕਾਲੀਨ ਠੋਸ ਯਥਾਰਥ ਦੀ ਵਿਸ਼ਾਲ ਕੈਨਵਸ ਦੇ ਅਨੁਕੂਲ ਨਹੀਂ, ਉਸ ਰੂਪ ਦੀਆਂ ਕੋਈ ਸੰਭਾਵਨਾਵਾਂ ਨਹੀਂ ਹੋ ਸਕਦੀਆਂ। ਜਿਵੇਂ ਗ਼ਜ਼ਲ ਦਾ ਮੁਕਾਬਲਾ ਰੁਬਾਈਂ ਨਹੀਂ ਕਰ ਸਕਦੀ, ਇੰਝ ਹੀ ਮਿੰਨੀ ਕਹਾਣੀ ਆਪਣੇ ਗਲਪੀ-ਰਪਾਂ ਦੇ ਬਰਾਬਰ ਨਹੀਂ ਖੜ੍ਹ ਸਕਦੀ। ਸਥਾਪਿਤ ਪੰਜਾਬੀ

ਕਹਾਣੀਕਾਰ ਫ਼ੈਸ਼ਨ ਦੇ ਤੌਰ 'ਤੇ ਮਿੰਨੀ ਕਹਾਣੀ ਝਰੀਟਦੇ ਹਨ ਤੇ ਜਾਂ ਫੇਰ ਸੌਖ ਦੇ ਤੌਰ 'ਤੇ ਨਵੇਂ ਉਠ ਰਹੇ ਲੇਖਕ ਇਸ ਰੂਪ 'ਤੇ ਕਲਮ ਅਜ਼ਮਾਈ ਕਰ ਰਹੇ ਹਨ । ਉਂਝ ਅਜੇ ਮਿੰਨੀ ਲੇਖਕਾਂ ਕੋਲ਼ ਵੀ ਇਸ ਦਾ ਰੂਪ-ਵਿਧਾਨ ਨਹੀਂ ।

✠ ਗਰਗ, ਕੇ. ਐਲ. [ਮੋਗਾ, ਜ਼ਿਲ੍ਹਾ ਫ਼ਰੀਦਕੋਟ]

ਮਿੰਨੀ ਕਹਾਣੀ ਸਾਹਿਤ ਦੀ ਇੱਕ ਨਵੀਂ ਵੰਨਗੀ ਹੈ ਤੇ ਦਿਨੋ-ਦਿਨ ਹਰਮਨ ਪਿਆਰੀ ਹੋ ਰਹੀ ਹੈ । ਰੁਝੇਵੇਂ ਭਰੇ ਮਨੁੱਖ ਲਈ ਮਨੋਰੰਜਨ ਦਾ ਇਹ ਸ਼ਾਰਟ-ਕੱਟ ਹੈ । ਪਰ ਇਹ ਨੂੰ ਲਿਖਣ ਲਈ ਬੜੀ ਹੀ ਸਾਵਧਾਨੀ ਵਰਤਣੀ ਪੈਂਦੀ ਹੈ । ਜਿਵੇਂ ਨਵ-ਜੰਮੇ ਬਾਲ ਨੂੰ ਚੁੱਕਿਆਂ ਇਹ ਤੌਖਲਾ ਰਹਿੰਦਾ ਹੈ ਕਿ ਉਹ ਕਿਤੇ ਹੱਥੋਂ ਛੁੱਟ ਨਾ ਜਾਵੇ ਇੰਝ ਹੀ ਮਿੰਨੀ ਕਹਾਣੀ ਦੇ ਵੀ ਹੱਥੋਂ ਤਿਲਕਣ ਦਾ ਭੈਅ ਹਰ ਸਮੇਂ ਲੱਗਿਆ ਰਹਿੰਦਾ ਹੈ—ਇਹ ਤਿਲਕ ਕੇ ਚੁਟਕਲਾਬਾਜ਼ੀ, ਨਿੱਕੀ ਗੱਪ ਜਾਂ ਸੰਖੇਪ ਘਟਨਾ ਮਾਤਰ ਹੀ ਰਹਿ ਸਕਦੀ ਹੈ, ਮਿੰਨੀ ਕਹਾਣੀ ਨਹੀਂ—ਮਿੰਨੀ ਕਹਾਣੀ ਦਾ ਭਵਿੱਖ ਅਜੇ ਧੁੰਦਲਾ ਹੈ ਕਿਉਂਕਿ ਜਿਸ ਸਿਰੜ, ਮਿਹਨਤ ਅਤੇ ਹਾਜ਼ਿਰ ਜਵਾਬੀ ਦੀ ਲੋੜ ਹੁੰਦੀ ਹੈ ਉਹ ਅਜੇ ਸਾਡੇ ਲੇਖਕਾਂ ਕੋਲ਼ ਹਾਲ ਦੀ ਘੜੀ ਨਹੀਂ—ਅੱਜ ਲੇਖਕ ਕਾਹਲ਼ 'ਚ ਨੇ । ਠਰ੍ਹੰਮਾ ਆਉਣ 'ਤੇ ਹੀ ਮਿੰਨੀ ਕਹਾਣੀ ਦਾ ਕੋਈ ਮੂੰਹ ਸਿਰ ਬਣ ਸਕੇਗਾ ।

✠ ਗੌਰੀਆ, ਗੁਲਜ਼ਾਰ ਮੁਹੰਮਦ [ਪਪੜੌਦੀ, ਜ਼ਿਲ੍ਹਾ ਲੁਧਿਆਣਾ]

ਮਿੰਨੀ ਕਹਾਣੀ ਦੇ ਪੰਜਾਬੀ ਸਾਹਿਤ ਵਿੱਚ ਸ਼ਥਾਨ ਬਾਰੇ ਫ਼ਿਲਹਾਲ ਸੋਚਣਾ ਔਖਾ ਲਗਦਾ ਹੈ । ਕੁੱਝ ਮਿੰਨੀ ਕਹਾਣੀਆਂ ਚੁਟਕਲਾ ਜਿਹਾ ਬਣ ਕੇ ਹੀ ਰਹਿ ਜਾਂਦੀਆਂ ਹਨ । ਇਸ ਦਾ ਭਾਵ ਪਾਠਕ ਨੂੰ ਚਕਾਚੌਂਧ ਕਰਨਾ ਜਾਂ ਇੱਕ ਪਲ ਲਈ ਹੈਰਾਨ ਕਰਨ ਤੱਕ ਸੀਮਿਤ ਹੋ ਕੇ ਰਹਿ ਜਾਂਦਾ ਹੈ । ਮਿੰਨੀ ਕਹਾਣੀ ਦੇ ਜੇ ਭਵਿੱਖ ਬਾਰੇ ਸੋਚੀਏ ਤਾਂ ਚੰਗਾ ਸੋਚਿਆ ਜਾ ਸਕਦਾ ਹੈ । ਸਮੇਂ ਦੇ ਸੰਦਰਭ ਵਿੱਚ ਮਿੰਨੀ ਕਹਾਣੀ ਦੀ ਉਪਯੋਗਤਾ ਲੰਬੀ ਕਹਾਣੀ ਨਾਲ਼ੋਂ ਜ਼ਿਆਦਾ ਹੈ ਪਰ ਸਾਹਿਤਕ ਮੁੱਲ ਓਨਾ ਨਹੀਂ ਹੋਵੇਗਾ ਜਿੰਨਾ ਕਿ ਲੰਬੀ ਕਹਾਣੀ ਦਾ ਬਣਦਾ ਹੈ ।

✠ ਗੁਰਦਿਆਲ ਸਿੰਘ (ਨਾਵਲਕਾਰ) [ਬਠਿੰਡਾ]

ਕਿਉਂਕਿ ਆਲੋਚਕ ਨਹੀਂ—ਇਸ ਲਈ ਮਿੰਨੀ ਕਹਾਣੀ ਬਾਰੇ ਮੇਰੇ ਵਿਚਾਰਾਂ ਦਾ ਕੋਈ ਮਹੱਤਵ ਨਹੀਂ ਹੋਣਾ । ਸੋ ਛਾਪਣ ਲਈ ਨਹੀਂ ਲਿਖ ਸਕਦਾ । ਨਿੱਜੀ ਤੌਰ 'ਤੇ ਪੁੱਛਣਾ ਚਾਹੁੰਦੇ ਹੋ ਤਾਂ ਏਨਾ ਹੀ ਕਹਾਂਗਾ ਕਿ ਅਜੇ ਤਾਂ ਪੰਜਾਬੀ ਵਿੱਚ ਨਿੱਕੀ ਕਹਾਣੀ ਦਾ ਸਫ਼ਰ ਵੀ ਅਧਵਾਟੇ ਹੈ, ਮਿੰਨੀ ਕਹਾਣੀ ਵਿਚਾਰੀ ਨੂੰ ਕੀ ਕਰੀਏ । ਤੁਸੀਂ ਇਹ ਦੇ ਭਵਿੱਖ ਬਾਰੇ ਪੁੱਛਿਆ ਹੈ । ਮੈਨੂੰ ਇਹਦਾ ਕੋਈ ਭਵਿੱਖ ਨਹੀਂ ਲਗਦਾ । ਛਿਣ ਕੋਈ ਗੰਭੀਰ ਸਾਹਿਤਕ concept ਕਦੇ ਨਹੀਂ ਰਿਹਾ ।

✠ ਗੁਰਦਿਆਲ ਦਲਾਲ [ਦੋਰਾਹਾ, ਜ਼ਿਲ੍ਹਾ ਲੁਧਿਆਣਾ]

ਮੈਂ ਸਮਝਦਾ ਹਾਂ ਕਿ ਇਸ ਸਪੇਸ ਯੁੱਗ ਵਿੱਚ ਬਹੁਤਾ ਬੋਲਣ ਦੀ ਲੋੜ ਨਹੀਂ ਅੱਖ ਦਾ ਇਸ਼ਾਰਾ ਕਾਫ਼ੀ ਹੈ । ਘੱਟ ਤੋਂ ਘੱਟ ਸ਼ਬਦਾਂ ਵਿੱਚ ਵੱਡੀ ਤੋਂ ਵੱਡੀ ਗੱਲੀ ਕਹੋ ਤੇ ਚੁੱਪ ਕਰ ਜਾਓ । ਆਪਣੇ ਸਰੋਤਿਆਂ ਤੇ ਪਾਠਕਾਂ ਦਾ ਮਗ਼ਜ਼ ਨਾ ਚੱਟੋ । ਮੈਂ ਮਿੰਨੀ ਕਹਾਣੀ ਦੇ ਚੰਗੇ ਭਵਿੱਖ ਦੀ ਕਾਮਨਾ ਕਰਦਾ ਹਾਂ ।

✠ ਗੁਰਦਿਆਲ ਰੌਸ਼ਨ [ਲੁਧਿਆਣਾ]

ਮਿੰਨੀ ਕਹਾਂਣੀ ਦਾ ਅਜੋਕੇ ਪੰਜਾਬੀ ਸਾਹਿਤ ਵਿੱਚ ਭਾਵੇਂ ਕੋਈ ਵਿਸ਼ੇਸ਼ ਸਥਾਨ ਨਹੀਂ ਹੈ ਪਰ ਇਸ ਦਾ ਭਵਿੱਖ ਉੱਜਲ ਪ੍ਰਤੀਤ ਹੁੰਦਾ ਹੈ । ਇਹ ਭਵਿੱਖ ਵਿੱਚ ਹੋਰ ਹਰਮਨ ਪਿਆਰੀ ਹੋਵੇਗੀ ।

ਸਾਹਿਤ ਲੋਕਾਂ ਬਾਰੇ ਅਤੇ ਲੋਕਾਂ ਲਈ ਹੁੰਦਾ ਹੈ। ਜੇ ਸਾਡੇ ਮਿੰਨੀ ਕਹਾਣੀਕਾਰ ਪ੍ਰਭਾਵਸ਼ਾਲੀ ਤਰੀਕੇ ਨਾਲ਼ ਮਿੰਨੀ ਕਹਾਣੀ 'ਚ ਆਪਣੀ ਗੱਲ ਕਹਿਣ ਵਿੱਚ ਸਫਲ ਹੁੰਦੇ ਹਨ ਅਤੇ ਉਸ ਨੂੰ ਕਲਾਤਮਕ ਛੋਹ ਦਿੰਦੇ ਹਨ ਤਾਂ ਮਿੰਨੀ ਕਹਾਣੀ ਸਾਹਿਤ ਦਾ ਰੂਪ ਕਿਉਂ ਨਹੀਂ ਹੋ ਸਕਦੀ।

✠ ਗੁਰਮੀਤ ਹੇਅਰ [ਤਲਵਾੜਾ, ਜ਼ਿਲ੍ਹਾ ਹੁਸ਼ਿਆਰਪੁਰ]

ਮਿੰਨੀ ਕਹਾਣੀ ਉਹ ਕੈਪਸੂਲ ਹੈ ਜੋ ਵੱਡੇ ਦੇਸੀ ਪੁੜੇ ਨਾਲ਼ੋਂ ਜ਼ਿਆਦਾ ਅਸਰਦਾਰ ਅਤੇ ਲਾਭਕਾਰੀ ਹੈ। ਮਿੰਨੀ ਕਹਾਣੀ ਦਾ ਭਵਿੱਖ ਬੜਾ ਉੱਜਵਲ ਹੈ। ਇਸ ਮਸ਼ੀਨੀ ਯੁੱਗ ਵਿੱਚ ਕਿੱਥੇ ਰਹਿਣਾ ਸਮਾਂ ਲੋਕਾਂ ਕੋਲ਼ੇ ਕਿ ਉਹ ਤਿੰਨ ਚਾਰ ਪੇਜ ਦੀ ਕਹਾਣੀ ਪੜ ਸਕਣ। ਮੇਰੇ ਵਿਚਾਰ ਵਿੱਚ ਮਿੰਨੀ ਕਹਾਣੀ ਉੱਚੀਆਂ ਪੁਲਾਂਘਾਂ ਪੁੱਟ ਰਹੀ ਹੈ। ਇਹ ਦਿਨਾਂ ਵਿੱਚ ਹੀ ਸਾਹਿਤ ਆਕਾਸ਼ ਤੇ ਛਾ ਜਾਏਗੀ। ਤੁਸੀਂ ਖੋਜ ਕਰ ਰਹੇ ਹੋ, ਵਧੀਆ ਗੱਲ ਹੈ। ਮੇਰੇ ਵਿਚਾਰ ਕੀ ਨੋਟ ਕਰਨੇ ਨੇ, ਡਾਕਟਰਾਂ ਦੇ ਵਿਚਾਰਾਂ ਨੂੰ ਲੋਕਾਂ ਮੰਨਣਾ, ਸੋ ਉਨ੍ਹਾਂ ਦੀ ਰਾਏ ਲਵੋ।

✠ ਗੁਲਵੰਤ ਮਲੌਦਵੀ [ਬੋਹਾ, ਜ਼ਿਲ੍ਹਾ ਬਠਿੰਡਾ]

ਮਿੰਨੀ ਕਹਾਣੀ ਚੁਟਕਲਾ ਹੈ...ਨਾ ਹੀ ਇਹ ਨਿਰੀ ਤਨਜ਼ ਹੈ। (ਇਸ ਵਿਚ ਤਨਜ਼ ਦਾ ਤਕੜਾ ਅੰਸ਼ ਮੌਜੂਦ ਜ਼ਰੂਰ ਹੁੰਦਾ ਹੈ)। ਇਹ ਇਕ ਲਿਸ਼ਕਾਰਾ ਹੈ...ਬਿਜਲੀ ਦੀ ਚਮਕ ਵਾਂਗ... ਮਾਸ਼ੂਕ ਨੂੰ ਮਾਰੀ ਅੱਖ ਵਾਂਗ। ਪੂਰੀ ਕਹਾਣੀ ਵਿੱਚ ਜੇ ਕਰ ਭਾਵ ਵਿਅਕਤ ਕਰਨ ਲਈ ਸ਼ਬਦਾਂ ਕੇ ਨਾਲ਼ ਸਿਰ, ਮੂੰਹ, ਹੱਥਾਂ ਦੇ ਇਸ਼ਾਰਿਆਂ ਦੀ ਵਰਤੋਂ ਮੰਨ ਲਈਏ ਤਾਂ ਮਿੰਨੀ ਕਹਾਣੀ ਮਾਸ਼ੂਕ ਨੂੰ ਸਿਰਫ਼ ਅੱਖ ਦੇ ਇਸ਼ਾਰੇ ਨਾਲ਼ ਭਾਵ ਪ੍ਰਗਟਾਉਣ ਵਾਂਗ ਹੀ ਹੈ। ਮਿੰਨੀ ਕਹਾਣੀ ਵਿਚ ਗਹਿਰ ਗੰਭੀਰ ਗੱਲ ਕੀਤੀ ਜਾ ਸਕਦੀ ਹੈ। ਪੰਜਾਬੀ ਮਿੰਨੀ ਕਹਾਣੀ ਦਾ ਭਵਿੱਖ ਨਿਰਾਸ਼ਾਜਨਕ ਨਹੀਂ। ਨੌਜਵਾਨ ਕਹਾਣੀਕਾਰ ਸਾਹਿਤ ਦੇ ਇਸ ਨਵੇਂ ਰੂਪ ਵੱਲ ਰੁਚਿਤ ਹਨ ਅਤੇ ਇਹ ਸਥਾਪਤੀ ਵੱਲ ਵਧ ਰਹੀ ਹੈ।

✠ ਘੁਗਿਆਣਵੀ, ਨਵਰਾਹੀ [ਫਰੀਦਕੋਟ]

ਮਿੰਨੀ ਕਹਾਣੀ ਨੂੰ ਚੁਟਕਲਾ ਕਦੀ ਵੀ ਨਾ ਸਮਝਿਆ ਜਾਵੇ। ਇਸ ਦੀ ਰਚਨਾ ਲਈ ਸਿਰਜਣਾਤਮਕ ਯੋਗਤਾ ਦੀ ਬਰਾਬਰ ਲੋੜ ਹੈ। ਅੱਜ ਕੱਲ੍ਹ ਪੰਜਾਬੀ ਵਿੱਚ ਮਿੰਨੀ ਕਹਾਣੀ ਪੂਰੀ ਸਫ਼ਲਤਾ ਨਾਲ਼ ਲਿਖੀ ਜਾ ਰਹੀ ਹੈ। ਕਈ ਉਘੇ ਲੇਖਕ ਇਸ ਪਾਸੇ ਰੁਚਿਤ ਹੋ ਰਹੇ ਹਨ। ਅਖ਼ਬਾਰਾਂ ਰਿਸਾਲਿਆਂ ਵਿੱਚ ਮਿੰਨੀ ਕਹਾਣੀਆਂ ਛਪਦੀਆਂ ਰਹਿੰਦੀਆਂ ਹਨ ਤੇ ਦਿਲਚਸਪੀ ਨਾਲ਼ ਪੜ੍ਹੀਆਂ ਜਾਂਦੀਆਂ ਹਨ। ਤਜਰਬੇ ਦੇ ਆਧਾਰ ਤੇ ਕਹਿ ਸਕਦਾ ਹਾਂ ਕਿ ਮਿੰਨੀ ਕਹਾਣੀ ਦਾ ਭਵਿੱਖ ਉੱਜਲਾ ਹੈ।

✠ ਜਿੰਦਰ [ਲੱਧੜਾਂ, ਜ਼ਿਲ੍ਹਾ ਜਲੰਧਰ]

ਕਿਸੇ ਵੀ ਨਵੀਂ ਤਕਨੀਕ. ਵਿਸ਼ੇ ਨੂੰ ਆਪਣੇ ਪੈਰ ਜਮਾਉਂਦਿਆਂ ਕੁੱਝ ਚਿਰ ਤਾਂ ਲਗਦਾ ਹੈ। ਜੇਕਰ ਨਾਗਮਣੀ, ਆਰਸੀ, ਲੋਅ ਜਿਹੇ ਸਥਾਪਿਤ ਪਰਚੇ ਵੀ ਮਿੰਨੀ ਕਹਾਣੀ ਨੂੰ ਉਚਿਤ ਥਾਂ ਦੇਣ ਲੱਗ ਪੈਣ ਤਾਂ ਇੱਕ ਦਿਨ ਮਿੰਨੀ ਕਹਾਣੀ, ਕਹਾਣੀ ਤੋਂ ਅੱਗੇ ਲੰਘ ਜਾਵੇਗੀ ਕਿਉਂਕਿ ਅਜੋਕਾ ਮਨੁੱਖ ਥੋੜ੍ਹੇ ਸਮੇਂ ਵਿੱਚ ਬਹੁਤ ਕੁੱਝ ਹਾਸਿਲ ਕਰਨਾ ਚਾਹੁੰਦਾ ਹੈ ਤੇ ਇਸ ਹਾਸਿਲ ਨੂੰ ਮਿੰਨੀ ਕਹਾਣੀ ਦੇਣ ਵਿੱਚ ਸਮਰੱਥ ਹੋ ਸਕਦੀ ਹੈ। ਮਿੰਨੀ ਕਹਾਣੀ ਦਾ ਭਵਿੱਖ ਉੱਜਵਲ ਹੈ। ਸਾਡੇ ਨਵੇਂ ਲੇਖਕ ਕਾਫ਼ੀ ਵਧੀਆ ਮਿੰਨੀ ਕਹਾਣੀਆਂ ਲਿਖ ਰਹੇ ਹਨ।

✠ ਜਰਨੈਲ ਪੁਰੀ [ਸ਼ਹਿਬਾਜ਼ਪੁਰਾ. ਜ਼ਿਲ੍ਹਾ ਸੰਗਰੂਰ]

ਜ਼ਿਥੋਂ ਤੱਕ ਮੇਰੀ ਧਾਰਨਾ ਹੈ; ਪੰਜਾਬੀ ਸਾਹਿਤ ਵਿੱਚ ਮਿੰਨੀ ਕਹਾਣੀ ਨੂੰ ਸਥਾਨ ਸਾਡੇ ਲੇਖਕਾਂ ਦੀ ਮਰਜ਼ੀ ਜਾਂ ਨਾ-ਮਰਜ਼ੀ ਨਾਲ਼ ਨਹੀਂ ਮਿਲਣਾ। ਮਿੰਨੀ ਕਹਾਣੀ ਦਾ ਸਥਾਨ ਪੰਜਾਬੀ ਸਾਹਿਤ 'ਚ ਆਪਣੇ ਆਪ ਹੀ ਉਜਾਗਰ ਹੋ ਜਾਂਦਾ ਹੈ ਜਦ ਅਸੀਂ ਲੋਕ ਕਲਮ ਨਾਲ਼ ਮਿੰਨੀ ਕਹਾਣੀ ਲਿਖਦੇ ਹਾਂ। ਜਿਵੇਂ ਕਹਾਣੀ; ਕਵਿਤਾ ਜਾਂ ਨਾਟਕ-ਨਾਵਲ ਆਦਿ ਦਾ ਪੰਜਾਬੀ ਸਾਹਿਤ 'ਚ ਸਥਾਨ ਹੈ; ਉਵੇਂ ਹੀ ਪੰਜਾਬੀ ਸਾਹਿਤ 'ਚ ਮਿੰਨੀ ਕਹਾਣੀ ਦਾ ਵੀ ਗਹਿ-ਗੱਡਵਾਂ ਤੇ ਹੱਕੀ ਸਥਾਨ ਹੈ। ਜੇ ਮਿੰਨੀ ਕਹਾਣੀ ਸਮੇਂ ਦੇ ਹਾਣ ਦੀ ਰਹੂ ਤੇ ਨਿਰਾ ਯਥਾਰਥ ਹੀ ਨਹੀਂ; ਸਗੋਂ ਇੱਛਤ ਯਥਾਰਥ ਦਾ ਰੂਪ ਧਾਰੂ; ਫੇਰ ਇਸਦੇ ਭਵਿੱਖ ਨੂੰ ਕੋਈ ਖ਼ਤਰਾ ਨਹੀਂ। ਫੇਰ ਇਹ ਅਵੱਸ਼ ਹੀ ਸਾਹਿਤਕ ਖੇਤਰ 'ਚ ਖੰਘੂਰਾ ਮਾਰ ਕੇ ਹਿੱਕ ਥਾਪੜੂ।

✠ ਤੇਜਵੰਤ ਮਾਨ (ਡਾ:) [ਸੰਗਰੂਰ]

ਜੇ ਮਿਹਨਤ ਅਤੇ ਸ਼ਿੱਦਤ ਨਾਲ਼ ਮਿੰਨੀ ਕਹਾਣੀ ਨੂੰ ਅਪਣਾਇਆ ਜਾਏ ਤਾਂ ਇਸ ਰਾਹੀਂ ਬੜੀ ਕਾਟਵੀਂ ਅਤੇ ਤਿੱਖੀ ਗੱਲ ਕਹੀ ਜਾ ਸਕਦੀ ਹੈ। ਮਿੰਨੀ ਕਹਾਣੀ ਦੇ ਰੂਪ ਦੀ ਪਕਿਆਈ ਕਹਾਣੀ ਰੂਪ ਦੀ ਪ੍ਰਵੀਨਤਾ ਹਾਸਿਲ ਕਰੇ ਬਗੈਰ ਨਹੀਂ ਆ ਸਕਦੀ। ਮੈਂ ਆਸ ਕਰਦਾ ਹਾਂ ਕਿ ਸਾਡੇ ਲੇਖਕ ਹਿੰਦੀ ਅਤੇ ਮਰਾਠੀ ਦੀਆਂ ਕਹਾਣੀਆਂ ਦੇ ਮੁਕਾਬਲੇ ਦੀ ਰਚਨਾ ਕਰਨ ਲੱਗ ਜਾਣਗੇ।

✠ ਤਰਸੇਮ, ਐੱਸ. (ਡਾ:) [ਮਾਲੇਰਕੋਟਲਾ]

ਸੂਰਜ ਦਾ ਆਪਣਾ ਮਹੱਤਵ ਹੈ। ਚੰਨ, ਤਾਰੇ ਤੇ ਜੁਗਨੂੰ ਦਾ ਆਪਣਾ-ਆਪਣਾ। ਇਹ ਧਾਰਨਾ ਹੀ ਕਿਸੇ ਵੀ ਸਾਹਿਤਕ ਵਿਧਾ ਤੇ ਲਾਗੂ ਹੋ ਸਕਦੀ ਹੈ। ਕਿਸੇ ਕਲਾਤਮਕ ਸਿਰਜਣਾ ਦਾ ਮਹੱਤਵ ਘਟਾ ਕੇ ਵੇਖਣਾ ਉਸ ਵਿਧਾ ਨਾਲ਼ ਅਨਿਆਇ ਹੈ। ਮਿੰਨੀ ਕਹਾਣੀ ਉੱਤੇ ਵਿਚਾਰ ਕਰਦਿਆਂ ਵੀ ਇਸ ਨੁਕਤੇ ਨੂੰ ਧਿਆਨ ਵਿੱਚ ਰੱਖਣ ਦੀ ਲੋੜ ਹੈ।

✠ ਤੀਰ, ਗੁਰਨਾਮ ਸਿੰਘ (ਡਾ:) [ਚੰਡੀਗੜ੍ਹ]

ਮਿੰਨੀ ਕਹਾਣੀ ਬਾਰੇ ਦੋ ਚਾਰ ਸਤਰਾਂ ਲਿਖਣ ਨਾਲ਼ ਗੱਲ ਨਹੀਂ ਬਣਨੀ, ਇਹ ਪੂਰੀ ਰਾਮਲੀਲਾ ਹੈ। ਜਦੋਂ ਕਦੀ ਮਿਲ਼ੋਗੇ ਤਾਂ ਵਿਚਾਰ ਵਟਾਂਦਰਾ ਕਰਾਂਗੇ।

✠ ਦਵੇਸ਼ਵਰ, ਸੁਰਿੰਦਰ ਕੁਮਾਰ (ਭਰਥਲਾ ਰੰਧਾਵਾ, ਜ਼ਿਲ੍ਹਾ ਲੁਧਿਆਣਾ)

ਸਾਹਿਤ ਖੇਤਰ ਵਿੱਚ ਮਿੰਨੀ ਕਹਾਣੀ ਅਜੇ ਆਪਣਾ ਵੱਖਰਾ ਵਜੂਦ ਨਹੀਂ ਬਣਾ ਸਕੀ ਅਤੇ ਨਾ ਹੀ ਅਜੇ ਤੱਕ ਇਸਨੂੰ ਵੱਖਰੇ ਸਾਹਿਤ ਰੂਪ ਵਜੋਂ ਮਾਨਤਾ ਮਿਲ਼ੀ ਹੈ। ਮਿੰਨੀ ਕਹਾਣੀ ਨੂੰ ਲਤੀਫ਼ੇ ਵਰਗੀ ਕੋਈ ਸ਼ੈਅ ਕਿਹਾ ਜਾ ਸਕਦਾ ਹੈ। ਦੂਜੇ ਸ਼ਬਦਾਂ ਵਿੱਚ ਨਕਲੀਆਂ ਦੁਆਰਾ ਪੇਸ਼ ਕੀਤੀ wit ਦੇ ਨੇੜੇ ਹੈ। ਆਕਾਰ ਪੱਖੋਂ ਬਹੁਤ ਹੀ ਨਿੱਕੀ ਹੋਣ ਕਾਰਨ ਇਸ ਵਿੱਚ ਕਿਸੇ ਮਹਾਨ ਵਿਸ਼ੇ ਨੂੰ ਨਿਭਾਉਣ ਦੀ ਸਮਰੱਥਾ ਨਹੀਂ ਹੈ। ਇਸ ਵਿੱਚ ਛੋਟੀ ਗੱਲ ਹੀ ਹੋ ਸਕਦੀ ਹੈ ਅਤੇ ਉਹ ਵੀ ਸੁਝਾਊ ਅੰਦਾਜ਼ ਵਿੱਚ। ਸਿਰਫ਼ ਮਿੰਨੀ ਕਹਾਣੀ ਲਿਖਕੇ ਕੋਈ ਲੇਖਕ ਗਲਪ-ਸਾਹਿਤ ਵਿੱਚ ਆਪਣਾ ਨਿਵੇਕਲਾ ਸਥਾਨ ਨਹੀਂ ਬਣਾ ਸਕਦਾ।

✠ ਨਾਜ਼ ਭਾਰਤੀ [ਮਾਲੇਰਕੋਟਲਾ]

ਮਿੰਨੀ ਕਹਾਣੀ ਅਰਥਾਤ ਲਘੂ-ਕਥਾ ਵਾਰਤਕ ਸਾਹਿਤ ਦੀ ਇੱਕ ਨਵੀਨ ਪਰ ਨਿੱਗਰ ਵੰਨਗੀ ਹੈ। ਮੇਰਾ ਪੁਖ਼ਤਾ ਯਕੀਨ ਹੈ ਕਿ ਮਿੰਨੀ ਕਹਾਣੀ ਪੰਜਾਬੀ ਸਾਹਿਤ ਦਾ ਇੱਕ ਅਨਿੱਖੜਵਾਂ

ਅੰਗ ਬਣਦੀ ਜਾ ਰਹੀ ਹੈ—ਇਹ ਸਮੇਂ ਤੇ ਜ਼ਰੂਰਤ ਦੇ ਤਕਾਜ਼ੇ ਤੇ ਪੂਰਾ ਉੱਤਰ ਰਿਹਾ ਸਾਹਿਤ ਦਾ ਰੂਪ ਹੈ। ਸਮਝਣਾ ਚਾਹੀਦਾ ਹੈ ਕਿ ਪੰਜਾਬੀ ਮਿੰਨੀ ਕਹਾਣੀ ਦਾ ਭਵਿੱਖ ਅਤਿਅੰਤ ਉੱਜਲਾ ਤੇ ਆਸ਼ਾਜਨਕ ਹੈ। ਆਮੀਨ !

✠ ਨਿਰੰਜਣ ਬੋਹਾ [ਬੋਹਾ, ਜ਼ਿਲ੍ਹਾ ਬਠਿੰਡਾ]

ਅਜੋਕੀ ਤੇਜ਼ ਰਫ਼ਤਾਰ ਜ਼ਿੰਦਗੀ ਵਿੱਚ ਕੋਈ ਵਿਅਕਤੀ ਨਾਵਲ ਜਾਂ ਵੱਡੀ ਕਹਾਣੀ ਪੜ੍ਹਨ ਲਈ ਸਮਾਂ ਖ਼ਰਚ ਕਰਨ ਤੋਂ ਸੰਕੋਚ ਕਰਦਾ ਹੈ। ਪਰ ਸੰਖੇਪਤਾ ਦੀ ਧਾਰਨੀ ਹੋਣ ਕਾਰਨ ਸਾਹਿਤ ਖੇਤਰ ਵਿੱਚ ਚੱਲ ਰਹੀ ਪ੍ਰਗਤੀਵਾਦੀ ਲਹਿਰ ਦੇ ਦੌਰਾਨ ਹੀ ਪੰਜਾਬੀ ਮਿੰਨੀ ਕਹਾਣੀ ਦਾ ਜਨਮ ਹੋਣ ਕਰਕੇ ਇਸ ਦੀ ਮੁੱਖ ਸੁਰ 'ਲੋਕ-ਪੱਖੀ' ਹੈ। ਮਿੰਨੀ ਕਹਾਣੀ ਦੇ ਚੰਗੇ ਭਵਿੱਖ ਦੀਆਂ ਕਾਫ਼ੀ ਸੰਭਾਵਨਾਵਾਂ ਮੌਜੂਦ ਹਨ। ਆਉਣ ਵਾਲ਼ੇ ਸਮੇਂ ਵਿੱਚ ਇਹ ਸਾਹਿਤ ਦਾ ਮਹੱਤਵਪੂਰਨ ਰੂਪ ਹੋ ਨਿੱਬੜੇਗੀ, ਅਜਿਹਾ ਮੈਂ ਵਿਸ਼ਵਾਸ ਕਰਦਾ ਹਾਂ। ਆਮੀਨ !

✠ ਨਿਰਾਲਾ, ਜੋਗਿੰਦਰ ਸਿੰਘ [ਕਾਉਣੀ, ਜ਼ਿਲ੍ਹਾ ਫ਼ਰੀਦਕੋਟ]

ਮੈਂ ਇਨ੍ਹਾਂ ਵਿਚਾਰਾਂ ਨਾਲ਼ ਸਹਿਮਤ ਨਹੀਂ ਕਿ ਮਿੰਨੀ ਕਹਾਣੀ ਸਾਹਿਤ ਦਾ ਰੂਪ ਬਣ ਹੀ ਨਹੀਂ ਸਕਦੀ। ਸਗੋਂ ਕਈ ਵਾਰ ਮੈਨੂੰ ਤਾਂ ਲੰਮੀ ਕਹਾਣੀ ਨਾਲ਼ੋਂ ਮਿੰਨੀ ਕਹਾਣੀ ਦਾ ਮਾਧਿਅਮ ਵਧੇਰੇ ਸਾਰਥਕ ਜਾਪਦਾ ਹੈ। ਇਸ ਵਿੱਚ ਗੱਲ ਵਧੇਰੇ ਕਲਾਤਮਕ ਢੰਗ ਨਾਲ਼ ਅਤੇ ਵਧੇਰੇ ਟੁੰਬਵੇਂ ਤਰੀਕੇ ਨਾਲ਼ ਕਹੀ ਜਾ ਸਕਦੀ ਹੈ। ਜਿਥੋਂ ਤੱਕ ਮਿੰਨੀ ਕਹਾਣੀ ਦੇ ਭਵਿੱਖ ਦਾ ਸੰਬੰਧ ਹੈ, ਮੈਂ ਇਸ ਬਾਰੇ ਆਸ਼ਾਵਾਦੀ ਹਾਂ। ਭਾਵੇਂ 'ਮਿੰਨੀ ਕਹਾਣੀ' 'ਨਿੱਕੀ ਕਹਾਣੀ' ਜਾਂ 'ਲੰਮੀ ਕਹਾਣੀ' ਦਾ ਸਥਾਨ ਤਾਂ ਨਹੀਂ ਲੈ ਸਕੇਗੀ, ਪਰੰਤੂ ਮੈਨੂੰ ਇੰਞ ਜਾਪਦਾ ਹੈ ਜਿਵੇਂ ਇਹ ਆਪਣਾ ਸਥਾਨ ਜ਼ਰੂਰ ਬਣਾ ਲਵੇਗੀ।

✠ ਪੂਨਮ ਸੁਮੀਤ ਸਿੰਘ [ਪ੍ਰੀਤ ਨਗਰ, ਜ਼ਿਲ੍ਹਾ ਅੰਮ੍ਰਿਤਸਰ]

ਮੈਂ ਮਿੰਨੀ ਕਹਾਣੀ ਤੋਂ ਆਸ ਕਰਦੀ ਹਾਂ ਕਿ ਉਹ ਕਾਗਜ਼ 'ਤੇ, ਪਾਣੀ ਵਿੱਚ ਰੰਗ ਦੀ ਛੋਹ ਜਿਵੇਂ ਫੈਲਦੀ ਹੈ ਅਤੇ ਖ਼ੂਬਸੂਰਤ ਲਗਦੀ ਹੈ, ਉਸੇ ਤਰ੍ਹਾਂ ਦੀ ਖ਼ੂਬਸੂਰਤੀ ਜਗਾ ਸਕੇ, ਨਿੱਕੀ ਜਿਹੀ ਗੱਲ ਦੀ ਖ਼ੂਬਸੂਰਤੀ ਜੋ ਵੱਡੀਆਂ ਸੋਚਾਂ ਨੂੰ ਉਕਸਾਵੇ। ਜਾਂਦੇ-ਜਾਂਦੇ ਬੰਦੇ ਨੂੰ ਠੱਲ੍ਹ ਪਾ ਲਵੇ, ਪਲ ਭਰ ਲਈ ਰੋਕ ਲਵੇ ਅਤੇ ਮੁੜ ਉਹ ਰਾਹੀ ਨਵਾਂ ਬੀਅ ਲੈ ਕੇ ਅਗਾਂਹ ਵਧੇ। ਪੰਜਾਬੀ ਸਾਹਿਤ ਵਿੱਚ ਅਜੇ ਇਸ ਲਈ ਵਿਕਸਤ ਹੋਣ ਲਈ ਬਹੁਤ ਖੁੱਲ੍ਹਾ ਮੈਦਾਨ ਹੈ। ਬਹੁਤ ਅਮੀਰ ਤਜਰਬੇ ਵਿਚੋਂ ਹੀ ਨਿੱਕੀ ਮੁਖ਼ਤਸਰ ਜਿਹੀ ਗੱਲ ਨਿਕਲ਼ ਸਕਦੀ ਹੈ।

✠ ਪਵਨ ਕੌਸ਼ਿਕ [ਰੁੜਕੀ ਕਲਾਂ, ਜ਼ਿਲ੍ਹਾ ਸੰਗਰੂਰ]

ਮਿੰਨੀ ਕਹਾਣੀ ਦਾ ਪੰਜਾਬੀ ਸਾਹਿਤ ਵਿੱਚ ਉਹ ਸਥਾਨ ਹੈ, ਜੋ ਸ਼ਾਦੀ ਸਮੇਂ ਆਪਣੇ ਨਾਲ਼ ਦਹੇਜ ਦਾ ਟਰੱਕ ਭਰ ਕੇ ਲਿਜਾਣ ਵਾਲ਼ੀ ਲੜਕੀ ਦਾ ਉਸਦੇ ਸਹੁਰੇ ਘਰ ਵਿੱਚ ਹੁੰਦਾ ਹੈ। ਮਿੰਨੀ ਕਹਾਣੀ ਦਾ ਪੰਜਾਬੀ ਸਾਹਿਤ ਵਿੱਚ ਉਹ ਸਥਾਨ ਹੈ, ਜੋ ਪਰਿਵਾਰ ਵਿੱਚ ਸਭ ਤੋਂ ਛੋਟੇ ਬੱਚੇ ਦਾ ਹੁੰਦਾ ਹੈ, ਜਿਸ ਨੂੰ ਮਾਂ ਬਾਪ ਬਹੁਤਾ ਲਾਡ ਦਿੰਦੇ ਹਨ। ਉਂਞ ਭਾਵੇਂ ਮਾਂ ਬਾਪ ਨੂੰ ਆਪਣੇ ਸਾਰੇ ਹੀ ਬੱਚੇ ਪਿਆਰੇ ਹੁੰਦੇ ਹਨ। ਮਿੰਨੀ ਕਹਾਣੀ ਦਾ ਪੰਜਾਬੀ ਸਾਹਿਤ ਵਿੱਚ ਉਹ ਸਥਾਨ ਹੈ, ਜੋ ਪ੍ਰੇਮੀ ਪ੍ਰੇਮਿਕਾ ਵੱਲੋਂ ਇੱਕ ਦੂਜੇ ਨੂੰ ਲਿਖੇ ਗਏ ਖ਼ੂਬਸੂਰਤ ਪ੍ਰੇਮ ਪੱਤਰਾਂ ਦਾ ਉਨ੍ਹਾਂ ਦੇ ਦਿਲਾਂ ਵਿੱਚ ਹੁੰਦਾ ਹੈ। ਮਿੰਨੀ ਕਹਾਣੀ ਦਾ ਮੁੱਢ ਚੰਗਾ ਸੀ, ਇਸਦੇ ਬੇਹੱਦ ਸੋਹਣੇ ਤੇ ਦਿਲ-ਖਿੱਚਵੇਂ ਵਰਤਮਾਨ ਨੂੰ ਵੇਖਦੇ ਹੋਏ ਇਹ ਆਸ ਬੱਝ ਗਈ ਹੈ ਕਿ ਇਸਦਾ ਭਵਿੱਖ ਅਤਿਅੰਤ ਖ਼ੂਬਸੂਰਤ ਅਤੇ ਰੌਸ਼ਨ ਹੋਵੇਗਾ।

✠ ਬਚਿੰਤ ਕੌਰ [ਦਿੱਲੀ]

ਮੈਂ ਇਹੀ ਸਮਝਦੀ ਹਾਂ ਕਿ ਅਜੋਕੇ ਪੰਜਾਬੀ ਸਾਹਿਤ ਵਿੱਚ ਮਿੰਨੀ ਕਹਾਣੀ ਦਾ ਆਪਣਾ ਇੱਕ ਵੱਖਰਾ ਸਥਾਨ ਹੈ।

✠ ਬੇਤਾਬ, ਕ੍ਰਿਸ਼ਨ [ਸੰਗਰੂਰ]

ਗੱਲ ਦੋ ਸ਼ਬਦ ਵਿੱਚ ਕਹੀ ਵੀ ਵਜ਼ਨ ਰਖਦੀ ਹੈ, ਜੇ ਕਹਿਣ ਦਾ ਢੰਗ ਆਉਂਦਾ ਹੋਵੇ। ਮਿੰਨੀ ਕਹਾਣੀ ਮੇਰੇ ਵਿਚਾਰ ਵਿੱਚ ਸਮੇਂ ਦੀ ਲੋੜ ਹੈ। ਮੇਰੀ ਹਕੀਰ ਰਾਏ ਵਿੱਚ ਮਿੰਨੀ ਕਹਾਣੀ ਨੂੰ ਪੰਜਾਬੀ ਸਾਹਿਤ ਵਿੱਚ ਥਾਂ ਮਿਲੇਗੀ, ਮਿਲ਼ ਰਹੀ ਹੈ, ਲੋਕ ਲਿਖ ਰਹੇ ਹਨ। ਨਵੀਆਂ ਰਾਹਾਂ ਪੈਦਾ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਨੂੰ ਸਲਾਮ ਹੈ ਜੋ ਨਵੇਂ ਰਸਤੇ ਪੈਦਾ ਕਰ ਰਹੇ ਹਨ। ਮਿੰਨੀ ਕਹਾਣੀ ਦਾ ਭਵਿੱਖ ਬਨਾਰਸ ਦੀ ਸਵੇਰ ਵਰਗਾ ਖ਼ੂਬਸੂਰਤ ਹੋਵੇਗਾ।

✠ ਬ੍ਰਹਮਜਗਦੀਸ਼ ਸਿੰਘ [ਫ਼ਰੀਦਕੋਟ]

ਜੇ ਕਾਵਿ ਦੇ ਖੇਤਰ ਵਿੱਚ ਦੋਹਿਰਾ, ਰੁਬਾਈ ਅਤੇ ਹਾਈਕੂ (Haiku) ਵਰਗੇ ਲਘੂ ਕਾਵਿ-ਰੂਪ ਇੱਕ ਅਰਸੇ ਤੋਂ ਪ੍ਰਚਲਿਤ ਰਹੇ ਹਨ ਤਾਂ ਮਿੰਨੀ ਕਹਾਣੀ ਕੇਵਲ ਆਪਣੇ ਲਘੂ-ਰੂਪ ਦੇ ਕਾਰਨ ਹੀ ਤਿਰਸਕਾਰੀ ਨਹੀਂ ਜਾ ਸਕਦੀ। ਮਿੰਨੀ ਕਹਾਣੀ ਦਾ ਭਵਿੱਖ ਸਮੁੱਚੇ ਸਾਹਿਤ ਦੇ ਭਵਿੱਖ ਨਾਲ਼ ਹੀ ਜੁੜਿਆ ਹੋਇਆ ਹੈ। ਅੱਜ ਸੰਚਾਰ ਦੇ ਵਿਗਿਆਨਕ ਮਾਧਿਅਮਾਂ ਨੇ ਸਮੁੱਚੇ ਸਾਹਿਤ ਦੀ ਸਾਰਥਕਤਾ ਉੱਪਰ ਇੱਕ ਪ੍ਰਸ਼ਨ-ਚਿੰਨ੍ਹ ਲਗਾਇਆ ਹੋਇਆ ਹੈ। ਲਗਦਾ ਹੈ ਵੀਹਵੀਂ ਸਦੀ ਦੇ ਅੰਤ ਤੱਕ ਇਸਨੂੰ ਬਹੁਤ ਤਿੱਖੇ ਅਤੇ ਰੈਡੀਕਲ ਪਰਿਵਰਤਨਾਂ ਵਿੱਚੋਂ ਗੁਜ਼ਰਨਾ ਹੋਵੇਗਾ। ਉਸ ਸਥਿਤੀ ਵਿੱਚ ਮਿੰਨੀ ਕਹਾਣੀ ਦਾ ਵਰਤਮਾਨ ਰੂਪ ਵੀ ਪਰਿਵਰਤਿਤ ਹੋਵੇਗਾ।

✠ ਬਲਜੀਤ ਸਿੰਘ ਰੈਨਾ (ਡਾ:) [ਜੰਮੂ]

ਜਿਸ ਤਰ੍ਹਾਂ ਜਪਾਨੀਆਂ ਨੇ ਵੱਡੀ ਗੱਲ ਕਹਿਣ ਲਈ ਮਿੰਨੀ ਕਵਿਤਾ (ਹਾਈਕੂ) ਦਾ ਸਹਾਰਾ ਲਿਆ, ਇਸ ਤਰ੍ਹਾਂ ਹੀ ਗਲਪ ਦੇ ਖੇਤਰ ਵਿੱਚ ਵੱਡੀ ਗੱਲ ਨੂੰ ਥੋੜ੍ਹੇ ਜਿਹੇ ਸ਼ਬਦਾਂ ਵਿੱਚ ਤੀਖਣਤਾ ਨਾਲ਼ ਕਹਿਣ ਲਈ ਮਿੰਨੀ ਕਹਾਣੀ ਇੱਕ ਨਵੇਂ ਸਾਹਿਤ-ਰੂਪ ਵਾਂਙ ਉੱਭਰ ਕੇ ਸਾਹਮਣੇ ਆਈ। ਇਸਨੂੰ ਲਿਖਣਾ ਇੰਨਾ ਆਸਾਨ ਨਹੀਂ ਜਿੰਨਾ ਕਿ ਇਹਨੂੰ ਸਮਝਿਆ ਜਾਂਦਾ ਹੈ, ਕੁੱਝ ਲੇਖਕ ਲਤੀਫ਼ਿਆਂ ਨੂੰ ਹੀ ਮਿੰਨੀ ਕਹਾਣੀ ਵਾਂਙ ਲਿਖੀ ਜਾਂਦੇ ਰਹੇ ਹਨ ਭਾਵੇਂ ਪੰਜਾਬੀ ਵਿੱਚ ਮਿੰਨੀ ਕਹਾਣੀਆਂ ਦੇ ਗਿਣੇ ਚੁਣੇ ਹੀ ਸੰਗ੍ਰਹਿ ਸਾਹਮਣੇ ਆਏ ਹਨ ਪਰ ਮੈਨੂੰ ਪੰਜਾਬੀ ਸਾਹਿਤ ਵਿੱਚ ਮਿੰਨੀ ਕਹਾਣੀ ਦਾ ਭਵਿੱਖ ਉੱਜਵਲ ਲਗਦਾ ਹੈ।

✠ ਭੋਗਲ, ਪਿਆਰਾ ਸਿੰਘ [ਜਲੰਧਰ]

ਮਿੰਨੀ ਕਹਾਣੀ, ਨਿੱਕੀ ਕਹਾਣੀ ਤੇ ਲੰਮੀ ਕਹਾਣੀ ਤਿੰਨਾਂ ਦਾ ਮੁੱਖ ਗੁਣ ਯਥਾਰਥ ਚਿਤ੍ਰਣ ਤੇ ਮਨੁੱਖੀ ਚਰਿੱਤਰ ਦਾ ਅਧਿਐਨ ਹੋਣਾ ਚਾਹੀਦਾ ਹੈ। ਇਨ੍ਹਾਂ ਵਿੱਚੋਂ ਮਿੰਨੀ ਕਹਾਣੀ ਇਹ ਕੰਮ ਕਰਨ ਦੇ ਸਭ ਤੋਂ ਘੱਟ ਸਮਰੱਥ ਹੁੰਦੀ ਹੈ। ਪੰਜਾਬੀ ਵਿੱਚ ਮਿੰਨੀ ਕਹਾਣੀ ਲਿਖਣ ਦੀ ਰੁਚੀ ਗ਼ਲਤ ਤੇ ਹਾਨੀਕਾਰਕ ਹੈ। ਮਿੰਨੀ ਕਹਾਣੀ ਦਾ ਪੰਜਾਬੀ ਸਾਹਿਤ ਦੇ ਇਤਿਹਾਸ ਵਿੱਚ ਕੋਈ ਸਥਾਨ ਨਹੀਂ ਹੈ ਅਤੇ ਨਾ ਹੀ ਅੱਗੋਂ ਕੋਈ ਭਵਿਖਤ ਹੈ।

✠ ਭੂਪਾਲ, ਦਲੀਪ ਸਿੰਘ [ਮੋਗਾ]

ਪੰਜਾਬੀ ਮਿੰਨੀ ਕਹਾਣੀ ਬੰਗਲਾ-ਉਰਦੂ-ਹਿੰਦੀ ਦੇ ਭਾਸ਼ਾਈ ਤਰੇਗੜੇ ਰਾਹੀਂ ਪੰਜਾਬ ਵਿੱਚ ਪ੍ਰਵਿਸ਼ਟ ਹੋਈ ਹੈ। ਮੇਰੀ ਜਾਚੇ ਮਿੰਨੀ ਕਹਾਣੀ ਦੀ ਪਿਰਤ ਬਹੁਤ ਚੰਗੀ ਹੈ। ਕੁੱਜੇ ਵਿੱਚ ਸਮੁੰਦਰ

ਬੰਦ। ਇਸਦੇ ਅੰਤ ਵਿੱਚ ਝਟਕਾ ਜ਼ਰੂਰ ਹੋਣਾ ਚਾਹੀਦਾ ਹੈ ਜਿਸ ਨਾਲ਼ ਇਹ ਪਾਠਕਾਂ ਦੇ ਦਿਲੋ ਦਿਮਾਗ਼ ਤੇ ਇੱਕ ਡੂੰਘੀ ਛਾਪ ਛੱਡ ਸਕਣ। ਫੇਰ ਯਕੀਨਨ ਮਿੰਨੀ ਕਹਾਣੀ ਲਤੀਫ਼ੇ, ਬੁਝਾਰਤ ਅਤੇ ਖ਼ਬਰਾਂ ਨਾਲ਼ੋਂ ਅਸਲੋਂ ਵੱਖਰਾ ਨਿਓ ਆਧੁਨਿਕ ਅਤੇ ਸੁਤੰਤਰ ਸਾਹਿਤ-ਰੂਪ ਵਜੋਂ ਸਥਾਪਿਤ ਹੋ ਜਾਵੇਗੀ। ਬਹਰਹਾਲ ਪੰਜਾਬੀ ਮਿੰਨੀ ਕਹਾਣੀ ਦਾ ਭਵਿੱਖ ਬੜਾ ਰੌਸ਼ਨ ਹੈ। ਮੈਂ ਤਾਂ ਕਹਾਂਗਾ, ਮਿੰਨੀ ਕਹਾਣੀ ਜ਼ਿੰਦਾਬਾਦ ! ਜ਼ਿੰਦਾਬਾਦ ! ਜ਼ਿੰਦਾਬਾਦ !!

✠ ਭੁੱਲਰ, ਗੁਰਬਚਨ ਸਿੱਘ [ਦਿੱਲੀ]

ਮਿੰਨੀ ਕਹਾਣੀ ਨੇ ਅਜੇ ਆਪਣਾ ਕੋਈ ਨਿੱਖੜਵਾਂ ਅਤੇ ਮਾਣਯੋਗ ਸਥਾਨ ਪੰਜਾਬੀ ਵਿੱਚ ਨਹੀਂ ਬਣਾਇਆ। ਪੰਜਾਬੀ ਮਿੰਨੀ ਕਹਾਣੀ ਦਾ ਭਵਿੱਖ ਤਾਂ ਅਜੇ ਭਵਿੱਖ ਦੀ ਬੁੱਕਲ਼ ਵਿੱਚ ਹੀ ਲੁਕਿਆ ਹੋਇਆ ਹੈ। ਪਰ ਮੇਰਾ ਵਿਸ਼ਵਾਸ ਹੈ ਕਿ ਜੇ ਗਲਪਕਾਰ ਇਹਨੂੰ ਗੰਭੀਰਤਾ ਨਾਲ਼ ਅਪਨਾਉਣ ਅਤੇ ਇਹਦੇ ਬਣਤਰੀ ਰੂਪ ਨੂੰ ਨਿਖਾਰ ਕੇ ਨਿਵੇਕਲੀ ਨੁਹਾਰ ਦੇਣ ਤਾਂ ਮਿੰਨੀ ਕਹਾਣੀ ਬਹੁਤ ਅਰਥ-ਪੂਰਨ ਸਿੱਧ ਹੋ ਸਕਦੀ ਹੈ। ਸਮੇਂ ਦੀ ਘਾਟ ਵਾਲ਼ੇ ਇਸ ਯੁੱਗ ਵਿੱਚ ਪਾਠਕਾਂ ਵਿੱਚ ਇਹਦੇ ਹਰਮਨ-ਪਿਆਰੀ ਹੋਣ ਦੀਆਂ ਬਹੁਤ ਸੰਭਾਵਨਾਵਾਂ ਹਨ।

✠ ਮੋਹਨਜੀਤ (ਡਾ:) [ਦਿੱਲੀ]

ਪੰਜਾਬੀ ਵਿੱਚ ਮਿੰਨੀ ਕਹਾਣੀ ਦੀ ਪ੍ਰਥਾ ਬਣ ਜਾਏ ਤਾਂ ਠੀਕ, ਅਜੇ ਉਹ ਗੱਲ ਨਹੀਂ (ਬਲਕਿ ਗੱਲ ਈ ਨਹੀਂ) ਜੋ ਹਿੰਦੀ 'ਚ ਹੈ, ਜਿਵੇਂ ਕਿ ਸਾਡੀ ਛੋਟੀ ਕਹਾਣੀ ਯਾਨੀ ਪੰਜਾਬੀ ਦੀ ਛੋਟੀ ਕਹਾਣੀ ਭਾਰਤੀ ਕਹਾਣੀ ਨਾਲ਼ੋਂ ਕਿਤੇ ਅੱਗੇ ਹੈ।

✠ ਮਡਾਹੜ, ਗੁਰਮੇਲ [ਸੰਗਰੂਰ]

ਕਹਾਣੀ ਦੇ ਇਸ ਨਵੀਨ ਰੂਪ ਨੂੰ ਮਿੰਨੀ ਕਹਾਣੀ ਕਹਿਣਾ ਯੋਗ ਨਹੀਂ ਕਿਉਂਕਿ ਮਿੰਨੀ ਸ਼ਬਦ ਅੰਗ੍ਰੇਜ਼ੀ ਦਾ ਹੈ ਇਸਦੇ ਬਰਾਬਰ ਦਾ ਸ਼ਬਦ ਪੰਜਾਬੀ ਵਿੱਚ ਪ੍ਰਚਲਿਤ ਹੈ "ਨਿੱਕੀ"। ਪੰਜਾਬੀ ਵਿੱਚ ਲੰਮੀ ਕਹਾਣੀ, 'ਕਹਾਣੀ ਤੇ ਹੁਣ ਨਿੱਕੀ ਕਹਾਣੀ ਵੀ ਲਿਖੀ ਜਾ ਰਹੀ ਹੈ। ਸੋ ਇਸ ਵਿਧਾ ਦਾ ਨਾਮ 'ਨਿੱਕੀ ਕਹਾਣੀ' ਉਚਿਤ ਹੈ। ਹਿੰਦੀ ਵਿੱਚ ਨਿਰੋਲ ਇਸ ਵਿਧਾ ਦੇ ਪੰਜਾਹ ਸੱਠ ਪਰਚੇ ਤੇ ਦੋ ਪੀ-ਐੱਚ. ਡੀ. ਦੇ ਥੀਸਿਸ ਮੇਰੀ ਨਜ਼ਰ ਵਿੱਚੋਂ ਲੰਘੇ ਹਨ ਜਿਸ ਕਰਕੇ ਮੈਂ ਇਹ ਬੜੇ ਹੌਸਲੇ ਨਾਲ਼ ਕਹਿ ਸਕਦਾ ਹਾਂ ਕਿ ਨਿੱਕੀ (ਮਿੰਨੀ) ਕਹਾਣੀ ਦਾ ਭਵਿੱਖ ਬੜਾ ਉੱਜਲਾ ਹੈ। ਨਿੱਕੀ ਕਹਾਣੀ ਲਤੀਫ਼ੇਬਾਜ਼ੀ ਨਹੀਂ। ਨਿੱਕੀ ਕਹਾਣੀ ਨਿਰੋਲ ਪਾਤਰਾਂ ਦੀ ਵਾਰਤਾਲਾਪ ਦਾ ਕੋਈ ਛੋਟਾ ਜਿਹਾ ਟੁਕੜਾ ਵੀ ਨਹੀਂ...। ਨਿੱਕੀ ਕਹਾਣੀ ਕਿਸੇ ਕਹਾਣੀ ਜਾਂ ਨਾਵਲ ਦੇ ਵਿਚੋਂ ਲਈ ਕੋਈ ਟੁਕੜੀ ਵੀ ਨਹੀਂ। ਇਹ ਇੱਕ ਵੱਖਰੀ ਵਿਧਾ ਦਾ ਰੂਪ ਧਾਰ ਗਈ ਹੈ ਜਿਸ ਦਾ ਆਪਣਾ ਇੱਕ ਵਿਧਾਨ ਹੈ। ਨਿੱਕੀ ਕਹਾਣੀ ਸੌ ਮੀਟਰ ਦੀ ਦੌੜ ਵਾਂਗ ਹੈ, ਨਿੱਕੀ ਕਹਾਣੀ ਆਕਾਸ਼ ਵਿੱਚ ਚਮਕੀ ਬਿਜਲੀ ਦੀ ਤਰ੍ਹਾਂ ਹੈ। ਇਸ ਤੇ ਸਮੇਂ, ਸਥਾਨ ਤੇ ਪ੍ਰਭਾਵ ਦੀ ਏਕਤਾ ਵਰਗੇ ਘਿਸੇ ਪਿਟੇ ਫ਼ਾਰਮੂਲੇ ਵੀ ਫ਼ਿੱਟ ਨਹੀਂ ਹੁੰਦੇ...ਇਹ ਨਾਵਲ ਤੇ ਕਹਾਣੀ ਨਾਲ਼ੋਂ ਲਿਖਣੀ ਕਿਤੇ ਔਖੀ ਹੈ ਜੇ ਕੋਈ ਸਮਝੇ ਤਾਂ...।

✠ ਮਿਤਵਾ, ਦਰਸ਼ਨ [ਮਾਨਸਾ, ਜ਼ਿਲ੍ਹਾ ਬਠਿੰਡਾ]

ਮਿੰਨੀ ਕਹਾਣੀ ਹੋਰਨਾਂ ਭਾਸ਼ਾਵਾਂ ਵਿੱਚ ਇੱਕ ਤਕੜੀ ਅਤੇ ਵੰਨ ਸੁਵੰਨੇ ਵਿਸ਼ਿਆਂ ਦੀ ਲਖਾਇਕ ਹੈ ਉੱਧਰ ਪੰਜਾਬੀ ਵਿੱਚ ਇਹ ਚੁਟਕਲਬਾਜ਼ੀ ਜਿਹੀ ਬਣ ਕੇ ਰਹਿ ਗਈ ਹੈ, ਜਦੋਂਕਿ ਮਿੰਨੀ ਕਹਾਣੀ ਕਿਸੇ ਸੁਤੇ ਸੁਭਾਅ ਤੁਰੇ ਜਾਂਦੇ ਬੰਦੇ ਦੇ ਚੂੰਢੀ ਵੱਢ ਕੇ ਸੁਚੇਤ ਕਰਨ ਵਰਗੀ

ਗੱਲ ਹੈ। ਇਹੋ ਜਿਹੀ ਗੱਲ ਕਹਿਣੀ ਵੀ ਗ਼ਲਤ ਹੈ ਕਿ ਪੰਜਾਬੀ ਵਿੱਚ ਮਿੰਨੀ ਕਹਾਣੀ ਕਹੀ ਹੀ ਨਹੀਂ ਜਾ ਰਹੀ ਅਤੇ ਇਸਦਾ ਭਵਿੱਖ ਉੱਜਲਾ ਨਹੀਂ ਹੈ।

✠ ਮਦਹੋਸ਼, ਮਦਨ [ਮਾਲੇਰਕੋਟਲਾ]

ਮੇਰੇ ਮੁਤਾਬਕ ਮਿੰਨੀ ਕਹਾਣੀ ਦੀ ਸਿਨਫ਼ ਲਤੀਫ਼ੇ ਨਾਲ਼ੋਂ ਗਈ ਗੁਜ਼ਰੀ ਨਹੀਂ ਹੈ। ਜਿਥੋਂ ਤੱਕ ਇਸਦੇ ਭਵਿੱਖ ਦਾ ਸੁਆਲ ਹੈ ਉਹ ਕੋਈ ਵੀ ਕਲਾ ਹੋਵੇ ਸਮੇਂ ਦੇ ਨਾਲ਼ ਹੀ ਨਿੱਖਰਦੀ ਹੈ।

✠ ਮੂਲਚੰਦ ਸ਼ਰਮਾ (ਰਾਜਿੰਦਰਾਪੁਰੀ, ਜ਼ਿਲ੍ਹਾ ਸੰਗਰੂਰ]

ਮਿੰਨੀ ਕਹਾਣੀ ਦੀ ਉਮਰ ਭਾਵੇਂ ਅਜੇ ਛੋਟੀ ਹੀ ਹੈ ਪਰੰਤੂ ਪੰਜਾਬੀ ਸਾਹਿਤ ਵਿੱਚ ਇਸਨੇ ਆਪਣਾ ਯੋਗ ਥਾਂ ਬਣਾ ਲਿਆ ਹੈ। ਉਂਞ ਮਿੰਨੀ ਕਹਾਣੀ ਲਿਖਣਾ ਵੀ ਕੋਈ ਖ਼ਾਲਾ ਜੀ ਦਾ ਵਾੜਾ ਨਹੀਂ। ਕਾਫ਼ੀ ਔਖਾ ਕੰਮ ਹੈ, ਕੁੱਜੇ ਵਿੱਚ ਸਮੁੰਦਰ ਬੰਦ ਕਰਨ ਦੇ ਬਰਾਬਰ। ਸਾਹਿਤ ਦੀ ਇਸ ਵੰਨਗੀ ਦਾ ਭਵਿੱਖ ਕਾਫ਼ੀ ਉੱਜਲ ਜਾਪਦਾ ਹੈ।

✠ ਯਾਦਵਿੰਦਰ ਸਿੱਧੂ [ਬੁਢਲਾਡਾ, ਜ਼ਿਲਾ ਬਠਿੰਡਾ]

ਪੰਜਾਬੀ ਸਮਾਲੋਚਨਾ ਦੀ ਦ੍ਰਿਸ਼ਟੀ ਸਾਹਿਤ ਦੇ ਇਸ ਨਵੇਂ ਉਦਭਵ ਹੋਏ ਰੂਪ ਮਿੰਨੀ ਕਹਾਣੀ ਤੇ ਅਜੇ ਪੂਰੀ ਤਰ੍ਹਾਂ ਨਹੀਂ ਗਈ। ਉਂਝ ਤਾਂ ਸਾਹਿਤ ਦੇ ਕਿਸੇ ਵੀ ਰੂਪ ਉੱਪਰ ਸਮੀਖਿਅਕ ਦ੍ਰਿਸ਼ਟੀ ਵਾਲੇ. ਪਾਸੇ ਤੋਂ ਪੰਜਾਬੀ ਸਮਾਲੋਚਨਾ ਦਾ ਪਿੜ ਖ਼ਾਲੀ ਹੋਣ ਦੇ ਬਰਾਬਰ ਹੀ ਹੈ ਪਰ ਮਿੰਨੀ ਕਹਾਣੀ ਵਾਲ਼ੇ ਪਾਸੇ ਤਾਂ ਅਜੇ ਤੱਕ ਪੂਰਨ ਰੂਪ ਵਿੱਚ ਨਾਂਹ-ਵਾਚਕ ਦ੍ਰਿਸ਼ਟੀਕੋਣ ਦਾ ਲਖਾਇਕ ਹੈ।

✠ ਰਘਬੀਰ ਸਿੰਘ 'ਸਿਰਜਣਾ' (ੜਾ:) [ਚੰਡੀਗੜ੍ਹ]

ਮੇਰੀ ਜਾਚੇ ਬਹੁਤ ਹਾਲਤਾਂ ਵਿੱਚ ਮਿੰਨੀ ਜਾਂ ਲਘੂ ਕਹਾਣੀ ਲੇਖਕ ਦੇ ਲਘੂ ਅਨੁਭਵ ਦੀ ਚੁਗਲੀ ਖ਼ਾਂਦੀ ਹੈ—ਕੋਈ ਸਮਰੱਥ ਲੇਖਕ ਆਪਣੇ ਆਪ ਨੂੰ ਲਘੂ ਕਹਾਣੀ ਦੀ ਰਚਨਾ ਤਕ ਸੀਮਿਤ ਨਹੀਂ ਰੱਖ ਸਕਦਾ।

✠ ਰਣਜੀਤ ਸਿੰਘ ਰਣਜੀਤ [ਧੂਰੀ, ਜ਼ਿਲਾ ਸੰਗ਼ਰੂਰ]

ਅੱਜ ਦਾ ਆਦਮੀ ਸੰਖੇਪ ਰੂਪ ਪਸੰਦ ਕਰਨ ਦਾ ਆਦੀ ਹੁੰਦਾ ਜਾ ਰਿਹਾ ਹੈ। ਆਉਣ ਵਾਲੇ ਵਕਤ ਵਿੱਚ ਆਦਮੀ ਪਾਸ ਵਕਤ ਦੀ ਕਮੀ ਹੀ ਕਮੀ ਹੁੰਦੀ ਜਾਵੇਗੀ ਅਤੇ ਉਹ 'ਕੁੱਜੇ ਵਿੱਚ ਸਮੁੰਦਰ' ਮਿੰਨੀ ਕਹਾਣੀ ਦਾ ਸ਼ੈਦਾਈ ਹੋ ਜਾਵੇਗਾ।

✠ ਵਾਰਸੀ, ਮੁਸ਼ਤਾਕ [ਮਾਲੇਰਕੋਟਲਾ]

ਲਮਹੇ ਜ਼ਿੰਦਗੀ ਦੇ ਖੇਤਰ ਵਿੱਚ ਬੜੀ ਨੱਸ ਭੱਜ ਤੇ ਬੜੀ ਬਿਪਤਾ ਤੋਂ ਬਾਅਦ ਹੱਥ ਆਉਂਦੇ ਨੇ। ਅਦੀਮੁਲਫ਼ੁਰਸਤੀ ਅੱਜ ਦੇ ਇਨਸਾਨ ਦੀ ਟ੍ਰੈਜਿਡੀ ਹੈ। ਇਨ੍ਹਾਂ ਪਲਾਂ ਇਨ੍ਹਾਂ ਛਿਣਾਂ ਨੂੰ ਗ਼ਰਿਫ਼ਤ ਵਿੱਚ ਲੈਣਾ ਕੋਈ ਸੌਖੀ ਸੁਵੱਲੀ ਗੱਲ ਨਹੀਂ। ਮਿੰਨੀ ਕਹਾਣੀ ਏਸੇ ਜ਼ੁਮਰੇ ਦੀ ਇੱਕ ਕੜੀ ਹੈ, ਜਿਸ 'ਤੇ ਅਬੂਰ ਪਾਉਣਾ ਦਰਿਆ ਨੂੰ ਕੁੱਜੇ ਵਿੱਚ ਬੰਦ ਕਰਨ ਦੇ ਸਮਾਨ ਹੈ। ਇਹ ਹੁਨਰ ਮਹਿਜ਼ ਉਨ੍ਹਾਂ ਨੂੰ ਹੀ ਪ੍ਰਦਾਨ ਹੁੰਦਾ ਹੈ, ਜੋ ਬਾਰੀਕਬੀਨੀ, ਗਹਿਰੇ ਮੁਸ਼ਾਹਿਦੇ ਤੇ ਖ਼ੂਬਸੂਰਤ ਜ਼ਬਾਨੋ ਬਿਆਨ 'ਤੇ ਕੁਦਰਤ ਰੱਖਦੇ ਹੋਣ। ਦਿਲ ਗੁਰਦੇ ਵਾਲੇ ਹਨ ਉਹ ਜਿਹੜੇ ਬਾਵਜੂਦ ਸਖਤ ਮੁਖ਼ਾਲਫ਼ਤ ਦੇ ਮਿੰਨੀ ਕਹਾਣੀਆਂ ਤਖ਼ਲੀਕਦੇ ਹਨ। ਨਵੀਆਂ ਰਾਹਵਾਂ ਦਰਸਾਉਣ ਵਾਲਿਆਂ ਦਾ

ਇਹੀਓ ਮੁਕੱਦਰ ਹੁੰਦਾ ਹੈ ਤੇ ਮੇਰੇ ਖ਼ਿਆਲ ਮੁਜਬ ਮੁਖ਼ਾਲਫ਼ਤ ਰੌਸ਼ਨ ਮੁਸਤਕਬਿਲ ਦਾ ਪੇਸ਼ਖ਼ੇਮਾ ਬਣਦੀ ਹੈ।

✠ ਵਿਰਦੀ, ਜਸਵੰਤ ਸਿੰਘ [ਜਲੰਧਰ]

ਮਿੰਨੀ ਕਹਾਣੀ ਦਾ ਰੂਪ ਕੋਈ ਨਵਾਂ ਨਹੀਂ। ਸਦੀਆਂ ਪਹਿਲਾਂ ਦੇ ਗ੍ਰੰਥਾਂ ਵਿੱਚ ਵੀ ਇਸਦਾ ਮੁਹਾਂਦਰਾ ਮਿਲਦਾ ਹੈ। ਪੰਜਾਬੀ ਵਿੱਚ ਬਹੁਤ ਸਾਰੇ ਲੇਖਕਾਂ ਨੇ ਮਿੰਨੀ ਕਹਾਣੀ ਲਿਖਣ ਦਾ ਜਤਨ ਕੀਤਾ ਹੈ, ਪਰ ਹਾਲ਼ੇ ਤੱਕ ਕੋਈ ਯਾਦਗਾਰੀ ਕਹਾਣੀ ਸਾਹਮਣੇ ਨਹੀਂ ਆਈ। ਭਾਂਹੀਓਂ ਮਿੰਨੀ ਕਹਾਣੀ ਨੇ ਪੰਜਾਬੀ ਸਾਹਿਤ ਵਿੱਚ ਕੋਈ ਸਥਾਨ ਨਹੀਂ ਬਣਾਇਆ। ਮੈਂ ਅੱਜ ਦੀ ਗੱਲ ਕਰ ਰਿਹਾ ਹਾਂ। ਭਵਿੱਖ ਬਾਰੇ ਕੋਈ ਰਾਜ-ਜੋਤਸ਼ੀ ਹੀ ਕੁੱਝ ਕਹਿ ਸਕਦਾ ਹੈ।

✠ ਡਾ: (ਸ੍ਰੀਮਤੀ) ਸ਼ਮੀਮ ਸ਼ਰਮਾ [ਹਿਸਾਰ]

[ਡਾ: (ਸ੍ਰੀਮਤੀ) ਸ਼ਮੀਮ ਸ਼ਰਮਾ ਰਾਜਕੀਯ ਮਹਾਵਿਦਿਆਲਯ ਹਿਸਾਰ ਵਿੱਚ ਲੈਕਚਰਾਰ ਹਨ। ਇਨ੍ਹਾਂ ਨੇ ਹਿੰਦੀ 'ਚ ਲਘੂ-ਕਥਾ 'ਤੇ ਸ਼ਲਾਘਾਯੋਗ ਆਲੋਚਨਾਤਮਕ ਕਾਰਜ ਕੀਤਾ ਹੈ। ਐੱਮ. ਫਿਲ਼ ਦੀ ਡਿਗਰੀ ਲਈ ਆਪ ਦੇ ਸ਼ੋਧ-ਨਿਬੰਧ ਦਾ ਵਿਸ਼ਾ ''ਹਿੰਦੀ ਲਘੂ ਕਥਾ-ਸਵਰੂਪ ਔਰ ਵਿਕਾਸ'' ਸੀ ਅਤੇ ਪੀ-ਐੱਚ. ਡੀ. ਦੀ ਡਿਗਰੀ ਲਈ ਆਪ ਦੇ ਸ਼ੋਧ-ਪ੍ਰਬੰਧ ਦਾ ਵਿਸ਼ਾ ''ਹਿੰਦੀ ਲਘੂ ਕਥਾ-ਉਦਭਵ ਔਰ ਵਿਕਾਸ'' ਸੀ। ਪੀ.-ਐੱਚ. ਡੀ. ਦੀ ਡਿਗਰੀ ਆਪ ਨੇ ਕੁਰੂਕਸ਼ੇਤਰ ਯੂਨੀ. (ਹਰਿਆਣਾ) ਤੋਂ ਅਪ੍ਰੈਲ 1986 ਵਿੱਚ ਪ੍ਰਾਪਤ ਕੀਤੀ]

—ਲੇਖਕ

ਲਘੂ-ਕਥਾ ਕੇ ਬਾਰੇ ਮੇਂ ਮੇਰੀ ਧਾਰਣਾ ਹੈ ਕਿ ਕਹਾਨੀ ਪਰਿਵਾਰ ਕੀ ਯੇਹ ਵਿਧੀ ਲਘੂ ਆਕਾਰ ਮੇਂ ਪੂਰਨਤਾ ਲੀਏ ਹੂਏ ਅਪਨੇ ਪਰਿਵੇਸ਼ ਕੋ ਵਿਅਕਤ ਕਰਨੇ ਮੇਂ ਅਤਿਆਧਿਕ ਸਮਰੱਥ ਹੈ। ਅਨਾਵਸ਼ਯਕ ਵਿਸਤਾਰ ਸੰਪ੍ਰੇਸ਼ਣੀਯਤਾ ਮੇਂ ਬਾਧਕ ਬਨਤਾ ਹੈ ਔਰ ਇਸਕੇ ਸ਼ਿਲਪ ਕੋ ਢੀਲਾ ਕਰ ਦੇਤਾ ਹੈ। ਇਸਕੀ ਬੜ੍ਹਤੀ ਹੂਈ ਲੋਕਪ੍ਰਿਯਤਾ ਹੀ ਇਸਕੇ ਸਥਾਪਿਤ ਹੋਨੇ ਕਾ ਸਬਸੇ ਬੜਾ ਪ੍ਰਮਾਣ ਹੈ।

———

ਅੰਤਿਕਾ—II

ਸਹਾਇਕ ਪੁਸਤਕਾਂ ਦੀ ਸੂਚੀ

ਉੱਪਲ, ਸਵਿੰਦਰ ਸਿੰਘ (ਡਾ:), **ਪੰਜਾਬੀ ਕਹਾਣੀਕਾਰ**, ਪੁਸ਼ਪ ਪ੍ਰਕਾਸ਼ਨ ਨਵੀਂ ਦਿੱਲੀ, ਸਿਤੰਬਰ 1970

ਆਹੂਜਾ, ਰੋਸ਼ਨ ਲਾਲ (ਡਾ:), **ਆਲੋਚਨਾ ਦੇ ਸਿਧਾਂਤ**, ਲਾਹੌਰ ਬੁੱਕ ਸ਼ਾਪ ਲੁਧਿਆਣਾ, 1974

.....**ਮੇਰੀ ਸਾਹਿਤਕ ਸਵੈਜੀਵਨੀ**, ਪੰਜਾਬੀ ਯੂਨੀ ਪਟਿਆਲਾ, 1986

ਅਜੀਤ ਸਿੰਘ ਸਿੱਕਾ, **ਸਾਹਿਤ ਆਲੋਚਨਾ ਦੇ ਸਿਧਾਂਤ**, ਭਾਗ ਸਿੰਘ ਐਂਡ ਸੰਨਜ਼ ਲੁਧਿਆਣਾ, ਜੁਲਾਈ 196 8

ਅਜੀਤ ਸਿੰਘ ਪੰਛੀ (ਡਾ:), **ਪੰਜਾਬੀ ਗਲਪ ਵਿਚ ਯਥਾਰਥਵਾਦ**, ਭਾਸ਼ਾ ਵਿਭਾਗ ਪਟਿਆਲਾ, 1977

ਐਡਵਿਨ ਮਿਉਰ, **ਉਪਨਿਆਸ ਦੀ ਬਣਤ**, ਪੰਜਾਬੀ ਯੂਨੀ. ਪਟਿਆਲਾ, 1969

ਅਤਰ ਸਿੰਘ (ਡਾ:), **ਦ੍ਰਿਸ਼ਟੀਕੋਣ**, ਲਾਹੌਰ ਬੁੱਕ ਸ਼ਾਪ ਲੁਧਿਆਣਾ, 1963

.....**ਸਾਹਿਤ ਸੰਵੇਦਨਾ**, ਰਘਬੀਰ ਰਚਨਾ ਪ੍ਰਕਾਸ਼ਨ ਚੰਡੀਗੜ੍ਹ, ਮਾਰਚ 1984

ਅਮਰ ਕੋਮਲ (ਡਾ:), **ਚਿਣਗਾਂ**, ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ, ਅਕਤੂਬਰ 1983

ਆਰ. ਐੱਸ. ਆਜ਼ਾਦ, **ਸੋਚਾਂ ਦਾ ਸਾਗਰ**, ਪੰਜਾਬੀ ਸਾਹਿਤ ਸਭਾ ਬਾਰਾਮੂਲਾ (ਕਸ਼ਮੀਰ), ਜੂਨ 1985

ਅਰਸ਼ੀ, ਗੁਰਚਰਨ ਸਿੰਘ (ਡਾ:), **ਸਾਹਿਤ ਸਮੀਖਿਆ**, ਨੈਸ਼ਨਲ ਬੁੱਕ ਸ਼ਾਪ ਦਿੱਲੀ, 1969

.....**ਪੰਜਾਬੀ ਭਾਸ਼ਾ ਤੇ ਸਾਹਿਤ ਨੂੰ ਈਸਾਈ ਮਿਸ਼ਨਰੀਆਂ ਦੀ ਦੇਣ**, ਭਾਸ਼ਾ ਵਿਭਾਗ ਪਟਿਆਲਾ, 1975

.....**ਸਮੀਖਿਆ ਦ੍ਰਿਸ਼ਟੀਆਂ**, ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ, 1984

ਅਵਨੇਰ ਜ਼ੀਸ, **ਮਾਰਕਸਵਾਦੀ ਸੁਹਜਸ਼ਾਸਤਰ ਦੀਆਂ ਬੁਨਿਆਦਾਂ**, ਪੰਜਾਬ ਬੁੱਕ ਸੈਂਟਰ ਚੰਡੀਗੜ੍ਹ, ਪ੍ਰਕਾਸ਼ਨ ਵਰ੍ਹਾ ਨਹੀਂ

ਈਗਲਟਨ, ਟੈਰੀ, **ਮਾਰਕਸਵਾਦੀ ਸਾਹਿਤਕ ਆਲੋਚਨਾ**. ਲੋਕਾਇਤ ਪ੍ਰਕਾਸ਼ਨ ਚੰਡੀਗੜ੍ਹ, 1985

ਈਸ਼ਰ ਸਿੰਘ ਤਾਂਘ (ਡਾ:), **ਪੱਛਮੀ ਸਮੀਖਿਆ ਦੇ ਸਿਧਾਂਤ**, ਲੀਨਾ ਪਬਲਿਸ਼ਰਜ਼ ਪਟਿਆਲਾ, ਪ੍ਰਕਾਸ਼ਨ ਵਰ੍ਹਾ ਨਹੀਂ

ਸੇਖੋਂ, ਸੰਤ ਸਿੱਘ (ਪ੍ਰਿ:) **ਸਾਹਿਤਿਆਰਥ**, ਲਾਹੌਰ ਬੁੱਕ ਸ਼ਾਪ ਲੁਧਿਆਣਾ, 1970

ਸੁਖਵਿੰਦਰ ਸਿੰਘ ਕੰਬੋਜ, **ਪੱਛਮੀ ਆਲੋਚਨਾ ਸਿਧਾਂਤ ਤੇ ਮੁਲਾਂਕਣ** ਪੈਪਸੂ ਬੁੱਕ ਡਿਪੂ ਪਟਿਆਲਾ, ਸਿਤੰਬਰ 1976

ਸਿੰਗਲ, ਧਰਮਪਾਲ (ਡਾ:), **ਨਾਨਕ ਸਿੰਘ ਇੱਕ ਪਰਿਚੈ**, ਪੰਜਾਬੀ ਯੂਨੀ. ਪਟਿਆਲਾ, 1983

ਸੈਣੀ, ਪ੍ਰੀਤਮ (ਡਾ:), **ਮੇਰਾ ਪਾਕਿਸਤਾਨੀ ਸਫ਼ਰਨਾਮਾ ਇਕ ਅਧਿਐਨ**, ਲਾਹੌਰ ਬੁੱਕ ਸ਼ਾਪ ਲੁਧਿਆਣਾ, 1985

ਸਤਿੰਦਰ ਸਿੰਘ (ਡਾ:), **ਵਿਹਾਰਕ ਸਮੀਖਿਆ—ਕਵਿਤਾ ਅਤੇ ਵਾਰਤਕ**, ਪੰਜਾਬੀ ਯੂਨੀ. ਪਟਿਆਲਾ, 1986

ਸੀਤਲ, ਸੋਹਣ ਸਿੰਘ, **ਮੇਰੀ ਸਾਹਿਤਿਕ ਸਵੈਜੀਵਨੀ**, ਪੰਜਾਬੀ ਯੂਨੀ. ਪਟਿਆਲਾ, 1985

ਸਤਵੰਤ ਕੈਂਥ, **ਕੀੜੀਆਂ ਦਾ ਭੌਣ**, ਲੋਕਗੀਤ ਪ੍ਰਕਾਸ਼ਨ ਸਰਹਿੰਦ, 1986

ਬਰਫ਼ੀ ਦਾ ਟੁਕੜਾ, ਸੇਵਕ ਪ੍ਰਕਾਸ਼ਨ ਪਟਿਆਲਾ, ਫ਼ਰਵਰੀ 1982

ਸਮਕਾਲੀ ਪੰਜਾਬੀ ਆਲੋਚਨਾ, (ਸੰਪਾ.) ਡਾ: ਕੁਲਬੀਰ ਸਿੰਘ ਕਾਂਗ ਤੇ ਡਾ: ਦੀਵਾਨ ਸਿੰਘ, ਨਾਨਕ ਸਿੰਘ ਪੁਸਤਕਮਾਲਾ ਅੰਮ੍ਰਿਤਸਰ, ਪ੍ਰਕਾਸ਼ਨ ਵਰ੍ਹਾ ਨਹੀਂ

ਸੁਮੇਰ, **ਮੌਤ ਕਿ ਜ਼ਿੰਦਗੀ**, ਸੁਮੇਰ ਕਸ਼ਿਅਪ ਬਿਲਡਿੰਗ ਕਰਨਾਲ ਕਰਨਾਲ, ਪ੍ਰਕਾਸ਼ਨ ਵਰ੍ਹਾ ਨਹੀਂ

ਸੁਰਜੀਤ ਸਿੰਘ ਸੇਖਾ, **ਸਾਧਾਰਨ ਮਨੋਵਿਗਿਆਨ**, ਪੰਜਾਬੀ ਯੂਨੀ. ਪਟਿਆਲਾ. 1978

ਸੂਰੀ, ਕਰਤਾਰ ਸਿੰਘ (ਡਾ:), **ਸਾਹਿਤ ਦਰਪਣ**, ਨਾਨਕ ਸਿੰਘ ਪੁਸਤਕਮਾਲਾ ਅੰਮ੍ਰਿਤਸਰ, 1957

ਸੁਰਜੀਤ ਸਿੰਘ ਭੱਟੀ (ਡਾ:), **ਮਾਰਕਸਵਾਦੀ ਸਮੀਖਿਆ ਸਿਧਾਂਤ**, ਸੇਧ ਪ੍ਰਕਾਸ਼ਨ ਪਟਿਆਲਾ, 1984

ਸੁਲੱਖਣ ਮੀਤ, **ਸੁਲਗ਼ਦੀ ਬਰਫ਼**, ਲਾਹੌਰ ਬੁੱਕ ਸ਼ਾਪ ਲੁਧਿਆਣਾ, ਮਾਰਚ 1985

ਹਿੰਦੂ ਮਿਥਿਹਾਸ ਕੋਸ਼, (ਸੰਪਾ.) ਜੌਨ ਡੌਸਨ, ਭਾਸ਼ਾ ਵਿਭਾਗ ਪਟਿਆਲਾ, 1973

ਹਰਕੀਰਤ ਸਿੰਘ (ਡਾ:), **ਭਾਸ਼ਾ ਤੇ ਭਾਸ਼ਾ ਵਿਗਿਆਨ**, ਲਾਹੌਰ ਬੁੱਕ ਸ਼ਾਪ ਲੁਧਿਆਣਾ, 1983

ਹਰਕੀਰਤ ਸਿੰਘ (ਡਾ:) ਤੇ ਉੱਜਲ ਸਿੰਘ ਬਾਹਰੀ, **ਭਾਸ਼ਾ ਵਿਗਿਆਨ ਤੇ ਪੰਜਾਬੀ ਭਾਸ਼ਾ**, ਲਾਹੌਰ ਬੁੱਕ ਸ਼ਾਪ ਲੁਧਿਆਣਾ. ਅਪ੍ਰੈਲ 1984

ਹੜਤਾਲ ਜਾਰੀ ਹੈ (ਸੰਪਾ.) ਜਿੰਦਰ ਤੇ ਨਿਰੰਜਣ ਬੋਹਾ, ਸਤਵੰਤ ਪਬਲੀਕੇਸ਼ਨ ਜਲੰਧਰ. 1981

ਕਹਾਣੀ-ਸਿਧਾਂਤ ਤੇ ਆਲੋਚਨਾ, ਭਾਸ਼ਾ ਵਿਭਾਗ ਪਟਿਆਲਾ, 1970

ਕਰਤਾਰ ਸਿੰਘ ਦੁੱਗਲ ਦਾ ਕਹਾਣੀ ਜਗਤ, (ਸੰਪਾ.) ਬਿਕਰਮ ਸਿੰਘ ਘੁੰਮਣ, ਨਿਊ ਬੁੱਕ ਕੰਪਨੀ ਜਲੰਧਰ, 1975

ਕਰਮਵੀਰ ਸਿੰਘ, **ਨਿੱਕੀਆਂ ਗੱਲਾਂ ਵੱਡੀਆਂ ਗੱਲਾਂ**, ਨਾਨਕ ਸਿੰਘ ਪੁਸਤਕਮਾਲਾ ਅੰਮ੍ਰਿਤਸਰ, 1986

ਖਹਿਰਾ, ਭੁਪਿੰਦਰ ਸਿੰਘ (ਡਾ:), **ਲੋਕਯਾਨ-ਭਾਸ਼ਾ ਤੇ ਸਭਿਆਚਾਰ**, ਪੈਪਸੂ ਬੁੱਕ ਡਿਪੂ ਪਟਿਆਲਾ, 1986

ਗੋਰਕੀ, ਮੈਕਸਿਮ, ਮਾਇਕੋਵਸਕੀ, ਤਾਲਸਤਾਏ, ਫ਼ੋਦਿਨ, **ਸਾਹਿਤ ਸਿਰਜਣਾ ਦੀ ਕਲਾ ਕੌਸ਼ਲਤਾ ਬਾਰੇ**, ਪੰਜਾਬ ਬੁੱਕ ਸੈਂਟਰ ਚੰਡੀਗੜ੍ਹ, ਫਰਵਰੀ 1985

ਗੋਰਕੀ, ਮੈਕਸਿਮ **ਸਮੁੱਚੀਆਂ ਲਿਖਤਾਂ**—ਸੈਂਚੀ 27, ਰੂਸੀ ਜਿਲਦ

.....**ਮਾਂ**, ਪ੍ਰਗਤੀ ਪ੍ਰਕਾਸ਼ਨ ਮਾਸਕੋ, ਪ੍ਰਕਾਸ਼ਨ ਵਰ੍ਹਾ ਨਹੀਂ

ਗੁਰਚਰਨ ਸਿੰਘ (ਡਾ:, **ਸਾਹਿਤ ਸਿਧਾਂਤ ਤੇ ਸਮੱਸਿਆ**, ਮਦਾਨ ਪਬਲਿਸ਼ਰਜ਼ ਪਟਿਆਲਾ, ਜਨਵਰੀ 1971

ਗੁਰਚਰਨ ਸਿੰਘ (ਡਾ:) **ਗੁਰਬਖ਼ਸ਼ ਸਿੰਘ ਪ੍ਰੀਤਲੜੀ ਜੀਵਨ ਤੇ ਰਚਨਾ**, ਪੰਜਾਬੀ ਯੂਨੀ. ਪਟਿਆਲਾ, 1985

ਗੁਰਦੇਵ ਸਿੰਘ (ਡਾ:), **ਸਾਹਿਤ ਵਿਚ ਵਾਦ**, ਲਾਹੌਰ ਬੁੱਕ ਸ਼ਾਪ ਲੁਧਿਆਣਾ, 1969

ਗੁਰਬਖ਼ਸ਼ ਸਿੰਘ ਪ੍ਰੀਤ ਲੜੀ, **ਜ਼ਿੰਦਗੀ ਦੀ ਕਵਿਤਾ**, ਨਵਯੁਗ ਪਬਲਿਸ਼ਰਜ਼ ਦਿੱਲੀ, 1979

ਗੁਰਬਖ਼ਸ਼ ਸਿੰਘ ਖ਼ਾਲਸਾ, **ਭਾਰਤੀ ਆਲੋਚਨਾ ਦੇ ਸਿਧਾਂਤ**, ਪੈਪਸੂ ਬੁੱਕ ਡਿਪੂ ਪਟਿਆਲਾ, ਜਨਵਰੀ 1980

ਗੁਲਜ਼ਾਰ ਸਿੰਘ ਕੰਗ, **ਪੰਜਾਬੀ ਲੋਕਯਾਨ ਦੀ ਰੂਪ-ਰੇਖਾ**, ਲਾਹੌਰ ਬੁੱਕ ਸ਼ਾਪ ਲੁਧਿਆਣਾ, ਪ੍ਰਕਾਸ਼ਨ ਵਰ੍ਹਾ ਨਹੀਂ

ਜੁਗਿੰਦਰ ਸਿੰਘ (ਡਾ:), **ਆਧੁਨਿਕ ਪੰਜਾਬੀ ਸਾਹਿਤ ਦੀ ਰੂਪ-ਰੇਖਾ** (ਭਾਗ ਤੀਜਾ), ਪੰਜਾਬੀ ਯੂਨੀ. ਪਟਿਆਲਾ, 1982

ਜੋਗਿੰਦਰ ਸਿੰਘ ਨਹਿਰੂ (ਡਾ:), **ਪ੍ਰਗਤੀਵਾਦੀ ਪੰਜਾਬੀ ਨਾਵਲ**, ਪੰਜਾਬ ਪ੍ਰਕਾਸ਼ਨ ਚੰਡੀਗੜ੍ਹ, 1986

ਜੱਗੀ, ਰਤਨ ਸਿੰਘ (ਡਾ:) **ਪੰਜਾਬੀ ਸਾਹਿਤ ਦਾ ਇਤਿਹਾਸ**, ਪੰਜਾਬੀ ਯੂਨੀ. ਪਟਿਆਲਾ, 1980

ਜਿੰਦਰ, **ਨਾਅਰਾ**, ਸਤਵੰਤ ਪਬਲੀਕੇਸ਼ਨਜ਼ ਜਲੰਧਰ, ਨਵੰਬਰ 1987

ਜਯੰਤੀ ਮਕਵਾਣਾ, **ਅ ਨਾਉਂ ਦਾ ਇਨਸਾਨ**, (ਅਨੁ.) ਰਾਮ ਸਰੂਪ ਅਣਖੀ, ਗੀਤਾ ਪ੍ਰਕਾਸ਼ਨ ਡਾਂਗਰਵਾ, 1985

ਤੇਜਵੰਤ ਮਾਨ (ਪ੍ਰੋ:) **ਪ੍ਰਤਿਕਰਮ**, ਪੰਜਾਬੀ ਸਾਹਿਤ ਸਭਾ ਸੰਗਰੂਰ, 1985

ਤਰਕਸ਼, (ਸੰਪਾ.) ਰੌਸ਼ਨ ਲਾਲ ਫੂਲਵੀ (ਚੋਣਕਾਰ) ਓਮ ਪ੍ਰਕਾਸ਼ ਗਾਸੋ, ਪੰਜਾਬੀ ਸਾਹਿਤ ਸਭਾ ਮਾਨਸਾ, 1973

ਤਾਲਸਤਾਏ ਲਿਓ, **ਕਹਾਣੀਆਂ ਤੇ ਛੋਟੇ ਨਾਵਲ**, ਪ੍ਰਗਤੀ ਪ੍ਰਕਾਸ਼ਨ ਮਾਸਕੋ, ਪ੍ਰਕਾਸ਼ਨ ਵਰ੍ਹਾ ਨਹੀਂ

ਦਮਿਤਰੀ ਮਾਰਕੋਵ, **ਸੋਸ਼ਲਿਸਟ ਸਾਹਿਤ : ਵਿਗਾਸ ਦੀਆਂ ਸਮੱਸਿਆਵਾਂ**, ਪੰਜਾਬ ਬੁੱਕ ਸੈਂਟਰ ਚੰਡੀਗੜ੍ਹ, 1985

ਨਰਿੰਦਰਪਾਲ ਸਿੰਘ (ਕਰਨਲ), **ਨਾਵਲ ਕਲਾ ਤੇ ਮੇਰਾ ਅਨੁਭਵ**, ਭਾਸ਼ਾ ਵਿਭਾਗ ਪਟਿਆਲਾ, 1979

ਨਵੀਆਂ ਗੁੱਡੀਆਂ ਨਵੇਂ ਪਟੋਲੇ, (ਸੰਪਾ.) ਮੂਲਚੰਦ ਸ਼ਰਮਾ, ਮਾਲਵਾ ਯੁਵਕ ਲਿਖਾਰੀ ਸਭਾ, 1985

ਪਿਆਰਾ ਸਿੰਘ ਪਦਮ (ਪ੍ਰੋ:) **ਗੁਰਮੁਖੀ ਲਿਪੀ ਦਾ ਇਤਿਹਾਸ**, ਕਲਮ ਮੰਦਿਰ ਪਟਿਆਲਾ, 1980

ਪੰਜਾਬੀ ਆਲੋਚਨਾ-ਇਕ ਪਰਿਚਯ, (ਸੰਪਾ.) ਡਾ: ਰਵਿੰਦਰ ਸਿੰਘ, ਪੰਜਾਬੀ ਯੂਨੀ. ਪਟਿਆਲਾ, ਅਕਤੂਬਰ 1973

ਪੰਜਾਬੀ ਸਾਹਿਤ ਕੋਸ਼ (ਭਾਗ ਪਹਿਲਾ), ਪੰਜਾਬੀ ਯੂਨੀ. ਪਟਿਆਲਾ, ਦਿਸੰਬਰ 1971

ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਦੂਜਾ), ਭਾਸ਼ਾ ਵਿਭਾਗ ਪਟਿਆਲਾ, 1983

ਪੰਜਾਬੀ ਸਾਹਿਤ ਰੂਪ ਰੁਝਾਨ, (ਸੰਪਾ.) ਰਘਬੀਰ ਸਿੰਘ, ਕੇਂਦਰੀ ਪੰਜਾਬੀ ਲੇਖਕ ਸਭਾ ਚੰਡੀਗੜ੍ਹ, ਮਾਰਚ 1984

ਪੰਜਾਬੀ ਕਹਾਣੀ-ਨਵੀਨ। ਪ੍ਰਵਿਰਤੀਆਂ, (ਸੰਪਾ.) ਡਾ: ਧਰਮ ਪਾਲ ਸਿੰਗਲ ਅਤੇ ਪ੍ਰੋ: ਗੁਰਲਾਲ ਸਿੰਘ, ਗੁਰੂ ਨਾਨਕ ਦੇਵ ਯੂਨੀ. ਅੰਮ੍ਰਿਤਸਰ, 1982

ਪੰਜਾਬੀ ਦਾ ਰੂਪ ਵਿਕਾਸ, (ਸੰਪਾ.) ਅਮਰਜੀਤ ਸਿੰਘ ਢਿਲੋਂ, ਪੰਜਾਬੀ ਯੂਨੀ. ਪਟਿਆਲਾ, 1979

ਪੰਜਾਬੀ ਨਾਵਲ-ਸਰਵੇਖਣ ਤੇ ਮੁਲਾਂਕਣ, (ਸੰਪਾ,) ਡਾ: ਕਰਨੈਲ ਸਿੰਘ ਥਿੰਦ, ਗੁਰੂ ਨਾਨਕ ਦੇਵ ਯੂਨੀ. ਅੰਮ੍ਰਿਤਸਰ, 1974

ਪੂਨੀ, ਬਲਬੀਰ ਸਿੰਘ, **ਪੰਜਾਬੀ ਲੋਕਯਾਨ ਅਤੇ ਸਭਿਆਚਾਰ**, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ ਲੁਧਿਆਣਾ, 1987

ਪ੍ਰੇਮ ਪ੍ਰਕਾਸ਼ ਸਿੰਘ (ਡਾ:) **ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ**, ਲਾਹੌਰ ਬੁੱਕ ਸ਼ਾਪ ਲੁਧਿਆਣਾ, 1980

.....**ਭਾਰਤੀ ਕਾਵਿ ਸ਼ਾਸਤਰ**, ਲਾਹੌਰ ਬੁੱਕ ਸ਼ਾਪ ਲੁਧਿਆਣਾ, ਜਨਵਰੀ 1976

ਪਰਮਿੰਦਰ ਸਿੰਘ (ਡਾ:) ਤੇ ਪ੍ਰੋ: ਕਿਰਪਾਲ ਸਿੰਘ ਕਸੇਲ, **ਸਾਹਿਤ ਦੇ ਰੂਪ**, ਲਾਹੌਰ ਬੁੱਕ ਸ਼ਾਪ ਲੁਧਿਆਣਾ, ਅਗਸਤ 1977

ਪਰਮਿੰਦਰ ਸਿੰਘ (ਡਾ:), ਪ੍ਰੋ: ਕਿਰਪਾਲ ਸਿੰਘ ਕਸੇਲ ਤੇ ਗੋਬਿੰਦ ਸਿੰਘ ਲਾਂਬਾ, **ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ**. ਲਾਹੌਰ ਬੁੱਕ ਸ਼ਾਪ ਲੁਧਿਆਣਾ, ਸਿਤੰਬਰ 1982

ਪਰਮਿੰਦਰ ਸਿੰਘ (ਡਾ:), **ਪੰਜਾਬੀ ਸਾਹਿਤ ਦਾ ਇਤਿਹਾਸ**, ਪੰਜਾਬੀ ਯੂਨੀ. ਪਟਿਆਲਾ, 1977

ਪੁਸ਼ਕਿਨ, ਏ., **ਸਮੁੱਚੀਆਂ ਲਿਖਤਾਂ**, ਸੈਂਚੀ 7, ਰੂਸੀ ਜਿਲਦ, 1949

ਬਿਕਰਮ ਸਿੰਘ ਘੁੰਮਣ, **ਸੁਜਾਨ ਸਿੰਘ ਦੀ ਕਹਾਣੀ ਕਲਾ**, ਨਿਊ ਬੁੱਕ ਕੰਪਨੀ ਜਲੰਧਰ, 1973

ਬਰੋਦੋਵ, ਵੀ., **ਆਧੁਨਿਕ ਸਮੇਂ ਵਿਚ ਭਾਰਤੀ ਫ਼ਲਸਫ਼ਾ**, (ਅਨੁ.) ਡਾ: ਗੁਰਬਖ਼ਸ਼ ਸਿੰਘ ਫ਼ਰੈਂਕ, ਪੰਜਾਬ ਬੁੱਕ ਸੈਂਟਰ ਚੰਡੀਗੜ੍ਹ, 1986

ਭੋਗਲ, ਪਿਆਰਾ ਸਿੰਘ (ਪ੍ਰੋ:), **ਪੱਛਮੀ ਤੇ ਭਾਰਤੀ ਆਲੋਚਨਾ ਦੇ ਸਿਧਾਂਤ**, ਹਿਰਦੇਜੀਤ ਪ੍ਰਕਾਸ਼ਨ ਜਲੰਧਰ, ਦਿਸੰਬਰ 1972

ਭੁਪਿੰਦਰ ਸਿੰਘ (ਪੀ. ਸੀ. ਐੱਸ.) **ਸੌ ਪੱਤ ਮਛਲੀ ਦੇ**, ਰਘਬੀਰ ਰਚਨਾ ਪ੍ਰਕਾਸ਼ਨ ਚੰਡੀਗੜ੍ਹ, ਜੂਨ, 1979

ਭੂਪਾਲ, ਦਲੀਪ ਸਿੰਘ, **ਗ੍ਰਹਿਣੇ ਸੂਰਜ**, ਪੰਜਾਬੀ ਲਿਖਾਰੀ ਸਭਾ ਫਿਰੋਜਪੁਰ, ਅਕਤੂਬਰ 1973

ਮੋਹਨ ਸ਼ਰਮਾ, **ਪੂਜਾ**, ਮਹਿਰਮ ਪ੍ਰਕਾਸ਼ਨ ਨਾਭਾ, 1986

ਮੈਕਸਿਮ ਗੋਰਕੀ-ਚੋਣਵੀਆਂ ਕਹਾਣੀਆਂ, ਪ੍ਰਗਤੀ ਪ੍ਰਕਾਸ਼ਨ ਮਾਸਕੋ, 1977

ਮਿਤਵਾ, ਦਰਸ਼ਨ, **ਸੰਵਿਧਾਨ ਰੋਂਦਾ ਹੈ**, ਚਿੱਤਰਕਾਰ ਪ੍ਰਕਾਸ਼ਨ ਮਾਨਸਾ, 1980

ਮਾਰਕਸ, ਏਂਗਲਜ਼, **ਸਾਹਿਤ ਅਤੇ ਕਲਾ**, ਪ੍ਰਗਤੀ ਪ੍ਰਕਾਸ਼ਨ ਮਾਸਕੋ, 1980

ਰਸੂਲ ਹਮਜ਼ਾਤੋਵ, **ਮੇਰਾ ਦਾਗ਼ਿਸਤਾਨ**, ਪ੍ਰਗਤੀ ਪ੍ਰਕਾਸ਼ਨ ਮਾਸਕੋ, 1975

ਰਵਿੰਦਰ ਸਿੰਘ ਰਵੀ (ਡਾ:), **ਅਮਰੀਕਾ ਤੀ ਨਵੀਨ ਆਲੋਚਨਾ ਪ੍ਰਣਾਲੀ**, ਸੇਧ ਪ੍ਰਕਾਸ਼ਨ ਪਟਿਆਲਾ, 1982

.....**ਵਿਰਸਾ ਤੇ ਵਰਤਮਾਨ**, ਪੰਜਾਬ ਪ੍ਰਕਾਸ਼ਨ ਚੰਡੀਗੜ੍ਹ, 1986

ਲੈਨਿਨ, **ਕੌਮਾਂਤਰੀ ਕਮਿਊਨਿਸਟ ਦੀ ਲਹਿਰ ਬਾਰੇ**, ਪ੍ਰਗਤੀ ਪ੍ਰਕਾਸ਼ਨ ਮਾਸਕੋ, 1982

ਵਿਨੋਦ, ਟੀ. ਆਰ. (ਡਾ:) **ਕਹਾਣੀਕਾਰ ਸੁਜਾਨ ਸਿੰਘ**, ਲਾਹੌਰ ਬੁੱਕ ਸ਼ਾਪ ਲੁਧਿਆਣਾ, ਸਤੰਬਰ 1962

ਵਰਿਆਮ ਸਿੰਘ ਸੰਧੂ, **ਕੁਲਵੰਤ ਸਿੰਘ ਵਿਰਕ ਦਾ ਕਹਾਣੀ ਸੰਸਾਰ**, ਲਾਹੌਰ ਬੁੱਕ ਸ਼ਾਪ ਲੁਧਿਆਣਾ, ਅਪ੍ਰੈਲ 1979

ਵਾਰਸੀ, ਮੁਸ਼ਤਾਕ, **ਪਿਛਲੇ ਪਹਿਰ**, ਵਾਰਿਸ ਪਬਲੀਕੇਸ਼ਨਜ਼ ਮਾਲੇਰਕੋਟਲਾ, ਮਈ 1986

ਸ਼ਾਹਬਾਜ਼ ਮਲਿਕ (ਡਾ:), **ਗਵੇਡ** ਤਾਜ ਬੁੱਕ ਡਿਪੂ, ਉਰਦੂ ਬਾਜ਼ਾਰ ਲਾਹੌਰ, 1985

ਹਿੰਦੀ

ਆਸ ਪਾਸ ਕਾ ਦਰਦ, (ਸੰਪਾ,) ਸੁਰੇਸ਼ ਜਾਂਗਿੜ ਉਦੈ ਤੇ ਮਨੋਜ ਕੁਮਾਰ ਪ੍ਰੀਤ, ਉਦੈ ਕੈਥਲ, ਅਪ੍ਰੈਲ 1987

ਅੰਗਰੇਜ਼ੀ

ABC of Dialectical And Historical Materialism, Progess Publishers Moscow, 1978

Critical Approaches to Literature And Research Methodology—A Miscellany, Punjabi Universty Patiala 1986

V. krapivin, **What is Dialectical Materialism**, Progress Publishers Moscow, 1985

Rene Wellek and Austin Warren, **The Theory of Literature**, Penguin Books England, 1970

Sen, S. (Dr.) **T.S. Eliot—The Critic**, Unique Publishers Delhi, 1984

The Holy Bible, Trinitarian Bible Society London, 1978

T. Singh, **A History of English Literature**, Student store Beharipur (Bareilly), 1970

Walter Allen, **The English Novel**, Penguin Books Australia Ltd. Ringwood, Victoria, Australia, 1970

ਰਿਸਾਲੇ

ਖੋਜ ਪਤ੍ਰਿਕਾ, ਮਾਰਚ 1972, ਨਾਵਲਕਾਰ ਨਾਨਕ ਸਿੰਘ ਅੰਕ, ਪੰਜਾਬੀ ਯੂਨੀ. ਪਟਿਆਲਾ

ਖੋਜ ਪਤ੍ਰਿਕਾ, ਮਾਰਚ 1982, ਗਲਪ ਵਿਸ਼ੇਸ਼ ਅੰਕ

ਖੋਜ਼ ਪਤ੍ਰਿਕਾ, ਮਾਰਚ 1983, ਪੁਰਾਤਨ ਵਾਰਤਕ ਵਿਸ਼ੇਸ਼ ਅੰਕ

ਖੋਜ ਪਤ੍ਰਿਕਾ, ਮਾਰਚ 1985, ਨਾਟਕ ਵਿਸ਼ੇਸ਼ ਅੰਕ

ਖੋਜ ਪਤ੍ਰਿਕਾ, ਸਤੰਬਰ 1986

ਖੋਜ ਪਤ੍ਰਿਕਾ, ਮਾਰਚ 1987, ਨਿਬੰਧ ਅੰਕ

ਪਰਖ, 1976, ਸਾਹਿਤਕ ਖੋਜ ਵਿਧੀ ਵਿਸ਼ੇਸ਼ ਅੰਕ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ

ਸਾਹਿਤ ਸਮਾਚਾਰ, ਕਹਾਣੀ ਅੰਕ, ਲਾਹੌਰ ਬੁੱਕ ਸ਼ਾਪ ਲੁਧਿਆਣਾ

ਜਨ ਸਾਹਿਤ, ਜੁਲਾਈ 1980, ਮਿੰਨੀ ਕਹਾਣੀ ਵਿਸ਼ੇਸ਼ ਅੰਕ, ਭਾਸ਼ਾ ਵਿਭਾਗ ਪੰਜਾਬ ਪਟਿਆਲਾ

ਜਨ ਸਾਹਿਤ, ਅਪ੍ਰੈਲ 1986

ਕੰਵਲ, ਅਪ੍ਰੈਲ 1975, (ਸੰਪਾ.) ਸ਼ਰਨ ਮੱਕੜ ਤੇ ਅਨਵੰਤ ਕੌਰ, ਅੰਮ੍ਰਿਤਸਰ

ਅਣੂ, ਜੂਨ 1979, (ਸੰਪਾ.) ਸੁਰਿੰਦਰ ਕੈਲੇ, ਲਲਤੋ ਕਲਾਂ (ਲੁਧਿਆਣਾ)

ਪੰਜਾਬੀ ਦੁਨੀਆ, ਅਗਸਤ 1979, ਲੇਖ-ਲੇਖਕ-ਪਰਿਚੈ ਅੰਕ, ਭਾਸ਼ਾ ਵਿਭਾਗ ਪੰਜਾਬ ਪਟਿਆਲਾ

ਪੰਜਾਬੀ ਦੁਨੀਆ, ਫਰਵਰੀ 1982

ਪੰਜਾਬੀ ਦੁਨੀਆ, ਜੂਨ-ਸਤੰਬਰ 1983, ਖੋਜ ਵਿਧੀ ਵਿਸ਼ੇਸ਼ ਅੰਕ

ਪੰਜਾਬੀ ਦੁਨੀਆ, ਮਈ-ਜੂਨ 1985, ਵਾਰਤਕ ਅੰਕ (ਭਾਗ ਪਹਿਲਾ)

ਪੰਜਾਬੀ ਦੁਨੀਆ, ਜੁਲਾਈ-ਅਗਸਤ 1985, ਵਾਰਤਕ ਅੰਕ (ਭਾਗ ਦੂਜਾ)

ਪੰਜਾਬੀ ਦੁਨੀਆ, ਅਕਤੂਬਰ 1985

ਪੰਜਾਬੀ ਦੁਨੀਆ, ਦਸੰਬਰ 1985

ਪੰਜਾਬੀ ਦੁਨੀਆ, ਜਨਵਰੀ 1987, ਅਨੁਵਾਦ ਵਿਸ ਅੰਕ

ਲਘੂ ਆਘਾਤ (ਹਿੰਦੀ ਤ੍ਰੈਮਾਸਿਕ), ਮਾਂਰਚ 1987, (ਸੰਪਾ.) ਵਿਕ੍ਰਮ ਸੋਨੀ, ਇੰਦੌਰ

ਸ਼ਬਦ ਅਨਕਮਣਿਕਾ

ੳ

ਉੱਜਲ ਸਿੰਘ ਬਾਹਰੀ 102
ਉਡੀਸੀ 2
ਉਪਨਿਸ਼ਦ 6
ਉੱਪਲ, ਸਵਿੰਦਰ ਸਿੰਘ (ਡਾ.) 5, 7, 9, 17, 29, 45, 101
ਓਮ ਪ੍ਰਕਾਸ਼ ਦਰਸ਼ਕ 71

ਅ

ਐਸ. ਕੇ. ਅਗਰਵਾਲ 76
ਔਸਟਿਨ ਵਾਰੇਨ 105
ਆਹੂਜਾ, ਰੌਸ਼ਨ ਲਾਲ (ਡਾ.) 25, 77, 101

ਅਜੀਤ ਸਿੰਘ ਸਿੱਕਾ 101
ਅਜੀਤ ਸਿੰਘ ਪੰਛੀ 101
ਅਜੀਤ ਸੈਣੀ 72, 74
ਅਜੀਤ ਕਮਲ 72
ਅਜਮੇਰ ਸਿੰਘ ਔਲਖ 71
ਅਜਮੇਰ ਸਿੰਘ ਮੀਤ 73
ਐਡਵਿਨ ਮਿਉਰ 101
ਅਣਖੀ, ਰਾਮ ਸਰੂਪ 50, 71, 72, 73, 74, 89, 91, 103,
ਅਤਰ ਸਿੰਘ (ਡਾ.) 12, 101
ਅਤਰ ਤਰਸਿੱਕਾ 76
ਆਦਮ 4,
ਆਨੰਦ, ਜਗਜੀਤ ਸਿੰਘ 90
ਅਨਵੰਤ ਕੌਰ 50, 71, 72, 106
ਅਨਵਰ ਚਿਰਾਗ਼ 76
ਐੱਮ. ਐੱਸ. ਪਾਲ 72
ਅਮਰ ਸਿੰਘ 75,
ਅਮਰੀਕ ਬੰਮਰਾਹ 72
ਅਮਰ ਕੋਮਲ (ਡਾ.) 11, 15, 34, 35, 45, 50, 59, 60, 75, 82, 85, 90, 101
ਅਮਰਜੀਤ ਸਿੰਘ ਢਿਲੋਂ 104
ਅਮਰਜੀਤ ਕੌਂਕੇ 76
ਅਮਰਜੀਤ ਰਾਹੀ 72
ਅੰਮ੍ਰਿਤਾ ਪ੍ਰੀਤਮ 76
ਅਮਰ ਯਾਦਵ 71, 72, 76
ਆਰ. ਐਸ. ਆਜ਼ਾਦ 50, 62, 63, 73, 74, 75, 101
ਅਰੇਬੀਅਨ ਨਾਈਟਸ 7
ਅਰੁਣ ਮਿਸ਼੍ 72
ਅਰਸ਼ੀ, ਗੁਰਚਰਨ ਸਿੰਘ (ਡਾ.) 3, 7, 8, 27, 29, 45, 90, 101
ਅਲੀਹੈਦਰ 2
ਅਲੈਕਸੀ ਟਾਲਸਟਾਏ 20, 39, 84, 103

ਅਵਤਾਰ 71
ਅਵਤਾਰ ਸਿੰਘ ਅਵਤਾਰ 71
ਅਵਤਾਰ ਜੌੜਾ (ਪ੍ਰੋ.) 63, 82
ਅਵਤਾਰ ਸਿੰਘ ਦੀਪਕ 72,
ਅਵਨੇਰ ਜ਼ੀਸ 1, 22, 101
ਅਸ਼ੋਕ ਕੱਕੜ ਬੋਹਾ 73
ਅਸ਼ੋਕ ਚਾਵਲਾ 76
ਅਸ਼ੋਕ ਭਾਟੀਆ (ਪ੍ਰੋ.) 15, 51, 74, 75
ਅਸ਼ਵਨੀ ਜੇਤਲੀ ਅਸ਼ਕ 72
ਅਖ਼ਤਰ ਭੱਟੀ 76

ਏ

ਈਸਾ ਮਸੀਹ 5, 19,
ਇਕਬਾਲ ਦੀਪ 71, 73
ਈਗਲਟਨ, ਟੈਰੀ 29, 88, 102
ਏਂਗਲਜ, ਫ਼ੈ੍ਡਰਿਕ 25, 105
ਇੰਦਰਾ ਗਾਂਧੀ 81
ਇੰਦਰਜੀਤ ਕਾਲਰਾ 72
ਇਲੀਅਟ, ਟੀ. ਐਸ. 105
ਇਲੀਅਡ 2, 4,
ਈਸ਼ਰ ਸਿੰਘ ਤਾਂਘ (ਡਾ.) 102
ਈਸ਼ਰ ਸਿੰਘ ਚੁਚਰਾ 72

ਸ

ਸੱਸੀ 5
ਸ. ਸੈਨ 105
ਸੋਹਣ ਸਿੰਘ 72
ਸਾਹਿਬਾਂ 5
ਸੰਤ ਸਿੰਘ ਸੇਖੋਂ, (ਪ੍ਰੋ.) 8, 17, 102
ਸੁਖਜੀਤ ਭੱਠਲ 71
ਸੁਖਦੇਵ ਪ੍ਰੀਤਮ 72
ਸੁਖਵਿੰਦਰ ਸਿੰਘ ਕੰਬੋਜ 102
ਸਿੰਗਲ, ਧਰਮਪਾਲ (ਡਾ.) 102, 104
ਸੁਜਾਨ ਸਿੰਘ 104, 105
ਸਾਜਿਦ ਇਸਹਾਕ 76
ਸਤਿੰਦਰ ਸਿੰਘ (ਡਾ.) 102
ਸੀਤਲ, ਸੋਹਣ ਸਿੰਘ 102
ਸਤਵੰਤ ਕੌਂਥ 15, 50, 51, 52, 66, 67, 75, 102
ਸੰਦੀਪ ਦਾਖਾ 73
ਸੁਦੇਸ਼ ਸੋਨੀ 72
ਸੈਨੀ ਪ੍ਰੀਤਮ (ਡਾ.) 90, 102
ਸੰਬੰਧੂ 6
ਸੁਭਾਸ਼ ਜੈਂਦਲ 71
ਸੋਮਦੇਵ 6
ਸੁਮੇਰ 90, 102
ਸੂਰੀ, ਕਰਤਾਰ ਸਿੰਘ (ਡਾ.) 102
ਸੁਰਜੀਤ ਸਿੰਘ ਸੇਖਾ 102
ਸੁਰਜੀਤ ਸਿੰਘ ਕੰਵਲ 72
ਸੁਰਜੀਤ ਸਿੰਘ ਭੱਟੀ (ਡਾ.) 18, 29, 45, 77, 102
ਸੁਰਜੀਤ ਸਰਨਾ 72
ਸੁਰਿੰਦਰ ਕੈਲੇ 11, 76, 106
ਸੁਰਜੀਤ ਗਿੱਲ 91
ਸੁਰਿੰਦਰ (ਕੁਮਾਰੀ) 72
ਸੁਰਿੰਦਰ ਕਾਹਲੋਂ 72
ਸੁਰਿੰਦਰ ਮੰਥਨ (ਡਾ.) 74
ਸਰਬਜੀਤ ਖੁਰਾਣਾ 72
ਸੁਰੇਸ਼ ਜਾਂਗਿੜ ਉਦੈ 105
ਸੁਲੱਖਣ ਮੀਤ (ਪ੍ਰੋ.) 15, 50, 60, 61, 62, 71, 72, 73, 74, 75, 102
ਸਵਦੀਪ ਸਿੰਘ 72
ਸਵਰਨ ਕਿਰਨ (ਡਾ.) 81
ਸੁਸ਼ੀਲ ਗੋਇਲ 72

ਹ

ਹੀਗਲ 32
ਹੰਟ, ਸੀਸਲ 39
ਹਿਤੋਪਦੇਸ਼ 5, 6
ਹੈਦਰ ਸ਼ੇਖ-ਮਾਲੇਰਕੋਟਲਾ 5
ਹੁੰਦਲ, ਹਰਭਜਨ ਸਿੰਘ 91
ਹਮਦਰਦਵੀਰ ਨੌਸ਼ਹਿਰਵੀ (ਪ੍ਰੋ.) 15, 71, 72, 73, 74, 75, 82, 91
ਹੋਮਰ 2, 4
ਹੀਰ 5
ਹਰਿਆਪਾ, ਐੱਚ. ਐੱਲ. 5
ਹਰਕੀਰਤ ਸਿੰਘ (ਡਾ.) 102
ਹਰਕੁਲਦੀਪ 72
ਹਰਜਿੰਦਰ ਸੂਰੇਵਾਲੀਆ 76
ਹਰਦਿੱਤ ਸਿੰਘ ਜੋਗਾ 71
ਹਰਦਿੱਤ ਸਿੰਘ ਜੋਰਮ 71
ਹਰਦਮ ਸਿੰਘ ਮਾਨ 76
ਹਰਬੰਸ 72
ਹਰਬੰਸ ਮਾਛੀਵਾੜਾ 76
ਹਰਿਭਜਨ ਸਿੰਘ (ਡਾ.) 37, 41

ਹਰਭਜਨ ਖੇਮਕਰਨੀ 72
ਹਰਵਿੰਦਰ ਕੌਰ ਦੀਪਕ 72
ਹਰਵਿੰਦਰ ਮਾਨ 72
ਹੱਵਾ 4,

ਕ

ਕੇਸਰ ਸਿੰਘ ਕੇਸਰ (ਡਾ.) 82, 91
ਕਸੇਲ, ਕਿਰਪਾਲ ਸਿੰਘ (ਪ੍ਰੋ.) 2, 17, 56, 82, 104
ਕੋਹਲੀ, ਸੁਰਿੰਦਰ ਸਿੰਘ (ਡਾ.) 40
ਕਾਂਗ, ਕੁਲਬੀਰ ਸਿੰਘ (ਡਾ.) 23, 45, 47, 92, 102
ਕਾਂਟ 36,
ਕਥਾ ਸਰਿਤ ਸਾਗਰ 5
ਕਥਾਦਿ ਰਤਨਾਕਰ 6
ਕਾਦੰਬਰੀ 6
ਕਾਬਲੀ, ਅਨੰਤ ਸਿੰਘ 92
ਕਮਲੇਸ਼ ਭਾਰਤੀ 73, 74
ਕਮਲਾ ਅਕਾਲੀ, ਲਾਲ ਸਿੰਘ 7
ਕਰਮਵੀਰ ਸਿੰਘ 50, 67, 68, 74, 103
ਕੁਰਾਨਸ਼ਰੀਫ਼ 4
ਕਾਰਲਾਇਲ 39
ਕੁਲਦੀਪ ਬੇਦੀ 72
ਕੁਲਵੰਤ ਕੋਕਰੀ 76
ਕੁਲਵੰਤ ਕੌਰ 76
ਕੰਵਲ, ਜਸਵੰਤ ਸਿੰਘ 92
ਕੰਵਲ ਵਿਦਰੋਹੀ 71, 72
ਕ੍ਰਿਸ਼ਨ ਕੁਮਾਰ ਸ਼ਰਮਾ 71
ਕਸ਼ੇਮੇਂਦ੍ਰ 6
ਕੇਸ਼ਵ ਦੁੱਬੇ 72
ਕਜ਼ਾਕ, ਕਿਰਪਾਲ 92

ਖ

ਖਹਿਰਾ, ਭੁਪਿੰਦਰ ਸਿੰਘ (ਡਾ:) 7, 103
ਖੀਵਾ, ਲਾਭ ਸਿੰਘ (ਪ੍ਰੋ:) 92

ਗ

ਗਿਆਨ ਗਰੇਵਾਲ 72
ਗਾਸੋ, ਓਮ ਪ੍ਰਕਾਸ਼ 50, 71, 103
ਗਗਨ ਪਾਕਿਸਤਾਨੀ 72
ਗੁੱਗਾ ਪੀਰ 5
ਗੰਗਾ ਪ੍ਰਸ਼ਾਦ ਪਾਂਡੇ 81
ਗੋਬਿੰਦ ਸਿੰਘ ਲਾਂਬਾ (ਡਾ:) 104
ਗੋਰੀਆ, ਗੁਲਜ਼ਾਰ ਮੁਹੰਮਦ 76, 93
ਗੋਰਕੀ, ਮੈਕਸਿਮ 2, 7, 17, 27, 29, 36, 39, 43, 45, 88, 103, 105
ਗੁਰਕੀਰਤ ਸਿੰਘ ਰੰਗੀਲਾ 71
ਗੋਰਖਨਾਥ 5
ਗਰਗ, ਕੇ. ਐਲ. 93
ਗੁਰਚਰਨ ਸਿੰਘ (ਡਾ:) 103
ਗੁਰਚਰਨ ਸਿੰਘ 72
ਗੁਰਚਰਨ ਸੰਘਾ 72
ਗੁਰਚਰਨ ਸਿੰਘ ਗੁਲਸ਼ਨ 73
ਗੁਰਚਰਨ ਚਾਹਲ ਭੀਖੀ 71
ਗੁਰਦਿਆਲ ਸਿੰਘ 93
ਗੁਰਦਿਆਲ ਦਲਾਲ 73, 93
ਗੁਰਦਿਆਲ ਰੌਸ਼ਨ 93
ਗੁਰਦਰਸ਼ਨ ਬੱਲ 71
ਗੁਰਦੇਵ ਸਿੰਘ (ਡਾ:) 29, 103
ਗੁਰਪ੍ਰਤਾਪ 72
ਗੁਰਪਾਲ ਲਿੱਟ 76
ਗੁਰਬਚਨ ਸਿੰਘ ਚਰਨ 72
ਗੁਰਬਖਸ਼ ਸਿੰਘ ਪ੍ਰੀਤ ਲੜੀ 8, 14, 76, 103
ਗੁਰਬਖਸ਼ ਸਿੰਘ ਖ਼ਾਲਸਾ 103
ਗੁਰਮੁਖ ਖ਼ੁਰਸ਼ੀਦ 76
ਗੁਰਮੀਤ ਹੇਅਰ 76, 94
ਗੁਰਮੀਤ ਗਿੱਲ 72
ਗੁਰਲਾਲ ਸਿੰਘ (ਪ੍ਰੋ:) 104
ਗੁਲਬੀਰ ਸਿੰਘ ਭਾਟੀਆ 72
ਗੁਲਵੰਤ ਮਲੌਦਵੀ 73, 74, 94
ਗੁਲਜ਼ਾਰ ਸਿੰਘ ਕੰਗ 103

ਘ

ਘੁਗਿਆਣਵੀ, ਨਵਤਾਹੀ 94

ਚ

ਚਉਪ 5
ਚੰਦ ਸਿੰਘ ਚੰਨ 72
ਚੰਦਨ ਨੇਗੀ 72

ਜ

ਜੇ. ਐਸ. ਸੇਖੋਂ 72
ਜਸਨੀਤ ਚੰਡਿਹੋਕ 76
ਜਸਮੇਰ ਸਿੰਘ 72, 76
ਜਗਦੀਪ ਗਿੱਲ 76
ਜੁਗਿੰਦਰ ਸਿੰਘ (ਡਾ:) 103
ਜੋਗਿੰਦਰ ਸਿੰਘ ਨਹਿਰੂ (ਡਾ:) 17, 103
ਜੋਗਿੰਦਰਪਾਲ (ਉਰਦੂ) 81
ਜੋਗਿੰਦਰਪਾਲ 76
ਜਗਦੀਸ਼ ਅਰਮਾਨੀ 71, 74
ਜੱਗੀ, ਰਤਨ ਸਿੰਘ (ਡਾ:) 10, 82, 103
ਜਗਰੂਪ ਸਿੰਘ ਰੂਪ 76
ਜਾਤਕ ਕਹਾਣੀਆਂ 5, 6
ਜਿੰਦਰ 50, 69, 70, 73, 94, 102, 103
ਜੌਨ ਡੌਸਨ 102
ਜਨਮਸਾਖੀਆਂ 3, 4, 7
ਜੈਪਾਲ ਖੁਰਾਨਾ 76
ਜਯੰਤੀ ਮਕਵਾਣਾ 50, 73, 74, 103
ਜਾਰਜ ਪੂਲੇ 19
ਜਰਨੈਲ ਪੁਰੀ 95
ਜੀਲਾਸ 72
ਜੋਸ਼ੂਆ ਫ਼ਜ਼ਲਦੀਨ 8

ਟ

ਟੀ. ਸਿੰਘ 106
ਟੇਕ ਰਤਨ 71
ਟਿਵਾਣਾ, ਦਲੀਪ ਕੌਰ 72, 76

ਡ

ਡਾਰਵਿਨ 5

ਤ

ਤੇਜਿੰਦਰ ਚੰਡਿਹੋਕ 76
ਤੇਜਵੰਤ ਮਾਨ 15, 28, 71, 73, 95, 10
ਤਰਸੇਮ, ਸ. 71, 73, 75, 95
ਤੀਰ, ਗੁਰਨਾਮ ਸਿੰਘ (ਡਾ:) 95
ਤਰਲੋਚਨ ਸਮਾਧਵੀ 73
ਤਾਲਸਤਾਏ, ਲਿਓ 103

ਥ

ਥਿੰਦ, ਕਰਨੈਲ ਸਿੰਘ (ਡਾ. 104)

ਦ

ਦੁੱਗਲ, ਕਰਤਾਰ ਸਿੰਘ 8, 41, 51, 72, 81, 103
ਦੰਡੀ 6
ਦਿਨਕਰ, ਰਾਮਧਾਰੀ ਸਿੰਘ 81
ਦਾਬਰੋਲਿਊਬੋਵ 47
ਦਮਿਤਰੀ ਮਾਰਕੋਵ 104
ਦਰਬਾਰਾ ਸਿੰਘ ਦਰਸ਼ਕ 73
ਦਰਸ਼ਨਾ ਅਜ਼ੀਜ਼ (ਕੁਮਾਰੀ) 72
ਦਰਸ਼ਨ ਸਿੰਘ ਆਸ਼ਟ 74
ਦਲਜੀਤ ਸਮਾਧਵੀ 76
ਦਿਲਜੀਤ ਪਾਲ 72
ਦਵਿੰਦਰ ਸੇਠੀ 72
ਦੀਵਾਨ ਸਿੰਘ (ਡਾ:) 45, 102
ਦੀਵਾਨਾ, ਮੋਹਨ ਸਿੰਘ (ਡਾ:) 8
ਦੇਵ ਭਾਰਦਵਾਜ 71
ਦਵੇਸ਼ਵਰ, ਸੁਰਿੰਦਰ ਕੁਮਾਰ 95
ਦਸ਼ਕੁਮਾਰ ਚਰਿਤ 6

ਧ

ਧੀਰ, ਸੰਤੋਖ ਸਿੰਘ 76

ਨ

ਨਿਊਟਨ (ਪਾਦਰੀ) 3
ਨਾਇਬ ਲੰਢੇਕੇ 73,
ਨਾਨਕ ਸਿੰਘ 8, 11, 102, 103, 106

ਨਾਨਕ ਦੇਵ (ਗੁਰੂ) 5
ਨਾਰਾਇਣ 6
ਨਿਰੰਜਣ ਬੋਹਾ 50, 69, 73, 75, 88, 96, 102
ਨਿਰੰਜਨ ਸ਼ਰਮਾ ਸ਼ੇਖਾ 71
ਨਰਿੰਦਰਪਾਲ ਸਿੰਘ (ਕਰਨਲ) 104
ਨਿਰਮਲ ਪ੍ਰੇਮੀ 76
ਨਿਰਾਲਾ, ਜੋਗਿੰਦਰ ਸਿੰਘ 71, 73, 96
ਨਾਜ਼ ਭਾਰਤੀ 95

ਪ

ਪੋਅ, ਐਡਗਰ ਐਲਨ 7
ਪਿਆਰ ਸਿੰਘ (ਡਾ:) 17
ਪਿਆਰਾ ਸਿੰਘ ਪਦਮ (ਪ੍ਰੋ:) 104
ਪੰਚਤੰਤ੍ਰ 5, 6
ਪਾਂਧੀ ਨਨਕਾਣਵੀ 74
ਪੁੰਨੂੰ 5
ਪੂਨੀ, ਬਲਬੀਰ ਸਿੰਘ, 17, 104
ਪੂਨਮ ਸੁਮੀਤ ਸਿੰਘ 96
ਪ੍ਰਕਾਸ਼ ਸਰਵੇਅਰ 76
ਪ੍ਰੀਤਮ ਸਿੰਘ ਸ਼ੀਤ 71
ਪ੍ਰੀਤਮ ਸਿੰਘ ਰਾਹੀ 71
ਪ੍ਰੀਤਮ ਪ੍ਰਵਾਨਾ 71
ਪ੍ਰੀਤਮ ਬਰਾੜ ਲੰਡੇ 75
ਪ੍ਰੇਮ ਪ੍ਰਕਾਸ਼ ਸਿੰਘ (ਡਾ:) 104
ਪ੍ਰੇਮ ਵਿਜ 74
ਪੂਰਨ ਸਿੰਘ ਪੂਰਨ 71
ਪੂਰਨ ਭਗਤ 5
ਪਰਮਿੰਦਰ ਸਿੰਘ (ਡਾ:) 2, 82, 104
ਪ੍ਰਵੀਨ ਅਗਨੀਹੋਤਰੀ 76
ਪਲੈਖ਼ਾਨੋਵ, ਜੀ. ਵੀ. 33
ਪਵਨ ਕੌਸ਼ਿਕ 76, 96
ਪੁਸ਼ਕਿਨ, ਏ. 32, 104

ਫ

ਫਤੇ ਸਿੰਘ 7
ਫੁੱਲ, ਗੁਰਦਿਆਲ ਸਿੰਘ (ਪ੍ਰੋ:) 4, 8

ਬ

ਬਾਈਬਲ 3, 4, 19
ਬਸੰਤ ਕੁਮਾਰ ਰਤਨ 71,
ਬੇਕਨ, ਫ਼ਰਾਂਸਿਸ 39
ਬਿਕਰਮ ਸਿੰਘ ਘੁੰਮਣ 103, 104
ਬਚਿੰਤ ਕੌਰ 72, 97
ਬੈਜਨਾਥ ਮਿਸ਼੍ਰ 81
ਬੇਟਸ 5
ਬਾਣਭੱਟ 6
ਬੇਤਾਬ, ਕ੍ਰਿਸ਼ਨ 73, 97
ਬੇਦੀ, ਰਾਜਿੰਦਰ ਸਿੰਘ 81
ਬਾਦਲ ਬਿੰਦਰਾ 72
ਬੁੱਧ 3, 5, 6
ਬੁੱਧ ਸੁਆਮੀ 6
ਬਿਪਨ ਗੋਇਲ 73
ਬਾਬੂ ਰਾਮ ਸਿੰਗਲਾ 71
ਬੋਰਿਸ ਸਚਕੋਵ 14
ਬ੍ਰਿਹਤ ਕਥਾ 6
ਬ੍ਰਿਹਤ ਕਥਾ-ਮੰਜਰੀ 6
ਬ੍ਰਹਮਜਗਦੀਸ਼ ਸਿੰਘ 97
ਬਰੋਦੋਵ, ਵ. 104
ਬੈਲਿੰਸਕੀ 22,
ਬਲਜੀਤ ਸਿੰਘ ਰੈਨਾ 97
ਬਲਜੀਤ ਕੌਰ 72
ਬਲਜੀਤ ਕੌਰ ਬੱਲੀ 73
ਬਲਜੀਤ ਤਖ਼ਤਪੁਰੀ 76
ਬਲਦੇਵ ਸੰਘਾ 72
ਬਲਦੇਵ ਸਿੰਘ ਕੋਰੋਟਾਣਵੀ 76
ਬਲਦੇਵ ਸਿੰਘ ਰਾਏ 76
ਬ-ਲੇਂਦ੍ਰਸ਼ੇਖਰ ਤਿਵਾਰੀ (ਡਾ:) 80, 81
ਬਲਬੀਰ (ਕੁਮਾਰੀ) 72
ਬਲਬੀਰ ਸਿੰਘ ਮੋਮੀ 72
ਬਲਬੀਰ ਸੋਨੀ 72
ਬਲਰਾਜ ਸਿੰਘ ਸੰਧੂ 71
ਬਲਵਿੰਦਰ ਬਾਲਮ 75

ਬੁੱਲ੍ਹੇ ਸ਼ਾਹ 2

ਭ

ਭੋਗਲ, ਪਿਆਰਾ ਸਿਘ (ਪ੍ਰੋ:) 97, 105
ਭੁਪਿੰਦਰ ਸਿੰਘ ਆਸ਼ਟ 73, 74, 75
ਭੁਪਿੰਦਰ ਸਰਵੇਅਰ 76
ਭੁਪਿੰਦਰ ਸਿੰਘ (ਪੀ. ਸੀ. ਐਸ.) 15, 50 53, 54, 55, 56, 57, 59, 73, 74, 105
ਭੂਪਾਲ, ਦਲੀਪ ਸਿੰਘ 50, 52, 53, 71, 97, 105
ਭਾਰਤ ਸ਼ਰਮਾ 81
ਭਾਰਤੇਂਦੂ ਹਰੀਸ਼ਚੰਦਰ 81
ਭਰਪੂਰ ਰਾਹੀ 71
ਭੁੱਲਰ, ਗੁਰਬਚਨ ਸਿੰਘ 71, 98

ਮ

ਮਾਓ-ਜ਼ੇ-ਤੁੰਗ 25, 29, 36, 47
ਮਾਇਕੋਵਸਕੀ 103
ਮਹਿਤਾਬ-ਉਦ-ਦੀਨ 73, 74, 89
ਮਹਿਤਾਬ ਸਿੰਘ 4
ਮਹਾਤਮਾ ਸਿੰਘ ਜਸਵੰਤ 72
ਮਹਿੰਦਰ ਸਿੰਘ ਰਿਖੀ 63
ਮਹਿੰਦਰਪਾਲ ਕੋਹਲੀ (ਡਾ:) 17
ਮਹਿੰਦਰ ਰਾਮਪੁਰੀ 71
ਮੋਹਨ ਸਿੰਘ ਵੈਦ (ਭਾਈ) 8
ਮੋਹਨ ਸ਼ਰਮਾ 50, 63, 64, 65, 66, 68, 72, 73, 74, 105
ਮਹਿੰਦਰ ਸਿੰਘ ਜੋਸ਼ੀ 72
ਮਹਿੰਦਰਸ ਰੰਜੂਰ 75
ਮੋਹਨ ਸਿੰਘ ਪ੍ਰੀਤ 74
ਮੋਹਨਜੀਤ (ਡਾ:) 98
ਮੋਹਨ ਧੰਜਲ 72
ਮਹਾਭਾਰਤ 4, 6
ਮੁਹੰਮਦ ਸਾਹਿਬ 5
ਮਹਾਵੀਰ 5
ਮੈਕਡੋਨਲ 5
ਮ. ਕ. ਮਹਿਤਾਬ 72
ਮੱਖਣ ਸਿੰਘ ਚਾਨਾ 72
ਮੁਖਤਾਰ ਗਿੱਲ 71
ਮੇਘ ਰਾਜ ਸਿੰਗਲਾ 71
ਮਛੰਦਰਨਾਥ 5
ਮੰਟੋ, ਸਆਦਤ ਹਸਨ 81
ਮਡਾਹੜ, ਗੁਰਮੇਲ 15, 71, 72, 73, 98
ਮਿੱਤਰਸੈਨ ਮੀਤ 71
ਮਿਤਵਾ ਦਰਸ਼ਨ 50, 57, 58, 59, 71, 72, 73, 98, 105
ਮਦਹੋਸ਼, ਮਦਨ 99
ਮਧੂ 17
ਮਾਨ ਸਿੰਘ ਹਕੀਰ 72
ਮਨੋਜ ਕੁਮਾਰ ਪ੍ਰੀਤ 105
ਮਨਜੀਤ, ਕੇ. 50
ਮੁਮਤਾਜ਼ ਮਹਿਲ (ਬੇਗਮ) 31
ਮਾਰਕਸ, ਕਾਰਲ 25, 105
ਮਾਰਕੰਡਾ, ਸੀ. 71
ਮਾਰਸ਼ਮੈਨ 3
ਮਿਰਜ਼ਾ 5
ਮਲਕੀਤ ਸਿੰਘ ਪ੍ਰੀਤ 71
ਮਲਕੀਤ ਸਿੰਘ ਮਛਾਣਾ 76
ਮੂਲ ਚੰਦ ਸ਼ਰਮਾ 75, 76, 99, 104
ਮਲਵਿੰਦਰ 76

ਯ

ਯੋਗਰਾਜ ਪ੍ਰੇਮੀ 71
ਯਾਦਵਿੰਦਰ ਸਿੱਧੂ 75, 99
ਯਸ਼ ਖੰਨਾ ਨੀਰ 74
ਯਸ਼ਵੰਤ ਕੋਠਾਰੀ 72

ਰ

ਰਸੂਲ ਹਮਜ਼ਾਤੋਵ 20, 45, 86, 87, 105
ਰਿਗਵੇਦ 5, 6
ਰਘਬੀਰ ਸਿੰਘ (ਡਾ:) 13, 14, 18, 88, 99, 104

ਰੈਕਟਰ ਕਥੂਰੀਆ 72
ਰਾਜਕੁਮਾਰ ਸਕੋਲੀਆ 75
ਰਾਜਿੰਦਰ ਕੌਰ 72
ਰਾਜਿੰਦਰ ਚਾਵਲਾ 72
ਰਾਜਵੰਤ ਸਿੰਘ ਰਾਣਾ 71
ਰਾਂਝਾ 5
ਰਣਜੀਤ ਸਿੰਘ ਭਸੀਨ 76
ਰਣਜੀਤ ਸਿੰਘ ਰਣਜੀਤ 99
ਰਣਜੀਤ ਕੋਮਲ 72
ਰਣਜੀਤ ਗਰੇਵਾਲ 76
ਰਣਜੀਤ ਮਾਧੋਪੁਰੀ 76
ਰੱਤੂ ਕ੍ਰਿਸ਼ਨ ਕੁਮਾਰ 72
ਰੈਨੇ ਵੈਲੇਕ 105
ਰਾਮਾਇਣ 4
ਰਾਮਸਰੂਪ ਗੁਰਨੇ 71
ਰਾਮਪ੍ਰਸਾਦ ਰਾਵੀ 81
ਰਮੇਸ਼ ਢੰਡ 76
ਰਮੇਸ਼ ਤਾਂਗੜੀ 76
ਰਮਜ਼ਾਨ ਸਈਅਦ 76
ਗਲਿਨਸਨ 5
ਰਵਿੰਦਰ ਸਿੰਘ ਰਵੀ (ਡਾ:) 45, 47, 104, 105
ਰਵਿੰਦਰਜੀਤ ਸਿੰਘ ਬਸਰਾ 76
ਰਵਿੰਦਰ ਰਾਜਨ 72
ਰਵੇਲ ਸਿੰਘ 72
ਰੋਸ਼ਨ ਲਾਲ ਫੂਲਵੀ 50, 71, 103
ਰਫ਼ੀ, ਮੁਹੰਮਦ 55

ਲ

ਲੂਕਾਚ 24
ਲਤਾ ਮੰਗੇਸ਼ਕਰ 55
ਲੂਨਾਚਾਰਸਕੀ, ਏ. ਵੀ. 25
ਲੈਨਿਨ, ਵੀ. ਆਈ. 105

ਵ

ਵਾਸਵਦੱਤਾ 6
ਵ. ਕਰੈਪੀਵਿਨ 105
ਵਿਕ੍ਰਮ ਸੋਨੀ 49, 51, 106
ਵਿਜੇ 74
ਵਿਜੇ ਸੋਨੀ 72
ਵਿਜੈ ਕੱਕੜ 73
ਵਣਜਾਰਾ ਬੇਦੀ 75
ਵੇਦਪ੍ਰਕਾਸ਼ ਜੁਨੇਜਾ (ਡਾ:) 88
ਵਿਨੋਦ, ਟੀ. ਆਰ. (ਡਾ:) 105
ਵਰਿਆਮ ਸਿੰਘ ਸੰਧੂ 105
ਵੀਰ ਸਿੰਘ (ਭਾਈ) 8
ਵਾਰਸੀ, ਮੁਸ਼ਤਾਕ 86, 99, 105
ਵਿਰਕ, ਕੁਲਵੰਤ ਸਿੰਘ 8, 105
ਵਿਰਦੀ, ਜਸਵੰਤ ਸਿੰਘ 72, 100
ਵਿਲੀਅਨ ਕੇਰੀ 3
ਵਿਲੀਅਮ ਵਾਰਡ 3
ਵਿਲਸਨ (ਪਾਦਰੀ) 3
ਵਾਲਟਰ, ਐਲਨ 106
ਵਿਸ਼ਣੂ ਸ਼ਰਮਾ 6

ਸ਼

ਸ਼ਿਆਮ ਸੁੰਦਰ ਅੱਗਰਵਾਲ 74
ਸ਼ਿਆਮ ਸੁੰਦਰ ਸੁਮਨ 81
ਸ਼ਾਹ ਹੁਸੈਨ 2
ਸਾਹਜਹਾਨ (ਬਾਦਸ਼ਾਹ) 31
ਸ਼ਹੀਦ ਚਰਨ ਸਿੰਘ 8
ਸ਼ਾਹਬਾਜ਼ ਮਲਿਕ (ਡਾ:) 82, 105
ਸ਼ਕੁੰਤਲਾ (ਡਾ:) 81
ਸ਼ੰਕਰਦੇਵ ਅਵਤਰੇ (ਡਾ:) 81
ਸ਼ਾਂਤੀ 81
ਸ਼ਾਮਸੁੰਦਰ ਘੋਸ਼ (ਡਾ:) 81
ਸ਼ਮੀਮ ਸ਼ਰਮਾ (ਡਾ:) 81, 100
ਸ਼ਮਸ਼ੇਰ ਸਿੰਘ ਸੰਧੂ 71
ਸ਼ਰਨ ਮੱਕੜ 50, 71, 72, 74, 106
ਸ਼ਿਵਤਾਰ ਮਾਂਗਟ 72

ਖ਼

ਖ਼ਾਲਿਦ ਹੁਸੈਨ 72
ਖ਼ਾਲਿਦ ਕਿਫਾਇਤ 76
ਖ਼ਲੀਲ ਜ਼ਿਬਰਾਨ 48

ਗ਼

ਗ਼ੁਲਾਮ ਫ਼ਰੀਦ 2

ਫ਼

ਫ਼ਕੀਰ ਚੰਦ ਤੁਲੀ 72
ਫ਼ੇਦਿਨ, ਕੌਂਸਤਾਂਤਿਨ 84, 103
ਫ਼ਰੈਂਕ, ਗੁਰਬਖ਼ਸ਼ ਸਿੰਘ (ਡਾ:) 85, 86, 104
ਫ਼ਰੀਦ, ਸ਼ੇਖ 2, 3

———